*Published in Punjabi & English*

Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns

Pro-People Arts Project Media Group


# ਸਰੋਕਾਰਾਂ ਦੀ ਆਵਾਜ਼

Email: ppapmg@gmail.com ਸਾਲ-8, ਅੰਕ-1, ਜਨਵਰੀ 2018 Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਇੰਡੀਆ ਫਾਰ ਸੇਲ




ਅੱਜ ਤੋਂ ਪੱਚੀ-ਤੀਹ ਕੁ ਸਾਲ ਪਹਿਲਾਂ ਗੁਰਸਰਨ ਭਾਅ ਜੀ ਵੱਲੋਂ ਇੱਕ ਨਾਟਕ ਲਿਖਿਆ ਤੇ ਖੇਡਿਆ ਜਾਂਦਾ ਸੀ, "ਇੰਡੀਆ ਫਾਰ ਸੇਲ" ਉਹ ਜ਼ਮਾਨਾ ਅਖੌਤੀ ਗਲੋਬਲਾਈਜ਼ੇਸ਼ਨ, ਲਿਬਰਲਾਈਜ਼ੇਸ਼ਨ, ਵਰਲਡ ਬੈਂਕ ਅਤੇ ਡਬਲਿਊ. ਟੀ. ਓ. ਦਾ ਸੀ। ਕਾਂਗਰਸ ਪਾਰਟੀ ਦਾ ਨਰਸਿਮ੍ਹਾ ਰਾਓ ਪ੍ਰਧਾਨ ਮੰਤਰੀ ਅਤੇ ਮਨਮੋਹਨ ਸਿੰਘ ਖਜ਼ਾਨਾ-ਮੰਤਰੀ ਸੀ। ਉਸ ਵੇਲੇ ਕਾਂਗਰਸ ਦੀਆਂ ਰਾਜਨੀਤਿਕ ਅਤੇ ਆਰਥਕ ਨੀਤੀਆਂ ਦੇ ਗਰਭ ਵਿੱਚੋਂ ਜੋ ਹਾਲਾਤ ਪੈਦਾ ਹੋਏ ਉਹਨਾਂ ਨੂੰ ਅੱਜ ਬੂਰ ਪੈ ਰਿਹਾ ਹੈ। "ਨਾਟਕ ਇੰਡੀਆ ਫਾਰ ਸੇਲ" ਦਾ ਮੁੱਖ ਪਾਤਰ ਅੰਕਲ ਡੰਕਲ ਗੈਰ-ਹਾਜ਼ਰ ਪਾਤਰ ਸੀ। ਉਹ ਸੰਸਾਰ ਵਪਾਰ ਸੰਗਠਨ ਦੀਆਂ ਪਰਸਤਾਵਤ ਨੀਤੀਆਂ ਦਾ ਡਊਰੂ ਵਜਾ ਕੇ ਲੋਕਾਈ ਨੂੰ ਇਕੱਠੇ ਕਰਦਾ ਸੀ ਅਤੇ ਉਹਨਾਂ ਦਾ ਲਾਭ ਦੱਸਦਾ ਸੀ। ਉਹ ਆਖਦਾ ਸੀ ਛੇਤੀ ਤੋਂ ਛੇਤੀ ਟਿਕਟ ਕਟਾ ਕੇ ਉਹਨਾਂ ਨੀਤੀਆਂ ਦੀ ਗੱਡੀ ਚੜ੍ਹ ਜਾਵੋ। ਉਹ ਉੱਚੀ ਹੋਕਾ ਦਿੰਦਾ ਸੀ। ਨਾਟਕ ਦਾ ਬਾਬਾ ਬੋਹੜ ਸੂਤਰਧਾਰ ਦੇ ਰੂਪ ਵਿੱਚ ਉਹਨਾਂ ਨੀਤੀਆਂ ਦੇ ਬੁਰੇ ਪ੍ਰਭਾਵਾਂ ਤੋਂ ਲੋਕਾਂ ਨੂੰ ਚੌਕਸ ਕਰਦਾ ਕਹਿੰਦਾ ਸੀ ਲੱਗੀਆਂ ਸੇਲਾਂ ਵਾਂਗ ਇੱਕ ਦਿਨ 'ਇੰਡੀਆ' ਨੂੰ ਸੇਲ 'ਤੇ ਲਗਾ ਦੇਣਗੇ ਇਹ ਸਾਡੇ ਨੇਤਾ।

ਉਹ ਆਖਦਾ ਸੀ ਕਿ ਜਿਵੇਂ ਅੱਜ ਕੱਲ ਬਜ਼ਾਰਾਂ ਵਿੱਚ ਸੇਲ ਲੱਗਦੀ ਹੈ-ਉਹਨਾਂ ਦਿਨਾਂ ਵਿੱਚ ਸਾਡੇ ਖਿਤਿਆਂ ਵਿੱਚ ਸੇਲ ਵਰਤਾਰਾ ਨਵਾਂ-ਨਵਾਂ ਸ਼ੁਰੂ ਹੋਇਆ ਸੀ-ਸੇਲ ਹੀ ਸੇਲ, ਸੇਲ ਤੇ ਸੇਲ, 50% ਘੱਟ ਦੀ ਸੇਲ, 70% ਘੱਟ ਦੀ ਸੇਲ 90% ਘੱਟ ਦੀ ਸੇਲ, ਮੁਫ਼ਤੋ-ਮੁਫ਼ਤੀ ਦੀ ਸੇਲ। ਲੋਕਾਂ ਨੂੰ ਲੱਗਦਾ ਸੀ ਕਿ ਖਰੀਦਦਾਰੀ ਤਾਂ ਸਮਝੋ ਮੁਫ਼ਤ ਵਿੱਚ ਕੀਤੀ ਜਾ ਸਕਦੀ ਹੈ। ਭੋਲੇ-ਭਾਲੇ ਲੋਕ ਸੇਲ ਦੇ ਝਾਂਸੇ ਵਿੱਚ ਆ ਕੇ ਅਣ-ਲੋੜੀਂਦੇ ਤੇ ਘਟੀਆ ਸਮਾਨ ਵੀ ਖਰੀਦ ਲੈਂਦੇ ਸਨ। ਖਰੀਦਿਆ ਸਮਾਨ ਕੰਡਮ ਅਤੇ ਰੀਜੈਕਟ ਹੁੰਦਾ ਸੀ।

ਬਾਬਾ ਤਰਲੇ ਭਰੀ ਆਵਾਜ਼ ਵਿੱਚ ਲੋਕਾਂ ਨੂੰ ਚੌਕਸ ਕਰਦਾ ਦੁਹਾਈ ਦਿੰਦਾ ਸੀ "ਸੋਚੋ, ਬਚੋ ਆਪਦਾ ਪੱਲਾ ਬਚਾਓ ਦੇਸ਼ ਸੇਲ ਤੇ ਲੱਗਣ ਬਾਰੇ ਸੋਚੋ"। ਪਰ ਸੋਚਣ ਵਾਲੇ ਆਗੂ, ਰਾਜਨੀਤੀਵਾਨ, ਦੇਸ਼ ਦੇ ਚਾਲਕ ਤਾਂ ਉਸ ਤੋਂ ਪਹਿਲਾਂ ਹੀ ਗਲੋਬਲਾਈਜੇਸ਼ਨ ਦੀ ਗੱਡੀ ਚੜ੍ਹ ਚੁੱਕੇ ਸਨ ਅਤੇ ਅੱਜ ਇੰਡੀਆ ਦੀ ਸੇਲ ਦਾ ਵਰਤਾਰਾ ਵਾਪਰ ਚੁੱਕਿਆ ਹੈ। ਅੱਜਕੱਲ ਇੰਡੀਆ ਆਨ ਸੇਲ ਲੱਗਿਆ ਹੋਇਆ ਹੈ। ਇੰਡੀਆ ਦਾ ਗੈਸ, ਤੇਲ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ।ਦੇਸ਼ ਦੀ ਖਣਿਜ ਸੰਪਤੀ ਕੋਇਲਾ, ਲੋਹਾ, ਐਲੂਮੀਨੀਅਮ ਆਦਿ ਵੇਚੀ ਜਾ ਰਹੀ ਹੈ। ਪਬਲਿਕ ਸੈਕਟਰ ਦੇ ਚੋਟੀ ਦੇ ਮੁਨਾਫ਼ਾ ਕਮਾਊ ਆਦਾਰੇ ਵਿੰਗੇ-ਟੇਢੇ ਢੰਗਾਂ ਨਾਲ ਅਵਾਮ ਦੀਆਂ ਨਜ਼ਰਾਂ ਤੋਂ ਚੋਰੀ ਵੇਚੇ ਜਾ ਰਹੇ ਹਨ। ਇਸ ਸਬੰਧ ਵਿੱਚ ਮੈਂ ਤਾਜ਼ੀਆਂ ਦੋ ਉਦਾਹਰਣਾਂ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ। ਇਕ ਹੈ ਸਟੇਟ ਬੈਂਕ ਆਫ ਇੰਡੀਆ ਦੀ ਸੇਲ ਅਤੇ ਦੂਜੀ ਹੈ ਭਾਰਤ ਸੰਚਾਰ ਨਿਗਮ ਲਿਮਟਡ (ਬੀ.ਐਸ.ਐਨ.ਐਲ) ਦੀ।



**ਮਲਕੀਤ ਸਿੰਘ**
**ਐਬਸਫੋਰਡ ਬੀ. ਸੀ.**

### ਸਟੇਟ ਬੈਂਕ ਆਫ ਇੰਡੀਆ

ਸਟੇਟ ਬੈਂਕ ਆਫ ਇੰਡੀਆ ਦਾ ਇਤਿਹਾਸ ਬਹੁਤ ਪੁਰਾਣਾ ਹੈ। ਉਨੀਵੀਂ ਸਦੀ ਦੇ ਸ਼ੁਰੂ ਦਿਆਂ ਸਾਲਾਂ ਵਿੱਚ ਕਲਕੱਤੇ ਤੋਂ ਇੰਡੀਅਨ ਬੈਂਕਿੰਗ ਦੀ ਕਹਾਣੀ ਸ਼ੁਰੂ ਹੁੰਦੀ ਹੈ। ਪਹਿਲਾਂ ਐਨ. ਪੀ. ਬੈਂਕ ਪ੍ਰਾਈਵੇਟ ਅਦਾਰਾ ਸੀ ਜੋ 2 ਜੂਨ 1806 ਨੂੰ ਬਰਤਾਨਵੀ ਸਾਮਰਾਜ ਨੇ ਬੰਗਾਲ ਪ੍ਰੈਜ਼ੀਡੈਂਸੀ ਬੈਂਕ ਵਿੱਚ ਤਬਦੀਲ ਕਰ ਦਿੱਤਾ। ਇਸੇ ਤਰ੍ਹਾਂ ਹਕੂਮਤ ਨੇ ਇੰਡੀਆ ਦੇ ਆਪਣੇ ਰਾਜ ਵਿੱਚ ਮਦਰਾਸ ਪ੍ਰੈਜ਼ੀਡੈਂਸੀ ਬੈਂਕ ਅਤੇ ਬੰਬੇ ਪ੍ਰੈਜ਼ੀਡੈਂਸੀ ਬੈਂਕ ਖੋਲ੍ਹ ਦਿੱਤੇ ਸਨ। ਇਹ ਬੈਂਕਾਂ 1921 ਤੱਕ ਆਪਣੇ ਆਪਣੇ ਖੇਤਰਾਂ ਵਿੱਚ ਸਰਕਾਰੀ ਬੈਂਕਾਂ ਵਾਂਗ ਕੰਮ ਕਰਦੀਆਂ ਰਹੀਆਂ। 27 ਜਨਵਰੀ 1921 ਨੂੰ ਇਹਨਾਂ ਤਿੰਨਾਂ ਬੈਂਕਾਂ ਨੂੰ ਮਿਲਾ ਕੇ ਇੰਪੀਰੀਅਲ ਬੈਂਕ ਆਫ ਇੰਡੀਆ ਸਥਾਪਤ ਕਰ ਦਿੱਤੀ ਗਈ। ਪਹਿਲੀ ਜੁਲਾਈ 1955 ਨੂੰ ਇਸ ਦਾ ਨਾਮ ਸਟੇਟ ਬੈਂਕ ਆਫ ਇੰਡੀਆ ਕਰ ਦਿੱਤਾ ਗਿਆ ਅਤੇ 2 ਜੂਨ 1956 ਨੂੰ ਭਾਰਤ ਸਰਕਾਰ ਨੇ ਇਸ ਨੂੰ ਕੌਮੀ ਕ੍ਰਿਤ ਕਰ ਦਿੱਤਾ ਅਤੇ ਇਸ ਵਿੱਚ ਭੀ 60% ਸ਼ੇਅਰ ਹੋਲਡਰ ਸੀ।

ਇੰਡੀਆ ਦਾ ਜਿਹੜਾ ਖੇਤਰ ਵੱਖ-ਵੱਖ ਰਿਆਸਤਾਂ ਵਿੱਚ ਪੈਂਦਾ ਸੀ ਉਹਨਾਂ ਵਿੱਚ ਵੀ ਇਸੇ ਤਰ੍ਹਾਂ ਦੀਆਂ ਬੈਂਕਾਂ ਸਨ ਜਿਵੇਂ ਪਟਿਆਲਾ, ਬੀਕਾਨੇਰ-ਜੈਪੁਰ, ਹੈਦਰਾਬਾਦ, ਟਰਾਵਨਕੋਰ ਅਤੇ ਮੈਸੂਰ। ਇਹਨਾਂ ਸਾਰੀਆਂ ਦੇ ਨਾਵਾਂ ਨਾਲ ਸਟੇਟ ਬੈਂਕ ਲੱਗਦਾ ਸੀ ਅਤੇ ਲੋਗੋ ਵੀ ਸਾਂਝਾ ਹੁੰਦਾ ਸੀ। ਅਪ੍ਰੈਲ 2017 ਵਿੱਚ ਇਹਨਾਂ ਪੰਜਾਂ ਬੈਂਕਾਂ ਅਤੇ ਭਾਰਤੀ ਮਹਿਲਾ ਬੈਂਕ ਨੂੰ ਸਟੇਟ ਬੈਂਕ ਆਫ ਇੰਡੀਆ ਨਾਲ ਮਿਲਾ ਦਿੱਤਾ ਗਿਆ।

### ਸਰਬ ਉੱਤਮ ਭਰੋਸੇਯੋਗ ਬੈਂਕ

ਅਪਰੈਲ 2017 ਤੋਂ ਬਾਅਦ ਸਟੇਟ ਬੈਂਕ ਆਫ ਇੰਡੀਆ ਸੰਸਾਰ ਦੀਆਂ 50 ਵੱਡੀਆਂ ਬੈਂਕਾਂ ਵਿੱਚੋਂ ਇਕ ਹੈ। ਇਸ ਦੇ ਕੁੱਲ ਅਸਾਸੇ/ਸੰਪੱਤੀ 2,705,966.30 ਕਰੋੜ ਹਨ। ਇਕਵਟੀ 1,44,275.65 ਕਰੋੜ ਹੈ। ਇਸ ਦੇ ਕੁੱਲ ਕਾਮਿਆਂ ਦੀ ਗਿਣਤੀ 2,78,000 ਹੈ ਅਤੇ 2 ਕਰੋੜ ਪੰਜਾਹ ਲੱਖ ਗ੍ਰਾਹਕ ਹਨ। ਕੁੱਲ ਬੈਂਕਿੰਗ ਖੇਤਰ ਵਿੱਚ ਇਸ ਦੀ 22% ਹਿੱਸੇਦਾਰੀ ਹੈ। ਇਸ ਦੀਆਂ 24,000 ਬਰਾਂਚਾਂ ਦੇਸ਼ ਵਿੱਚ 198 ਬਰਾਂਚਾਂ 37 ਬਾਹਰਲੇ ਮੁਲਕਾਂ ਵਿੱਚ ਹਨ। ਇਸ ਦੇ ਏ.ਟੀ.ਐਮਜ਼ ਦੀ ਗਿਣਤੀ 59,291 ਹੈ। ਇਸ ਵਿੱਚ 2008 ਤੋਂ ਭਾਰਤ ਸਰਕਾਰ ਦੀ ਹਿੱਸੇਦਾਰੀ 61.23% ਹੈ ਜਿਹੜੀ ਪਹਿਲਾਂ 60% ਰੀਜ਼ਰਵ ਬੈਂਕ ਦੀ ਸੀ। ਇਹ ਸੰਸਾਰ ਦੀ ਸਭ ਤੋਂ ਵੱਡੀ ਕਾਰਪੋਰੇਸ਼ਨ ਹੈ। ਫਾਰਚੂਨ ਗਲੋਬਲ ਲਿਸਟ 500 ਵਿੱਚੋਂ ਇਸ ਦਾ 232ਵਾਂ ਸਥਾਨ ਹੈ।

ਇਸ ਦੀਆਂ ਸੇਵਾਵਾਂ ਵਿੱਚ ਕੰਜ਼ਿਊਮਰ, ਕਾਰਪੋਰੇਟ ਇੰਵੈਸਟਮੈਂਟ, ਪ੍ਰਾਈਵੇਟ ਬੈਂਕਿੰਗ ਸ਼ਾਮਲ ਹੈ। ਫਾਈਨਾਂਸ, ਇੰਸ਼ੋਰੈਂਸ, ਮਾਰਗੇਜ਼, ਲੋਨਜ਼, ਇਕਵਟੀ, ਸਕਿਉਰਟੀ, ਅਸਾਸੇ ਅਤੇ ਵੈਲਥ ਮੈਨੇਜਮੈਂਟ ਅਤੇ ਕ੍ਰੈਡਿਟ ਕਾਰਡ ਆਪਰੇਸ਼ਨਜ਼ ਵੀ ਸ਼ਾਮਲ ਹਨ।

ਇਸ ਦੀਆਂ ਸੱਤ ਵੱਡੀਆਂ ਨਾਨ-ਬੈਂਕਿਗ ਸ਼ਾਖਾਵਾਂ ਵੀ ਹਨ। ਵਿੱਤੀ ਸਾਲ 2016-17 ਵਿਚ ਇਸਦਾ ਮੁਨਾਫਾ 10,484.10 ਕਰੋੜ ਸੀ। ਇਸ ਵਿੱਚੋਂ ਵੱਡਾ ਹਿੱਸਾ ਕੇਂਦਰੀ ਸਾਰਕਾਰ ਦੇ ਖਜ਼ਾਨੇ ਵਿੱਚ

(ਬਾਕੀ ਸਫ਼ਾ 4 'ਤੇ)






















SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate
needs in Alberta, Motels/Hotels, Gas Station,
Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
778-979-4978
sukhsports@gmail.com

Jagmohan Singh Dhudike
Winnipeg
204-421-1523

Parshotam Dosanjh
Surrey (BC)
604-512-8371

Rupinder Singh Kaler
Edmonton
780-807-6517

**Graphic Desinger**
Baljinder Singh
+91-98782-29598
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।





Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:
Practically in downtown

brand new 2300 sq ft townhouses
with single garage

You can't beat these
spectacular view

Priced to sell at $889,000



Call Rani - 403-612-7881
Amar - 403-470-2627

# ਇੰਡੀਆ ਫਾਰ ਸੇਲ

(ਸ.ਫ਼ਾ 1 ਦੀ ਬਾਕੀ)

ਜਾਂਦਾ ਹੈ। ਸਹੀ ਅਰਥਾਂ ਵਿੱਚ ਇਹ ਭਾਰਤ ਸਰਕਾਰ ਵਾਸਤੇ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਹੈ ਅਤੇ ਆਮ ਲੋਕਾਂ ਵਾਸਤੇ ਇਹ ਬਹੁਤ ਹੀ ਭਰੋਸੇਯੋਗ ਬੈਂਕ ਹੈ।

ਪਰ ਹੁਣ ਇਸ ਨੂੰ ਭਾਰਤ ਦੇ ਬਹੁਤ ਹੀ ਬਦਨਾਮ ਉਦਯੋਗਕ ਘਰਾਣੇ ਅੰਬਾਨੀ ਪਰਿਵਾਰ ਦੀ ਝੋਲ਼ੀ ਪਾ ਦਿੱਤਾ ਗਿਆ ਹੈ। ਆਮ ਲੋਕ ਦੋ ਤਿੰਨ ਸਾਲ ਬਾਅਦ ਆਖਣਗੇ ਕਿ ਵੇਚ ਦਿੱਤਾ ਗਿਆ ਹੈ। ਸਟੇਟ ਬੈਂਕ ਆਫ ਇੰਡੀਆ ਸੇਲ ਕਰ ਦਿੱਤਾ ਹੈ।

**ਅੰਬਾਨੀ ਅਦਾਰਾ**

ਇਕ ਸਮਾਂ ਸੀ ਜਦੋਂ ਭਾਰਤ ਦੇ ਚੇਤਨ ਵਰਗ ਟਾਟੇ ਬਿਰਲੇ ਹਾਏ ਹਾਏ ਦੇ ਨਾਹਰੇ ਲਾਉਂਦੇ ਸਨ ਪਰ ਅੱਜ ਭਾਰਤ ਦਾ ਵਿੱਤੀ ਦ੍ਰਿਸ਼ ਬਹੁਤ ਵੱਖਰਾ ਹੈ। ਬਹੁਤ ਵੱਡੇ-ਵੱਡੇ ਮਗਰਮੱਛ ਇਸ ਦੇ ਵਿੱਤੀ ਪਾਣੀਆਂ ਵਿੱਚ ਸ਼ਿਕਾਰ ਕਰ ਰਹੇ ਹਨ। ਮਾਲੀਆ ਹੈ ਜੋ ਲੰਡਨ ਵਿੱਚ ਬੈਠਾ ਹੈ। ਅਡਾਨੀ ਹੈ ਜੋ ਭਾਰਤ ਦੇ ਹੀ ਨਹੀਂ ਅਸਟ੍ਰੇਲੀਆ ਅਫਰੀਕਾ ਵਿੱਚ ਵੀ ਵਿੱਤੀ ਘਪਲਿਆਂ ਕਰਕੇ ਮਸ਼ਹੂਰ ਹੈ। ਪਰ ਅੰਬਾਨੀ ਘਰਾਣਾ ਸਭ ਤੋਂ ਬਦਨਾਮ ਹੈ। ਇਸ ਵਲੋਂ ਆਪਣਾ ਕੰਮ ਕੱਢਣ ਵਾਸਤੇ ਹਰ ਹਰਬਾ ਵਰਤਿਆ ਜਾਂਦਾ ਹੈ। ਸਰਕਾਰੀ ਨੌਕਰਸ਼ਾਹਾਂ ਅਤੇ ਲੀਡਰਾਂ ਨੂੰ ਲਾਲਚ, ਰਿਸ਼ਵਤ ਆਮ ਗੱਲ ਹੈ। ਬਲੈਕਮੇਲ ਵੀ ਇਸ ਦਾ ਇਕ ਹਥਿਆਰ ਹੈ। ਇਹ ਅਦਾਰਾ ਜੇ ਫਿਰ ਵੀ ਗੱਲ ਨਾ ਬਣੇ ਤਾਂ ਡਰਾਉਣ ਧਮਕਾਉਣ ਅਤੇ ਖਤਮ ਕਰਨ ਤੱਕ ਵੀ ਜਾਂਦਾ ਹੈ। ਵਿੱਤੀ ਅਤੇ ਕ੍ਰੀਮੀਨਲ ਪੱਖਾਂ ਤੋਂ ਇਸ ਦੇ ਖਿਲਾਫ ਦਰਜਨਾਂ ਏਜੰਸੀਆਂ ਵਿੱਚ ਸੈਂਕੜੇ ਕੇਸ ਚੱਲ ਰਹੇ ਹਨ। ਦੇਸ਼ ਵਿੱਚ ਜਦੋਂ ਵੀ ਕਦੇ ਵੱਡਾ ਵਿੱਤੀ ਘਪਲਾ ਹੁੱਦਾ ਹੈ, ਉਸ ਵਿੱਚ ਇਸ ਦਾ ਨਾਉਂ ਜ਼ਰੂਰ ਬੋਲਦਾ ਹੈ। 2 ਜੀ ਸਪੈਕਟ੍ਰਮ ਦੀ ਨਿਲਾਮੀ ਦਾ ਕੇਸ, ਯੂਨਿਟ ਟਰੱਸਟ ਆਫ ਇੰਡੀਆ ਦਾ ਕੇਸ ਜਿਸ ਵਿੱਚ ਲੱਖਾਂ ਯੂਨਿਟ ਹੋਲਡਰਾਂ ਨੂੰ ਚੂਨਾ ਲੱਗਿਆ। ਆਇਲ ਐਂਡ ਨੈਚੂਰਲ ਗੈਸ ਕਮਿਸ਼ਨ ਆਫ ਇੰਡੀਆ ਦਾ ਕੇਸ, ਜਿਸ ਵਿੱਚ ਇਸ ਨੇ 18 ਅਰਬ ਘਣ ਮੀਟਰ ਗੈਸ ਚੋਰੀ ਕੀਤਾ, ਨਿਸ਼ਾਨੀ ਮਾਤਰ ਕੁੱਝ ਕੇਸ ਹਨ ਜਿਹੜੇ ਇਸ ਗਰੁੱਪ ਉੱਪਰ ਚਲਦੇ ਹਨ। ਦੇਸ਼ ਦੇ ਸਭ ਤੋਂ ਵੱਡੇ ਲੇਖਾਕਾਰ ਸੀ. ਐਂਡ ਏ.ਜੀ. ਨੇ ਆਪਣੀਆਂ ਬਹੁਤੇਰੀਆਂ ਸਾਲਾਨਾ ਰਿਪੋਰਟਾਂ ਵਿੱਚ ਇਸ ਅਦਾਰੇ ਨੂੰ ਦੋਸ਼ੀ ਗਰਦਾਨਿਆ ਹੈ। ਇਸ ਗਰੁੱਪ ਦਾ ਇਹ ਇਤਿਹਾਸ ਕੋਈ ਅੱਜ ਦਾ ਨਹੀਂ ਹੈ। ਇਸ ਦੇ ਪਿਤਾਮਾਂ ਧੀਰੂਭਾਈ ਅੰਬਾਨੀ ਤੋਂ ਇਹੀ ਸਿਲਸਿਲਾ ਚੱਲ ਰਿਹਾ ਹੈ। ਭਾਰਤ ਦੀਆਂ ਕੌਮੀ ਕ੍ਰਿਤ ਬੈਂਕਾਂ ਵੱਲੋਂ ਵੱਡੇ ਉਦਯੋਗਕ ਘਰਾਣਿਆਂ ਨੂੰ ਦਿੱਤੇ ਕਰਜੇ ਜੋ ਵੱਟੇ ਖਾਤੇ ਪੈ ਚੁੱਕੇ ਹਨ, ਜਿਨ੍ਹਾਂ ਦੇ ਮੁੜਨ ਦੀ ਆਸ ਨਹੀਂ ਹੈ ਉਹ 3.04 ਲੱਖ ਕਰੋੜ ਹਨ। ਇਸ ਵਿੱਚੋਂ ਇਕੱਲੇ ਅੰਬਾਨੀ ਘਰਾਣੇ, ਭਾਵ ਰਿਲਾਇੰਸ ਸਿਰ 1.25 ਲੱਖ ਕਰੋੜ ਹੈ। ਅਡਾਨੀ 96.031 ਕਰੋੜ, ਇੱਸਾਰ ਗਰੁੱਪ ਸਿਰ 1.01 ਲੱਖ ਕਰੋੜ। ਜੀ.ਬੀ.ਕੇ. ਗਰੁੱਪ ਸਿਰ 33,933 ਕਰੋੜ, ਵੀਡੀਓਕੌਨ ਗਰੁੱਪ 45,405 ਕਰੋੜ। ਲੈਕੋ ਗਰੱਪ-ਪਾਵਰ ਤੇ ਕਾਂਸਟ੍ਰਕਸ਼ਨ- 45,102 ਕਰੋੜ। ਜੀ. ਵੀ. ਆਰ ਗਰੁੱਪ ਜਿਸ ਨੇ ਦਿੱਲੀ ਏਅਰ ਪੋਰਟ ਟਰਮੀਨਲ-3 ਤਿਆਰ ਕੀਤਾ, ਸਿਰ 47,976 ਕਰੋੜ। ਜਿੰਦਲ ਸਟੀਲ ਗਰੁੱਪ ਸਿਰ 58,171 ਕਰੋੜ। ਜੇ.ਸੀ. ਗਰੁੱਪ-ਰੀਅਲ ਇਸਟੇਟ 75,163 ਕਰੋੜ। ਵਿਡੰਬਣਾ ਇਹ ਹੈ ਕਿ ਇਹ ਕਰਜੇ ਉਗਰਾਹੁਣ ਦੀ ਬਜਾਏ ਭਾਰਤ ਸਰਕਾਰ ਲੋਕਾਂ ਤੋਂ ਚੋਰੀ ਇਹਨਾਂ ਤੇ ਲਕੀਰਾਂ ਫੇਰੀ ਜਾ ਰਹੀ ਹੈ। ਸ਼ਸ਼ੀ ਕਾਂਤ ਸ਼ਰਮਾ ਜਿਹੜਾ ਸਾਬਕਾ ਸੀ. ਐਂਡ ਏ.ਜੀ. ਹੈ ਆਖਦਾ ਹੈ ਕਿ ਸਾਲ 2015-16 ਵਿੱਚ ਸਰਕਾਰ ਨੇ ਵੱਡਿਆਂ ਘਰਾਣਿਆਂ ਦੇ 6.11 ਲੱਖ ਕਰੋੜ ਦੇ ਕਰਜਿਆਂ ਉੱਪਰ ਲਕੀਰ ਫੇਰ ਦਿੱਤੀ ਹੈ ਅਤੇ ਉਸਦਾ ਕਹਿਣਾ ਹੈ ਕਿ ਔਸਤ ਹਰ ਸਾਲ 5.32 ਲੱਖ ਕਰੋੜ ਕਰਜੇ ਵੱਟੇ ਖਾਤੇ ਪਾ ਦਿੱਤੇ ਜਾਂਦੇ ਹਨ।

ਹੁਣ ਸਵਾਲਾਂ ਦਾ ਸਵਾਲ ਇਹ ਹੈ ਕਿ ਮੁਨਾਫ਼ਾ ਕਮਾਊ ਲੋਕਾਂ ਦੀਆਂ ਬੱਚਤਾਂ ਦੀ ਰਾਖੀ ਕਰਨ ਵਾਲੀ ਬੈਂਕ ਐਸ.ਬੀ.ਆਈ ਕਿਉਂ ਅਤੇ ਕਿਵੇਂ ਅੰਬਾਨੀ ਵਰਗੇ ਬਦਨਾਮ ਅਦਾਰੇ ਨੂੰ ਸੌਂਪ ਦਿੱਤੀ ਗਈ।

ਕਹਾਣੀ 2012 ਤੋਂ ਸ਼ੁਰੂ ਹੁੰਦੀ ਹੈ। ਰੀਲਾਇੰਸ ਕਨਸਲਟੈਂਸੀ ਨੂੰ ਐਸ.ਬੀ.ਆਈ ਦੀ ਸਲਾਹਕਾਰ ਲਾ ਦਿੱਤਾ ਗਿਆ। ਬੱਸ ਫਿਰ ਕੀ ਸੀ ਐਸ.ਬੀ.ਆਈ. ਤੇ ਕਬਜੇ ਦੀ ਵਿਉਂਤ ਘੜਨੀ ਸ਼ੁਰੂ ਹੋ ਗਈ। ਸਾਲ 2015-16 ਵਿੱਚ ਰੀਜ਼ਰਵ ਬੈਂਕ ਆਫ ਇੰਡੀਆ ਨੇ ਨਵੀਆਂ ਬੈਂਕਾਂ ਖੋਲ੍ਹਣ ਵਾਸਤੇ ਅਰਜ਼ੀਆਂ ਮੰਗੀਆਂ ਤਾਂ ਰੀਲਾਇੰਸ ਗਰੁੱਪ ਨੇ ਵੀ ਅਪਲਾਈ ਕੀਤਾ ਅਤੇ ਪੇਮੈਂਟਸ ਬੈਂਕ ਸਥਾਪਤ ਕਰਨ ਦਾ ਲਾਇਸੰਸ ਪਰਾਪਤ ਕਰ ਲਿਆ ਅਤੇ ਇਸ ਵਿੱਚ 70% ਆਪਣਾ ਅਤੇ 30% ਐਸ.ਬੀ.ਆਈ. ਦਾ ਹਿੱਸਾ ਪਵਾ ਲਿਆ। ਬੱਸ ਇਹ ਸੇਲ ਸੀ ਐਸ.ਬੀ.ਆਈ. ਦੀ। ਰੀਲਾਇੰਸ ਗਰੁੱਪ ਨੇ ਆਪਣੇ ਵਲੋਂ ਸਿਰਫ ਬੋਰਡ ਲਾਇਆ, ਕੋਈ ਦਫ਼ਤਰ ਨਹੀਂ, ਕੋਈ ਮੁਲਾਜ਼ਮ ਨਹੀਂ, ਕੋਈ ਇੰਫਰਾਸਟਰੱਕਚਰ ਨਹੀਂ। ਰੀਲਾਇੰਸ-ਐਸ.ਬੀ.ਆਈ. ਪੇਮੈਂਟ ਬੈਂਕ ਰਜਿਸਟਰ ਕਰਵਾ ਕੇ ਇਹ ਗਰੁੱਪ ਐਸ.ਬੀ.ਆਈ ਦੇ ਸਾਰੇ ਢਾਂਚੇ, ਏਜੰਟਾਂ, ਮੁਲਾਜਮਾਂ ਆਦਿ ਨੂੰ ਆਪਣੇ ਹਿੱਤ ਵਿੱਚ ਵਰਤ ਰਿਹਾ ਹੈ।

ਜਦੋਂ ਅਪਰੈਲ 2017 ਤੋਂ ਸਟੇਟ ਬੈਂਕ ਆਫ਼ ਪਟਿਆਲਾ ਅਤੇ ਹੋਰ ਬੈਂਕਾਂ ਦਾ ਸਟੇਟ ਬੈਂਕ ਆਫ਼ ਇੰਡੀਆ ਨਾਲ ਰਲੇਵਾਂ ਹੋਇਆ ਤਾਂ ਪੰਜਾਬ ਦੇ ਆਮ ਲੋਕਾਂ ਨੂੰ ਲੱਗਿਆ ਕਿ ਕੋਈ ਖਾਸ ਫਰਕ ਨਹੀਂ ਪਿਆ ਕਿਉਂਕਿ ਸਟੇਟ ਬੈਂਕ ਆਫ਼ ਇੰਡੀਆ ਵੀ ਸਰਕਾਰੀ ਬੈਂਕ ਹੈ। ਪੰਜਾਬ ਦੇ ਆਮ ਲੋਕਾਂ ਦਾ ਲੈਣ ਦੇਣ ਅਤੇ ਪੰਜਾਬ ਸਰਕਾਰ ਦਾ ਬਹੁ ਮੰਤਵੀ ਲੈਣ ਦੇਣ ਵੀ ਸਟੇਟ ਬੈਂਕ ਆਫ ਪਟਿਆਲਾ ਨਾਲ ਸੀ। ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ ਦਾ ਜ਼ਿਆਦਾ ਕੰਮ ਵੀ ਇਸੇ ਬੈਂਕ ਵਿੱਚ ਸੀ, ਅੱਜ ਵੀ ਹੈ। ਹੁਣ ਲੋਕ ਸੋਚ ਰਹੇ ਹਨ ਕੀ ਕਰੀਏ। ਖਾਤੇ ਹੋਰ ਬੈਂਕਾਂ ਵਿਚ ਲੈ ਜਾਈਏ ਮੈਂ ਵੀ ਇਹੀ ਸੋਚ ਰਿਹਾ ਹਾਂ।ਰਲੇਵੇਂ ਦੇ ਵਿਰੋਧ ਵਿੱਚ ਬੈਂਕ ਦੇ ਮੁਲਾਜ਼ਮਾਂ ਨੇ ਜ਼ਰੂਰ ਅਵਾਜ਼ ਉਠਾਈ ਸੀ ਪ੍ਰਦਰਸ਼ਨ ਕੀਤੇ ਸਨ ਅਤੇ ਹੜਤਾਲ ਐਕਸ਼ਨ ਵੀ ਕੀਤਾ ਸੀ। ਕਿਉਂਕਿ ਮੁਲਾਜ਼ਮਾਂ ਦੀ ਲੀਡਰਸ਼ਿਪ ਨੂੰ ਪਤਾ ਸੀ ਕਿ ਅਸਲੀਅਤ ਵਿੱਚ ਕੀ ਭਾਣਾ ਵਾਪਰਨ ਵਾਲਾ ਹੈ- ਜੋ ਹੁਣ ਵਾਪਰ ਚੁੱਕਾ ਹੈ।

ਥੌਮਸ ਡੀ.ਫਰੈਂਕੋ, ਸੈਕਟਰੀ ਜਨਰਲ ਆਫ਼ੀਸਰਜ਼ ਐਸੋਸ਼ੀਏਸ਼ਨ, ਚੇਨੇਈ ਸਰਕਲ ਕਹਿੰਦਾ ਹੈ ਰੀਲਾਇੰਸ ਗਰੁੱਪ ਆਪਣਾ ਕੰਮ ਕਰਵਾਉਣ ਵਾਸਤੇ, ਰਿਸ਼ਵਤ, ਹੇਰ ਫੇਰ ਅਤੇ ਸਰਕਾਰੀ ਮੁਲਾਜ਼ਮਾਂ ਅਤੇ ਆਗੂਆਂ ਨੂੰ ਡਰਾਉਣ ਦਾ ਜਰੀਆ ਨਿੱਡਰ ਹੋ ਕੇ ਅਪਨਾਉਂਦਾ ਹੈ। ਇਹ ਗਰੁੱਪ ਸਰਕਾਰੀ ਕਾਇਦੇ ਕਾਨੂੰਨਾਂ ਨੂੰ ਟਿੱਚ ਸਮਝਦਾ ਹੈ। ਇਸੇ ਤਰ੍ਹਾਂ ਜੀ. ਡੀ. ਨਦਫ਼ ਜਿਹੜਾ ਸਟੇਟ ਬੈਂਕ ਆਫ਼ ਇੰਡੀਆ ਦੀ ਆਫ਼ੀਸਰਜ਼ ਐਸੋਸੀਏਸ਼ਨ ਦਾ ਸਾਬਕਾ ਜਨਰਲ ਸੈਕਟਰੀ ਹੈ ਆਖਦਾ ਹੈ ਕਿ ਐਸ.ਬੀ ਆਈ. ਨੂੰ ਰੀਲਾਇੰਸ ਨਾਲ ਸਾਂਝ ਪਾਉਣ ਦੀ ਕੋਈ ਤੁਕ ਨਹੀਂ ਸੀ। ਨਦਫ਼ ਆਖਦਾ ਹੈ ਕਿ ਐਸ.ਬੀ.ਆਈ ਨਾਲ ਪਹਿਲਾਂ ਹੀ ਛੇ ਹੋਰ ਬੈਂਕਾਂ ਦਾ ਰਲੇਵਾਂ ਹੋਇਆ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਨਵੇਂ ਗ੍ਰਾਹਕ ਬਣੇ ਹਨ। ਨਦਫ਼ ਪਿਛਲੇ ਸਮੇਂ ਵਿੱਚ ਐਸ.ਬੀ.ਆਈ. ਦੇ ਬੋਰਡ ਦਾ ਡਾਇਰੈਕਟਰ ਵੀ ਰਹਿ ਚੁੱਕਿਆ ਹੈ। ਉਹ ਕਹਿੰਦਾ ਹੈ ਇਹ ਸਾਰਾ ਕੁੱਝ ਚੋਰੀ-ਚੋਰੀ ਹੈ ਅਤੇ ਮੁਫਤੋ-ਮੁਫਤੀ ਇਸ ਬਦਨਾਮ ਗਰੁੱਪ ਨੂੰ ਬੈਂਕ ਸੌਂਪ ਦਿੱਤੀ ਗਈ ਹੈ। ਬੈਂਕ ਮੁਲਾਜ਼ਮਾਂ ਨੂੰ ਡਰਾ ਕੇ ਗਰੁੱਪ ਦਾ ਕੰਮ ਕਰਨ ਲਈ ਵਰਤਿਆ ਜਾ ਰਿਹਾ ਹੈ।

ਫਰੈਂਕੋ ਅਤੇ ਉਸ ਵਰਗੇ ਲੋਕ ਹਿਤੈਸ਼ੀ ਵਿਚਾਰਾਂ ਦੇ ਹੋਰ ਲੋਕ ਚਿੰਤਤ ਹਨ। ਖਾਸ ਕਰਕੇ ਉਦੋਂ ਜਦੋਂ ਦੇਸ਼ ਦੀ ਪਾਰਲੀਮੈਂਟ ਵਿੱਚ ਫਾਈਨਲਸ਼ਲ ਰੀਜ਼ੋਲੂਸ਼ਨ ਅਤੇ ਡੀਪਾਟਜ਼ਟ ਇੰਨਸੂਰੈਂਸ਼ ਬਿੱਲ-ਢ੍ਰਧੀ, ਪਾਸ ਹੋਣ ਵਾਲਾ ਹੈ। ਇਸ ਦੇ ਪਾਸ ਹੋਣ ਨਾਲ ਕਿਸੇ ਵੀ ਬੈਂਕ ਵਿੱਚ ਖਾਤਾ ਗ੍ਰਾਹਕਾਂ ਦੀ ਜਮਾਂ ਪੂੰਜੀ ਉਸ ਬੈਂਕ ਦੇ ਦਵਾਲੀਆ ਹੋਣ ਨਾਲ ਰੁੜ ਸਕਦੀ ਹੈ.।

ਇਸ ਖਤਰੇ ਦੀ ਲਾਈਨ ਵਿੱਚ ਸਟੇਟ ਬੈਂਕ ਆਫ ਇੰਡੀਆ ਸਭ ਤੋਂ ਉੱਪਰ ਹੈ ਕਿਉਂਕਿ ਸਰਕਾਰ ਨੇ ਇਸ ਨੂੰ 2016 ਤੋਂ ਸਿਸਟੇਮੈਟੀਕਲੀ ਅਹਿਮ ਵਿੱਤੀ ਅਦਾਰਿਆਂ ਦੀ ਸੂਚੀ ਵਿੱਚ ਸ਼ਾਮਲ ਕਰ ਦਿੱਤਾ ਹੈ। ਇਸ ਉੱਪਰ ਸਰਕਾਰ ਦੇ ਵਿੱਤ ਮੰਤਰਾਲੇ ਦੀ ਸਿੱਧੀ ਨਜ਼ਰ ਰਹੇਗੀ ਅਤੇ ਥੋੜੀ ਜਿਹੀ ਗੜਬੜ ਦੀ ਹਾਲਤ ਵਿੱਚ ਇਸ ਨੂੰ ਦਿਵਾਲੀਆ ਘੋਸ਼ਿਤ ਕਰਿਆ ਜਾ ਸਕਦਾ ਹੈ ਜਾਂ ਕਿਸੇ ਹੋਰ ਅਦਾਰੇ ਨਾਲ ਮਿਲਾਇਆ ਜਾ ਸਕਦਾ ਹੈ- ਹੋਰ ਅਦਾਰਾ ਇਸ ਦਾ ਨਵਾਂ ਬਣਿਆ ਸਾਂਝੀਵਾਲ ਰੀਲਾਇੰਸ ਗਰੁੱਪ ਹੀ ਹੈ, ਜਿਸ ਦਾ ਮਗਰਮੱਛ ਵਾਂਗ ਮੂੰਹ ਇਸਨੂੰ ਹੜੱਪ ਕਰਨ ਵਾਸਤੇ ਖੁੱਲਾ ਹੈ।

ਭਾਰਤ ਵਿੱਚ ਪਿਛਲੇ ਕੁੱਝ ਸਮੇਂ ਤੋਂ ਭਾਜਪਾ ਦੇ ਰਾਜ ਵਿੱਚ ਬਹੁੱਤ ਚਿੰਤਾ ਜਨਕ ਹਾਲਾਤ ਚੱਲ ਰਹੇ ਹਨ। ਆਰ.ਟੀ.ਆਈ. ਐਕਟ ਅਧੀਨ ਜਾਣਕਾਰੀ ਮੰਗਣ ਵਾਲੇ 66 ਤੋਂ ਜਿਆਦਾ ਲੋਕਾਂ ਦੇ ਕਤਲ ਹੋ ਚੁੱਕੇ ਹਨ ਅਤੇ 300 ਤੋਂ ਜ਼ਿਆਦਾ ਹਮਲਿਆਂ ਵਿੱਚ ਜਖ਼ਮੀ ਜਾਂ ਗੰਭੀਰ ਜਖ਼ਮੀ ਹੋਏ ਹਨ। ਅਨੇਕਾਂ ਵਿਦਵਾਨਾਂ, ਚਿੰਤਕਾਂ, ਬੁਧੀਜੀਵੀਆਂ, ਪੱਤਰਕਾਰਾਂ ਅਤੇ ਸਾਹਿਤਕਾਰਾਂ ਦੇ ਕਤਲ ਹੋਏ ਹਨ। ਸੁਪਰੀਮ ਕੋਰਟ, ਚੋਣ ਕਮਿਸ਼ਨ ਅਤੇ ਹੋਰ ਅਦਾਰੇ ਜੋ ਲੋਕ ਹਿੱਤਾਂ ਲਈ ਸੰਵਿਧਾਨ ਅਨੁਸਾਰ ਕੰਮ ਕਰਦੇ ਹਨ ਨੂੰ ਮਧੋਲਿਆ ਜਾ ਰਿਹਾ ਹੈ। ਸਰਕਾਰ ਮੁਨਾਫਾ ਕਮਾਊ ਪਬਲਿਕ ਸੈਕਟਰ ਅਤੇ ਦੇਸ਼ ਦੀ ਖਣਿਜ ਸੰਪੱਤੀ ਕੌਡੀਆਂ ਦੇ ਭਾਅ ਲੁਟਾ ਰਹੀ ਹੈ। ਸਟੇਟ ਬੈਂਕ ਆਫ ਇੰਡੀਆ ਤੋਂ ਬਾਅਦ ਭਾਰਤ ਸੰਚਾਰ ਨਿਗਮ ਨੂੰ ਵੀ ਰੀਲਾਇੰਸ ਦੇ ਏਅਰਟੈਲ ਨੂੰ ਸੌਂਪਣ ਦੀ ਤਿਆਰੀ ਹੋ ਰਹੀ ਹੈ। ( ਜਿਸ ਬਾਰੇ ਅਗਲੇ ਅੰਕ ਵਿੱਚ) ਸੱਚ ਮੁੱਚ ਹੀ ਅਖੌਤੀ ਦੇਸ਼ ਭਗਤ ਰਾਜ ਕਰਦੀਆਂ ਤਾਕਤਾਂ ਨੇ ਇੰਡੀਆ ਫਾਰ ਸੇਲ ਲਾਇਆ ਹੋਇਆ ਹੈ। ਖ਼ਰੀਦਦਾਰ ਦੇਸ਼ੀ ਹੋਵੇ ਜਾਂ ਵਿਦੇਸ਼ੀ ਕੋਈ ਫਰਕ ਨਹੀਂ।

ਆਰ.ਟੀ ਐਕਟ ਵਿੱਚ ਵੀ ਦੋ ਬਹੁਤ ਹੀ ਖਤਰਨਾਕ ਸੋਧਾਂ ਕਰਨ ਦੀ ਸਰਕਾਰ ਤਿਆਰੀ ਕਰ ਰਹੀ ਹੈ। ਪਹਿਲੀ, ਜੇ ਕੋਈ ਜਾਣਕਾਰੀ ਮੰਗਣ ਵਾਲਾ ਮਰ ਜਾਵੇ ਤਾਂ ਜਾਣਕਾਰੀ ਨਸ਼ਰ ਨਹੀਂ ਹੋ ਸਕਦੀ, ਇਸ ਨਾਲ ਸੰਵੇਦਨਸ਼ੀਲ ਜਾਣਕਾਰੀ ਮੰਗਣ ਵਾਲੇ ਦੀ ਜਾਨ ਖਤਰੇ ਵਿੱਚ ਹੋਵੇਗੀ। ਦੂਜੀ, ਜੇ ਕੋਈ ਜਾਣਕਾਰੀ ਮੰਗਣ ਵਾਲਾ ਅਰਜੀ ਵਾਪਸ ਲੈ ਲਵੇ ਤਾਂ ਵੀ ਜਾਣਕਾਰੀ ਨਸ਼ਰ ਨਹੀਂ ਕੀਤੀ ਜਾ ਸਕਦੀ, ਇਸ ਨਾਲ ਅਰਜੀ ਦੇਣ ਵਾਲੇ ਨੂੰ ਬਲੈਕਮੇਲ ਕਰਨ ਦਾ ਰਾਹ ਖੁਲ ਜਾਵੇਗਾ।

ਸੋ ਅੱਜ ਬਹੁਤ ਬਿਖੜੇ ਹਾਲਾਤ ਹਨ। 18 ਦਸੰਬਰ ਨੂੰ ਹਿਮਾਚਲ ਅਤੇ ਗੁਜਰਾਤ ਦੇ ਚੋਣ ਨਤੀਜਿਆਂ ਨੇ ਸਿੱਧ ਕਰ ਦਿੱਤਾ ਹੈ ਕਿ ਇੰਡੀਆ ਦੋ ਪਾਰਟੀ ਵਿਵਸਥਾ ਵਿੱਚ ਬਦਲ ਗਿਆ ਹੈ। ਇਸ ਦੀ ਮੰਗ ਇੰਦਰਾ ਗਾਂਧੀ ਤੋਂ ਲੈ ਕੇ ਕਾਂਗਰਸ ਅਤੇ ਅਟੱਲ ਬਿਹਾਰੀ ਵਾਜਪਈ, ਅਡਵਾਨੀ ਵਰਗੇ ਭਾਜਪਾਈ ਨੇਤਾ ਕਰਦੇ ਰਹੇ ਹਨ। ਤੀਜੀ ਧਿਰ ਕੋਈ ਉੱਭਰ ਨਾ ਸਕੇ, ਇਹ ਦੋਹਾਂ ਪਾਰਟੀਆਂ ਵਿੱਚ ਸਹਿਮਤੀ ਹੋ ਚੁੱਕੀ ਹੈ। ਖੱਬੀਆਂ ਤਾਕਤਾਂ ਰਾਜਨੀਤਕ ਹਾਸ਼ੀਏ ਤੇ ਚੱਲੀਆਂ ਗਈਆਂ ਹਨ। ਉਨ੍ਹਾਂ ਵਾਸਤੇ ਲੋਕ ਮਸਲਿਆਂ ਦੀ ਲੜਾਈ ਦਾ ਮੁੱਦਾ ਤੀਜੀ ਪਹਿਲ ਰਹਿ ਗਿਆ ਹੈ। ਪਹਿਲੀ ਪਹਿਲ ਹੈ ਪਾਰਟੀ ਦੀ ਹੋਂਦ ਦਾ ਬਚਾਅ ਕਰਨਾ। ਦੂਜੀ ਪਹਿਲ ਹੈ ਪਾਰਟੀ ਮੈਂਬਰਾਂ ਦਾ ਆਪਣਾ ਬਚਾਅ ਕਰਨਾ ਅਤੇ ਦੂਜਿਆਂ ਨੂੰ ਪਛਾੜਨਾ। ਵੱਖ-ਵੱਖ ਨਕਸਲਾਈਟ ਗਰੁੱਪ ਵੀ ਨੋਟਾ ਦਾ ਬਟਨ ਦਬਾ ਕੇ ਬਾਗੋ ਬਾਗ ਹਨ। ਗੁਜਰਾਤ ਵਿੱਚ ਵੀ ਪੰਜ ਲੱਖ ਤੋਂ ਉੱਪਰ ਲੋਕਾਂ ਨੇ ਨੋਟਾ ਦਾ ਬਟਨ ਦਬਾਇਆ ਹੈ। ਇਸ ਤੋਂ ਅੱਗੇ ਲੋਕਾਂ ਵਾਸਤੇ ਚਾਨਣ ਦੀ ਕਿਰਨ ਕੋਈ ਹੈ???

ਹਾਂ ਹੈ, ਕਿ ਲੋਕ ਆਪਣੀਆਂ ਲੜਾਈਆਂ ਆਪ ਹੀ ਲੜਨਗੇ। ਲਹਿਰਾਂ ਉੱਠਣਗੀਆਂ ਅਤੇ ਲੋਕ ਲਹਿਰਾਂ ਵਿੱਚੋਂ ਹੀ ਲੋਕ ਲੀਡਰ ਅੱਗੇ ਆਉਣਗੇ॥-

ਆਮੀਨ

**ਸਰੋਤ ਫਰੰਟ ਲਾਈਨ, ਵਿੱਕੀਪੀਡੀਆ ਅਤੇ ਅਲਜਜੀਰਾ ਚੈਨਲ।**

# ਜਿਊਣ ਦਾ ਢੰਗ "ਕਿੰਟਸੁਗੀ"

ਕੁਲਮਿੰਦਰ ਕੌਰ

ਆਪਣੇ ਘਰ 'ਚ ਕੰਮ ਕਰਨ ਵਾਲੀ ਬਾਈ ਲੱਭਦਿਆਂ, ਇੱਕ ਔਰਤ ਨਾਲ ਜਾਣਕਾਰੀ ਹੋਈ, ਜੋ ਲੰਗੜਾ ਕੇ ਚੱਲ ਰਹੀ ਸੀ। ਮੇਰੇ ਮਨ ਨੇ ਹਾਮੀ ਨਾ ਭਰੀ ਕਿਉਂਕਿ ਸਾਫ ਸਫਾਈ ਤੇ ਝਾੜੂ-ਪੋਚਾ ਕਰਦਿਆਂ ਕਈ ਵੇਰ ਉੱਠਣਾ-ਬੈਠਣਾ ਪੈਂਦਾ ਹੈ। ਥੋੜਾ ਹਿਚਕਿਚਾਉਂਦਿਆਂ ਮੈਂ ਕਿਹਾ, ਤੈਨੂੰ ਕੰਮ 'ਚ ਔਖ ਹੁੰਦੀ ਹੋਵੇਗੀ। ਉਸਨੇ ਵਿਸ਼ਵਾਸਪੂਰਵਕ ਬਿਨਾਂ ਕਿਸੇ ਹੀਣ ਭਾਵਨਾਂ ਦੇ ਜਵਾਬ ਦਿੱਤਾ, "ਅਰੇ ਆਂਟੀ ਆਪ ਕਾਮ ਕਰਵਾ ਕੇ ਤੋ ਦੇਖੋ"। ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ, ਹਾਂ ਕਰ ਦਿੱਤੀ ਤੇ ਸੋਚਿਆ ਇਸ ਬਹਾਨੇ ਇਸਦੀ ਮਦਦ ਵੀ ਹੋ ਜਾਵੇਗੀ। ਬਾਅਦ 'ਚ ਮੈਂ ਉਸਨੂੰ ਹਟਾ ਹੀ ਨਹੀਂ ਸਕੀ ਕਿਉਂਕਿ ਬਗੈਰ ਬੋਲਿਆਂ ਤੇ ਸਮਾਂ ਬਰਬਾਦ ਕੀਤਿਆਂ, ਵਧੀਆ ਚੁਸਤੀ-ਫੁਰਤੀ ਨਾਲ ਆਮ ਵਾਂਗ ਕੰਮ ਕਰਦੀ ਹੈ। ਸਾਫ-ਸੁਥਰੀ, ਚੰਗੇ ਵਿਚਾਰ, ਆਦਤਾਂ ਤੇ ਇਮਾਨਦਾਰ, ਪਤੀ ਤੋਂ ਵੱਖ ਰਹਿ ਕੇ ਆਪਣੇ ਦੋ ਬੱਚਿਆਂ ਨੂੰ ਪੜ੍ਹਾ-ਲਿਖਾ ਰਹੀ ਹੈ।

ਆਪਣੇ ਘਰਾਂ, ਆਲੇ-ਦੁਆਲੇ ਤੇ ਚੌਗਿਰਦੇ 'ਚ ਆਮ ਹੀ ਵੇਖਣ 'ਚ ਆਉਂਦਾ ਹੈ ਕਿ ਅਜਿਹੇ ਅਸੰਤੁਲਤ ਸਰੀਰ ਰੱਖਣ ਵਾਲੇ ਵਿਅਕਤੀ ਅਨੂਠੀ ਸ਼ਖਸੀਅਤ ਦੇ ਮਾਲਕ ਹੁੰਦੇ ਹਨ। ਹੱਥਾਂ ਤੋਂ ਆਰ੍ਹੀ ਬਠਿੰਡੇ ਦਾ ਜੰਮਪਲ ਜਸਪਾਲ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਮਾਸਟਰ ਡਿਗਰੀ ਕਰ ਰਿਹਾ ਹੈ। ਦੋਵੇਂ ਲੱਤਾਂ ਤੋਂ ਅੰਗਹੀਣ, ਬਠਿੰਡਾ ਦਾ ਰਣਜੀਤ ਸਿੰਘ ਜਿਸਨੇ ਗੱਤਕਾ ਤੇ ਬਾਡੀ ਬਿਲਡਿੰਗ 'ਚ ਨਾਮਣਾ ਖੱਟਿਆ ਹੈ।

ਅਕਸਰ ਇਹਨਾਂ ਲੋਕਾਂ ਦੀ ਜ਼ਿੰਦਗੀ ਦੀਆਂ ਮੁਸ਼ਕਲਾਂ ਬਾਰੇ ਸੋਚਦਿਆਂ ਮਨ ਕਈ ਤਰ੍ਹਾਂ ਦੇ ਬੋਝਲ, ਦੁਖਦਾਈ ਤੇ ਦਿਲ ਟੁੰਬਵੇਂ ਅਹਿਸਾਸਾਂ ਹੇਠ ਦੱਬ ਕੇ ਰਹਿ ਜਾਂਦਾ। ਇਹਨਾਂ ਅਹਿਸਾਸਾਂ ਦੇ ਚੱਕਰਵਿਊ 'ਚ ਹੀ ਜਪਾਨੀ ਕਲਾ ਦਾ ਇੱਕ ਖੂਬਸੂਰਤ ਪੱਖ "ਕਿੰਟਸੁਗੀ", ਮੇਰੇ ਜ਼ਿਹਨ ਦੇ ਧੁੰਦਲੇਪਨ 'ਚ ਉੱਕਰਿਆ, ਜਿਸ ਬਾਰੇ ਮੈਂ ਕਿਧਰੇ ਪੜ੍ਹਿਆ ਜਾਂ ਸੁਣਿਆ ਸੀ। ਜਪਾਨ 'ਚ ਇਹ ਰੀਤ ਹੈ ਕਿ ਕਿਸੇ ਵੀ ਚੀਨੀ ਮਿੱਟੀ ਜਾਂ ਕੱਚ ਦੇ ਬਣੇ ਹੋਏ ਬਰਤਨ ਤੇ ਫੁੱਲ ਦਾਨ ਦੀ ਟੁੱਟ-ਭੱਜ ਹੋ ਜਾਵੇ ਜਾਂ ਤਰੇੜ ਆ ਜਾਵੇ ਤਾਂ ਉਸਨੂੰ ਖੁਸ਼ੀ ਨਾਲ ਸਵੀਕਾਰਿਆ ਜਾਂਦਾ ਹੈ। ਪਰ ਇਹਨਾਂ ਵਸਤੂਆਂ ਦੀ ਹਰ ਸੰਭਵ ਮੁਰੰਮਤ ਇੱਕ ਅਜਿਹੀ ਗੂੰਦ ਜਾਂ ਵਾਰਨਿਸ਼ ਨਾਲ ਕੀਤੀ ਜਾਂਦੀ ਹੈ ਜਿਸ 'ਚ ਸੋਨੇ ਵਰਗੀਆਂ ਕੀਮਤੀ ਧਾਤਾਂ ਰਲੀਆਂ ਹੁੰਦੀਆਂ ਹਨ ਜਾਂ ਫਿਰ ਉੱਪਰ ਧੂੜਦੇ ਹਨ। ਇਸ ਤਰ੍ਹਾਂ ਇਹ ਪਹਿਲਾਂ ਤੋਂ ਵੱਧ ਸੁੰਦਰ, ਆਕਰਸ਼ਕ ਤੇ ਮਹਿੰਗੀ ਹੋ ਜਾਂਦੀ ਹੈ। ਇਸਨੂੰ ਸੁਨਿਹਰੀ ਮੁਰੰਮਤ ਵੀ ਕਿਹਾ ਜਾਂਦਾ ਹੈ।

ਠੀਕ ਇਹੀ ਸਿਧਾਂਤ ਤੇ ਫਲਸਫਾ ਸਾਡੇ ਜੀਵਨ-ਜਾਂਚ 'ਚ ਵੀ ਸ਼ਾਮਲ ਹੈ। ਇਹ ਵਿਧੀ ਸੰਕੇਤ ਕਰਦੀ ਹੈ ਕਿ ਜਦੋਂ ਅਸੀਂ ਸੰਘਰਸ਼ ਭਰੀ ਜ਼ਿੰਦਗੀ ਦੇ ਖਲਾਅ ਤੇ ਕਮੀਆਂ ਨੂੰ ਗਲੇ ਲਗਾ ਕੇ ਪੂਰੇ ਜੀਅ-ਜਾਨ ਨਾਲ ਪੁਲਾਘਾਂ ਪੁੱਟਦੇ ਹੋਏ ਇਹਨਾਂ ਦੀ ਪੂਰਤੀ ਕਰਦੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਇੱਕ ਵੇਰ ਟੁੱਟਣ ਤੋਂ ਬਾਅਦ ਅਸੀਂ ਹੋਰ ਵਧੀਆਂ ਜ਼ਿੰਦਗੀ ਜੀਣ ਦੇ ਯੋਗ ਹਾਂ। ਮਾਰਕ ਜੈਕੋਬਸ ਦੇ ਕਥਨ ਅਨੁਸਾਰ, "ਮੈਂ ਹਮੇਸ਼ਾ ਸੁੰਦਰਤਾ ਵੇਖਦਾ ਹਾਂ, ਉਹਨਾਂ ਵਸਤਾਂ 'ਚ ਜਿਹਨਾਂ 'ਚ ਵਖਰੇਵਾਂ ਤੇ ਅਧੂਰਾਪਨ ਹੁੰਦਾ ਹੈ। ਉਹ ਬਹੁਤ ਦਿਲਚਸਪ ਹੁੰਦੀਆਂ ਹਨ"।

ਸੁਨਹਿਰੀ ਮੁਰੰਮਤ ਵਾਲੀ, "ਕਿੰਟਸੁਗੀ" ਜ਼ਿੰਦਗੀ ਜੀਣ ਵਾਲਿਆਂ ਦੀਆਂ ਉਦਾਹਰਣਾਂ ਤਾਂ ਨਾ ਮੁੱਕਣਯੋਗ ਹਨ। ਲਿਖਦਿਆਂ ਕਲਮ ਲਈ ਸ਼ਬਦ ਨਹੀਂ ਮਿਲਣਗੇ। ਮੇਰੀ ਕਲਮ ਦੇ ਇਹ ਕੁਝ ਚੋਣਵੇਂ ਸ਼ਬਦ ਉਹਨਾਂ ਲਈ ਸਮਰਪਿਤ ਹਨ ਜੋ ਮੇਰੇ ਨਿੱਜਪ੍ਰਸਤ ਦੇ ਦਾਇਰੇ 'ਚ ਹਨ। ਡਾ. ਐਸ. ਤਰਸੇਮ, ਪ੍ਰੋ. ਕਿਰਪਾਲ ਸਿੰਘ ਕਸੇਲ, ਮੋਹਨ ਸਿੰਘ ਬਾਸਰਕੇ ਆਦਿ ਕਈ ਅਜਿਹੇ ਸ਼ਖਸ ਹਨ, ਜਿਹਨਾਂ ਨੇ ਸਮਾਜਿਕ ਤੇ ਸਾਹਿਤਕ ਖੇਤਰ 'ਚ ਸਰਗਰਮ ਰਹਿ ਕੇ ਅੰਗਹੀਣਤਾਂ ਦੇ ਸਰਾਪ ਨੂੰ ਵਰਦਾਨ ਸਮਝ ਕੇ ਕਬੂਲਿਆਂ। ਅਜਿਹੇ ਕਰਮਯੋਗੀਆਂ ਦੀ ਸੂਚੀ 'ਚ ਇੱਕ ਹੋਰ ਨਾਮ ਹਰਪਿੰਦਰ ਰਾਣਾ ਵੀ ਸ਼ਾਮਲ ਹੈ ਜਿਸ ਤੋਂ ਮੈਂ ਬਹੁਤ ਮੁਤਾਸਿਰ ਹਾਂ। ਅੱਠ ਮਹੀਨਿਆਂ ਦੀ ਉਮਰ 'ਚ ਗਲਤ ਡਾਕਟਰੀ ਇਲਾਜ ਕਾਰਨ ਚੱਲਣ ਫਿਰਨ ਤੋਂ ਅਸਮਰੱਥ ਤਾਂ-ਉਮਰ ਵੀਲ ਚੇਅਰ ਦੇ ਹਵਾਲੇ ਹੋ ਗਈ। ਬੇਵਸੀ ਦੇ ਹੰਝੂ ਭਰੀਆਂ ਅੱਖਾਂ ਤੇ ਹਉਕਿਆਂ ਭਰੇ ਬਚਪਨ ਦੀ ਬਾਰੀ ਚੋਂ ਝਾਕਦਿਆਂ ਆਪਣੇ ਆਪ ਨੂੰ ਟੁੱਟੇ ਖੰਭਾਂ ਵਾਲੀ ਤਿੱਤਲੀ ਕਿਆਸਦੀ। ਅੱਜ ਕੁਦਰਤ ਤੇ ਸਾਹਿਤ ਉਸਦੇ ਦੋ ਖੰਭ ਹਨ ਜਿਹਨਾਂ ਨਾਲ



ਉਹ ਲੰਬੀ ਪਰਵਾਜ਼ ਭਰਦੀ ਹੈ। ਅਥਾਹ ਮੁਸ਼ਕਿਲਾਂ ਦੇ ਬਾਵਜੂਦ ਅੱਜ ਪੀ.ਜੀ.ਡੀ.ਸੀ.ਏ, ਐਮ.ਏ., ਬੀ.ਐਡ ਆਦਿ ਡਿਗਰੀਆਂ ਹਾਸਲ ਕਰਕੇ ਮੁਕਤਸਰ ਤੋਂ ਕੁਝ ਦੂਰੀ ਤੇ ਸਕੂਲ 'ਚ ਅਧਿਆਪਕਾ ਹੈ। ਸਮੇਂ ਸਮੇਂ ਤੇ ਉਸ ਨਾਲ ਫੋਨ ਤੇ ਗੱਲ-ਬਾਤ ਕਰਕੇ ਹਾਲ ਚਾਲ ਤੇ ਗਤੀਵਿਧੀਆਂ ਬਾਰੇ ਜਾਣਨਾ ਅੱਛਾ ਲੱਗਦਾ ਹੈ। ਸੰਪਰਕ 'ਚ ਹੋਣ ਕਰਕੇ ਇੱਕ ਦਿਨ ਉਸਨੇ ਰਸਮੀਂ ਸੁਨੇਹਾ ਭੇਜਿਆਂ "ਮੈਡਮ ਸਵੇਰੇ ਡੀ.ਡੀ. ਪੰਜਾਬੀ ਤੇ ਗੱਲਾਂ ਤੇ ਗੀਤ" ਪ੍ਰੋਗਰਾਮ ਵੇਖਿਆ ਜੇ"। ਪ੍ਰੋਗਰਾਮ ਦੌਰਾਨ ਵੀਲ-ਚੇਅਰ ਤੇ ਬੈਠੀ ਇਹ ਸਾਹਿਤਕਾਰਾਂ ਬੜੇ ਇਤਮੀਨਾਨ ਤੇ ਆਤਮ-ਵਿਸ਼ਵਾਸ ਨਾਲ ਗੱਲਾਂ ਕਰਕੇ ਸਭ ਦੇ ਦਿਲਾਂ ਨੂੰ ਜਿੱਤ ਰਹੀ ਸੀ। ਦੇਸ਼ਾਂ-ਵਿਦੇਸ਼ਾਂ 'ਚ ਬੈਠੇ ਦਰਸ਼ਕਾਂ ਨਾਲ ਉਹ ਆਪਣੀਆਂ ਭਾਵਨਾਵਾਂ ਤੇ ਕਿੰਟਸੁਗੀ ਜ਼ਿੰਦਗੀ ਦੀ ਅਸਲੀਅਤ ਤੇ ਇਤਹਾਸ ਫਰੋਲ ਰਹੀ ਸੀ। ਅੱਜ ਉਹ ਬਹੁ-ਵਿਧਾਵੀ ਲੇਖਿਕਾ ਬਣ ਚੁੱਕੀ ਹੈ। ਇੱਕੋ ਸਮੇਂ ਕਵਿਤਾ ਕਹਾਣੀ ਤੇ ਨਾਵਲ, ਲੇਖ ਆਦਿ ਲਿਖਣ ਵਾਲੀ ਅੱਜ ਉਹ ਸਿਹਤਮੰਦ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਵੀ ਹੈ। ਕਈ ਸਮਾਜਿਕ ਸਰਗਰਮੀਆਂ 'ਚ ਵੀ ਹਿੱਸਾ ਲੈਂਦੀ ਹੈ। ਹਾਲ 'ਚ ਹੀ ਮੈਗਜ਼ੀਨ "ਹੁਣ" ਦੇ ਅਦਾਰੇ ਨੇ ਉਸਨੂੰ ਨਾਵਲ "ਸ਼ਾਹਰਗ" ਲਈ ਸਨਮਾਨਿਤ ਵੀ ਕੀਤਾ ਹੈ।

ਸਰੀਰਕ, ਮਾਨਸਿਕ ਜਾਂ ਆਰਥਿਕ ਥੁੜਾਂ 'ਚੋਂ ਲੰਘਦੇ ਮਹਾਨ ਵਿਅਕਤੀ ਜਦੋਂ ਸੰਘਰਸ਼ ਤੇ ਸਖਤ ਚੁਣੌਤੀਆਂ ਦਾ ਸਾਹਮਣਾ ਆਪਣੇ ਸਿਦਕ, ਸਿਰੜ, ਜੁਗਤ, ਯੋਜਨਾਂ ਤੇ ਦ੍ਰਿੜ ਇਰਾਦੇ ਨਾਲ ਕਰਦੇ ਹਨ ਤਾਂ ਫਿਰ ਜ਼ਿੰਦਗੀ 'ਚ ਮਿਲੀਆਂ ਤਰੇੜਾਂ ਖੁਦ-ਬ-ਖੁਦ ਸੁਨਿਹਰੀ ਹੋ ਕੇ ਚਮਕ ਪੈਂਦੀਆਂ ਹਨ। ਜ਼ਿੰਦਗੀ ਦੀ ਇਸ ਸੁਨਿਹਰੀ ਮੁਰੰਮਤ ਤੋਂ ਬਾਅਦ ਉਹ ਸਫਲ ਜੀਵਨ ਦੇ ਹੱਕਦਾਰ ਹਨ।

ਸੰਪਰਕ: +91 98156 52272

# ਦਿਆਲ ਸਿੰਘ ਕਾਲਜ ਦਾ ਨਾਮ ਬਦਲਣ ਦੀ ਜ਼ਿੱਦ ਕਿਉਂ?



- ਚਮਨ ਲਾਲ (ਪ੍ਰੋ.)

ਇਸ ਸਾਲ 17 ਨਵੰਬਰ ਨੂੰ ਦਿਆਲ ਸਿੰਘ ਕਾਲਜ ਦਿੱਲੀ ਦੀ ਗਵਰਨਿੰਗ ਬਾਡੀ ਦੀ ਇੱਕ ਅਸਾਧਾਰਨ ਮੀਟਿੰਗ ਤੋਂ ਬਾਅਦ ਕਾਲਜ ਦੇ ਪ੍ਰਧਾਨ ਨੇ ਐਲਾਨ ਕੀਤਾ ਕਿ ਹੁਣ ਤੋਂ ਬਾਅਦ ਦਿਆਲ ਸਿੰਘ ਕਾਲਜ (ਈਵਨਿੰਗ ਤੋਂ ਮੌਰਨਿੰਗ ਬਣਾਏ) ਦਾ ਨਾਂ 'ਵੰਦੇ ਮਾਤਰਮ ਕਾਲਜ' ਹੋਵੇਗਾ। ਇਹ ਐਲਾਨ ਅਗਲੇ ਦਿਨ ਦੇ ਅਖ਼ਬਾਰਾਂ ਵਿੱਚ ਛਪਣ ਦੇ ਨਾਲ ਹੀ ਪੰਜਾਬ ਤੇ ਦਿੱਲੀ ਦੇ ਪੰਜਾਬੀ ਬੁੱਧੀਜੀਵੀਆਂ ਅਤੇ ਹੋਰ ਲੋਕਾਂ ਨੂੰ ਡੂੰਘਾ ਸਦਮਾ ਲੱਗਾ ਅਤੇ ਉਨ੍ਹਾਂ ਦੇ ਰੋਸ ਦਾ ਪ੍ਰਗਟਾਵਾ - ਮਤਿਆਂ, ਮੁਜ਼ਾਹਰਿਆਂ ਤੇ ਯਾਦ-ਪੱਤਰਾਂ ਰਾਹੀਂ ਸ਼ੁਰੂ ਹੋ ਗਿਆ।

ਕਾਲਜ ਪ੍ਰਧਾਨ ਅਮਿਤਾਭ ਸਿਨਹਾ ਦੇ ਇਸ ਮਨਮਾਨੇ ਤੇ ਗ਼ੈਰਕਾਨੂੰਨੀ ਫ਼ੈਸਲੇ ਤੋਂ ਦਿੱਲੀ ਅਤੇ ਪੰਜਾਬ ਦੇ ਆਪਣੀ ਵਿਰਾਸਤ ਪ੍ਰਤੀ ਸੁਹਿਰਦ ਪੰਜਾਬੀਆਂ ਨੂੰ ਇਹ ਲੱਗਿਆ ਜਿਵੇਂ ਪੰਜਾਬ ਦੀ ਸ਼ਾਨ ਦਿਆਲ ਸਿੰਘ ਮਜੀਠੀਆ ਵਰਗੇ ਮਹਾਨ ਦਾਨਵੀਰ ਪੰਜਾਬੀ ਦੀ ਵਿਰਾਸਤ ਦਾ ਅਪਮਾਨ ਕੀਤਾ ਜਾ ਰਿਹਾ ਹੈ, ਜਿਸ ਨੇ ਸੰਸਥਾਵਾਂ ਦੇ ਨਿਰਮਾਣ ਲਈ ਆਪਣੀ ਸਾਰੀ ਦੌਲਤ ਪੰਜਾਬੀ ਸਮਾਜ ਦੇ ਹਵਾਲੇ ਕਰ ਦਿੱਤੀ ਸੀ। ਸ੍ਰ. ਦਿਆਲ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਲਾਹੌਰ ਤੋਂ ਅੰਗਰੇਜ਼ੀ ਅਖ਼ਬਾਰ 'ਦਿ ਟ੍ਰਿਬਿਊਨ' ਅਤੇ ਪੰਜਾਬ ਨੈਸ਼ਨਲ ਬੈਂਕ ਦੀ ਸ਼ੁਰੂਆਤ ਉਨ੍ਹਾਂ ਦੇ ਜੀਵਨ ਕਾਲ ਵਿੱਚ ਹੀ ਹੋ ਚੁੱਕੀ ਸੀ। 1848 ਵਿੱਚ ਜਨਮੇ ਅਤੇ 1898 ਵਿੱਚ ਭਰ ਉਮਰੇ ਚਲ ਵਸੇ ਦਿਆਲ ਸਿੰਘ ਮਜੀਠੀਆ ਨੇ ਆਪਣੀ ਵਸੀਅਤ, ਜਿਸ ਨੂੰ ਉਨ੍ਹਾਂ ਦੇ ਦੇਹਾਂਤ ਉਪਰੰਤ ਖੋਲ੍ਹਿਆ ਗਿਆ, ਵਿੱਚ ਆਪਣੀ ਲਗਪਗ ਸਾਰੀ ਦੌਲਤ ਇੱਕ ਟਰੱਸਟ ਹਵਾਲੇ ਕਰ ਦਿੱਤੀ ਸੀ, ਜਿਸ ਦੇ ਮੈਂਬਰ ਉਨ੍ਹਾਂ ਖ਼ੁਦ ਹੀ ਨਾਮਜ਼ਦ ਕਰ ਦਿੱਤੇ ਸਨ। ਇਨ੍ਹਾਂ ਵਿੱਚ ਰਾਜਾ ਨਰਿੰਦਰ ਨਾਥ, ਬਾਬੂ ਜੋਗਿੰਦਰ ਚੰਦਰ ਬੋਸ, ਲਾਲਾ ਹਰਕਿਸ਼ਨ, ਲਾਲਾ ਰੁਚੀ ਰਾਮ ਸਾਹਨੀ ਅਤੇ ਉਸ ਵੇਲੇ ਦੀਆਂ ਹੋਰ ਉੱਘੀਆਂ ਸ਼ਖ਼ਸੀਅਤਾਂ ਸ਼ਾਮਲ ਸਨ। ਇਸ ਟਰੱਸਟ ਨੇ ਵਿੱਦਿਅਕ ਸੰਸਥਾਵਾਂ ਦਾ ਨਿਰਮਾਣ ਕਰਨਾ ਸੀ ਅਤੇ ਇਨ੍ਹਾਂ ਸੰਸਥਾਵਾਂ ਅਤੇ ਟ੍ਰਿਬਿਊਨ ਅਖ਼ਬਾਰ ਦੀ ਦੇਖ-ਭਾਲ ਕਰਨੀ ਸੀ। ਟ੍ਰਿਬਿਊਨ 1881 ਤੋਂ ਹੀ ਲਾਹੌਰ ਤੋਂ ਪ੍ਰਕਾਸ਼ਿਤ ਹੋ ਰਿਹਾ ਸੀ। ਇਸ ਟਰੱਸਟ ਨੇ 1908 ਵਿੱਚ ਦਿਆਲ ਸਿੰਘ ਪਬਲਿਕ ਲਾਇਬ੍ਰੇਰੀ ਅਤੇ 1910 ਵਿੱਚ ਦਿਆਲ ਸਿੰਘ ਕਾਲਜ ਨਿਸਬਤ ਰੋਡ ਲਾਹੌਰ ਵਿਖੇ ਸਥਾਪਤ ਕੀਤੇ, ਜੋ ਅੱਜ ਵੀ ਜਾਰੀ ਹਨ। 1947 ਦੀ ਦੇਸ਼ ਵੰਡ ਤੋਂ ਬਾਅਦ ਪਾਕਿਸਤਾਨ ਸਰਕਾਰ ਨੇ ਦਿਆਲ ਸਿੰਘ ਕਾਲਜ ਨੂੰ ਸਰਕਾਰੀ ਹੱਥਾਂ ਵਿੱਚ ਲੈ ਕੇ ਇਸ ਦਾ ਨਾਂ ਸਰਕਾਰੀ ਦਿਆਲ ਸਿੰਘ ਕਾਲਜ ਕਰ ਦਿੱਤਾ ਅਤੇ 2000 ਤੋਂ ਬਾਅਦ ਦਿਆਲ ਸਿੰਘ ਰਿਸਰਚ ਅਤੇ ਸੱਭਿਆਚਾਰਕ ਕੇਂਦਰ ਵੀ ਪਾਕਿਸਤਾਨ ਸਰਕਾਰ ਵੱਲੋਂ ਕਾਇਮ ਕੀਤਾ ਗਿਆ। ਦਿਆਲ ਸਿੰਘ ਕਾਲਜ, ਲਾਹੌਰ ਦੇ ਪਹਿਲੇ ਪ੍ਰਿੰਸੀਪਲ ਐੱਨ.ਜੀ. ਵੇਲਿੰਕਰ ਨੂੰ ਬਣਾਇਆ ਗਿਆ। ਬਾਅਦ ਵਿੱਚ 1912-15 ਦਰਮਿਆਨ ਪ੍ਰਸਿੱਧ ਸ਼ਖ਼ਸੀਅਤ ਸਾਧੂ ਟੀ. ਐੱਲ. ਵਾਸਵਾਨੀ ਇਸ ਦੇ ਪ੍ਰਿੰਸੀਪਲ ਰਹੇ। ਪੰਡਿਤ ਹੇਮਰਾਜ ਲੰਬਾ ਸਮਾਂ ਪ੍ਰਿੰਸੀਪਲ ਰਹੇ। ਵੰਡ ਸਮੇਂ ਦਇਆ ਨਾਥ ਭੱਲਾ ਪ੍ਰਿੰਸੀਪਲ ਸਨ, ਜਿਨ੍ਹਾਂ ਨੇ ਵੰਡ ਤੋਂ ਬਾਅਦ ਦਿੱਲੀ ਵਿੱਚ ਫਿਰ ਦਿਆਲ ਸਿੰਘ ਕਾਲਜ ਦੇ ਪ੍ਰਿੰਸੀਪਲ ਅਤੇ ਪੰਜਾਬ ਯੂਨੀਵਰਸਿਟੀ ਦੇ ਪਹਿਲੇ ਰਜਿਸਟਰਾਰ ਦੀ ਜ਼ਿੰਮੇਵਾਰੀ ਸੰਭਾਲੀ। (ਹਵਾਲੇ-ਡਾ. ਸੱਯਦ ਸੁਲਤਾਨ ਮਹਿਮੂਦ ਹੁਸੈਨ ਦੀ ਲਾਹੌਰ ਤੋਂ ਛਪੀ ਅੰਗਰੇਜ਼ੀ ਕਿਤਾਬ- ਦਿਆਲ ਸਿੰਘ ਕਾਲਜ ਦੇ ਸੌ ਵਰ੍ਹੇ-1910-2010)।

ਬਟਵਾਰੇ ਤੋਂ ਬਾਅਦ ਦਿਆਲ ਸਿੰਘ ਟਰੱਸਟ ਦੇ ਮੋਢੀ ਟਰੱਸਟੀ ਰਾਜਾ ਨਰਿੰਦਰ ਨਾਥ ਦੇ ਬੇਟੇ ਦੀਵਾਨ ਆਨੰਦ ਕੁਮਾਰ ਨੇ ਭਾਰਤ ਵਿੱਚ ਦਿਆਲ ਸਿੰਘ ਸੰਸਥਾਵਾਂ ਦੀ ਸ਼ੁਰੂਆਤ ਦੇ ਯਤਨ ਆਰੰਭੇ। ਦਿੱਲੀ ਵਿੱਚ ਪੰਜਾਬ ਯੂਨੀਵਰਸਿਟੀ ਦੇ ਨਾਲ ਜੁੜੇ ਕੈਂਪ ਕਾਲਜ ਨੂੰ 1948 ਵਿੱਚ ਸ਼ੁਰੂ ਕੀਤਾ ਗਿਆ। 1952 ਵਿੱਚ ਰੌਜ਼ ਐਵੇਨਿਊ ਦਿੱਲੀ ਤੋਂ ਦਿਆਲ ਸਿੰਘ ਕਾਲਜ, ਲਾਇਬ੍ਰੇਰੀ ਅਤੇ ਟ੍ਰਿਬਿਊਨ ਦਫ਼ਤਰ ਸ਼ੁਰੂ ਕੀਤਾ ਗਿਆ। ਦਿਆਲ ਸਿੰਘ ਟਰੱਸਟ ਸੁਸਾਇਟੀ, ਕਰਨਾਲ ਤੋਂ ਰਜਿਸਟਰ ਕਰਵਾ ਕੇ ਕਰਨਾਲ ਤੇ ਦਿੱਲੀ ਵਿੱਚ ਦਿਆਲ ਸਿੰਘ ਕਾਲਜ ਤੇ ਸਕੂਲ ਖੋਲ੍ਹੇ। 1959 ਵਿੱਚ ਕੈਂਪ ਕਾਲਜ ਨੂੰ ਦਿਆਲ ਸਿੰਘ ਕਾਲਜ ਵਿੱਚ ਮਿਲਾ ਕੇ ਦਿੱਲੀ ਯੂਨੀਵਰਸਿਟੀ ਨਾਲ ਜੋੜਿਆ ਗਿਆ। 1961 ਵਿੱਚ ਦਿਆਲ ਸਿੰਘ ਕਾਲਜ ਨੂੰ ਲੋਧੀ ਰੋਡ 'ਤੇ ਮੌਜੂਦਾ ਜਗ੍ਹਾ ਦਿੱਤੀ ਗਈ, ਜਿੱਥੇ ਅਕਤੂਬਰ 1962 ਤੋਂ ਕਾਲਜ ਤਬਦੀਲ ਹੋਇਆ। 1963-66 ਤਕ ਕਾਲਜ ਦੋ ਸ਼ਿਫਟਾਂ ਵਿੱਚ ਚੱਲਿਆ ਅਤੇ 1967 ਤੋਂ ਦਿਆਲ ਸਿੰਘ ਕਾਲਜ (ਸ਼ਾਮ ਦੀਆਂ ਕਲਾਸਾਂ) ਸ਼ੁਰੂ ਕੀਤਾ ਗਿਆ। 1997 ਤੋਂ ਬਾਕਾਇਦਾ ਦਿਆਲ ਸਿੰਘ ਕਾਲਜ (ਸ਼ਾਮ) ਦੇ ਪ੍ਰਿੰਸੀਪਲ/ਸਟਾਫ ਦੀ ਨਿਯੁਕਤੀ ਹੋਈ। ਇਸੇ ਸ਼ਾਮ ਵਾਲੇ ਕਾਲਜ ਨੂੰ ਹੁਣ ਸਵੇਰ ਦੇ ਕਾਲਜ ਵਿੱਚ ਬਦਲ ਕੇ ਇਸ ਦਾ ਨਾਮ 'ਵੰਦੇ ਮਾਤਰਮ ਕਾਲਜ' ਰੱਖਣ ਦੇ ਯਤਨ ਹੋ ਰਹੇ ਹਨ, ਜੋ ਕਾਨੂੰਨੀ ਅਤੇ ਨੈਤਿਕ ਤੌਰ 'ਤੇ ਸੰਭਵ ਨਹੀਂ ।

ਅਸਲ ਵਿੱਚ ਦਿਆਲ ਸਿੰਘ ਟਰੱਸਟ ਸੁਸਾਇਟੀ ਨੇ 1976 ਵਿੱਚ ਜ਼ਮੀਨ ਅਤੇ ਕਾਲਜ ਬਿਲਡਿੰਗ ਲਈ ਬਿਨਾਂ ਕਿਸੇ ਇਵਜ਼ਾਨੇ ਤੋਂ ਦਿੱਲੀ ਯੂਨੀਵਰਸਿਟੀ ਨੂੰ ਇਸ ਕਾਲਜ ਨੂੰ ਯੂਨੀਵਰਸਿਟੀ ਕਾਲਜ ਬਣਾਉਣ ਲਈ ਪ੍ਰਸਤਾਵ ਦਿੱਤਾ, ਜਿਸ ਅਨੁਸਾਰ 1978 ਵਿੱਚ ਦਿਆਲ ਸਿੰਘ ਸੁਸਾਇਟੀ ਅਤੇ ਦਿੱਲੀ ਯੂਨੀਵਰਸਿਟੀ ਵਿੱਚ ਸਮਝੌਤੇ ਮਗਰੋਂ ਇਹ ਕਾਲਜ ਦਿੱਲੀ ਯੂਨੀਵਰਸਿਟੀ ਦਾ ਕਾਂਸਟੀਚੂਐਂਟ ਕਾਲਜ ਬਣਾ ਦਿੱਤਾ ਗਿਆ। ਪਰ ਇਸ ਸਮਝੌਤੇ ਦੀ ਸ਼ਰਤ ਨੰ. 12 ਅਨੁਸਾਰ ਇਸ ਕਾਲਜ ਦਾ ਨਾਂ ਨਹੀਂ ਬਦਲਿਆ ਜਾ ਸਕਦਾ। ਸ਼ਰਤ ਨੰ. 12 ਅਨੁਸਾਰ ਕਾਲਜ ਦੀ ਜ਼ਮੀਨ ਤੇ ਇਮਾਰਤ ਕੇਂਦਰੀ ਸਰਕਾਰ ਦੇ ਲੈਂਡ ਐਂਡ ਡਿਵੈਲਪਮੈਂਟ ਦਫ਼ਤਰ ਤੋਂ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਮਿਲਣ ਬਾਅਦ ਹੀ ਦਿੱਲੀ ਯੂਨੀਵਰਸਿਟੀ ਨੂੰ ਤਬਦੀਲ ਹੋ ਸਕਦੀ ਸੀ, ਜੋ ਇਹ ਸਰਟੀਫਿਕੇਟ ਨਾ ਮਿਲਣ ਕਰਕੇ ਅੱਜ ਤਕ ਤਬਦੀਲ ਨਹੀਂ ਹੋਈ। 1984 ਵਿੱਚ ਕਾਲਜ ਨੂੰ ਮਿਲੀ ਕੁਝ ਹੋਰ ਜ਼ਮੀਨ ਵੀ ਦਿਆਲ ਸਿੰਘ ਟਰੱਸਟ ਦੇ ਨਾਂ ਹੀ ਦਿੱਤੀ ਗਈ ਅਤੇ ਅੱਜ ਤਕ ਵੀ ਬਿਜਲੀ ਦਾ ਬਿੱਲ, ਸੁਸਾਇਟੀ ਦੇ ਨਾਂ ਹੀ ਆਉਂਦਾ ਹੈ।

ਵੰਡ ਤੋਂ ਬਾਅਦ ਸਥਾਪਤ ਦਿੱਲੀ ਦੇ ਦਿਆਲ ਸਿੰਘ ਕਾਲਜ ਨਾਲ ਵੀ ਕਾਲਜ ਪ੍ਰਧਾਨ ਅਤੇ ਪ੍ਰਿੰਸੀਪਲ ਰੂਪ ਵਿੱਚ ਉੱਘੀਆਂ ਸ਼ਖ਼ਸੀਅਤਾਂ ਜੁੜੀਆਂ ਰਹੀਆਂ ਹਨ। ਲਾਹੌਰ ਤੋਂ ਹੀ ਉੱਘੇ ਦੇਸ਼ ਭਗਤ ਅਤੇ ਲੇਖਕ-ਸੰਪਾਦਕ ਲਾਲਾ ਫ਼ਿਰੋਜ਼ ਚੰਦ, ਲਾਲਾ ਬ੍ਰਿਸ਼ ਭਾਨ, ਦੀਵਾਨ ਆਨੰਦ ਕੁਮਾਰ, ਪ੍ਰੋ. ਵੀ. ਪੀ. ਦੱਤ, ਪ੍ਰੋ. ਸ਼ਾਹਿਦ ਮਾਹਦੀ, ਸ਼ੈਲਜਾ ਚੰਦਰ, ਐੱਸ ਐੱਸ. ਗਿੱਲ ਵਰਗੇ ਨਾਮੀਂ-ਗਿਰਾਮੀ ਵਿਅਕਤੀ ਇਸ ਕਾਲਜ ਦੇ ਪ੍ਰਧਾਨ ਰਹੇ। ਬੀ. ਐੱਮ. ਭੱਲਾ ਇਸ ਦੇ ਲੰਬਾ ਸਮਾਂ ਪ੍ਰਿੰਸੀਪਲ ਰਹੇ। 2006 ਤੋਂ ਡਾ. ਇੰਦਰਜੀਤ ਸਿੰਘ ਬਖ਼ਸ਼ੀ ਇਸ ਕਾਲਜ ਦੇ ਪ੍ਰਿੰਸੀਪਲ ਹਨ, ਜਿਨ੍ਹਾਂ ਅਨੁਸਾਰ ਉਨ੍ਹਾਂ ਪਿਛਲੇ ਦੋ ਸਾਲਾਂ ਵਰਗਾ ਦਬਾਅ ਪਹਿਲਾਂ ਕਦੇ ਮਹਿਸੂਸ ਨਹੀਂ ਕੀਤਾ। ਕਾਲਜ ਦੇ ਮੌਜੂਦਾ ਪ੍ਰਧਾਨ ਸੁਪਰੀਮ ਕੋਰਟ ਦੇ ਵਕੀਲ ਤੇ ਭਾਜਪਾ ਨੇਤਾ ਅਮਿਤਾਭ ਸਿਨਹਾ ਹਨ। ਉਨ੍ਹਾਂ ਦੇ ਵਤੀਰੇ ਤੋਂ ਕਾਲਜ ਦੁਖੀ ਹੈ। ਕਾਲਜ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਪ੍ਰਧਾਨ ਨੇ ਕਾਲਜ ਦੇ ਕਾਨਫਰੰਸ ਰੂਮ 'ਤੇ ਕਬਜ਼ਾ ਕਰਕੇ ਉਸ ਉੱਤੇ ਆਪਣੇ ਨਾਮ ਦੀ ਪਲੇਟ ਥੋਪ ਦਿੱਤੀ, ਇਸ ਰੂਮ ਵਿੱਚ ਹੀ ਕਾਲਜ ਦੇ ਪਿਛਲੇ ਪ੍ਰਧਾਨਾਂ ਅਤੇ ਪ੍ਰਿੰਸੀਪਲਾਂ ਦੀ ਨਾਂ ਸੂਚੀ ਦੇ ਬੋਰਡ ਲੱਗੇ ਹਨ। ਕਾਲਜ ਦਾ ਕੋਈ ਵੀ ਅਧਿਕਾਰੀ ਇਹ ਬੋਰਡ ਦਿਖਾਉਣ ਲਈ ਵੀ ਕਮਰਾ ਖੋਲ੍ਹਣ ਤੋਂ ਡਰਦਾ ਹੈ। ਕਾਲਜ ਦੀ ਗਵਰਨਿੰਗ ਬਾਡੀ ਦੇ ਅੱਠ ਤੋਂ 12 ਮੈਂਬਰਾਂ ਵਿੱਚੋਂ ਪ੍ਰਧਾਨ ਆਪਣੀ ਮਰਜ਼ੀ ਦੇ ਦੋ-ਚਾਰ ਮੈਂਬਰਾਂ ਨੂੰ ਬਿਠਾ ਕੇ ਕੁੰਡੀ ਬੰਦ ਕਰਕੇ ਮੀਟਿੰਗ ਕਰਦਾ ਹੈ। ਮੈਂਬਰ ਸਕੱਤਰ ਦੀ ਡਿਊਟੀ ਮੀਟਿੰਗ



ਦੇ ਮਿਨਟ ਲਿਖਣ ਦੀ ਹੁੰਦੀ ਹੈ, ਜੋ ਉਸ ਨੂੰ ਨਹੀਂ ਕਰਨ ਦਿੱਤੀ ਜਾਂਦੀ। ਦੋਸ਼ ਲਾਇਆ ਗਿਆ ਹੈ ਕਿ ਪ੍ਰਧਾਨ ਆਪਣੀ ਮਰਜ਼ੀ ਦੇ ਮਿਨਟ ਲਿਖਵਾ ਕੇ ਮੀਟਿੰਗ ਤੋਂ ਬਾਹਰ ਰੱਖੇ ਮੈਂਬਰਾਂ ਤੋਂ ਖਾਲੀ ਹਾਜ਼ਰੀ ਪੰਨੇ 'ਤੇ ਦਸਤਖ਼ਤ ਕਰਵਾ ਕੇ ਮਿਨਟ ਮਨਜ਼ੂਰ ਕਰ ਦਿੰਦਾ ਹੈ। ਕੁਝ ਸਮਾਂ ਪਹਿਲਾਂ ਕਾਲਜ ਦੇ ਇੱਕ ਦਿਵਯਾਂਗ ਅਧਿਆਪਕ ਡਾ. ਕੇਦਾਰਨਾਥ ਮੰਡਲ ਨੂੰ ਵੀ ਮੀਟਿੰਗ ਦੇ ਇਸੇ ਤਰੀਕੇ ਨਾਲ ਮੁਅੱਤਲ ਕੀਤਾ ਗਿਆ। ਉਸ ਨੂੰ ਕਾਰਨ ਦੱਸੋ ਨੋਟਿਸ ਵੀ ਨਹੀਂ ਦਿੱਤਾ ਗਿਆ। ਦਲਿਤ ਸਾਹਿਤ ਨਾਲ ਜੁੜੇ ਇਸ 70% ਤੋਂ ਵੱਧ ਦਿਵਯਾਂਗ ਅਧਿਆਪਕ ਨੇ ਦੇਵੀ ਦੁਰਗਾ ਬਾਰੇ ਕੋਈ ਟਿੱਪਣੀ ਕੀਤੀ ਸੀ। ਪ੍ਰਿੰਸੀਪਲ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਦੀ ਮਨਜ਼ੂਰੀ ਬਿਨਾਂ ਅਧਿਆਪਕ ਨੂੰ ਮੁਅੱਤਲ ਨਹੀਂ ਕੀਤਾ ਜਾ ਸਕਦਾ, ਪਰ ਕਾਲਜ ਪ੍ਰਧਾਨ ਇਸ ਤਰਕ ਨਾਲ ਸਹਿਮਤ ਨਹੀਂ।

ਕਾਲਜ ਪ੍ਰਧਾਨ ਇੱਕ ਸਾਲ ਲਈ ਦਿੱਲੀ ਯੂਨੀਵਰਸਿਟੀ ਦੇ ਉਪ-ਕੁਲਪਤੀ ਵੱਲੋਂ ਨਾਮਜ਼ਦ ਕੀਤਾ ਜਾਂਦਾ ਹੈ। 2014 ਤੋਂ ਪਹਿਲਾਂ ਵਿੱਦਿਅਕ ਸ਼ਖ਼ਸੀਅਤ ਹੀ ਇਸ ਅਹੁਦੇ 'ਤੇ ਨਾਮਜ਼ਦ ਕੀਤੀ ਜਾਂਦੀ ਸੀ, ਪਰ ਹੁਣ ਵੀ. ਸੀ. ਆਪਣੇ ਸਿਆਸੀ ਪ੍ਰਭੂਆਂ ਨੂੰ ਖ਼ੁਸ਼ ਰੱਖਣ ਲਈ ਭਾਜਪਾ ਦੇ ਗ਼ੈਰ-ਵਿੱਦਿਅਕ ਬੰਦਿਆਂ ਨੂੰ ਪ੍ਰਧਾਨ ਨਾਮਜ਼ਦ ਕਰ ਰਿਹਾ ਹੈ। ਦਿੱਲੀ ਸਰਕਾਰ ਦੇ ਆਪਣੇ 28 ਕਾਲਜਾਂ ਲਈ ਪ੍ਰਧਾਨ ਨਾਮਜ਼ਦ ਕਰਨ ਲਈ ਭੇਜੀ ਸਰਕਾਰੀ ਸੂਚੀ ਨੂੰ ਵੀ. ਸੀ .ਨੇ ਰੱਦ ਕਰ ਦਿੱਤਾ ਕਿਉਂਕਿ ਉਸ ਸੂਚੀ ਵਿੱਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵੀ. ਸੀ. ਤੇ ਉੱਘੇ ਵਿਗਿਆਨੀ ਪ੍ਰੋ. ਸੋਪੋਰੀ ਜਾਂ ਉੱਘੀ ਵਿਦਵਾਨ ਪ੍ਰੋ. ਇਰਾ ਭਾਸਕਰ ਦਾ ਨਾਂ ਵੀ ਸੀ। ਗ਼ੈਰ-ਵਿੱਦਿਅਕ ਸਿਆਸੀ ਬੰਦੇ ਕਾਲਜ-ਯੂਨੀਵਰਸਿਟੀ ਸਿੱਖਿਆ ਵਿੱਚ ਜ਼ਬਰਦਸਤੀ ਭਗਵਾ ਰੰਗ ਭਰਨਾ ਚਾਹੁੰਦੇ ਹਨ। ਦਿਆਲ ਸਿੰਘ ਟਰੱਸਟ ਨਾਲ ਸਮਝੌਤੇ ਦੀਆਂ ਸ਼ਰਤਾਂ ਮੁਤਾਬਕ, ਜਿਸ ਇਮਾਰਤ ਵਿੱਚ ਦਿਆਲ ਸਿੰਘ ਨਾਮ ਤੋਂ ਬਿਨਾਂ ਕੋਈ ਹੋਰ ਨਾਂ ਰੱਖਿਆ ਹੀ ਨਹੀਂ ਜਾ ਸਕਦਾ, ਉੱਥੇ ਸਿੱਖਿਆ ਵਿਦਵਾਨਾਂ ਤੇ ਪੰਜਾਬੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਪ੍ਰਧਾਨ ਅਮਿਤਾਭ ਸਿਨਹਾ ਜ਼ਬਰਦਸਤੀ ਵੰਦੇ ਮਾਤਰਮ ਦਾ ਨਾਮ ਕਾਲਜ 'ਤੇ ਥੋਪਣਾ ਚਾਹੁੰਦਾ ਹੈ।

ਸਵਾਲ ਇਹ ਵੀ ਹੈ ਕਿ ਦਿੱਲੀ ਯੂਨੀਵਰਸਿਟੀ ਸ਼ਾਮ ਦੇ ਕਾਲਜ ਬੰਦ ਕਰਨ 'ਤੇ ਕਿਉਂ ਤੁਲੀ ਹੋਈ ਹੈ? ਹਜ਼ਾਰਾਂ ਲੋਕ ਦਿਨ ਵੇਲੇ ਕੰਮ ਪੂਰਾ ਕਰਕੇ ਆਪਣੀ ਉੱਚ ਵਿੱਦਿਆ ਤੇ ਡਿਗਰੀ ਲਈ ਸ਼ਾਮ ਦੀਆਂ ਕਲਾਸਾਂ ਵਾਲੇ ਕਾਲਜਾਂ ਵਿੱਚ ਪੜ੍ਹਦੇ ਹਨ। ਇਨ੍ਹਾਂ ਵਿੱਚ ਇਸਤਰੀਆਂ ਵੀ ਸ਼ਾਮਲ ਹਨ ਜਿਨ੍ਹਾਂ ਵੱਲੋਂ ਇਸ ਕਾਲਜ ਨੂੰ ਸਵੇਰ ਦਾ ਕਾਲਜ ਬਣਾਉਣ ਦੀ ਨਾ ਕੋਈ ਮੰਗ ਉੱਠੀ। ਸਵੇਰ ਦੇ ਕਾਲਜ ਵਿੱਚ ਇਸ ਸਮੇਂ 5200 ਤੋਂ ਵੱਧ ਅਤੇ ਸ਼ਾਮ ਵੇਲੇ 3200 ਤੋਂ ਵੱਧ ਵਿਦਿਆਰਥੀ ਪੜ੍ਹਦੇ ਹਨ। ਸਵੇਰ ਤੇ ਸ਼ਾਮ ਸਮੇਂ ਵੱਖ ਵੱਖ ਕਲਾਸਾਂ ਨਾਲ ਮੌਜੂਦਾ ਕਮਰਿਆਂ ਤੇ ਹੋਰ ਸਾਧਨਾਂ ਨਾਲ ਕੰਮ ਚੱਲ ਜਾਂਦਾ ਹੈ, ਪਰ ਇੱਕ ਹੀ ਇਮਾਰਤ ਵਿੱਚ ਇੰਨੇ ਹੀ ਸਾਧਨਾਂ ਨਾਲ ਦੋ ਕਾਲਜ ਨਹੀਂ ਚਲਾਏ ਜਾ ਸਕਦੇ। ਸੋ ਬਿਹਤਰ ਇਹ ਹੈ ਕਿ ਦਿਆਲ ਸਿੰਘ (ਸ਼ਾਮ) ਦੇ ਕਾਲਜ ਨੂੰ ਸਵੇਰ ਦਾ ਕਾਲਜ ਬਣਾਉਣ ਦੀ ਜ਼ਿੱਦ ਛੱਡੀ ਜਾਵੇ। ਇਸ ਨਾਲ ਕਾਲਜ ਦਾ ਨਾਮ ਬਦਲਣ ਦਾ ਆਧਾਰ ਹੀ ਖ਼ਤਮ ਹੋ ਜਾਵੇਗਾ।

**ਲੇਖਕ ਜੇ.ਐੱਲ.ਐੱਨ.ਯੂ. ਦਾ ਸੇਵਾਮੁਕਤ ਪ੍ਰੋਫ਼ੈਸਰ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਫੈਲੋ ਹੈ।**

**98687-74820**

# ਕਿਹੜੀ ਖ਼ੁਸ਼ੀ 'ਚ ਕਹੀਏ ਨਵਾਂ ਸਾਲ ਮੁਬਾਰਕ...



ਜਸਵੰਤ ਜੀਰਖ

ਕਿਸ ਨੂੰ ਕਹੀਏ ਤੇ ਕਿਉਂ ਕਹੀਏ ਨਵਾਂ ਸਾਲ ਮੁਬਾਰਕ? ਦੇਸ਼ ਦੇ ਧਨਾਢਾਂ ਵੱਲੋਂ ਆਏ ਸਾਲ ਪਹਿਲੀ ਜਨਵਰੀ ਨੂੰ ਆਮ ਲੋਕਾਂ ਦਾ ਮਖੌਲ ਉਡਾਉਂਦਿਆਂ ਨਵੇਂ ਸਾਲ ਦੀਆਂ ਮੁਬਾਰਕਾਂ ਅਖ਼ਬਾਰਾਂ ਤੇ ਇਲੈਕਟ੍ਰਾਨਿਕ ਮੀਡੀਏ ਰਾਹੀਂ ਇਸਤਿਹਾਰ ਦੇਕੇ ਦਿੱਤੀਆਂ ਜਾਂਦੀਆਂ ਹਨ। ਅਸੀਂ ਐਵੇਂ ਉਹਨਾਂ ਦੀ ਰੀਸੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਆਦਿ ਨੂੰ ਇਹ ਮੁਬਾਰਕਾਂ ਪਤਾ ਨਹੀਂ ਕਿਸ ਖ਼ੁਸ਼ੀ ਵਿੱਚ ਦੇਈ ਜਾ ਰਹੇ ਹਾਂ? ਨਵਾਂ ਸਾਲ ਕਦੀ ਵੀ ਆਮ ਬੰਦੇ ਲਈ ਕਦੀ ਕੁੱਝ ਨਹੀਂ ਲਿਆਇਆ, ਉਸ ਦੀ ਜ਼ਿੰਦਗੀ ਦਾ ਪਹੀਆ ਪਿਛਲੇ ਸਾਲ ਦੀ ਤਰ੍ਹਾਂ ਹੀ ਢਿਚਕੂੰ-ਢਿਚਕੂੰ ਕਰਦਾ ਰੁੜਦਾ ਹੈ। ਦੂਜੇ ਪਾਸੇ ਹਾਕਮਾਂ ਤੇ ਉਹਨਾਂ ਦੇ ਜੋਟੀਦਾਰਾਂ ਵੱਲੋਂ ਆਪਣੀਆਂ ਤਿਜੋਰੀਆਂ ਭਰਨ ਲਈ ਨਵੇਂ-ਨਵੇਂ ਢੰਗ ਤਰੀਕੇ ਲਾਗੂ ਕਰਕੇ ਆਏ ਸਾਲ ਸਾਡੀ ਛਿੱਲ ਹੋਰ ਡੂੰਘੀ ਲਾਹੁਣ ਲਈ ਆਪਣੇ ਲੁੱਟ ਦੇ ਦੰਦ ਹੋਰ ਤਿੱਖੇ ਕਰਕੇ ਸਾਨੂੰ ਮੁਬਾਰਕਾਂ ਦੇਕੇ ਭਰਮਾਇਆ ਜਾਂਦਾ ਹੈ। ਪਰ ਅਸੀਂ ਇਸ ਸਭ ਕੁੱਝ ਤੋਂ ਬੇ-ਖ਼ਬਰ ਆਪਣੀ ਛਿੱਲ ਉਤਰਵਾਉਣ ਲਈ ਘੂਕ ਸੁੱਤੇ ਰਹਿੰਦੇ ਹਾਂ। ਪਿਛਲੇ ਸਾਲ ਦੇਸ਼ ਦੇ ਕ੍ਰੋੜਾਂ ਲੋਕ ਬੈਂਕਾਂ ਅੱਗੇ ਭਿਖਾਰੀ ਬਣਾਕੇ ਲਾਈਨਾਂ 'ਚ ਖੜ੍ਹੇ ਹੋਣ ਲਈ ਮਜਬੂਰ ਕੀਤੇ ਗਏ, ਜਿਹਨਾਂ ਵਿਚੋਂ 100 ਦੇ ਕਰੀਬ ਸਦੀਵੀ ਵਿਛੋੜਾ ਦੇਕੇ ਨੋਟ ਬੰਦੀ ਦੀ ਭੇਂਟ ਤਾਂ ਚੜ੍ਹ ਗਏ ਪਰ ਕਿਸੇ ਦੇ ਵੀ ਅੱਛੇ ਦਿਨ ਨਹੀਂ ਆਏ। ਵੋਟਾਂ ਲੈਣ ਵੇਲੇ ਕਾਲਾ ਧਨ ਕਢਾਕੇ ਹਰ ਇਕ ਦੇ ਖਾਤੇ ਵਿੱਚ 15-15 ਲੱਖ ਪਾਕੇ ਅੱਛੇ ਦਿਨ ਲਿਆਉਣ ਦੇ ਫ਼ੁਰਮਾਨ ਜਾਰੀ ਹੋਏ, ਪਰ ਕੁਰਸੀਆਂ ਸਾਂਭਣ ਬਾਅਦ ਇਹਨਾਂ ਫ਼ੁਰਮਾਨਾਂ ਨੂੰ ਬਹੁਤ ਹੀ ਬੇਸ਼ਰਮੀ ਨਾਲ ਜੁਮਲੇ ਕਰਾਰ ਦੇ ਦਿੱਤਾ ਗਿਆ। ਹਾਕਮ ਖਚਰੀ ਹਾਸੀ ਹੱਸਦੇ ਹੋਏ ਦੇਸ਼ ਨੂੰ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਤੋਂ ਮੁਕਤ ਕਰਵਾਉਣ ਦੇ ਨਾਂ ਤੇ ਦੇਸੀ ਵਿਦੇਸ਼ੀ ਧਨਾਢਾਂ ਨੂੰ ਹੋਰ ਧਨਾਢ ਬਣਾ ਗਏ। ਦੇਸ਼ ਵਾਸੀਆਂ ਨੂੰ 50 ਦਿਨਾਂ ਦਾ ਲੌਲੀ ਪੌਪ ਦੇਕੇ ਇਕ ਹੋਰ ਜੁਮਲਾ ਪੇਸ ਕਰਕੇ ਭੋਲੀ ਜਨਤਾ ਦਾ ਮੂੰਹ ਹੋਰ ਚਿੜ੍ਹਾ ਗਏ। ਜਿਹੜੇ ਅਖੌਤੀ 'ਦੇਸ਼ ਭਗਤਾਂ' ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਲੜਾਈ ਸਮੇਂ ਅੰਗਰੇਜ਼ਾਂ ਦੀ ਚਾਪਲੂਸੀ ਕੀਤੀ, ਉਹ ਅੱਜ ਦੇਸ਼ ਭਗਤੀ ਦਾ ਪਾਠ ਪੜ੍ਹਾ ਰਹੇ ਹਨ। ਦੇਸ਼ ਨਾਲ ਧ੍ਰੋਹ ਕਮਾਉਣ ਵਾਲੇ ਆਪਣੇ ਕੋਝੇ ਕਾਰਨਾਮੇ ਛੁਪਾਉਣ ਲਈ ਦੇਸ਼ ਦੇ ਇਤਿਹਾਸ ਨੂੰ ਦੁਬਾਰਾ ਲਿਖਣ ਦੀ ਵਕਾਲਤ ਕਰ ਰਹੇ ਹਨ। ਵਿਗਿਆਨਕ ਵਿਚਾਰਧਾਰਾ ਪ੍ਰਫੁਲਤ ਕਰਨ ਦੀ ਬਜਾਏ ਅੰਧ ਵਿਸ਼ਵਾਸਾਂ ਨੂੰ ਬੜ੍ਹਾਵਾ ਦਿੱਤਾ ਜਾ ਰਿਹਾ ਹੈ। ਸੱਚ ਲਿਖਣ, ਬੋਲਣ ਵਾਲਿਆਂ ਨੂੰ ਦੇਸ਼ ਧ੍ਰੋਹੀਆਂ ਦਾ 'ਖਿਤਾਬ' ਦੇਕੇ ਕਤਲ ਕੀਤਾ ਜਾ ਰਿਹਾ ਹੈ। ਹੱਕ ਮੰਗਦਿਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਕੇ ਰਾਜਸੀ ਸਤਹ ਦੇ ਨਸ਼ੇ ਹੇਠ ਲਤਾੜਿਆ ਜਾ ਰਿਹਾ ਹੈ। ਬੇਰੁਜ਼ਗਾਰ ਜਵਾਨੀ ਜੇ ਸੜਕਾਂ ਤੇ ਉਤਰਦੀ ਹੈ ਤਾਂ ਸਰਕਾਰੀ ਸਰਪ੍ਰਸਤੀ ਹੇਠ ਪੁਲੀਸ ਅਤੇ ਸਿਆਸੀ ਗੁੰਡਾਗਰਦੀ ਦੇ ਤਸ਼ੱਦਦ ਦਾ ਸ਼ਿਕਾਰ ਬਣਦੀ ਹੈ ਅਤੇ ਮਜਬੂਰਨ ਟੈਂਕੀਆਂ ਤੇ ਚੜ੍ਹਕੇ ਆਪਣੇ ਆਪ ਨੂੰ ਅੱਗ ਦੀ ਭੇਟ ਚੜ੍ਹਾ ਰਹੀ ਹੈ। ਬੇਟੀ ਬਚਾਓ, ਬੇਟੀ ਪੜ੍ਹਾਓ ਦੇ ਰਾਮ ਰੌਲੇ ਹੇਠ ਬੇਟੀਆਂ ਨਾਲ ਸ਼ਰੇਆਮ ਗੁੰਡਾਗਰਦੀ ਹੋ ਰਹੀ ਹੈ। ਆਏ ਸਾਲ ਹਰ ਤਰ੍ਹਾਂ ਦੀਆਂ ਦੁਖਦਾਇਕ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਕਿਸਾਨ ਖ਼ੁਦਕੁਸ਼ੀਆਂ ਕਰਕੇ, ਮਜ਼ਦੂਰ ਭੁੱਖ ਅਤੇ ਇਲਾਜ ਖੁਣੋ ਮਰ ਰਹੇ ਹਨ। ਬੱਚੇ ਅਤੇ ਔਰਤਾਂ ਸਮੇਤ ਦੇਸ਼ ਦੀ ਵੱਡੀ ਗਿਣਤੀ ਕੁਪੋਸ਼ਨ ਦਾ ਸ਼ਿਕਾਰ ਹੈ। ਨੌਜਵਾਨੀ ਲਈ ਕੋਈ ਰੋਜ਼ਗਾਰ ਨਹੀਂ ਜੋ ਨਸ਼ਿਆਂ ਵਿੱਚ ਪੈਕੇ ਬਰਬਾਦ ਹੋ ਰਹੀ ਹੈ। ਉਹ ਮਾਤਾ ਪਿਤਾ ਦੀ ਡੰਗੋਰੀ ਬਣਨ ਦੀ ਥਾਂ ਉਹਨਾਂ ਲਈ ਮੁਸੀਬਤਾਂ ਦਾ ਪਹਾੜ ਬਣ ਰਹੀ ਹੈ। ਬੇ-ਕਸੂਰੇ ਜੇਲਾਂ ਵਿੱਚ ਸੜ ਰਹੇ ਹਨ ਅਤੇ ਕਸੂਰਵਾਰ ਦਨਦਨਾਉਂਦੇ ਫਿਰ ਰਹੇ ਹਨ। ਮਾੜੇ ਪ੍ਰਬੰਧ ਕਾਰਨ ਸੜਕੀ ਅਤੇ ਰੇਲ ਹਾਦਸਿਆਂ, ਅਗਜਨੀ ਦੀਆਂ ਘਟਨਾਵਾਂ, ਆਦਿ ਵਿੱਚ ਵਾਧਾ ਹੋਕੇ ਮਨੁੱਖਤਾ ਦਾ ਖ਼ੂਨ ਅਜਾਈਂ ਡੁੱਲ ਰਿਹਾ ਹੈ ਜਿਸ ਕਾਰਨ ਅਨੇਕਾਂ ਪਰਿਵਾਰ ਸੰਤਾਪ ਭੋਗਣ ਲਈ ਬੇ-ਸਹਾਰਾ ਬਣ ਰਹੇ ਹਨ। ਭ੍ਰਿਸ਼ਟ ਸਿਆਸੀ ਆਗੂ ਅਤੇ ਅਫਸਰਸ਼ਾਹੀ ਇਕਮਿਕ ਹੋਕੇ ਸਮਾਜ ਵਿੱਚ ਗਲਤ ਪਿਰਤਾਂ ਦੇ ਮਦੱਈ ਬਣ ਰਹੇ ਹਨ ਜਿਸ ਦਾ ਸੰਤਾਪ ਆਮ ਬੇਕਸੂਰ ਜਨਤਾ ਭੋਗ ਰਹੀ ਹੈ। ਅੱਜ ਵੀ ਰਾਜਨੀਤੀ ਦੀ ਖੇਡ ਅੰਦਰ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਮਖੌਲ ਉਠਾਉਂਦਿਆਂ ਰਾਜਨੀਤਕ ਪਾਰਟੀਆਂ ਵੱਲੋਂ ਇਕ ਦੂਜੀ ਨੂੰ ਭੰਡਣ ਦੀ ਖੇਡ ਵੱਧ ਖੇਡੀ ਜਾ ਰਹੀ ਹੈ। ਪਰ ਅੰਦਰ ਖਾਤੇ ਇਹ ਸਭ ਇਕੋ ਥੈਲੀ ਦੇ ਚੱਟੇ ਵੱਟੇ ਹਨ, ਸਿਰਫ ਆਮ ਸਧਾਰਨ ਲੋਕਾਂ ਨੂੰ ਮੂਰਖ ਬਣਾਕੇ ਵਾਰੋ ਵਾਰੀ ਰਾਜ ਸੱਤ੍ਹਾ ਦਾ ਅਨੰਦ ਮਾਨਣ ਵਿੱਚ ਕਿਸੇ ਦਾ ਵੀ ਇਕ ਦੂਜੇ ਤੋਂ ਕੋਈ ਫਰਕ ਨਹੀਂ।

ਜਿੱਥੇ ਵਿੱਦਿਆ, ਇਨਸਾਫ ਅਤੇ ਰੁਜ਼ਗਾਰ ਦੇ ਮੁਢਲੇ ਹੱਕ ਵੀ ਆਮ ਮਨੁੱਖ ਦੀ ਪਹੁੰਚ ਤੋਂ ਹਰ ਸਾਲ ਦੂਰ ਹੁੰਦੇ ਜਾ ਰਹੇ ਹੋਣ। ਹਜ਼ਾਰਾਂ ਸਾਲ ਪਹਿਲਾਂ ਦੇ ਮਿਥਿਹਾਸ ਨੂੰ ਇਤਿਹਾਸ ਬਣਾਕੇ ਸੰਸਕ੍ਰਿਤੀ ਦੇ ਨਾ ਤੇ ਪਰੋਸਿਆ ਜਾ ਰਿਹਾ ਹੋਵੇ, ਦਲਿਤ ਵਰਗ ਦੇ ਘਰ ਕੀ ਰਿਨਿਆ ਪਕਾਇਆ ਜਾ ਰਿਹਾ ਹੈ, ਜ਼ਬਰਦਸਤੀ ਘਰ ਅੰਦਰ ਘੁਸਕੇ ਵੇਖਿਆ ਜਾ ਰਿਹਾ ਹੋਵੇ ਤੇ ਬਾਤ ਦਾ ਬਤੰਗੜ ਬਣਾਕੇ ਘਰ ਦੇ ਮਾਲਕ ਨੂੰ ਕੁੱਟ ਕੁੱਟਕੇ ਮਾਰ ਦਿੱਤਾ ਜਾਂਦਾ ਹੈ, ਪਰ ਕੋਈ ਪੁੱਛਣ ਵਾਲਾ ਨਾ ਹੋਵੇ, ਜਿੱਥੇ ਪਸ਼ੂਆਂ ਨੂੰ ਪੂਜਿਆ ਅਤੇ ਇਨਸਾਨ ਨੂੰ ਦੁਰਕਾਰਿਆ ਜਾਂਦਾ ਹੋਵੇ ਅਜਿਹੇ ਸਮਾਜ ਵਿੱਚ ਨਵੇਂ ਸਾਲ ਨੂੰ ਮੁਬਾਰਕ ਕਹਿਣ ਦਾ ਕੀ ਅਰਥ ਹੈ? ਸਮਾਜ ਵਿੱਚ ਇਹੋ ਜਿਹੀਆਂ ਹੋਰ ਅਨੇਕਾਂ ਅਲਾਮਤਾਂ ਸਾਲੋ-ਸਾਲ ਅਮਰ ਵੇਲ ਦੀ ਤਰ੍ਹਾਂ ਵਧਦੀਆਂ ਜਾ ਰਹੀਆਂ ਹਨ। ਸਿਆਸਤ ਗੁੰਡਾ ਅਤੇ ਭ੍ਰਿਸ਼ਟ ਢਾਣੀਆਂ ਦੀ ਰਖੇਲ ਬਣ ਚੁੱਕੀ ਹੈ। ਤੁਹਾਡੀ ਆਪਣੀ ਕਿਰਤ ਕਮਾਈ ਦਾ ਪੈਸਾ, ਜਿਸਨੂੰ ਬੈਂਕਾਂ ਵਿੱਚ ਪਏ ਨੂੰ ਵੀ ਸੁਰੱਖਿਅਤ ਨਾ ਹੋਣ ਦਾ ਖ਼ਦਸ਼ਾ ਬਣ ਜਾਵੇ ਤਾਂ ਕਿਹੜੀ ਖ਼ੁਸ਼ੀ ਨਾਲ ਕਹੋਗੇ ਨਵਾਂ ਸਾਲ ਮੁਬਾਰਕ? ਇਸ ਲਈ ਦੇਸ਼ ਨੂੰ ਇਹਨਾਂ ਅਲਾਮਤਾਂ ਤੋਂ ਸੁਰਖ਼ਰੂ ਕਰਵਾਉਣ ਲਈ ਅਸਲੀਅਤ ਨੂੰ ਪਛਾਣਦੇ ਹੋਏ ਪਿਛਾਖੜੀ ਹਮਲਿਆਂ ਵਿਰੁੱਧ ਇਕੱਠੀ ਆਵਾਜ਼ ਉਠਾਕੇ ਹਰ ਅਲਾਮਤ ਦੇ ਜ਼ੁੰਮੇਵਾਰਾਂ ਨੂੰ ਭਾਂਜ ਦੇਣ ਲਈ ਅੱਗੇ ਆਈਏ। ਫਿਰ ਕਹਾਂਗੇ ਨਵਾਂ ਸਾਲ ਮੁਬਾਰਕ।

# ਸੋਹਨ ਮਾਨ ਨੂੰ ਬਿਨਾਂ ਧਾਰਮਿਕ ਅਤੇ ਸਮਾਜਿਕ ਰਸਮਾਂ ਤੋਂ ਦਿੱਤੀ ਅੰਤਿਮ ਵਿਦਾਇਗੀ

## ਹਰ ਸਾਲ ਸੋਹਨ ਮਾਨ ਯਾਦਗਾਰੀ ਐਵਾਰਡ ਦੇਣ ਦਾ ਐਲਾਨ

ਕੈਲਗਰੀ (ਮਾ.ਭਜਨ): ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਬਾਨੀ ਪ੍ਰਧਾਨ ਸੋਹਨ ਮਾਨ 12 ਦਸੰਬਰ ਨੂੰ ਸੰਖੇਪ ਬਿਮਾਰੀ ਤੋਂ ਬਾਅਦ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ ਸਨ। ਉਹ ਅਪਣੇ ਪਿੱਛੇ ਪਤਨੀ ਜਸਵਿੰਦਰ, ਬੱਚੇ ਸੰਦੀਪ, ਜੇਸ਼ਨ ਅਤੇ ਹਰਲੀਨ ਤੋਂ ਇਲਾਵਾ ਪੋਤੇ ਰੋਗਨ ਅਤੇ ਅਤੇ ਰਈਆ ਨੂੰ ਛੱਡ ਗਏ ਹਨ। 16 ਦਸੰਬਰ ਨੂੰ ਉਹਨਾਂ ਨੂੰ ਬਿਨਾਂ ਕਿਸੇ ਧਾਰਮਿਕ ਅਤੇ ਸਮਾਜਿਕ ਰਸਮਾਂ ਦੇ ਉਹਨਾਂ ਦੇ ਪ੍ਰਸ਼ੰਸ਼ਕਾਂ ਵਲੋਂ ਅੰਤਿਮ ਵਿਦਾਇਗੀ ਦਿੱਤੀ ਗਈ।

1934 ਵਿੱਚ ਹੁਸ਼ਿਆਰਪੁਰ ਵਿੱਚ ਜਨਮੇ ਸੋਹਨ ਮਾਨ 1970 ਵਿੱਚ ਕੈਨੇਡਾ ਆ ਕੇ ਵਸੇ ਸਨ। ਉਹ ਛੋਟੀ ਕਿਸਾਨੀ ਵਿੱਚ ਤੰਗੀਆਂ ਤੁਰਸ਼ੀਆਂ ਵਿੱਚ ਪਲ਼ੇ ਅਤੇ ਸੰਘਰਸ਼ਮਈ ਜੀਵਨ ਬਤੀਤ ਕਰਦੇ ਹੋਏ ਉਹਨਾਂ ਐਮ.ਏ. (ਅੰਗਰੇਜ਼ੀ) ਤੱਕ ਦੀ ਵਿੱਦਿਆ ਹਾਸਿਲ ਕੀਤੀ। ਉਹ ਕਾਫੀ ਸਮਾਂ ਅਧਿਆਪਨ ਕਿੱਤੇ ਨਾਲ਼ ਜੁੜੇ ਰਹੇ ਅਤੇ ਕਈ ਸਕੂਲਾਂ ਵਿੱਚ ਇੱਕ ਸਫਲ ਅਧਿਆਪਕ ਵਜੋਂ ਕੰਮ ਕੀਤਾ। ਜਵਾਨੀ ਦੀ ਉਮਰ ਵਿੱਚ ਹੀ ਉਹ ਮਾਰਕਸਵਾਦੀ ਵਿਚਾਰਾਂ ਦੇ ਧਾਰਨੀ ਬਣ ਗਏ ਸਨ। ਕੈਨੇਡਾ ਆ ਕੇ ਉਹਨਾਂ ਇਸ਼ੋਰੈਂਸ ਕੰਪਨੀ ਵਿੱਚ ਕੰਮ ਕੀਤਾ। ਕੈਲਗਰੀ ਵਿੱਚ ਉਹਨਾਂ ਨੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਿੱਚ ਪੂਰੀ ਸਰਗਰਮੀ ਨਾਲ਼ ਕੰਮ ਕੀਤਾ। ਇਸ ਤੋਂ ਉਹਨਾਂ ਨੇ ਅਗਾਂਹਵਧੂ ਸਾਥੀਆਂ ਨਾਲ਼ ਮਿਲ ਕੇ ਡੈਮੋਕਰੈਟਿਕ ਫੋਰਮ ਦੀ ਸਥਾਪਨਾ ਕੀਤੀ। ਇਸ ਫੋਰਮ ਦੀਆਂ ਮੀਟਿੰਗਾਂ ਸੋਹਨ ਮਾਨ ਦੇ ਘਰ ਹੀ ਹੁੰਦੀਆਂ ਸਨ ਜਿਹਨਾਂ ਵਿੱਚ ਉਹ ਸਮਾਜ ਦੇ ਭਖਦੇ ਮਸਲਿਆਂ ਬਾਰੇ ਵਿਚਾਰ ਚਰਚਾ ਕਰਦੇ ।

ਇਹ ਜੱਥੇਬੰਦੀ ਲੱਗਭੱਗ 28 ਸਾਲ ਪਹਿਲਾਂ ਇਹ ਸੋਹਨ ਮਾਨ ਦੇ ਯਤਨਾਂ ਸਦਕਾ ਬਣੀ ਤੇ 9 ਸਾਲ ਪਹਿਲਾਂ ਹੋਈ ਰਜਿਸਟਰੇਸ਼ਨ ਤੋਂ ਬਾਅਦ ਇਸ ਦਾ ਨਾਂ ਪ੍ਰੌਗਰੈਸਿਵ ਕਲਚਲਰ ਐਸੋਸੀਏਸ਼ਨ ਰੱਖ ਦਿੱਤਾ ਗਿਆ। ਪਿਛਲੇ ਕੁਝ ਸਾਲਾਂ ਦੌਰਾਨ ਜਦੋਂ ਇਸ ਸੰਸਥਾ ਨੇ ਆਪਣੇ ਨਿਵੇਕਲੇ ਕਾਰਜਾਂ ਕਰਕੇ ਭਾਈਚਾਰੇ ਵਿੱਚ ਨਾਂ ਬਣਾਇਆ ਤਾਂ ਸੋਹਨ ਮਾਨ ਨੂੰ ਮਾਨਸਿਕ ਤਸੱਲੀ ਵੀ ਹੋਈ।



ਉਹਨਾਂ ਦੇ ਅੰਤਿਮ ਸੰਸਕਾਰ ਮੌਕੇ ਉਹਨਾਂ ਦੇ ਪਰਿਵਾਰ ਵਲੋਂ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਉਹਨਾਂ ਦੇ ਪਰਿਵਾਰਿਕ ਮਿੱਤਰ ਹਰਦੇਵ ਕੂਨਰ ਨੇ ਸੋਹਨ ਮਾਨ ਦੇ ਪਰਿਵਾਰ ਅਤੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ। ਸੋਹਨ ਮਾਨ ਦੇ ਛੋਟੇ ਭਰਾ ਸਵਰਨ ਮਾਨ ਨੇ ਸੋਹਨ ਮਾਨ ਦੁਆਰਾ ਪਰਿਵਾਰ ਦੀ ਕੀਤੀ ਯੋਗ ਅਗਵਾਈ ਬਾਰੇ ਦੱਸਿਆ। ਉਹਨਾਂ ਦੇ ਬੇਟੇ ਸੰਦੀਪ ਨੇ ਉਹਨਾਂ ਨਾਲ਼ ਜੁੜੀਆਂ ਬਹੁਤ ਸਾਰੀਆਂ ਯਾਦਾਂ ਸਾਂਝੀਆਂ ਕੀਤੀਆਂ। ਉਹਨਾਂ ਦੀ ਜੀਵਨ ਸਾਥਣ ਜਸਵਿੰਦਰ ਨੇ ਦੱਸਿਆ ਕਿ ਉਹਨਾਂ ਦੀ ਇੱਛਾ ਅਨੁਸਾਰ ਕੋਈ ਵੀ ਧਾਰਮਿਕ, ਸਮਾਜਿਕ ਰੀਤੀ ਰਿਵਾਜ਼ ਨਹੀਂ ਕੀਤਾ ਜਾਵੇਗਾ ਤੇ ਅਜਿਹਾ ਹੀ ਕੀਤਾ ਗਿਆ। ਕੈਲਗਰੀ ਵਿੱਚ ਪਹਿਲੀ ਵਾਰ ਹੋਏ ਇਸ ਵੱਖਰੀ ਕਿਸਮ ਦੇ ਸ਼ਰਧਾਂਜਲੀ ਸਮਾਗਮ ਨੇ ਇੱਕ ਨਵੀਂ ਪਿਰਤ ਪਾਈ ਜਿਸ ਨੇ ਕੈਲਗਰੀ ਵਿੱਚ ਚਰਚਾਵਾਂ ਛੇੜ ਦਿੱਤੀਆਂ।

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਨੇ ਕਿਹਾ ਕਿ ਸੋਹਨ ਮਾਨ ਦਾ ਜੀਵਨ ਪ੍ਰੇਰਨਾਮਈ ਅਤੇ ਰਾਹ ਦਰਸੇਵਾਂ ਹੈ। ਉਹ ਆਖਰੀ ਸਾਹਾਂ ਤੱਕ ਮਾਰਕਸਵਾਦੀ ਵਿਚਾਰਾਂ, ਤਰਕਸ਼ੀਲ ਸੋਚ ਅਤੇ ਵਿਗਿਆਨਿਕ ਵਿਚਾਰਧਾਰਾ ਤੇ ਪ੍ਰਤੀਬੱਧਤਾ ਨਾਲ਼ ਡਟੇ ਰਹੇ। ਉਹਨਾਂ ਨੇ ਜ਼ਿੰਦਗੀ ਵਿੱਚ ਕਈ ਉਤਰਾਅ ਚੜਾਅ ਦੇਖੇ ਪਰ ਅਡੋਲ ਰਹੇ। ਉਹ ਕੈਨੇਡਾ ਕਮਿਊਨਿਸਟ ਪਾਰਟੀ ਦੇ ਮੈਂਬਰ ਵੀ ਰਹੇ ਤੇ ਪਾਰਟੀ ਦੇ ਆਗੂਆਂ ਵਲੋਂ ਉਹਨਾਂ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ। ਮਾਸਟਰ ਭਜਨ ਨੇ ਕਿਹਾ ਕਿ ਸੋਹਨ ਮਾਨ ਵਲੋਂ ਬਣਾਈ ਗਈ ਇਹ ਸੰਸਥਾ ਇੱਕ ਬੰਦ ਕਮਰਾ ਮੀਟਿੰਗ ਤੋਂ ਉਠ ਕੇ ਇੱਕ ਜਨਤਕ ਆਧਾਰ ਬਣਾ ਚੁੱਕੀ ਹੈ। ਮਾਸਿਕ ਮੀਟਿੰਗਾਂ ਤੋਂ ਇਲਾਵਾ ਇਹ ਸੰਸਥਾ ਪਿਛਲੇ 9 ਸਾਲਾਂ ਤੋਂ ਤਰਕਸ਼ੀਲ ਨਾਟਕ ਸਮਾਗਮ ਕਰਦੀ ਆ ਰਹੀ ਹੈ। ਜੱਥੇਬੰਦੀ ਦੀ ਨਾਟਕ ਟੀਮ ਇਨਕਲਾਬੀ ਰੰਗ ਮੰਚ ਨੂੰ ਸਮਰਪਿਤ ਹੈ। ਸੋਹਨ ਮਾਨ ਦੀ ਇੱਛਾ ਅਨੁਸਾਰ ਸ਼ੁਰੂ ਕੀਤੀ ਸ਼ਹੀਦ ਭਗਤ ਸਿੰਘ ਲਾਇਬਰੇਰੀ ਪਿਛਲੇ 6 ਸਾਲਾਂ ਤੋਂ ਲੋਕਾਂ ਵਿੱਚ ਉਸਾਰੂ ਸਾਹਿਤ ਵੰਡ ਰਹੀ ਹੈ। ਸੋਹਨ ਮਾਨ ਦੀ ਅਗਵਾਈ ਹੇਠ ਜੱਥੇਬੰਦੀ ਨੇ ਆਪਣਾ 25 ਸਾਲਾ ਸਿਲਵਰ ਜੁਬਲੀ ਸਮਾਗਮ ਬਹੁਤ ਹੀ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਸੀ। ਇਸ ਇਲਾਵਾ ਤੋਂ ਗੁਜਰਾਤ ਫਾਈਲਜ਼ ਦੀ ਲੇਖਿਕਾ ਰਾਣਾ ਆਯੂਬ, ਗੌਰੀ ਲੁਕੇਸ਼ ਦੀ ਹੱਤਿਆ ਖਿਲਾਫ ਕਾਲੇ ਕੱਪੜੇ ਪਾ ਕੇ ਮੁਜ਼ਾਹਰੇ ਵਰਗੇ ਸਮਾਗਮ ਸੋਹਨ ਮਾਨ ਦੀ ਅਗਵਾਈ ਹੇਠ ਜੱਥੇਬੰਦੀ ਨੇ ਨੇਪਰੇ ਚਾੜ੍ਹੇ।

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਆਗੂ ਕਮੇਟੀ ਵਲੋਂ ਲਾਲ ਕੱਪੜਾ ਪਾ ਕੇ ਇਨਕਲਾਬੀ ਸਾਥੀ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ। ਅੰਤ ਵਿੱਚ ਮਾਸਟਰ ਭਜਨ ਨੇ ਐਲਾਨ ਕੀਤਾ ਕਿ ਸੋਹਨ ਮਾਨ ਸਰੀਰਕ ਤੌਰ 'ਤੇ ਸਾਡੇ ਵਿੱਚ ਨਹੀਂ ਪਰ ਉਹਨਾਂ ਨੂੰ ਵਿਚਾਰਧਾਰਕ ਤੌਰ 'ਤੇ ਯਾਦ ਕਰਨ ਲਈ ਹਰ ਸੋਹਨ ਮਾਨ ਯਾਦਗਾਰੀ ਸਨਮਾਨ ਕਿਸੇ ਅਜਿਹੇ ਵਿਅਕਤੀ ਨੂੰ ਦਿੱਤਾ ਜਾਵੇਗਾ ਜਿਸ ਦੀ ਵਿਲੱਖਣ ਪ੍ਰਾਪਤੀ ਹੋਵੇਗੀ। ਉਹਨਾਂ ਦੱਸਿਆ ਕਿ 7 ਜਨਵਰੀ (2018) ਮਹੀਨੇ ਦੇ ਪਹਿਲੇ ਐਤਵਾਰ ਨੂੰ ਹੋਣ ਵਾਲ਼ੀ ਮੀਟਿੰਗ ਦੌਰਾਨ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਸੋਹਨ ਮਾਨ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ। ਸਮੇਂ ਤੇ ਸਥਾਨ ਲਈ ਮਾਸਟਰ ਭਜਨ ਨੂੰ 403-455-4220 ਤੇ ਫੋਨ ਕੀਤਾ ਜਾ ਸਕਦਾ ਹੈ।


**ਸੋਹਨ ਮਾਨ ਅਮਰ ਰਹੇ !**

**ਸੋਹਨ ਮਾਨ ਨੂੰ ਲਾਲ ਸਲਾਮ !**













# "ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ"



ਛੋਟੇ ਹੁੰਦਿਆਂ ਸੁਣਦੇ ਹੁੰਦੇ ਸਾਂ ਨੰਦ ਲਾਲ ਨੂਰਪੁਰੀ ਦੁਆਰਾ ਰਚਿਤ ਗੀਤ ਜੋ ਹੁਣ ਲੋਕ-ਗੀਤਾਂ ਦਾ ਦਰਜਾ ਪਾ ਗਏ ਨੇ 'ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ..' ਦੋ ਬੜੀਆਂ ਕੀਮਤੀ ਜਿੰਦਾਂ ਨੀਂਹਾਂ ਵਿੱਚ ਆਣ ਖਲੋਅ ਗਈਆਂ ......., ਉਦੋਂ ਇਹਨਾਂ ਬੋਲਾਂ ਦੀ ਸਮਝ ਨਹੀਂ ਸੀ ਹੁੰਦੀ ਪਰ ਗੁਣਗੁਨਾਉਣਾ ਚੰਗਾ ਲੱਗਦਾ ਸੀ ਜੋ ਬਾਅਦ ਵਿੱਚ ਜ਼ੁਬਾਨੀ ਰੱਟ ਲਿਆ ਤੇ ਜਦ ਵੀ ਟੀਚਰ ਨੇ ਕਲਾਸ ਵਿੱਚ ਸੁਨਾਉਣ ਲਈ ਕਹਿਣਾ ਤਾਂ ਝੱਟ ਪੱਟ 'ਚੁੰਮ ਚੁੰਮ ਰੱਖੋ.....ਨਾਲ ਸ਼ੁਰੂ ਹੋ ਜਾਣਾ। ਫੇਰ ਸਮੇਂ ਦੇ ਨਾਲ ਆਪਣੇ ਪਿਤਾ ਜੀ ਤੋਂ ਇਹਦੇ ਅਰਥ ਜਾਣ ਕੇ ਪਤਾ ਲੱਗਾ ਕਿ ਇਹਨਾਂ ਪਿਛੇ ਕਿੰਨੀ ਵੱਡੀ ਕੁਰਬਾਨੀ ਲੁਕੀ ਪਈ ਸੀ। ਇਤਿਹਾਸ ਗੁਆਹ ਹੈ ਕਿ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਮਨੁਖਤਾ ਵਿੱਚ ਨਵੀਂ ਰੂਹ ਫੂਕੀ ਗਈ ਸੀ ਜਦ ਚਿੜੀਆਂ ਵੀ ਬਾਜ਼ਾਂ ਨੂੰ ਲਲਕਾਰਨ ਲੱਗ ਪਈਆਂ ਸਨ। ਖਾਲਸੇ ਦੀ ਵੱਧਦੀ ਤਾਕਤ ਨੂੰ ਅਤੇ ਸਿੱਖਾਂ ਵੱਲੋਂ ਆਪਣੇ ਗੁਰੂ ਨੂੰ ਸੱਚੇ ਪਾਤਸ਼ਾਹ ਕਹਿਣਾ ਔਰੰਗਜ਼ੇਬ ਦੀ ਬਰਦਾਸ਼ਤ ਤੋਂ ਬਾਹਰੀ ਗੱਲ ਸੀ। ਇਸੇ ਤਰਾਂ ? ਬਿਨਾਂ ਕਿਸੇ ਊਚ ਨੀਚ ਦੇ ਬਰਾਬਰੀ ਦਾ ਸਮਾਜ ਸਿਰਜਣ ਲਈ ਸਭ ਵਰਗਾਂ ਨੂੰ ਇਕੋ ਬਾਟੇ ਵਿੱਚੋਂ ਅੰਮ੍ਰਿਤ ਪਾਨ ਕਰਵਾਉਣਾ ਪਹਾੜੀ ਹਿੰਦੂ ਰਾਜਿਆਂ ਨੂੰ ਨਾ ਪਚਿਆ। ਉਹ ਜ਼ੁਲਮ ਖ਼ਿਲਾਫ਼ ਲੜਨ ਲਈ ਤਿਆਰ ਬਰ ਤਿਆਰ ਸਾਸਤਰਧਾਰੀ ਸਿੱਖਾਂ ਨੂੰ ਆਪਣੇ ਲਈ ਖ਼ਤਰਾ ਸਮਝਣ ਲੱਗੇ। ਸੋ ਇਹਨਾਂ ਪਹਾੜੀ ਰਾਜਿਆਂ ਨੇ ਮੁਗਲਾਂ ਨਾਲ ਮਿਲ ਕੇ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ। ਲੱਖ ਕੋਸਿਸ਼ਾਂ ਅਤੇ ਛੇ ਮਹੀਨੇ ਅਨੰਦਪੁਰ ਦੇ ਕਿਲੇ ਨੂੰ ਲਾਮ ਲਸ਼ਕਰ ਨਾਲ ਘੇਰੀ ਰੱਖਣ ਦੇ ਬਾਵਜੂਦ ਵੀ ਖਾਲਸੇ ਦੇ ਹੌਂਸਲੇ ਪਸਤ ਨਾ ਕਰ ਸਕੇ। ਅੰਤ ਮੁਗਲਾਂ ਵੱਲੋਂ ਪਵਿੱਤਰ ਕੁਰਾਨ ਸ਼ਰੀਫ ਤੇ ਹਿੰਦੂ ਰਾਜਿਆਂ ਵੱਲੋਂ ਆਟੇ ਦੀਆਂ ਗਊਆਂ ਬਣਾ ਕੇ ਪਵਿੱਤ੍ਰ ਗੀਤਾ ਦੀਆਂ ਝੂਠੀਆਂ ਕਸਮਾਂ ਖਾਧੀਆਂ ਕਿ ਜੇ ਗੁਰੂ ਜੀ ਕਿਲਾ ਖਾਲੀ ਕਰ ਦੇਣ ਤਾਂ ਫੌਜ ਉਹਨਾਂ ਤੇ ਹਮਲਾ ਨਹੀਂ ਕਰੇਗੀ ਅਤੇ ਲੜਾਈ ਮੁੱਕ ਜਾਵੇਗੀ। ਸਿੱਖਾਂ ਦੇ ਜ਼ੋਰ ਪਾਉਣ ਤੇ 20 ਦਸੰਬਰ 1702 ਦੀ ਕੜਾਕੇ ਦੀ ਸਰਦੀ ਵਾਲੀ ਰਾਤ ਨੂੰ ਮਾਤਾ ਗੁਜ਼ਰੀ, ਚਾਰ ਸਾਹਿਬਜ਼ਾਦਿਆਂ ਤੇ ਸਿੰਘਾਂ ਸਮੇਤ ਕਿਲਾ ਖਾਲੀ ਕਰਕੇ ਜਦ ਸਿਰਸਾ ਨਦੀ ਕੰਢੇ ਪਹੁੰਚੇ ਤਾਂ ਮੁਗਲਾਂ ਨੇ ਧੋਖੇ ਨਾਲ ਹਮਲਾ ਕਰ ਦਿਤਾ ਜਿਥੇ ਉਹਨਾਂ ਦਾ ਪ੍ਰੀਵਾਰ ਇੱਕ ਦੂਜੇ ਤੋਂ ਵਿੱਛੜ ਗਿਆ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤੇਹ ਸਿੰਘ ਮਾਤਾ ਗੁਜ਼ਰੀ ਸਮੇਤ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਉਹਦੇ ਪਿੰਡ ਖੇੜੀ ਪਹੁੰਚੇ। ਗੰਗੂ ਨੇ ਲਾਲਚ ਵੱਸ ਇਹਨਾਂ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਦੇ ਹਵਾਲੇ ਕਰ ਦਿੱਤਾ ਜਿਥੇ ਉਹਨਾਂ ਨੂੰ ਜੀਊਂਦੇ ਨੀਂਹਾਂ ਵਿੱਚ ਚਿਣ ਦਿਤਾ ਗਿਆ। ਸਰਸਾ ਨਦੀ ਦੇ ਸਥਾਨ 'ਤੇ ਹੋਏ ਘਮਸਾਨ ਦੇ ਯੁੱਧ ਤੋਂ ਬਾਅਦ ਗੁਰੂ ਸਾਹਿਬ ਆਪ ਵੱਡੇ ਸਾਹਿਬਜ਼ਾਦਿਆਂ ਤੇ ਬਾਕੀ ਬਚੇ ਚਾਲੀ ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਕਿਲੇਬੰਦੀ ਕਰ ਦਸ ਲੱਖ ਮੁਗਲ ਫੌਜ਼ ਨਾਲ ਟਾਕਰਾ ਕਰਨ ਲੱਗੇ ਜਿਸ ਤੋਂ ਇੱਕ ਇੱਕ ਸਿੰਘ ਦੇ ਸਵਾ ਲੱਖ ਨਾਲ ਲੜਨ ਦੀ ਗੱਲ ਇਤਿਹਾਸ ਦਾ ਹਿੱਸਾ ਬਣੀ। ਦੁਨੀਆਂ ਭਰ ਦਾ ਇਤਿਹਾਸ ਫਰੋਲ ਕੇ ਵੇਖ ਲਵੋ, ਤੁਹਾਨੂੰ ਅਜਿਹੀ ਅਸਾਵੀਂ ਜੰਗ ਦੀ ਮਿਸਾਲ ਕਿਤੇ ਨਹੀਂ ਮਿਲੇਗੀ। ਇੱਥੇ ਹੀ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਸਾਰੇ ਸਿੰਘਾਂ ਨੇ ਸ਼ਹਾਦਤ ਦੇ ਜਾਮ ਪੀਤੇ। ਆਪ ਗੁਰੂ ਜੀ ਪੰਜ ਸਿੰਘਾਂ ਦਾ ਹੁਕਮ ਮੰਨ ਕੇ ਗੜ੍ਹੀ ਨੂੰ ਖਾਲੀ ਕਰਕੇ ਮਾਛੀਵਾੜੇ ਦੇ ਜੰਗਲਾਂ 'ਚ ਪਹੰਚੇ। ਇਥੇ ਹੀ ਉਹਨਾਂ ਨੂੰ ਛੋਟੇ ਸਾਹਿਬਜ਼ਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਦੀ ਸ਼ਹੀਦੀ ਅਤੇ ਮਾਤਾ ਗੁਜ਼ਰੀ ਦੇ ਅਕਾਲ ਚਲਾਣੇ ਦੀ ਖਬਰ ਮਿਲੀ। ਇਥੋਂ ਹੀ ਨਬੀ ਖਾਂ ਅਤੇ ਗਨੀ ਖਾਂ ਭਰਾਵਾਂ ਨੇ ਆਪ ਜੀ ਨੂੰ ਉਚ ਦੇ ਪੀਰ ਬਣਾ ਕੇ ਮੁਗਲ ਘੇਰੇ 'ਚੋਂ ਕੱਢਿਆ ਸੀ। ਇਤਿਹਾਸ ਦੇ ਵਰਕੇ ਪਲਟਦਿਆਂ ਪਤਾ ਲੱਗਦਾ ਹੈ ਕਿ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰਾਂ ਸਾਹਿਬਜ਼ਾਦਿਆਂ ਨੇ ਵਿਰਸੇ ਵਿੱਚ ਮਿਲੇ ਆਪਣੇ ਦਾਦੇ ਅਤੇ ਸਿੱਖਾਂ ਦੇ ਕੁਰਬਾਨੀਆਂ ਕਰਨ ਦੇ ਅਣਖੀਲੇ ਇਤਿਹਾਸ ਨੂੰ ਦੁਹਰਾਇਆ ਸੀ। ਅਜਿਹਾ ਕਰਨ ਦੀ ਮਿਸਾਲ ਦੁਨੀਆਂ ਭਰ ਵਿੱਚ ਕਿਧਰੇ ਨਹੀਂ ਮਿਲਦੀ। ਉਹ ਜ਼ਿੰਦਾਂ ਭਾਵੇਂ ਨਿੱਕੀਆਂ ਸਨ ਪਰ ਵੱਡਿਆਂ ਵਰਗੇ ਵੱਡੇ ਸਾਕਿਆਂ ਕਾਰਣ ਉਹਨਾਂ ਨੂੰ ਵੱਡੇ ਨਾਂਵਾਂ ਭਾਵ 'ਬਾਬਾ' ਨਾਲ ਸੰਬੋਧਨ ਕਰਕੇ ਰਹਿੰਦੀ ਦੁਨੀਆਂ ਤੱਕ ਲੋਕਾਈ ਇਹਨਾਂ ਸੂਰਬੀਰਾਂ ਨੂੰ ਯਾਦ ਕਰਦੀ ਰਹੇਣਗੀ। ਨਾਲ ਹੀ ਯਾਦ ਕਰਦੀ ਰਹੇਗੀ ਸਰਹਿੰਦ ਵਿੱਚ ਹਾਅ ਦਾ ਨਾਅਰਾ ਮਾਰਨ ਵਾਲੇ ਨਵਾਬ ਮਲੇਰਕੋਟਲਾ ਨੂੰ ਤੇ ਬੱਚਿਆਂ ਦੀਆਂ ਅੰਤਿਮ ਰਸਮਾਂ ਲਈ ਜ਼ਮੀਨ ਖਰੀਦਣ ਵਾਲੇ ਟੋਡਰਮੱਲ ਨੂੰ। ਅੱਜ ਦੇ ਦੌਰ ਵਿੱਚ ਜਦ ਅਸੀਂ ਆਪਣੇ ਆਪ ਨੂੰ ਗਿਰਾਵਟ ਸੁੱਟ ਰਹੇ ਹਾਂ ਸਾਨੂੰ ਆਪਣੇ ਗੌਰਵਮਈ ਇਤਿਹਾਸ ਤੋਂ ਸੇਧ ਲੈਣੀ ਚਾਹੀਦੀ ਹੈ ਜੋ ਸਾਡੇ ਲਈ ਚਾਨਣ ਮੁਨਾਰਾ ਹੈ।

**ਹੀਰਾ ਰੰਧਾਵਾ, ਟੋਰਾਂਟੋ**
416-319-0551

*ਬਰੈਂਪਟਨ ਵਿੱਚ ਵਿਦਿਆਰਥੀਆਂ ਦੇ ਦੋ ਧੜਿਆਂ ਵਿੱਚ ਲੜਾਈ ਦੀ ਘਟਨਾ*

# ਇੰਟਰਨੈਸ਼ਨਲ ਵਿਦਿਆਰਥੀਆਂ ਖਿਲਾ.ਫ ਖੁੰਡ-ਚਰਚਾ ਨਜਾਇਜ਼



ਡਾ. ਹਰਦੀਪ ਸਿੰਘ, ਮਿਲਟਨ, ਓਂਟਾਰੀਓ



ਬਰੈਂਪਟਨ ਸ਼ਹਿਰ ਵਿੱਚ ਇੱਕ ਕਾਲਜ ਦੇ ਨੇੜਲੀ ਮਾਰਕਿਟ ਵਿੱਚ ਕੁਝ ਨੌਜਵਾਨਾਂ ਦੇ ਦੋ ਧੜਿਆਂ ਦੀ ਲੜਾਈ ਦੀ ਇੱਕ ਵੀਡੀਓ ਸੋਸ਼ਿਲ ਮੀਡੀਏ 'ਤੇ ਵਾਇਰਲ ਹੋਣ ਤੋਂ ਬਾਅਦ, ਪੀਲ ਪੁਲਿਸ ਵੱਲੋਂ ਕੇਸ ਦਰਜ ਕਰਕੇ ਹਿੰਸਾ ਲਈ ਦੋਸ਼ੀ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਵਿਦਿਆਰਥੀਆਂ ਦੀ ਇਸ ਹਿੰਸਾ ਦੀ ਘਟਨਾ ਕਾਰਨ ਲੋਕਲ ਲੋਕਾਂ ਨੇ ਖੁੰਡ-ਚਰਚਾ ਦਾ ਸਾਰਾ ਮੁੱਦਾ ਇੰਟਰਨੈਸ਼ਨਲ ਵਿਦਿਆਰਥੀਆਂ ਵੱਲ ਸੇਧਤ ਕਰ ਦਿੱਤਾ ਹੈ। ਕੁਝ ਕੈਨੇਡਾਵਾਸੀਆਂ ਅੰਦਰ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਆਮਦ ਅਤੇ ਰਹਿਣ ਸਹਿਣ ਬਾਰੇ ਕੁਝ ਨਾਂਹ ਪੱਖੀ ਟਿਪੱਣੀਆਂ ਸੁਨਣ ਨੂੰ ਮਿਲਦੀਆਂ ਹਨ। ਇਹ ਟਿੱਪਣੀਆਂ ਆਮ ਤੌਰ 'ਤੇ ਤੱਥਾਂ ਤੋਂ ਕੋਰੀਆਂ ਅਤੇ ਭੇਦਭਾਵੀ ਧਾਰਨਾ ਵਾਲੀਆਂ ਹੁੰਦੀਆ ਹਨ। ਜੇ ਅਸੀਂ ਬਗੈਰ ਕਿਸੇ ਲੋਕਲ ਅਤੇ ਇੰਟਰਨੈਸ਼ਨਲ ਦੇ ਭੇਦਭਾਵ ਤੋਂ ਸੋਚੀਏ ਤਾਂ ਸਾਰੇ ਨੌਜਵਾਨ ਅਤੇ ਵਿਦਿਆਰਥੀ ਵਰਗ ਦਾ ਸੁਭਾਅ ਇੱਕੋ ਜਿਹਾ ਹੈ। ਪਰ ਲੋਕਲ ਕਮਿਊਨਿਟੀ ਦੇ ਕੁਝ ਮੈਂਬਰ ਆਪਣੇ ਲੋਕਲ ਧੀਆਂ ਪੁੱਤਰਾਂ ਦੀਆਂ ਲੜ੍ਹਕਪਣ ਦੀਆਂ ਗੱਲਾਂ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ।

ਸਾਰੇ ਨੌਜਵਾਨ ਵਰਗ ਦੀ ਸੋਚਣੀ ਆਮ ਤੌਰ 'ਤੇ ਹੀ ਆਜ਼ਾਦ, ਰੋਮਾਂਚਵਾਦੀ ਅਤੇ ਬਾਗੀ ਸੁਭਾਅ ਦੀ ਹੁੰਦੀ ਹੈ। ਨਵੇਂ ਯੁੱਗ ਦੇ ਮਾਡਰਨ ਤਜ਼ਰਬਿਆਂ ਵਾਲੀ ਜਨਰੇਸ਼ਨ ਦਾ ਅਤੇ ਪੁਰਾਣੀ ਜਨਰੇਸ਼ਨ ਵਿੱਚ ਸੋਚਣੀ ਪੱਖੋਂ ਜਨਰੇਸ਼ਨ ਗੈਪ ਦਾ ਭੇੜ ਸੁਭਾਵਿਕ ਹੈ। ਪੁਰਾਣੀ ਪੀੜ੍ਹੀ ਆਪਣੀਆਂ ਪੁਰਾਣੀਆਂ ਧਾਰਨਾਵਾਂ ਤੋਂ ਖਹਿੜਾ ਛੱਡਣ ਦੀ ਬਜਾਏ, ਨਵੀਂ ਪੀੜ੍ਹੀ 'ਤੇ ਨਾਂਹ ਪੱਖੀ ਟੀਕਾ ਟਿੱਪਣੀਆਂ ਕਰਨ ਤੋਂ ਬਾਜ਼ ਨਹੀਂ ਆ ਸਕਦੀ। ਪੁਰਾਣੇ ਅਤੇ ਨਵੇਂ ਕੈਨੇਡਾ ਵਾਸੀਆਂ ਦੇ ਤੌਰ ਤਰਿਕਿਆਂ ਦੇ ਗੈਪ ਦਾ ਮਸਲਾ ਵੀ ਇਸ ਵਿੱਚ ਸ਼ਾਮਲ ਹੋ ਜਾਂਦਾ ਹੈ। ਇਹ ਗੱਲ ਵੀ ਅੱਖੋਂ-ਪਰੋਖੇ ਨਹੀਂ ਕੀਤੀ ਜਾ ਸਕਦੀ ਕਿ ਵਿਦਿਆਰਥੀ ਨੌਜਵਾਨ ਵਰਗ ਦੀ ਕੋਮਲ ਮਾਨਸਿਕਤਾ ਉਪੱਰ ਸਮਾਜ ਦੇ ਮਾੜੇ ਮਾਹੌਲ ਅਤੇ ਫਿਲਮੀ ਹਿੰਸਾ ਦਾ ਅਸਰ ਵੀ ਜਲਦੀ ਹੁੰਦਾ ਹੈ। ਵਿਦਿਆਰਥੀ ਵਰਗ ਦੀ ਮਾਨਸਿਕਤਾ ਨੂੰ ਸਮਝਕੇ ਇਸ ਨੂੰ ਸਹੀ ਸੇਧ ਦੇਣ ਦੀ ਲੋੜ ਹੈ ਨਾ ਕਿ ਵਿਤਕਰੇ ਵਾਲੇ ਰਵੱਈਏ ਨਾਲ ਵਿਦਿਆਰਥੀ ਵਰਗ ਦੇ ਇੱਕ ਹਿੱਸੇ ਖਿਲਾਫ ਦੁਸ਼-ਪ੍ਰਚਾਰ ਕਰਕੇ। ਇਸ ਤੱਥ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਆਮਦ ਨੇ ਕੈਨੈਡਾ ਦੇ ਆਰਿਥਕ ਵਿਕਾਸ ਵਿੱਚ ਇੱਕ ਮਹੱਤਵਪੂਰਨ ਹਾਂ-ਪੱਖੀ ਯੋਗਦਾਨ ਹੈ ਪਰ ਇਨ੍ਹਾਂ ਵਿਦਿਆਰਥੀਆਂ ਦੇ ਕਨੈਡਾ ਦੇ ਹਾਂ-ਪੱਖੀ ਆਰਥਿਕ ਵਿਕਾਸ ਦੇ ਤੱਥ ਤੋਂ ਬਹੁਤੇ ਲੋਕ ਅਣਜਾਣ ਹਨ। ਇਸ ਲੇਖ ਵਿੱਚ ਅਸੀਂ ਇੰਟਰਨੈਸ਼ਨਲ ਵਿਦਿਆਰਥੀਆਂ ਵੱਲੋਂ ਦੇਸ਼ ਦੇ ਆਰਥਿਕ ਵਿਕਾਸ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਚਰਚਾ ਕਰਾਂਗੇ।

ਸਾਲ 2014 ਦੇ ਅੰਕੜਿਆਂ ਮੁਤਾਬਿਕ ਇਨ੍ਹਾਂ ਵਿਦਿਆਰਥੀਆਂ ਵੱਲੋਂ ਕੈਨੇਡਾ ਦੀ ਆਰਥਿਕਤਾ ਲਈ ਟਿਊਸ਼ਨ ਫੀਸਾਂ, ਰਹਿਣ ਸਹਿਣ ਉੱਪਰ ਇੱਕ ਸਾਲ ਵਿੱਚ 11.4 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ ਗਿਆ। ਇਸ ਧਰਤੀ ਦੇ ਭਵਿੱਖੀ ਵਿਕਾਸ ਵਿੱਚ ਵੀ ਇਨ੍ਹਾਂ ਨੌਜਵਾਨਾਂ ਦੀ ਅਹਿਮ ਭੂਮੀਕਾ ਹੋਵੇਗੀ। 2014 ਦੇ ਸਾਲ ਦੇ ਅੰਕੜਿਆਂ ਰਾਹੀਂ, ਕੈਨੇਡਾ ਦੇ ਡਿਪਾਟਮੈਂਟ ਆਫ ਫੋਰਨ ਅਫੇਅਰਸ, ਟਰੇਡ ਅਤੇ ਵਿਕਾਸ ਵੱਲੋਂ ਇੰਟਰਨੈਸ਼ਨਲ ਵਿਦਿਆਰਥੀਆਂ ਦੇ ਆਰਥਿਕ ਯੋਗਦਾਨ ਲਈ ਇੱਕ ਸਰਵੇਖਣ ਕਰਵਾਇਆ ਗਿਆ। ਇਸ ਸਰਵੇਖਣ ਮੁਤਾਬਿਕ ਇਨ੍ਹਾਂ ਵਿਦਿਆਰਥੀਆਂ ਵੱਲੋਂ ਕੈਨੇਡਾ ਦੀ ਆਰਥਿਕਤਾ ਲਈ ਟਿਊਸ਼ਨ ਫੀਸਾਂ, ਰਹਿਣ ਸਹਿਣ ਉੱਪਰ ਇੱਕ ਸਾਲ ਵਿੱਚ 11.4 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ ਗਿਆ। ਜਿਸ ਦਾ ਮਤਲਬ ਕੈਨੇਡਾ ਦੀ ਕੁੱਲ ਜੀ. ਡੀ. ਪੀ. ਵਿੱਚ 9.3 ਬਿਲੀਅਨ ਡਾਲਰ ਸਲਾਨਾ ਦਾ ਯੋਗਦਾਨ ਬਣਦਾ ਹੈ। ਕੈਨੇਡਾ ਦੀ ਵਿੱਦਿਆ ਨੂੰ, ਜੇ ਸਨਅਤ ਦੇ ਰੂਪ ਵਿੱਚ ਦੇਖੀਏ ਤਾਂ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਵਿੱਦਿਆ, ਦੇਸ਼ ਤੋਂ ਬਾਹਰ ਵੇਚੀ ਜਾਣ ਵਾਲੀ ਐਕਸਪੋਰਟ ਜਿਣਸ ਹੀ ਮੰਨੀ ਜਾ ਸਕਦੀ ਹੈ। ਇਹ 11.4 ਬਿਲੀਅਨ ਡਾਲਰ ਦੀ ਸਲਾਨਾ ਰਾਸ਼ੀ ਇਸ ਸਾਲ ਦੇ ਕੈਨੇਡਾ ਦੇ ਵਰਲਡ ਐਕਸਪੋਰਟ ਦਾ 11 ਪ੍ਰਤੀਸ਼ਤ ਹਿੱਸਾ ਬਣ ਜਾਂਦਾ ਹੈ। ਇਸ ਤੋਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਲੋਕਲ ਕੈਨੇਡਾ ਨਿਵਾਸੀਆਂ ਵਿੱਚ ਇਸ ਹਾਂ ਪੱਖੀ ਯੋਗਦਾਨ ਬਾਰੇ ਗਿਆਨ ਦੀ ਘਾਟ ਹੀ ਹੈ ਜੋ ਇਨ੍ਹਾਂ ਪ੍ਰਤੀ ਆਪਣੀਆਂ ਪੁਰਾਣੀਆ ਧਾਰਨਾਵਾਂ ਤੋਂ ਮੁਕਤ ਨਹੀਂ ਹੋ ਰਹੇ। ਇਹ ਇੰਟਰਨੈਸ਼ਨਲ ਨੌਜਵਾਨ, ਲੋਕਲ ਵਿਦਿਆਰਥੀਆ ਦੇ ਮੁਕਾਬਲੇ ਕਈ ਗੁਣਾ ਫੀਸਾਂ ਭਰ ਕੇ ਸਿਰਫ ਕਾਲਜਾਂ ਨੂੰ ਹੀ ਚਲਾਉਣ ਵਿੱਚ ਯੋਗਦਾਨ ਨਹੀਂ ਪਾ ਰਹੇ ਸਗੋਂ ਕਾਲਜ ਯੂਨੀਵਰਸਿਟੀ ਅਦਾਰਿਆਂ ਦੇ ਬਜਟ ਨੂੰ ਚਲਦਾ ਰੱਖ ਰਹੇ ਹਨ। ਇਨ੍ਹਾਂ ਦੀਆਂ ਮਹਿੰਗੀਆਂ ਫੀਸਾਂ ਨੂੰ ਪ੍ਰਾਪਤ ਕਰਕੇ ਹੀ ਇਨ੍ਹਾਂ ਆਦਾਰਿਆਂ ਵੱਲੋਂ ਲੋਕਲ ਵਿਦਿਆਰਥੀਆਂ ਦੀਆਂ ਫੀਸਾਂ ਘੱਟ ਕਰਨੀਆਂ ਸੰਭਵ ਹੁੰਦੀਆ ਹਨ। ਅਸਿੱਧੇ ਰੂਪ ਵਿੱਚ ਇਸ ਦਾ ਮਤਲਬ ਹੈ ਕਿ ਲੋਕਲ ਵਿਦਿਆਰਥੀਆਂ ਦੀਆਂ ਫੀਸਾਂ ਦੇ ਕੁੱਝ ਹਿੱਸੇ ਦੀ ਭਰਪਾਈ ਇਨ੍ਹਾਂ ਇੰਟਰਨੈਸ਼ਨਲ ਵਿਦਿਆਰਥੀਆਂ ਦੀਆਂ ਜੇਬਾਂ ਵਿੱਚੋਂ ਹੁੰਦੀ ਹੈ।

ਸਮੁੱਚੇ ਕੈਨੇਡਾ ਵਿੱਚ ਓਂਟਾਰੀਓ ਪਰੋਵਿੰਸ ਇਨ੍ਹਾਂ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਲੁਭਾਉਣ ਵਿੱਚ ਜਿਆਦਾ ਕਾਮਯਾਬ ਹੋਇਆ ਹੈ, ਜਿਥੇ ਸਭ ਤੋਂ ਜ਼ਿਆਦਾ ਵਿਦਿਆਰਥੀ ਆ ਰਹੇ ਹਨ। ਸਾਲ 2014 ਦੇ ਅੰਕੜਿਆਂ ਮੁਤਾਬਿਕ ਇਕੱਲੇ ਓਂਟਾਰੀਓ ਪਰੋਵਿੰਸ ਵਿੱਚ ਇਨ੍ਹਾਂ ਵੱਲੋਂ ਫੀਸਾਂ ਰਾਹੀਂ ਪਰੋਵਿੰਸ ਦੀ ਜੀ. ਡੀ. ਪੀ. ਵਿੱਚ 47.3 ਪ੍ਰਤਸ਼ਿਤ ਹਿੱਸਾ ਰਿਹਾ, ਬ੍ਰਿਟਿਸ਼ ਕੋਲੰਬੀਆਂ ਪਰੋਵਿੰਸ ਵਿੱਚ 23.4 ਪ੍ਰਤੀਸ਼ਤ ਅਤੇ ਕਿਉਬੈਕ 14.1 ਪ੍ਰਤੀਸ਼ਤ ਰਿਹਾ। ਪਰੋਵਿਨਸ਼ੀਅਲ ਸਰਕਾਰਾਂ ਵਿਦਿਆਰਥੀਆਂ ਦੀ ਆਮਦ ਨੂੰ ਦੇਸ਼ ਦੀ ਆਰਥਿਕਤਾ ਲਈ ਚੰਗਾ ਸਮਝਦੀਆਂ ਹਨ। ਇਨ੍ਹਾਂ ਦੇ ਆਉਣ ਨਾਲ ਇਨ੍ਹਾਂ ਦੇ ਮਾਂ-ਪਿਓ ਵੀ ਵੀਜ਼ਟਰ ਵੀਜ਼ਾ ਨਾਲ ਆਉਂਦੇ ਹਨ। ਇਹ ਵਜ਼ਿਟਰ ਕੈਨੇਡਾ ਵਿੱਚ ਆਕੇ ਰਹਿਣ ਸਹਿਣ ਅਤੇ ਸ਼ਾਪਿੰਗ ਕਰਕੇ ਵੀ ਡਾਲਰ ਖਰਚਦੇ ਹਨ। ਇਸ ਨਾਲ ਵੀ ਉਹ ਦੇਸ਼ ਦੀ ਟੂਰਿਜ਼ਮ ਇੰਡਸਟਰੀ ਵਿੱਚ ਯੋਗਦਾਨ ਪਾਕੇ ਦੇਸ਼ ਦੇ ਵਿਕਾਸ ਵਿੱਚ ਹਿੱਸਾ ਪਾਉਂਦੇ ਹਨ। ਚਾਹੇ ਕੈਨੇਡਾ ਸਰਕਾਰ ਇਨ੍ਹਾਂ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਆਪਣੀਆਂ ਵਿੱਦਿਅਕ ਸੇਵਾਵਾਂ ਪ੍ਰਦਾਨ ਕਰਕੇ ਆਮਦਨ ਕਰਨੀ ਚਾਹੁੰਦੀ ਹੈ ਪਰ ਅਜੇ ਵੀ ਇਨ੍ਹਾਂ ਦੀਆਂ ਮੁਸ਼ਕਿਲਾਂ ਪ੍ਰਤੀ ਸੁਚੇਤ ਉਪਰਾਲਿਆਂ ਦੀ ਘਾਟ ਰੜ੍ਹਕਦੀ ਹੈ। ਇਨ੍ਹਾਂ ਵਿਦਿਆਰਥੀਆਂ ਦੇ ਆਵਾਸ ਅਤੇ ਰਹਿਣ-ਸਹਿਣ ਲਈ ਹੋਸਟਲਾਂ ਦੀ ਘਾਟ ਹੈ ਜਿਸ ਕਰਕੇ ਇਨ੍ਹਾਂ ਵਿੱਚੋਂ ਕੁੱਝ ਨੂੰ ਗੈਰ-ਕਾਨੂੰਨੀ ਅਨਸੇਫ ਬੇਸਮੈਂਟਾਂ ਵਿੱਚ ਰਹਿਣਾ ਪੈ ਰਿਹਾ ਹੈ। ਇਸ ਲਈ ਸੰਬਧਿਤ ਵਿੱਦਿਅਕਆਦਾਰੇ ਵੱਲੋਂ ਹਰ ਵਿਦਿਆਰਥੀ ਲਈ ਸਸਤਾ ਹੋਸਟਲ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਸਰਕਾਰੀ ਤੌਰ 'ਤੇ ਵੀ ਕੰਮ-ਕਾਜੀ ਨੌਜਵਾਨਾਂ ਲਈ ਸਾਂਝੇ ਯੂਥ-ਹੋਸਟਲਾਂ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਦੇਸ਼ ਦੇ ਵਿਕਾਸ ਵਿੱਚ ਅਹਿਮ ਹਿੱਸਾ ਪਾਉਣ ਵਾਲੇ ਇਨ੍ਹਾਂ ਵਿਦਿਆਰਥੀਆਂ ਦੀ ਭਲਾਈ ਲਈ ਸਾਰਿਆਂ ਨੂੰ ਮਿਲਕੇ ਵਿਚਾਰਨਾ ਚਾਹੀਦਾ ਹੈ। ਇੱਕ ਜ਼ੁੰਮੇਵਾਰ ਸਿਟੀਜ਼ਨ ਦੇ ਨਾਤੇ ਕੈਨੇਡਾ ਵਾਸੀਆਂ ਨੂੰ ਇਨ੍ਹਾਂ ਦੀਆਂ ਸਮੱਸਿਆਵਾਂ ਨੂੰ ਘੱਟ ਕਰਨ ਲਈ ਸੁਹਿਰਦ ਯਤਨ ਕਰਨੇ ਬਣਦੇ ਹਨ। ਆਪਣੇ ਆਲੇ ਦੁਆਲੇ ਦੇ ਇਨ੍ਹਾਂ ਵਦਿਆਰਥੀਆਂ ਨੂੰ ਨਵੇਂ ਓਪਰੇ ਕਲਚਰ ਵਿੱਚ ਸੈਟਲ ਹੋਣ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਮੁੱਕਦੀ ਗੱਲ, ਇਨ੍ਹਾਂ ਪ੍ਰਤੀ ਨਾਂਹ-ਪੱਖੀ ਕੂੜਪ੍ਰਚਾਰ ਨੂੰ ਬੰਦ ਕਰਕੇ ਸਹਿਯੋਗੀ ਅਤੇ ਹਮਦਰਦੀ ਵਾਲਾ ਮਾਹੌਲ ਬਣਾਉਣਾ ਚਾਹੀਦਾ ਹੈ ।

# ਪੂੰਜੀਵਾਦ-ਇਕ ਕਰੂਪ ਚਿਹਰਾ



ਹਰੀਪਾਲ
403-714-4816



ਵੈਸੇ ਤਾਂ ਜਦੋਂ ਤੋਂ ਮਨੁੱਖ ਨੇ ਚੀਜ਼ਾਂ ਦੇ ਅਦਾਨ ਪ੍ਰਦਾਨ ਤੋਂ ਬਾਅਦ ਵਪਾਰ ਦਾ ਨਵਾਂ ਢੰਗ ਲੱਭਿਆ। ਸਿੱਕੇ ਜਾਂ ਪੈਸੇ ਦੇ ਰੂਪ ਵਿਚ ਉਦੋਂ ਤੋਂ ਹੀ ਗਰੀਬ ਅਮੀਰ ਦਾ ਪਾੜਾ ਵਧਿਆ। ਕੋਈ ਸਮਾਂ ਸੀ (ਕਬੀਲਾ ਯੁੱਗ ਵਿਚ) ਕਬੀਲਾ ਜਿੰਨੀ ਕਮਾਈ ਕਰਦਾ ਸੀ ਜਾਂ ਜੋ ਖੁਰਾਕ ਇਕੱਠੀ ਕਰਦਾ ਸੀ ਉਹ ਸਾਰੇ ਕਬੀਲੇ ਦੀ ਸਾਂਝੀ ਸੀ। ਜਿੰਨਾ ਕੁ ਕਿਸੇ ਦਾ ਵਿੱਤ ਹੁੰਦਾ ਸੀ ਉਨਾ ਕੁ ਕੰਮ ਕਰਦਾ ਸੀ, ਜਿੰਨੀ ਕੁ ਕਿਸੇ ਖੁਰਾਕ ਪਾਣੀ ਦੀ ਲੋੜ ਹੁੰਦੀ ਸੀ ਉਸ ਨੂੰ ਮਿਲਦੀ ਸੀ। ਕਬੀਲੇ ਆਪਦੇ ਲਈ ਇਕ ਵਧੀਆ ਸਮਾਜਵਾਦ ਸੀ। ਕਿਉਂਕਿ ਚੀਜ਼ਾਂ ਦੇ ਅਦਾਨ ਪ੍ਰਦਾਨ ਵੇਲੇ, ਸਟੋਰ ਕਰਨ ਦੀ ਵੱਡੀ ਸਮੱਸਿਆ ਸੀ ਇਸ ਕਰਕੇ ਤਮਾਂ ਜਾਂ ਲਾਲਚ ਦਾ ਅਸਰ ਘੱਟ ਸੀ। ਪਰ ਸਿੱਕਿਆਂ ਦੇ ਅਦਾਨ ਪ੍ਰਦਾਨ ਨੇ ਇਹ ਸਭ ਕੁਝ ਬਦਲ ਦਿੱਤਾ। ਖੇਤੀ ਸ਼ੁਰੂ ਹੋਣ ਤੇ ਪਿੰਡ ਵਸ ਗਏ ਅਤੇ ਹੌਲੀ ਹੌਲੀ ਪਿੰਡਾਂ ਤੋਂ ਮੁਲਕਾਂ ਤੱਕ ਵਿਕਾਸ ਹੋ ਗਿਆ। ਖੇਤੀ ਦੀ ਪ੍ਰਧਾਨਤਾ ਨੇ ਜਗੀਰਦਾਰੀ ਸੋਚ ਨੂੰ ਜਨਮ ਦਿੱਤਾ ਜਿਸ ਨੇ ਸਭ ਤਰ੍ਹਾਂ ਦੀ ਧੱਕੇਸ਼ਾਹੀ, ਲੜਾਈ, ਝਗੜੇ, ਲੁੱਟ-ਖਸੁੱਟ ਵਾਲੇ ਸਿਸਟਮ ਦਾ ਦੌਰ ਸ਼ੁਰੂ ਕੀਤਾ। ਸਨਅਤੀ ਇਨਕਲਾਬ ਨੇ ਕਾਰਖਾਨੇਦਾਰਾਂ ਦੀ ਅਤੇ ਮਜ਼ਦੂਰ ਜਮਾਤ ਦੀ ਦੋ ਤਰ੍ਹਾਂ ਦੀਆਂ ਜਮਾਤਾਂ ਨੂੰ ਜਨਮ ਦਿੱਤਾ। ਹੁਣ ਨਫੇ ਦਾ ਮਾਮਲਾ ਆ ਗਿਆ। ਨਫ਼ੇ ਦਾ ਜਦੋਂ ਸਵਾਲ ਹੋਵੇ ਫਿਰ ਕਿਵੇਂ ਵੀ ਹੋਵੇ ਨਫਾ ਕਮਾਉਣਾ ਹੈ ਇਸ ਸੋਚ ਨੇ ਇਕ ਵੱਖਰੀ ਦੌੜ ਦੀ ਸ਼ੁਰੂਆਤ ਕੀਤੀ।

ਸਾਮਰਾਜ ਕਿਉਂਕਿ ਪੂੰਜੀਵਾਦ ਦੀ ਇਕ ਸਿਖਰਲੀ ਸਟੇਜ ਹੈ ਇਸ ਕਰਕੇ ਇਹ ਆਪਣੀ ਮੌਤ ਦੇ ਬੀਜ ਵੀ ਆਪ ਹੀ ਬੀਜ ਰਹੀ ਹੈ। ਹਰ ਇਕ ਚੀਜ਼ ਦੀ ਇਕ ਹੱਦ ਹੁੰਦੀ ਹੈ, ਪਰ ਪੂੰਜੀਵਾਦ ਦਾ ਲਾਲਚ ਸਭ ਹੱਦਾਂ ਬੰਨ੍ਹੇ ਟੱਪ ਗਿਆ ਹੈ। ਸਾਮਰਾਜ ਇਸ ਇੱਕੀਵੀਂ ਸਦੀ ਵਿਚ ਬਹੁਤ ਭੈੜੇ ਦੌਰ ਵਿਚ ਦਾਖਲ ਹੋ ਗਿਆ ਹੈ। ਇਸ ਦਾ ਹੁਣ ਮਾਟੋ ਹੈ, ਘੱਟ ਤੋਂ ਘੱਟ ਲਾਗਤ ਅਤੇ ਵੱਧ ਤੋਂ ਵੱਧ ਨਫ਼ਾ, ਤੇ ਇਸੇ ਮਾਟੋ ਨੇ ਸ਼ੇਅਰ ਹੋਲਡਰਾਂ ਦਾ ਫਾਇਦਾ ਤਾਂ ਕੀਤਾ ਹੈ ਪਰ ਆਮ ਜਨਤਾ ਨੂੰ ਕੰਗਾਲ ਕਰਨ ਲਈ ਤੁਲ ਗਿਆ ਹੈ। ਸਭ ਤੋਂ ਪਹਿਲਾਂ ਇਸ ਦਾ ਨਜ਼ਲਾ ਵਰਕਰਾਂ 'ਤੇ ਡਿੱਗਦਾ ਹੈ ਕਿ ਜੇਕਰ ਆਪਦੀਆਂ ਨੌਕਰੀਆਂ ਦੀ ਸਲਾਮਤੀ ਚਾਹੁੰਨੇ ਹੋ ਤਾਂ ਘੱਟ ਉਜਰਤ 'ਤੇ ਕੰਮ ਕਰਦੇ ਰਹੋ ਨਹੀਂ ਤਾਂ ਅਸੀਂ ਵਰਕਰਾਂ ਦੀ ਛਾਂਟੀ ਕਰ ਦੇਵਾਂਗੇ। ਵਰਕਰਾਂ ਦਾ ਸ਼ੋਸ਼ਣ ਕਰਨ ਲਈ ਬਾਹਰਲੇ ਦੇਸ਼ਾਂ ਤੋਂ ਟੈਂਪਰੇਰੀ ਫਾਰਨ ਵਰਕਰ ਮੰਗਾਏ ਜਾਂਦੇ ਸਨ। ਜਿੰਨਾ ਨੂੰ ਲੋਕਲ ਵਰਕਰਾਂ ਦੇ ਮੁਕਾਬਲੇ ਬਹੁਤ ਘੱਟ ਤਨਖਾਹ ਦਿੱਤੀ ਜਾਂਦੀ ਹੈ ਅਤੇ ਉਹ ਟੀ.ਐਫ.ਡਬਲਿਊ. ਕਿਸੇ ਬੈਨੀਫਿੱਟ ਲਈ ਕੋਈ ਵੀਰੌਲਾ ਜਾਂ ਹੜਤਾਲ ਵਗੈਰਾ ਨਹੀਂ ਕਰ ਸਕਦੇ। ਇਹ ਟੀ.ਐਫ.ਡਬਲਿਊ ਇਕ ਕਿਸਮ ਨਾਲ ਲੋਕਲ ਵਰਕਰਾਂ ਦੀਆਂ ਸੌਂਕਣਾ ਬਣਾ ਦਿੱਤੀਆਂ ਗਈਆਂ ਹਨ। ਇਹ ਟੀ. ਐਫ. ਡਬਲਿਊ. ਕਦੇ ਵੀ ਲੋਕਲ ਵਰਕਰਾਂ ਨਾਲ ਆਪਣੀ ਏਕਤਾ ਨਹੀਂ ਕਰਦੇ। ਇਸ ਦੀ ਇਕ ਛੋਟੀ ਜਿਹੀ ਉਦਾਹਰਣ ਹੈ। ਸਾਰੇ ਸ਼ਹਿਰਾਂ ਵਿਚ ਵਧੀਆ ਸਿਸਟਮ ਲਾਲ ਜਾਬਤੇ ਨਾਲ ਟੈਕਸੀ ਇੰਡਸਟਰੀ ਕੰਮ ਕਰ ਰਹੀ ਸੀ। ਕਈ ਵਾਰ ਇਹ ਟੈਕਸੀ ਡਰਾਈਵਰ ਆਪਦੀਆਂ ਮੰਗਾਂ ਦੀ ਖਾਤਰ ਹੜਤਾਲ ਵਗੈਰਾ ਕਰਦੇ ਸਨ। ਹੜਤਾਲ ਦੇ ਤਾਂ ਨਾਂ ਤੋਂ ਹੀ ਕਾਰਪੋਸ਼ਨਾਂ ਨੂੰ, ਸਰਕਾਰਾਂ ਨੂੰ ਅਲਰਜਕ ਹੈ। ਇਸ ਲਈ ਟੈਕਸੀ ਇੰਡਸਟਰੀ ਦਾ ਭੂਹਾ ਭੰਨਣ ਲਈ, UBER ਨਾਂ ਦੀ ਇਕ ਨਵੀਂ ਕੰਪਨੀ ਖੜ੍ਹੀ ਕਰ ਦਿੱਤੀ ਹੈ। ਹੁਣ ਊਬਰ ਦੇ ਡਰਾਈਵਰ ਅਤੇ ਟੈਕਸੀਆਂ ਦੇ ਡਰਾਈਵਰ ਹਮੇਸ਼ਾ ਇਕ ਦੂਜੇ ਦੇ ਵਿਰੋਧੀ ਰਹਿਣਗੇ। ਜੇਕਰ ਟੈਕਸੀ ਡਰਾਈਵਰ ਹੜਤਾਲ ਕਰਨਗੇ ਤਾਂ ਇਸ ਦੀ ਜਗ੍ਹਾ ਊਬਰ ਸਰਵਿਸ ਦਿੰਦੀ ਰਹੂਗੀ ਅਤੇ ਜੇਕਰ ਊਬਰ ਦੇ ਡਰਾਈਵਰ ਹੜਤਾਲ ਕਰਨਗੇ ਤਾਂ ਟੈਕਸੀ ਡਰਾਈਵਰ ਸਰਵਿਸ ਦਿੰਦੇ ਰਹਿਣਗੇ। ਗੋਲਕੀ ਦੋਹੇਂ ਕੰਪਨੀਆਂ ਦੇ ਡਰਾਈਵਰ ਆਪਦੇ ਉਲਟ ਹੁੰਦੇ ਕਿਸੇ ਵੀ ਧੱਕੇ ਜਾਂਬੇਇਨਸਾਫ਼ੀ ਬਾਰੇ ਨਹੀਂ ਬੋਲ ਸਕਣਗੇ। ਇਹ ਤਾਂ ਸਿਰਫ਼ ਇਕ ਕੰਪਨੀ ਦੀ ਉਦਾਹਰਣ ਹੈ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਕੰਪਨੀਆਂ ਦਾ ਹਾਲ ਹੋਇਆ ਹੈ।

**ਆਟੋਮੇਸ਼ਨ :** ਵਰਕਰਾਂ ਦੀ ਤਾਂ ਟੈਕਨਾਲੋਜੀ ਵੀ ਦੁਸ਼ਮਣ ਬਣ ਗਈ ਹੈ ਜਾਂ ਪੂੰਜੀਵਾਦ ਨੇ ਇਸ ਨੂੰ ਵਰਤ ਹੀ ਇਸ ਤਰ੍ਹਾਂ ਲਿਆ ਹੈ। ਮਿੱਲਾਂ ਵਿਚ, ਫੈਕਟਰੀਆਂ ਵਿਚ, ਵਰਕਰਾਂ ਦੀ ਬੁਰੀ ਤਰ੍ਹਾਂ ਛਾਂਟੀ ਦੀ ਜ਼ਿੰਮੇਵਾਰ ਇਹ ਟੈਕਨਾਲੋਜੀ ਹੈ। ਗੱਲ ਕਰੀਏ ਅਲਬਰਟਾ ਆਇਲ ਸੈਂਡਜ਼ ਦੀਜਿਥੇ ਗਾਰ (ਤੇਲ+ਮਿੱਟੀ) ਟਰੱਕ ਚਲਾਉਣ ਵਾਲੇ ਡਰਾਈਵਰ ਆਪਦਾ ਵਧੀਆ ਨਿਰਭਾਹ ਕਰਦੇ ਸਨ। ਹੁਣ ਕੀ ਹੋਇਆ ਹੈ। ਕੰਪਨੀ ਦੇ ਹੈਡ ਆਫਿਸ ਵਿਚ ਬੈਠਾ ਇਕ ਵਿਅਕਤੀ 50 ਟਰੱਕਾਂ ਦੀ ਦੇਖ ਭਾਲ ਕਰ ਰਿਹਾ ਹੈ। ਉਨ੍ਹਾਂ ਟਰੱਕਾਂ ਨੂੰ ਲੋਡ ਕਰਾਉਣਾ ਫਿਰ ਸਾਈਟ ਤੇ ਜਾ ਕੇ ਅਨ-ਲੋਡ ਕਰਨਾ ਸਭ ਇਕ ਹੀ ਵਿਅਕਤੀ 200 ਕਿਲੋਮੀਟਰ ਦੂਰ ਬੈਠਾ ਕੰਟਰੋਲ ਕਰ ਰਿਹਾ ਹੈ ਯਾਨੀਕਿ 50 ਡਰਾਈਵਰਾਂ ਦੀ ਨੌਕਰੀ ਇਸ ਤਕਨੀਕੀ ਸਾਇੰਸ ਦੀ ਭੇਟ ਚੜ੍ਹ ਗਈ। ਦੁਨੀਆਂ ਭਰ ਵਿਚ ਜਾਣੀ ਜਾਂਦੀ ਊਬਰ ਕੰਪਨੀ ਨੇ ਡਰਾਈਵਰ-ਲੈਸ ਕਾਰਾਂ, ਟਰੱਕ ਚਲਾ ਦਿੱਤੇ ਹਨ। ਬਿਨਾ ਡਰਾਈਵਰ ਟਰੱਕ ਡਲਿਵਰੀਆਂ ਕਰਦੇ ਹਨ। ਬਿਨਾਂ ਡਰਾਈਵਰ ਕਾਰਾਂ ਪੀਜਾ ਤੇ ਹੋਰ ਦਵਾਈਆਂ ਤੱਕ ਡਲਿਵਰ ਕਰ ਰਹੀਆਂ ਹਨ। ਫਾਸਟ-ਫੂਡ ਰੈਸਟੋਰੈਂਟ ਜਿਥੇ ਮਿਨੀਮਮ ਵੇਜ ਵਾਲੇ ਵਰਕਰ ਕੰਮ ਕਰਦੇ ਸਨ ਉਨ੍ਹਾਂ ਨੂੰ ਵੀ ਆਟੋਮੈਟਿਕ ਕੀਤਾ ਜਾ ਰਿਹਾ ਹੈ। ਬੈਂਕਾਂ ਨੂੰ ਆਟੋਮੈਟਿਕ ਮਸ਼ੀਨਾਂ ਲਾ ਕੇ ਬੇਪਨਾਹ ਨਫ਼ਾ ਕਮਾਇਆ ਜਾ ਰਿਹਾ ਹੈ। ਕਾਰਾਂ ਪਾਰਕ ਕਰਨ ਵਾਲੀ ਜਗ੍ਹਾ, ਸਕਿਊਰਿਟੀ ਗੇਟ ਵਗੈਰਾ ਵੀ ਆਟੋਮੈਟਿਕ ਕਰਕੇ ਕਾਮਿਆਂ ਨੂੰ ਘਰੀਂ ਤੋਰਿਆ ਗਿਆ ਹੈ।

**ਟੈਕਸੇਸ਼ਨ :**

ਤਨਖਾਹ ਘੱਟ ਦੇਣੀਆਂ, ਸਸਤਾ ਮਾਲ ਖਰੀਦਣਾ, ਇਨ੍ਹਾਂ ਦੋ ਵਰਤਾਰਿਆਂ ਨੇ ਕਾਰਪੋਰੇਸ਼ਨਾਂ ਕੋਲ ਬੇਪਨਾਹ ਦੌਲਤ ਜਮਾਂ ਕਰ ਦਿੱਤੀ ਹੈ। ਹੁਣ ਇੰਨੀ ਦੌਲਤ ਤੇ ਜੇਕਰ ਟੈਕਸ ਇਮਾਨਦਾਰੀ ਨਾਲ ਭਰਿਆ ਜਾਵੇ ਤਾਂ ਵੀ ਗੌਰ ਮਿੰਟ ਦੀ ਆਮਦਨ ਵਧ ਸਕਦੀ ਹੈ ਅਤੇ ਇਸ ਦੇ ਫਲਸਰੂਪ ਸਰਕਾਰ ਆਮ ਜਨਤਾ 'ਤੇ ਟੈਕਸ ਘੱਟ ਲਾਵੇਗੀ। ਪਰ ਗਲੋਬਲਾਈਜੇਸ਼ਨ ਨੇ ਇਨ੍ਹਾਂ ਕੰਪਨੀਆਂ ਨੂੰ ਇਕ ਬੜਾ ਵਧੀਆ ਮੌਕਾ ਪ੍ਰਦਾਨ ਕਰ ਦਿੱਤਾ ਹੈ। ਇਹ ਕਮਾਈ ਤਾਂ ਕੈਨੇਡਾ ਵਿਚ ਕਰ ਰਹੀਆਂ ਹਨ (ਇਥੇ ਮੈਂ ਸਿਰਫ਼ ਕੈਨੇਡਾ ਦੀ ਗੱਲ ਕਰ ਰਿਹਾ ਹਾਂ) ਤੇ ਟੈਕਸ ਦੇ ਪੇਪਰ, ਫਰਜ਼ੀ ਨਾਂ ਦੀ ਕੰਪਨੀਆਂ ਬਣਾ ਕੇ ਬਾਰਬੇਡੋਂ ਜਾਂ ਕੇਅਮਨ ਆਈਲੈਂਡ ਵਿਚ ਭਰ ਰਹੀਆਂ ਹਨ ਜਿਥੇ ਟੈਕਸ ਦੀ ਦਰ ਜ਼ੀਰੋ ਹੈ ਜਾਂ ਬਹੁਤ ਹੀ ਘੱਟ ਹੈ। ਇਕੱਲੇ ਕੈਨੇਡਾ ਦਾ 200 ਬਿਲੀਅਨ ਡਾਲਰ ਤੋਂ ਉਪਰ, ਇਨ੍ਹਾਂ ਟਾਪੂਆਂ ਵਿਚ ਪਿਆ ਹੈ। ਪਿਛਲੇ ਸਾਲ ਕੈਨੇਡਾ ਦੀਆਂ ਤਿੰਨ ਮੇਜਰ ਬੈਂਕਾਂ ਦਾ (ਨੈਟ) ਪਰਾਫਿਟ 12 ਬਿਲੀਅਨ ਡਾਲਰ ਸੀ ਅਤੇ ਫੇਰ ਵੀ ਇਨ੍ਹਾਂ ਬੈਂਕਾਂ ਨੇ ਸੈਂਕੜੇ ਹੀ ਵਰਕਰ-ਲੇਆਫ ਕਰ ਦਿੱਤੇ। ਇਕ ਦਿਨ ਮੈਂ ਇਕ ਕੈਨੇਡੀਅਨ ਪੜ੍ਹੇ ਲਿਖੇ ਮੁੰਡੇ ਨੂੰ ਕਿਹਾ ਕਿ ਜੇਕਰ ਇਹ ਬੈਂਕਾਂ ਕੌਮੀ ਕਰ ਦਿੱਤੀਆਂ ਜਾਣ ਤਾਂ ਸਰਕਾਰ ਨੂੰ ਸਲਾਨਾ 12 ਬਿਲੀਅਨ ਡਾਲਰ ਦਾ ਫਾਇਦਾ ਇਕੱਲਾ ਬੈਂਕਾਂ ਤੋਂ ਹੀ ਹੋ ਸਕਦਾ ਹੈ। ਉਸ ਦਾ ਜਵਾਬ ਸੁਣ ਕੇ ਮੈਂ ਹੈਰਾਨ ਹੋ ਗਿਆ। ਉਸ ਦਾ ਜਵਾਬ ਸੀ ਕਿ ਜੇਕਰ ਬੈਂਕਾਂ ਸਰਕਾਰੀ ਕਰ ਦਿੱਤੀਆਂ ਤਾਂ ਇਨ੍ਹਾਂ ਨੇ ਨਫ਼ਾ ਨਹੀਂ ਕਮਾਉਣਾ। ਬਰੇਨ ਵਾਸ਼ਿੰਗ ਦੀ ਹੱਦ ਦੇਖੋ ਜੇਕਰ ਇਨ੍ਹਾਂ ਨੇ ਨਫ਼ਾ ਕੱਢਿਆ ਹੈ ਤਾਂ ਲੋਕਾਂ ਨੂੰ ਲੁੱਟ ਕੇ, ਜੇਕਰ ਕੌਮੀ ਹੋ ਜਾਣਗੀਆਂ ਤੇ ਨਫ਼ਾ ਨਹੀਂ ਕੱਢਣਗੀਆਂ ਤਾਂ ਜਿਹੜੀ ਕੈਨੈਡੀਅਨ ਲੋਕਾਂ ਦੀ 12 ਬਿਲੀਅਨ ਡਾਲਰ ਦੀ ਲੁੱਟ ਹੋ ਰਹੀ ਹੈ ਉਹ ਤਾਂ ਰੁਕ ਜਾਵੇਗੀ। ਪਰ ਪਤਾ ਨਹੀਂ ਉਸ ਪੜ੍ਹੇ ਲਿਖੇ ਕੈਨੇਡੀਅਨ ਮੁੰਡੇ ਦੇ ਦਿਮਾਗ ਵਿਚ ਇਹ ਗੱਲ ਕਿਉਂ ਨਹੀਂ ਆਈ। ਨਹੀਂ ਪਰ ਸਾਡਾ ਸਿਸਟਮ ਹੀ ਇਸ ਤਰ੍ਹਾਂ ਸੈਟ-ਅੱਪ ਕਰ ਦਿੱਤਾ ਗਿਆ ਹੈ ਕਿ ਕਾਰਪੋਰੇਸ਼ਨਾਂ ਸਾਡੇ ਲਈ ਅੰਨਦਾਤਾ ਬਣ ਗਈਆਂ ਹਨ।

2008 ਅਤੇ 2009 ਦੇ ਵਿਚ ਹਰ ਤਿਮਾਹੀ ਦੇ ਵਿਚ ਕੈਨੇਡੀਅਨ ਕਾਰਪੋਰੇਸ਼ਨਾਂ ਦਾ ਪਰਾਫਿਟ ਲਗਭਗ 204 ਬਿਲੀਅਨ ਡਾਲਰ ਸੀ ਯਾਨੀਕਿ ਇਕ ਸਾਲ ਦਾ ਪਰਾਫਿਟ ਸਿਰਫ਼ ਕੈਨੇਡੀਅਨ ਕਾਰਪੋਰੇਸ਼ਨਾਂ ਦਾ 816 ਬਿਲੀਅਨ ਡਾਲਰ ਦੇ ਲਗਭਗ ਹੈ। ਫਿਰ ਆਮ ਲੋਕ ਗਰੀਬੀ ਦੀ ਰੇਖਾ ਵੱਲ ਕਿਉਂ ਧੱਕੇ ਜਾ ਰਹੇ ਹਨ। ਕਾਰਨ ਸਾਫ਼ ਹੈ ਕਿ ਲੋਕਤੰਤਰ ਵਿਚ ਜਿਸਦੇ ਕੋਲ ਪੈਸਾ ਹੈ, ਉਹੀ ਚੋਣਾਂ ਲੜਦੇ ਜਿੱਤਦੇ ਹਨ, ਕਾਰਪੋਰੇਸ਼ਨਾਂ ਪੈਸਾ ਦੇ ਕੇ ਆਪਣੇ ਪੁਲੀਟੀਕਲ ਜਮੂਰਿਆਂ ਨੂੰ ਜਿਤਾਉਂਦੀਆਂ ਹਨ ਅਤੇ ਫਿਰ ਜਮੂਰੇ ਸਰਕਾਰਾਂ ਬਣਾ ਕੇ ਫਿਰ ਕਾਰਪੋਰੇਸ਼ਨਾਂ ਦਾ
















ਹੀ ਹਿੱਤ ਪੂਰਨਗੇ, ਲੋਕਾਂ ਦਾ ਨਹੀਂ। ਇਸ ਤੋਂ ਬਿਨਾਂ ਜਿਹੜੀ ਕੈਨੇਡੀਅਨ ਮਿਡਲ ਕਲਾਸ ਹੈ ਉਸ ਨੂੰ ਵੀ ਕਦੇ ਕਦੇ ਬੁਰਕੀ ਪਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਸਭ ਤੋਂ ਵੱਧ ਖ਼ੂਨ ਹੇਠਲਿਆਂ ਦਾ ਚੂਸਿਆ ਜਾ ਰਿਹਾ ਹੈ। ਹੁਣ ਜੇਕਰ ਰਿਸੈਸ਼ਅਨ (Recession) ਆਉਂਦਾ ਹੈ ਤਾਂ ਕਾਰਪੋਰੇਸ਼ਨਾਂ ਨੂੰ ਬਚਾਉਣ ਲਈ ਬਿਲੀਅਨ ਬਿਲੀਅਨ ਡਾਲਰ ਦੇ ਗੱਫੇ ਦਿੱਤੇ ਜਾਂਦੇ ਹਨ ਤੇ ਗਰੀਬ ਜਨਤਾ ਦੀ ਘੱਟੋ ਘੱਟ ਉਜਰਤ ਨੂੰ ਵਧਣ ਹੀ ਨਹੀਂ ਦਿੱਤਾ ਜਾਂਦਾ ਸਗੋਂ ਕੁਝ ਸਿਆਸਤਦਾਨਾਂ ਵਲੋਂ ਇਹੋ ਜਿਹੀਆਂ ਡੀਂਗਾਂ ਵੀ ਮਾਰੀਆਂ ਜਾਂਦੀਆਂ ਹਨ ਕਿ ਜੇਕਰ ਸਾਡੀ ਪਾਰਟੀ ਜਿੱਤ ਗਈ ਤਾਂ ਅਸੀਂ ਮਿਨੀਮਮ ਵੇਜ਼ ਨੂੰ 40% ਤੱਕ ਘਟਾ ਦੇਵਾਂਗੇ। ਯਾਨੀਕਿ ਗਰੀਬਾਂ ਨੂੰ ਗੈਸ ਚੈਂਬਰਾਂ ਵਿਚ ਧੱਕ ਦੇਵਾਂਗੇ। ਹੈਰਾਨੀ ਦੀ ਗੱਲ ਹੈ ਇਹੋ ਜਿਹੀਆਂ ਪਾਰਟੀਆਂ ਚੋਣਾਂ ਵੀ ਜਿੱਤ ਜਾਂਦੀਆਂ ਹਨ। ਗਰੀਬਾਂ ਦਾ ਰੱਤ ਨਿਚੋੜਨ ਲਈ ਕਦੇ ਜੀ. ਐਸ. ਟੀ. ਲਾਇਆ ਜਾਂਦਾ ਹੈ ਕਦੇ ਕਾਰਬਨ ਟੈਕਸ ਲਾਇਆ ਜਾਂਦਾ ਹੈ ਜਦਕਿ ਕਾਰਪੋਰੇਟ ਟੈਕਸ ਨੂੰ ਘਟਾ ਕੇ ਗਰੀਬਾਂ ਤੇ ਹੋਰ ਬੋਝ ਲੱਦ ਦਿੱਤਾ ਜਾਂਦਾ ਹੈ।

**ਨ਼ਫਾ ਹੀ ਨ਼ਫਾ** : ਕਾਰਪੋਰੇਸ਼ਨਾਂ ਨੇ ਆਪਦੀਆਂ ਸਰਕਾਰਾਂ ਤੋਂ ਇਹ ਤਾਂ ਪਾਸ ਕਰਾ ਲਿਆ ਹੈ ਕਿ ਉਹ ਜਿੰਨਾ ਮਰਜ਼ੀ ਘੱਟ ਟੈਕਸ ਦੇਣ ਜਾਂ ਨਾ ਹੋਰ ਚੋਰਮੋਰੀਆਂ ਲੱਭਣ ਅਤੇ ਆਪਦੇ ਵਰਕਰਾਂ ਨੂੰ ਘੱਟ ਤਨਖਾਹਾਂ ਦੇਣ। ਇਥੇ ਤੱਕ ਵੀ ਇਹ ਰੱਜੀਆਂ ਨਹੀਂ ਹੁਣ ਇਕ ਸਸਤਾ ਕੱਚਾ ਮਾਲ ਲੈਣ ਲਈ, ਗਰੀਬ ਮੁਲਕਾਂ ਵਿਚ ਪਹਿਲਾਂ ਆਪਦੀਆਂ ਦਲਾਲ ਸਰਕਾਰਾਂ ਕਾਇਮ ਕਰਦੀਆਂ ਹਨ, ਫਿਰ ਖੁੱਲ੍ਹੇ ਵਪਾਰ ਦੇ ਤਹਿਤ ਉਨ੍ਹਾਂ ਕੁਰੱਪਟ ਸਿਆਸਤਦਾਨਾਂ ਨਾਲ ਡੀਲ ਕਰਕੇ ਕੌਡੀਆਂ ਦੇ ਭਾਅ ਕੱਚਾ ਮਾਲ ਖਰੀਦ ਦੀਆਂ ਹਨ ਤੇ ਤਿਆਰ ਕਰਕੇ ਉਨ੍ਹਾਂ ਹੀ ਮੁਲਕਾਂ ਨੂੰ ਦੁਬਾਰਾ ਵੇਚਦੀਆਂ ਹਨ। ਜੇਕਰ ਗਰੀਬ ਮੁਲਕ ਆਪਦੇ ਕਰਜ਼ੇ ਦਾ ਰੋਣਾ ਰੋਂਦੇ ਹਨ ਤਾਂ ਉਨ੍ਹਾਂ ਨੇ ਆਈ.ਐਮ.ਐਫ. ਅਤੇ ਵਰਲਡ ਬੈਂਕ ਦੀ ਡਾਂਗ ਚਲਾਈ ਜਾਂਦੀ ਹੈ। ਪਹਿਲਾਂ ਵਰਲਡ ਬੈਂਕ ਤੋਂ ਕਰਜ਼ਾ ਦਿਵਾਇਆ ਫਿਰ ਕਰਜ਼ਾ ਮੋੜਨ ਲਈ ਦਬਾਅ ਵੀ ਪਾਇਆ ਹੁੰਦਾ ਕੀ ਇਹ ਗਰੀਬ ਮੁਲਕ ਹੁਣ ਕਾਰਪੋਰੇਸ਼ਨਾਂ ਜੋਗੇ ਰਹਿ ਜਾਂਦੇ ਹਨ। ਸਨਅਤੀ ਮੁਲਕਾਂ ਨੂੰ ਅੱਜ ਕੱਲ੍ਹ ਵਿਦਿਆਰਥੀਆਂ ਦੀਆਂ ਵਹੀਰਾਂ ਆ ਰਹੀਆਂ ਹਨ। ਇਹ ਸਟੂਡੈਂਟ ਇੱਧਰ ਆ ਕੇ ਆਪਦਾ ਖਰਚਾ ਪੂਰਾ ਕਰਨ ਲਈ ਬਹੁਤ ਹੀ ਘੱਟ ਪੈਸਿਆਂ 'ਤੇ ਕੰਮ ਕਰਦੇ ਦੇਖੇ ਜਾਂਦੇ ਹਨ ਜੇਕਰ ਘੱਟੋ ਘੱਟ ਉਜਰਤ 12 ਡਾਲਰ ਫੀ ਘੰਟਾ ਹੈ ਤਾਂ ਇਹ ਸਟੂਡੈਂਟ ਪੰਜ ਡਾਲਰ ਘੰਟੇ ਤੇ ਕੰਮ ਕਰੀ ਜਾਂਦੇ ਹਨ ਅਤੇ ਲੋਕਲ ਲੋਕਾਂ ਦੇ ਰੁਜ਼ਗਾਰ ਨੂੰ ਹੋਰ ਸੱਟ ਮਾਰ ਰਹੇ ਹਨ। ਇਕ ਹੋਰ ਲੁੱਟ ਦਾ ਸਾਧਨ ਹੈ ਸੁਪਰ ਵੀਜ਼ੇ ਵਾਲੇ, ਇਹ ਲੋਕ 2 ਜਾਂ ਚਾਰ ਡਾਲਰ ਘੰਟੇ 'ਤੇ ਵੀ ਕੰਮ ਕਰੀ ਜਾਂਦੇ ਹਨ। ਇਹ ਤਾਂ ਚਾਰ ਮਹੀਨੇ ਰਿਸ਼ਤੇਦਾਰਾਂ ਕੋਲ ਰਹਿ ਕੇ ਆਪਦਾ ਖਰਚ ਪੂਰਾ ਕਰਕੇ ਮੁੜ ਜਾਂਦੇ ਹਨ, ਪਰ ਜਿਨ੍ਹਾਂ ਨੇ 12 ਡਾਲਰ ਫੀ ਘੰਟਾ ਲੈ ਕੇ ਘਰ ਵੀ ਚਲਾਉਣਾ ਹੈ ਉਹ ਕੀ ਕਰਨ। ਸਰਕਾਰਾਂ ਨੂੰ ਸਭ ਪਤਾ ਹੈ, ਪਰ ਰੋਕੇ ਕੌਣ? ਕੌਣ ਕਹੇ ਰਾਣੀ ਅੱਗਾ ਢੱਕ? ਜਿਨ੍ਹਾਂ ਦੇ ਕਹਿਣਾ ਹੈ, ਉਹ ਤਾਂ ਧਰਮਾਂ ਭਰਮਾਂ 'ਚ ਉਲਝੇ ਪਏ ਹਨ।

**ਅੰਤ ਵਿਚ** : ਫੇਰ ਲੋਕਾਂ ਦਾ ਸਵਾਲ ਹੈ ਕਿ ਇਸ ਜਿੱਲਣ 'ਚੋਂ ਕਿਵੇਂ ਨਿਕਲਿਆ ਜਾਵੇ ਜਾਂ ਕਿਹੋ ਜਿਹਾ ਸਿਸਟਮ ਹੋਵੇ ਜਿਥੇ ਇਹ ਸਭ ਕੁਝ ਨਾ ਹੋਵੇ। ਫਿਰ ਤਾਂ ਇਕ ਹੀ ਜਵਾਬ ਹੈ ਕਿ ਸਾਰੀ ਸੰਪਤੀ ਸਰਕਾਰ ਦੀ ਹੋਵੇ, ਸਾਰਾ ਉਦਯੋਗਿਕ ਅਤੇ ਜਰਾਇਤੀ ਸਿਸਟਮ ਸਰਕਾਰ ਚਲਾਵੇ। ਲੋੜ ਅਨੁਸਾਰ ਖਾਣ ਪੀਣ ਨੂੰ ਤੇ ਵਿੱਤ ਅਨੁਸਾਰ ਕੰਮ। ਵਿਦਿਆ, ਸਿਹਤ, ਬੁਢਾਪਾ, ਸਰਕਾਰ ਦੀ ਜ਼ਿੰਮੇਵਾਰੀ ਹੇਠ ਹੋਵੇ। ਜਦੋਂ ਸਾਨੂੰ ਸਾਡੇ ਬੱਚਿਆਂ ਦੀ ਪੜ੍ਹਾਈ ਦਾ ਫ਼ਿਕਰ ਹੈ, ਸਿਹਤ ਦਾ ਸਾਰਾ ਖਰਚ ਸਰਕਾਰ ਚੱਕਦੀ ਹੈ ਅਤੇ ਬੁਢਾਪੇ ਵਿਚ ਕੁੱਲੀ, ਗੁੱਲੀ, ਜੁੱਲੀ ਦਾ ਪ੍ਰਬੰਧ ਸਰਕਾਰ ਕਰਦੀ ਹੈ। ਫਿਰ ਸਾਨੂੰ ਕੀ ਲੋੜ ਹੈ ਸੋਲਾਂ, ਸੋਲਾਂ ਘੰਟੇ ਟੈਕਸੀ ਚਲਾਈਏ ਜਾਂ ਟਰੱਕ ਚਲਾਈਏ ਜਾਂ ਦਿਨ ਰਾਤ ਫਾਰਮਾਂ ਜਾਂ ਫੈਕਟਰੀਆਂ ਵਿਚ ਮਰੀਏ। ਸਾਰੇ ਲੋਕ ਹੀ ਬੜੇ ਆਰਾਮ ਨਾਲ ਰਹਿ ਸਕਦੇ ਹਨ। ਪੂੰਜੀਵਾਦ ਨੇ, ਪੂੰਜੀ ਦੀ ਪ੍ਰਧਾਨਤਾ ਨਾਲ ਜਿਹੜਾ ਰਿਸ਼ਤਿਆਂ ਦਾ ਘਾਣ ਕੀਤਾ ਹੈ ਉਹ ਨਾ ਹੋਵੇ। ਇਹ ਪੈਸਾ ਪ੍ਰਧਾਨ ਸਮਾਜ ਹੈ ਜਿਹੜਾ ਕਿ ਅਸੁਰੱਖਿਆ ਦੀ ਭਾਵਨਾ ਪੈਦਾ ਕਰਦਾ ਹੈ ਅਤੇ ਇਹ ਅਸੁਰੱਖਿਅਤ ਦੀ ਭਾਵਨਾ ਹੀ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ। ਅਸੀਂ ਜਿਹੜੇ ਕਾਮੇ ਲੋਕ ਹਾਂ ਆਪਸ ਵਿਚ ਧਰਮਾਂ, ਜਾਤਾਂ, ਫਿਰਕਿਆਂ ਦੀ ਲੜਾਈ ਛੱਡ ਕੇ ਸੋਚੀਏ ਕਿ ਪਿਛਲੇ ਬੀਹ ਸਾਲਾਂ ਵਿਚ ਕਾਮਿਆਂ ਦੀ ਅਸਲ ਆਮਦਨ (Income-cost of Living) ਘਟੀ ਹੈ ਅਤੇ ਕਾਰਪੋਰੇਸ਼ਨਾਂ ਦੀ ਅਸਲ ਆਮਦਨ ਬਹੁਤ ਜ਼ਿਆਦਾ ਗੁਣਾਂ ਵਧੀ ਹੈ ਤਾਂ ਫਿਰ ਕਿਤੇ ਨਾ ਕਿਤੇ ਸਿਸਟਮ ਵਿਚ ਕੋਈ ਨੁਕਸ ਤਾਂ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਭਰਾ ਮਾਰੂ ਜਿੱਦਾਂ ਲੜਾਈਆਂ ਦਾ ਰੁੱਖ ਉਨ੍ਹਾਂ ਵੱਲ ਕਰੀਏ ਜਿਨ੍ਹਾਂ ਨੇ ਸਾਨੂੰ ਮਾਣ ਮੱਤੇ ਕਾਮਿਆਂ ਤੋਂ ਮੰਗਤੇ ਬਣਾਉਣ ਦੀ ਧਾਰੀ ਹੋਈ ਹੈ।

# ਅਮਰੀਕਨ ਸਮਾਜ 'ਚ ਵਧ ਰਿਹਾ ਹਿੰਸਾ ਦਾ ਰੁਝਾਨ!



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

ਅੱਜ ਜਦੋਂ ਮੈਂ ਇਹ ਲੇਖ ਲਿਖ ਰਿਹਾ ਹਾਂ ਤਾਂ ਹੁਣ ਤੱਕ ਇਸ ਸਾਲ ਦੇ 359 ਦਿਨਾਂ ਵਿੱਚ ਅਮਰੀਕਾ ਅੰਦਰ 417 ਮਾਸ ਸ਼ੂਟਿੰਗ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 629 ਵਿਅਕਤੀ ਮਾਰੇ ਗਏ ਹਨ ਤੇ 2564 ਵਿਅਕਤੀ ਗੋਲੀਆਂ ਲੱਗਣ ਨਾਲ ਫੱਟੜ ਹੋਏ ਹਨ। ਇਸ ਸਾਲ ਸਿਰਫ ਅਕਤੂਬਰ ਵਿੱਚ 94 ਵਿਅਕਤੀ ਮਾਰੇ ਗਏ ਤੇ 548 ਫੱਟੜ ਹੋਏ ਸਨ। ਜੇ ਪਿਛਲੇ 5 ਸਾਲਾਂ ਦਾ ਡਾਟਾ ਦੇਖੀਏ ਤਾਂ 1818 ਦਿਨਾਂ ਵਿੱਚ 2535 ਵਿਅਕਤੀ ਮਾਰੇ ਗਏ ਤੇ 10000 ਤੋਂ ਵੱਧ ਜ਼ਖਮੀ ਹੋਏ ਸਨ। ਜਿਸਦਾ ਭਾਵ ਇਹ ਹੈ ਕਿ ਅਮਰੀਕਨ ਸਮਾਜ ਵਿੱਚ ਰੋਜ਼ਾਨਾ ਇੱਕ ਤੋਂ ਵੱਧ ਮਾਸ ਸ਼ੂਟਿੰਗ ਹੋ ਰਹੀਆਂ ਹਨ। ਮਾਸ ਸ਼ੂਟਿੰਗ (ਸਮੂਹਿਕ ਕਤਲੇਆਮ) ਉਸਨੂੰ ਕਿਹਾ ਜਾਂਦਾ ਹੈ, ਜਦੋਂ ਗੋਲੀਬਾਰੀ ਵਿੱਚ 4 ਜਾਂ ਵੱਧ ਵਿਅਕਤੀ ਮਰਨ ਜਾਂ ਜ਼ਖਮੀ ਹੋਣ ਅਤੇ ਮਾਰਨ ਵਾਲੇ ਦਾ ਪੀੜਤ ਵਿਅਕਤੀਆਂ ਨਾਲ ਕੋਈ ਸਬੰਧ ਨਾ ਹੋਵੇ ਤੇ ਉਸਨੇ ਕਿਸੇ ਤਰ੍ਹਾਂ ਦੇ ਪਾਗਲਪਨ ਅਧੀਨ ਅੰਧਾ ਧੁੰਦ ਫਾਇੰਰਿਗ ਕਰਕੇ ਲੋਕ ਮਾਰ ਦਿੱਤੇ ਹੋਣ। ਇਹ ਤਾਂ ਉਹ ਕੇਸ ਹਨ, ਜਿਨ੍ਹਾਂ ਵਿੱਚ ਕਾਤਲ ਤੇ ਪੀੜ੍ਹਤ ਦਾ ਕੋਈ ਸਬੰਧ ਨਹੀਂ ਹੁੰਦਾ, ਪਰ ਜੇ ਅਸੀਂ ਅਮਰੀਕਨ ਸਮਾਜ (ਅਮਰੀਕਾ-ਕੈਨੇਡਾ) ਵਿੱਚ ਘਰੇਲੂ ਹਿੰਸਾ ਦੇ ਅੰਕੜਿਆਂ ਵੱਲ ਦੇਖੀਏ ਤਾਂ ਉਹ ਚੌਂਕਾ ਦੇਣ ਵਾਲੇ ਹਨ। ਇਸ ਵੇਲੇ 1 ਮਿਲੀਅਨ ਦੇ ਕਰੀਬ ਵਿਅਕਤੀ ਘਰੇਲੂ ਹਿੰਸਾ ਕਾਰਨ ਜ਼ੇਲ੍ਹਾਂ ਵਿੱਚ ਬੰਦ ਹਨ। ਜਿਨ੍ਹਾਂ ਵਿੱਚ 90% ਤੋਂ ਵੱਧ ਮਰਦ ਹਨ ਤੇ ਇਨ੍ਹਾਂ ਵਿਚੋਂ 60% ਤੋਂ ਵੱਧ ਅਜਿਹੇ ਹਨ, ਜਿਨ੍ਹਾਂ ਨੇ ਆਪਣੀ ਪਤਨੀ ਜਾਂ ਗਰਲ ਫਰੈਂਡ ਦਾ ਕਤਲ ਕੀਤਾ ਸੀ। ਨਾਰਥ ਅਮਰੀਕਾ ਵਿੱਚ ਕਤਲ ਹੋਣ ਵਾਲੀ ਹਰ ਤੀਜੀ ਔਰਤ ਆਪਣੇ ਪਤੀ ਜਾਂ ਬੁਆਇ ਫਰੈਂਡ ਵਲੋਂ ਕਤਲ ਕੀਤੀ ਜਾਂਦੀ ਹੈ। ਹੈਰਾਨੀਜਨਕ ਤੱਥ ਇਹ ਹੈ ਕਿ ਘਰੇਲੂ ਹਿੰਸਾ ਵਿੱਚ ਮਰਨ ਵਾਲੀਆਂ 85% ਔਰਤਾਂ ਆਪਣੇ ਪਾਰਟਨਰ ਵਲੋਂ ਕਤਲ ਹੁੰਦੀਆਂ ਹਨ। ਇੱਕ ਸਰਵੇਖਣ ਮੁਤਬਿਕ ਘਰੇਲੂ ਹਿੰਸਾ ਦੇ ਪੁਲਿਸ ਕੋਲ ਦਰਜ ਕਰਾਏ ਜਾਂਦੇ ਕੇਸ ਸਿਰਫ 25% ਹੁੰਦੇ ਹਨ, ਜਦਕਿ 75% ਕੇਸ ਪੁਲਿਸ ਕੋਲ ਪਹੁੰਚਦੇ ਹੀ ਨਹੀਂ। ਘਰੇਲੂ ਹਿੰਸਾ ਦੇ ਕੇਸ ਉਦੋਂ ਹੀ ਪੁਲਿਸ ਤੱਕ ਪਹੁੰਚਦੇ ਹਨ, ਜਦੋਂ ਮਾਰਕੁੱਟ ਹੱਦੋਂ ਬਾਹਰ ਹੋ ਜਾਂਦੀ ਹੈ। ਆਮ ਤੌਰ 'ਤੇ 6-7 ਵਾਰ ਹਿੰਸਾ ਦਾ ਸ਼ਿਕਾਰ ਹੋਣ ਤੋਂ ਬਾਅਦ ਔਰਤਾਂ ਪੁਲਿਸ ਤੱਕ ਪਹੁੰਚ ਕਰਦੀਆਂ ਹਨ। ਜੇ ਗਾਲੀ-ਗਲੋਚ (ਵਰਬਲ ਅਬਿਊਜ਼) ਨੂੰ ਹਿੰਸਾ ਵਿੱਚ ਸ਼ਾਮਿਲ ਕੀਤਾ ਜਾਵੇ ਤਾਂ ਥੋੜੇ ਲੋਕ ਹੀ ਬਚਣਗੇ, ਜੋ ਕਹਿ ਸਕਣ ਕਿ ਸਾਡੇ ਘਰ ਹਿੰਸਾ ਨਹੀਂ ਹੁੰਦੀ। ਘਰੇਲੂ ਹਿੰਸਾ ਦਾ ਔਰਤਾਂ, ਬੱਚੇ ਤੇ ਬਜ਼ੁਰਗ ਵੱਧ ਸ਼ਿਕਾਰ ਹੁੰਦੇ ਹਨ। ਕੈਨੇਡੀਅਨ ਸੁਸਾਇਟੀ ਭਾਵੇਂ ਅਮਰੀਕਾ ਦੇ ਮੁਕਾਬਲੇ ਕਾਫੀ ਸ਼ਾਂਤ ਦਿਸਦੀ ਹੈ, ਪਰ ਇਥੇ ਵੀ ਹਰ ਸਾਲ 1000 ਤੋਂ ਵੱਧ ਔਰਤਾਂ ਦਾ ਕਤਲ, ਉਸਦੇ ਪਤੀ ਜਾਂ ਬੁਆਇ ਫਰੈਂਡ ਵਲੋਂ ਘਰੇਲੂ ਹਿੰਸਾ ਦੇ ਚਲਦਿਆਂ ਕਰ ਦਿੱਤਾ ਜਾਂਦਾ ਹੈ। ਕੈਨੇਡੀਅਨ ਵੂਮੈਨ ਫਾਊਂਡੇਸ਼ਨ ਦੀ ਇੱਕ ਰਿਪੋਰਟ ਅਨੁਸਾਰ ਪੁਲਿਸ ਕੋਲ ਦਰਜ ਕੇਸਾਂ ਅਨੁਸਾਰ ਹਰ ਸਾਲ 6 ਲੱਖ ਤੋਂ ਵੱਧ ਔਰਤਾਂ ਕਨੇਡਾ ਵਿੱਚ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਜਦਕਿ ਇਸ ਤੋਂ ਵੀ ਵੱਧ ਕੇਸਾਂ ਵਿੱਚ ਔਰਤਾਂ ਪੁਲਿਸ ਤੱਕ ਪਹੁੰਚ ਹੀ ਨਹੀਂ ਕਰਦੀਆਂ। ਆਮ ਤੌਰ 'ਤੇ 16 ਸਾਲ ਤੋਂ 40 ਸਾਲ ਦੀ ਉਮਰ ਦੀਆਂ ਔਰਤਾਂ ਬਲਾਤਕਾਰ ਜਾਂ ਘਰੇਲੂ ਹਿੰਸਾ ਦੀਆਂ ਸ਼ਿਕਾਰ ਹੁੰਦੀਆਂ ਹਨ। 'ਰੇਪ, ਅਬਿਊਜ਼ ਤੇ ਇਨਸੈਸਟ ਨੈਸ਼ਨਲ ਨੈਟਵਰਕ' ਨਾਮ ਦੀ ਸੰਸਥਾ ਦੀ ਇੱਕ ਰਿਪੋਰਟ ਅਨੁਸਾਰ ਰੋਜ਼ਾਨਾ ਤਕਰੀਬਨ 1000 ਔਰਤਾਂ ਅਮਰੀਕਾ ਵਿੱਚ ਸਰੀਰਕ ਛੇੜ-ਛਾੜ ਤੋਂ ਲੈ ਕੇ ਰੇਪ ਦਾ ਸ਼ਿਕਾਰ ਹੁੰਦੀਆਂ ਹਨ। ਇਥੋਂ ਤੱਕ ਕਿ ਹਰ ਸਾਲ 20 ਹਜ਼ਾਰ ਦੇ ਕਰੀਬ ਰੇਪ ਦੇ ਕੇਸ ਅਮਰੀਕਨ ਫੌਜਾਂ ਵਿੱਚ ਦਰਜ ਹੁੰਦੇ ਹਨ, ਜਦੋਂ ਮਰਦ ਫੌਜੀ, ਆਪਣੀਆਂ ਸਾਥੀ ਫੌਜੀ ਔਰਤਾਂ ਨਾਲ ਸਰੀਰਕ ਸੋਸ਼ਣ ਜਾਂ ਰੇਪ ਕਰਦੇ ਹਨ। ਇੱਕ ਸਰਵੇਖਣ ਅਨੁਸਾਰ ਨਾਰਥ ਅਮਰੀਕਾ ਵਿੱਚ ਤਕਰੀਬਨ 35% (ਵੈਸੇ ਇਹ ਗਿਣਤੀ 50% ਤੋਂ ਵੱਧ ਹੈ) ਤੋਂ ਵੱਧ ਔਰਤਾਂ ਨੂੰ ਜੀਵਨ ਵਿੱਚ ਕਦੇ ਨਾ ਕਦੇ ਰੇਪ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸੇ ਤਰ੍ਹਾਂ ਕੈਨੇਡਾ ਵਿੱਚ ਹਰ ਸਾਲ 13 ਲੱਖ ਤੋਂ ਵੱਧ ਵਿਅਕਤੀ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਤਕਰੀਬਨ 40 ਹਜ਼ਾਰ ਇਸ ਵਿੱਚ ਸਫਲ ਹੋ ਜਾਂਦੇ ਹਨ। ਘਰੇਲੂ ਹਿੰਸਾ ਤੇ ਹੋਰ ਕਈ ਤਰ੍ਹਾਂ ਦੇ ਦਬਾਅ ਅਧੀਨ ਆਤਮ ਹੱਤਿਆ ਦੇ ਮਾਮਲੇ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਡੇਢ ਗੁਣਾਂ ਜ਼ਿਆਦਾ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਆਤਮ ਹੱਤਿਆ ਦੇ ਕੇਸ ਗੇਅ, ਲੈਸਬੀਅਨ (LGBT) ਆਦਿ ਲੋਕਾਂ ਵਿੱਚ ਆਮ ਵਿਅਕਤੀਆਂ ਨਾਲੋਂ 30% ਜ਼ਿਆਦਾ ਹਨ, ਕਿਉਂਕਿ ਉਨ੍ਹਾਂ ਨਾਲ ਸੁਸਾਇਟੀ ਵਿੱਚ ਵੱਡੇ ਪੱਧਰ ਤੇ ਵਿਤਕਰਾ ਹੁੰਦਾ ਹੈ। ਅਮਰੀਕਾ ਵਿੱਚ ਹਰ ਸਾਲ 50 ਹਜ਼ਾਰ ਤੋਂ ਵੱਧ ਲੋਕ ਆਤਮ ਹੱਤਿਆ ਕਰਦੇ ਹਨ। ਇਸੇ ਤਰ੍ਹਾਂ ਗੈਂਗ ਹਤਿਆਵਾਂ, ਡਰੱਗ ਦਾ ਧੰਦਾ, ਜੇਲਾਂ ਵਿੱਚ ਲੋਕਾਂ ਦੀ ਗਿਣਤੀ, ਨਸਲਵਾਦ, ਸ਼ਰਾਬ ਜਾਂ ਨਸ਼ਾ ਕਰਕੇ ਗੱਡੀ ਚਲਾਉਣੀ, ਚੋਰੀਆਂ ਆਦਿ ਅਨੇਕਾਂ ਤਰ੍ਹਾਂ ਦੇ ਜ਼ੁਰਮਾਂ ਵਿੱਚ ਦਿਨੋ-ਦਿਨ ਵਾਧਾ ਹੋ ਰਿਹਾ ਹੈ। ਅਮਰੀਕਨ ਏਜੰਸੀ ਐਫ. ਬੀ. ਆਈ. ਵਲੋਂ ਜਾਰੀ ਅੰਕੜਿਆਂ ਅਨੁਸਾਰ ਪਿਛਲੇ ਸਾਲ ਵੱਖ-ਵੱਖ ਜ਼ੁਰਮਾਂ ਅਧੀਨ 1 ਕਰੋੜ 20 ਲੱਖ ਕੇਸ ਦਰਜ ਕੀਤੇ ਗਏ, ਜਿਨ੍ਹਾਂ ਵਿੱਚ 16 ਹਜ਼ਾਰ ਤੋਂ ਵੱਧ ਕਤਲ ਕੇਸ, 1 ਲੱਖ ਤੋਂ ਵੱਧ ਰੇਪ ਕੇਸ, 3 ਲੱਖ 25 ਹਜ਼ਾਰ ਤੋਂ ਵੱਧ ਚੋਰੀਆਂ ਦੇ ਕੇਸ ਸਨ। ਇਸੇ ਤਰ੍ਹਾਂ ਕੈਨੇਡਾ ਵਿੱਚ 25 ਲੱਖ ਤੋਂ ਵੱਧ ਵੱਖ-ਵੱਖ ਜ਼ੁਰਮਾਂ ਵਿੱਚ ਕੇਸ ਦਰਜ ਹੋਏ ਸਨ।

ਵੱਖ-ਵੱਖ ਸਰਵੇਖਣ ਰਿਪੋਰਟ ਅਨੁਸਾਰ ਸ਼ਰਾਬ, ਕਨੂੰਨੀ ਤੇ ਗੈਰ ਕਨੂੰਨੀ ਨਸ਼ੇ, ਸੈਕਸ, ਗੁੱਸਾ, ਧਨ ਦੀ ਲਾਲਸਾ (ਲੋਭ), ਮਨ ਦੀ ਬੇਚੈਨੀ, ਪਰਿਵਾਰਕ ਹਿੰਸਾ ਆਦਿ ਇਸਦੇ ਮੁੱਖ ਕਾਰਨ ਹਨ। ਪਰਿਵਾਰਕ ਹਿੰਸਾ ਪੱਛਮੀ ਸਮਾਜ ਵਿੱਚ ਇੱਕ ਵੱਡੀ ਸਮੱਸਿਆ ਬਣ ਚੁੱਕੀ ਹੈ।



ਸਰਵੇਖਣਾਂ ਵਿੱਚ ਇਹ ਗੱਲ ਪ੍ਰਤੱਖ ਰੂਪ ਵਿੱਚ ਸਾਹਮਣੇ ਆਈ ਹੈ ਕਿ ਜਿਹੜੇ ਬੱਚੇ ਹਿੰਸਾ ਵਾਲੇ ਮਾਹੌਲ ਵਿੱਚ ਪਲ਼ ਕੇ ਵੱਡੇ ਹੁੰਦੇ ਹਨ, ਉਹ ਹੀ ਵੱਡੇ ਹੋ ਕੇ ਮਾਸ ਸ਼ੂਟਿੰਗ, ਰੇਪ, ਚੋਰੀਆਂ, ਕਤਲ, ਨਸਲਵਾਦ, ਔਰਤਾਂ ਜਾਂ ਬੱਚਿਆਂ ਤੇ ਜ਼ੁਲਮ ਆਦਿ ਕਰਦੇ ਹਨ। ਅਮਰੀਕਾ ਵਿੱਚ ਕਰਾਈਮ ਸਬੰਧੀ ਛਪੀ ਇੱਕ ਰਿਪੋਰਟ ਅਨੁਸਾਰ ਵੱਖ-ਵੱਖ ਤਰ੍ਹਾਂ ਦੇ ਜ਼ੁਰਮਾਂ ਵਿੱਚ ਸ਼ਾਮਲ ਵਿਅਕਤੀਆਂ ਵਿਚੋਂ 75% ਤੋਂ ਵੱਧ ਵਿਅਕਤੀ ਉਨ੍ਹਾਂ ਪਰਿਵਾਰਾਂ ਵਿਚੋਂ ਹੁੰਦੇ ਹਨ, ਜਿਨ੍ਹਾਂ ਦੇ ਪਰਿਵਾਰਾਂ ਵਿੱਚ ਹਿੰਸਾ ਦਾ ਮਾਹੌਲ ਹੈ (ਭਾਵ ਪਤੀ-ਪਤਨੀ ਵਿੱਚ ਝਗੜਾ, ਪਰਿਵਾਰ ਵਿੱਚ ਪਤੀ ਜਾਂ ਕਿਸੇ ਮਰਦ ਵਲੋਂ ਔਰਤਾਂ, ਬੱਚਿਆਂ, ਬਜ਼ੁਰਗਾਂ ਆਦਿ ਨੂੰ ਕੁੱਟਣਾ ਮਾਰਨਾ, ਗਾਲ਼ੀ-ਗਲੋਚ ਕਰਨਾ ਜਾਂ ਕਿਸੇ ਹੋਰ ਢੰਗ ਨਾਲ ਦੁਰ-ਵਿਵਹਾਰ ਆਦਿ ਹੁੰਦਾ ਹੈ) ਤੇ ਬਰੋਕਨ ਫੈਮਿਲੀ (ਤਲਾਕ ਵਾਲੇ ਪਰਿਵਾਰ) ਹਨ। ਅਜਿਹੇ ਪਰਿਵਾਰਾਂ ਦੇ ਬੱਚੇ 6 ਗੁਣਾਂ ਵੱਧ ਆਤਮ ਹੱਤਿਆ ਕਰਦੇ ਹਨ, 75 ਗੁਣਾਂ ਵੱਧ ਜ਼ੁਰਮ ਵਿੱਚ ਸ਼ਾਮਿਲ ਹੁੰਦੇ ਹਨ, 50 ਗੁਣਾਂ ਵੱਧ ਨਸ਼ਿਆਂ ਤੇ ਗੈਂਗ ਵਿੱਚ ਸ਼ਾਮਿਲ ਹੁੰਦੇ ਹਨ। ਸਕੂਲਾਂ ਤੇ ਸਮਾਜ ਵਿੱਚ ਬੱਚਿਆਂ ਨਾਲ ਦੇਸ਼, ਧਰਮ, ਨਸਲ, ਰੰਗ, ਲਿੰਗ ਆਦਿ ਕਾਰਨ ਹੁੰਦੇ ਵਿਤਕਰੇ ਤੇ ਬੁਲਿੰਗ (ਡਰਾਉਣਾ, ਧਮਕਾਉਣਾ, ਧੱਕੇਸ਼ਾਹੀ ਕਰਨੀ) ਵੀ ਜ਼ੁਰਮ ਵਧਾਉਣ ਵਿੱਚ ਸਹਾਈ ਹੋ ਰਿਹਾ ਹੈ।

ਅਸੀਂ ਬੇਸ਼ਕ ਪੈਸੇ ਦੀ ਖਿੱਚ ਤੇ ਚੰਗੇ ਜੀਵਨ ਦੀ ਆਸ ਵਿੱਚ ਹਰ ਕਾਨੂੰਨੀ, ਗੈਰ ਕਾਨੂੰਨੀ ਢੰਗ ਨਾਲ ਇਨ੍ਹਾਂ ਦੇਸ਼ਾਂ ਨੂੰ ਆ ਰਹੇ ਹਾਂ, ਪਰ ਇਥੇ ਵੀ ਸਭ ਠੀਕ ਨਹੀਂ ਹੈ। ਇਥੇ ਆ ਕੇ ਇਥੇ ਦੇ ਸਮਾਜ ਤੇ ਸਿਸਟਮ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰ ਰਹੇ, ਸਿਰਫ ਪੈਸੇ ਦੀ ਦੌੜ ਵਿੱਚ ਪੈ ਜਾਂਦੇ ਹਾਂ। ਜਿਸ ਨਾਲ ਇਹ ਸਭ ਵਾਪਰ ਰਿਹਾ ਹੈ। ਇਥੇ ਦੇ ਸਰਮਾਏਦਾਰੀ ਨਿਜ਼ਾਮ ਨੇ ਮਨੁੱਖੀ ਸੋਚ ਨੂੰ ਅਜਿਹੇ ਢੰਗ ਨਾਲ ਮਸ਼ੀਨੀ ਬਣਾ ਦਿੱਤਾ ਹੈ ਕਿ ਅਸੀਂ ਜੀਣ ਨਾਲੋਂ ਮਰਨ ਦੀ ਦੌੜ ਵਿੱਚ ਹਾਂ। ਹੁਣ ਨਵੀਂ ਟੈਕਨਾਲੋਜੀ ਨਾਲ ਮਨੁੱਖ ਦੀ ਲੋੜ ਵੀ ਖਤਮ ਹੋ ਰਹੀ ਹੈ ਤਾਂ ਜ਼ੁਰਮ ਹੋਰ ਵਧਣ ਦੇ ਆਸਾਰ ਹਨ, ਜਿਸ ਲਈ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ। ਆਉ ਨਵੇਂ ਸਾਲ ਮੌਕੇ ਆਪਣੇ ਪਰਿਵਾਰ ਤੇ ਸਮਾਜ ਵਿੱਚ ਹਿੰਸਾ ਤੇ ਨਸ਼ਿਆਂ ਨੂੰ ਦੂਰ ਕਰਨ ਲਈ ਯਤਨਸ਼ੀਲ ਹੋਣ ਦਾ ਪ੍ਰਣ ਕਰੀਏ। ਆਪਣੀਆਂ ਨਿੱਜੀ, ਪਰਿਵਾਰਕ, ਸਮਾਜਿਕ ਤੇ ਸੰਸਾਰਕ ਸਮੱਸਿਆਵਾਂ ਨੂੰ ਪਛਾਣ ਕੇ ਆਪਣਾ ਯੋਗਦਾਨ ਪਾਉਣ ਲਈ ਜਾਗਰੂਕ ਹੋਈਏ।

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
* Free no obligation evaluation
* Full time commitment
* Assistance to arrange best mortgage rates
urban
1A-4101 19 ST N.E. CALGARY, AB T2E 6X8
Ph: 403-590-2233 Fax: 403-776-1942



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
For More Information Call
HARCHARAN SINGH PARHAR
403-681-8689
Note: We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

# ਲੋਕਾਂ ਦੀ ਕਿਰਤ ਦੀ ਇਕ-ਇਕ ਪਾਈ ਨੂੰ ਹੜੱਪਣ ਨੂੰ ਤਿਆਰ ਬੈਠੀ ਕਾਰਪੋਰੇਟੀ ਪੂੰਜੀ



## ਤੁਹਾਡੀ ਬਚਤ ਦੇ ਪੈਸੇ ਉਤੇ ਡਾਕਾ ਮਾਰਨ ਦੀ ਤਿਆਰੀ

ਨਰਭਿੰਦਰ
93544-30211

ਰਾਜ ਲੋਕਾਂ ਦੀ ਕਮਾਈ ਨੂੰ ਹੜੱਪਣ ਅਤੇ ਕਾਰਪੋਰੇਟੀ ਪੂੰਜੀ ਨੂੰ ਸੌਂਪਣ ਲਈ ਨਿੱਤ ਨਵੇਂ ਨਵੇਂ ਕਦਮ ਉਠਾ ਰਿਹਾ ਹੈ। ਦੇਸ਼ ਦੀ ਅਰਥ ਵਿਵਸਥਾ ਸੰਕਟ 'ਚ ਹੈ ਅਤੇ ਵਿਕਾਸ ਦਰ ਡਿੱਗ ਰਹੀ ਹੈ, ਨਵੇਂ ਰੋਜ਼ਗਾਰ ਪੈਦਾ ਨਹੀਂ ਹੋ ਰਹੇ ਪੁਰਾਣੇ ਛੁਟ ਰਹੇ ਹਨ, ਪਰ ਕਾਰਪੋਰੇਟੀ ਪੂੰਜੀ ਸੈਂਕੜੇ ਗੁਣਾ ਦੇ ਹਿਸਾਬ ਨਾਲ ਵਧ ਰਹੀ ਹੈ। ਸਰਕਾਰ ਕਾਰਪੋਰੇਟੀ ਪੂੰਜੀ ਦੀ ਸੁਰੱਖਿਆ ਲਈ ਹਰ ਸਮੇਂ ਚਿੰਤਤ ਰਹਿੰਦੀ ਹੈ। ਪਿਛਲੇ ਅਗਸਤ ਵਿਚ ਵਿੱਤੀ ਨਿਪਟਾਰਾ ਅਤੇ ਜਾਬ ਬਿੱਲ ਲਿਆਂਦਾ ਹੈ। ਇਸ ਤੋਂ ਪਹਿਲਾਂ ਦਸੰਬਰ 16 ਵਿਚ ਗੈਰ ਵਿੱਤੀ ਕੰਪਨੀਆਂ ਦੇ ਦੀਵਾਲੇ ਅਤੇ ਡੁੱਬਤ ਹਾਲਤਾਂ ਨੂੰ ਠੀਕ ਕਰਨ ਹਿੱਤ ਕੋਡ ਜਾਂ ਬਿਲ ਬਣਾਉਣ ਦਾ ਵਿਚਾਰ ਲੈ ਕੇ ਆਈ ਸੀ ਜਿਸ ਦੇ ਮੰਤਵ ਲਈ (ਇਨਸੋਨਵੈਂਸੀ ਐਂਡ ਬੈਕਰਪਟਸੀ ਬੋਰਡ ਆਫ਼ ਇੰਡੀਆ) ਡੁੱਬਤ ਹਾਸ਼ੀਆ ਅਤੇ ਦੀਵਾਲੀਆ ਵਾਲੀ ਹਾਲਤ ਨੂੰ ਦਰੁਸਤ ਕਰਨ ਲਈ ਬੋਰਡ ਦਾ ਗਠਨ ਵੀ ਕੀਤਾ। ਹੁਣ ਮੋਦੀ ਸਰਕਾਰ ਵਿੱਤੀ ਸੰਸਥਾਵਾਂ ਨੂੰ ਡੁੱਬਣ ਤੋਂ ਬਚਾਉਣ ਦੇ ਨਾਂ ਉਤੇ ਵਿੱਤ ਨਿਪਟਾਰਾ ਅਤੇ ਜਮ੍ਹਾਂ ਰਾਸ਼ੀ ਬੀਮਾ ਬਿੱਲ 2017 ਲੈ ਕੇ ਆਈ ਹੈ। ਇਹ ਬਿੱਲ ਲੋਕਾਂ ਲਈ ਚਿੰਤਾ ਦਾ ਵਿਸ਼ਾ ਇਸ ਕਰਕੇ ਬਣਿਆ ਹੈ ਕਿ ਇਸ ਦੀ ਇਕ ਮਦ ਅਜਿਹੀ ਹੈ ਜਿਸ ਵਿਚ ਇਹ ਅੰਕਤ ਹੈ ਕਿ-ਕੰਪਨੀ ਦੇ ਗੈਰ ਅਸਾਸੇ ਵਧਣ ਦੀ ਹਾਲਤ ਵਿਚ, ਇਨ੍ਹਾਂ ਨੂੰ ਦਰੁਸਤ ਕਰਨ ਲਈ ਬੈਂਕ ਜਾਂ ਵਿੱਤੀ ਸੰਸਥਾ ਜਿਸ ਵਿਚ ਕਿਸੇ ਨਾਗਰਿਕ (ਖਾਤਾਧਾਰਕ) ਨੇ ਪੈਸਾ ਜਮ੍ਹਾਂ ਕਰਵਾਇਆ ਹੈ। ਉਨ੍ਹਾਂ ਦੀਆਂ ਜਮ੍ਹਾਂ ਰਾਸ਼ੀਆਂ ਭਾਵ ਬਚਤ ਦੇ ਪੈਸੇ ਨੂੰ ਜਬਤ ਕੀਤਾ ਜਾ ਸਕਦਾ ਹੈ। ਇਹ ਮਦ ਨੂੰ ਬੇਲ ਦਿਨ ਦੇ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ।

ਅਜੇ ਤੱਕ ਜਿਹੜਾ ਵਰਤਾਰਾ ਸੀ ਉਹ ਇਹ ਸੀ ਕਿ ਜਦੋਂ ਕੋਈ ਬੈਂਕ ਸੰਕਟ ਵਿਚ ਆਉਂਦਾ ਸੀ ਤਾਂ ਉਹਨੂੰ ਵਾਧੂ ਪੂੰਜੀ ਦੇ ਕੇ ਭਾਵ ਸਰਕਾਰੀ ਖਜ਼ਾਨੇ 'ਚੋਂ ਪੂੰਜੀ ਦੀ ਮਦਦ ਕਰਕੇ ਉਹਨੂੰ ਡੁੱਬਣ ਤੋਂ ਬਚਾਅ ਲਿਆ ਜਾਂਦਾ ਸੀ। ਸਾਫ਼ ਸੀ ਕਿ ਸਰਕਾਰ ਇਹ ਪੂੰਜੀ ਉਸ ਖਾਤੇ 'ਚੋਂ ਅਦਾ ਕਰਦੀ ਹੈ ਜਿਹੜਾ ਲੋਕਾਂ ਤੋਂ ਉਗਰਾਹੇ ਟੈਕਸਾਂ ਨਾਲ ਇਕੱਠਾ ਹੋਇਆ ਹੁੰਦਾ ਹੈ ਅਤੇ ਇਸ ਪੈਸੇ ਨੂੰ ਲੋਕਾਂ ਦੀ ਭਲਾਈ ਹਿੱਤ ਵਰਤਿਆ ਜਾਣਾ ਦਿਖਾ ਕੇ ਹੀ ਉਗਰਾਹਿਆ ਜਾਂਦਾ ਹੈ। 1969 ਵਿਚ ਜਦੋਂ ਬੈਂਕਾਂ ਦਾ ਕੌਮੀਕਰਨ ਕੀਤਾ ਗਿਆ ਸੀ, ਤੋਂ ਲੈ ਕੇ ਅੱਜ ਤੱਕ 14 ਵੱਡੇ ਕੌਮੀ ਬੈਂਕਾਂ ਵਿਚੋਂ ਕਿਸੇ ਵੀ ਪ੍ਰਮੁੱਖ ਬੈਂਕ ਨੂੰ ਡੁੱਬਣ ਨਹੀਂ ਦਿੱਤਾ ਗਿਆ। ਹਾਲਾਂਕਿ ਬੈਂਕਾਂ ਦੀ ਪੂੰਜੀ ਵੱਡੇ 57 ਘਰਾਣਿਆਂ ਵਲ ਹੀ ਲੱਖਾਂ ਕਰੋੜਾਂ ਰੁਪਈਆਂ ਵਿਚ ਡੁੱਬੀ ਪਈ ਹੈ ਪਰ ਇਸ ਡੁੱਬਤ ਪੂੰਜੀ ਨੂੰ ਉਨ੍ਹਾਂ ਤੋਂ ਹਾਸਲ ਕਰਨ ਦੀ ਥਾਂ ਸਰਕਾਰ ਬੈਂਕ ਨੂੰ ਸਰਕਾਰੀ ਖਾਤਿਆਂ 'ਚੋਂ ਲੋਕਾਂ ਦੇ ਇਕੱਠੀ ਹੋਈ ਟੈਕਸਾਂ ਰਾਹੀਂ ਪੂੰਜੀ ਨੂੰ ਇਸ ਮੰਤਵ ਲਈ ਵਰਤਦੀ ਆ ਰਹੀ ਹੈ। ਇਸ ਸਾਲ ਪਿਛਲੇ ਮਹੀਨੇ ਵੀ ਸਰਕਾਰ ਨੇ ਹਜ਼ਾਰਾਂ ਕਰੋੜਾਂ ਰੁਪਏ ਦੀ ਰਾਸ਼ੀ ਬੈਂਕ ਨੂੰ ਸਹਾਇਤਾ ਵਜੋਂ ਦੇਣ ਦਾ ਐਲਾਨ ਕੀਤਾ। ਉਂਝ 24 ਅਕਤੂਬਰ 2017 ਨੂੰ ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਉਹ ਅਗਲੇਰੇ ਦੋ ਸਾਲਾਂ ਵਿਚ ਪਬਲਿਕ ਖੇਤਰ ਦੇ ਬੈਂਕਾਂ ਦੇ 'ਮੁੜ ਪੂੰਜੀਕਰਨ' ਲਈ 2,11000 ਕਰੋੜ ਰੁਪਏ ਦੀ ਪੂੰਜੀ ਦੇਵੇਗੀ। ਹਾਲਾਂਕਿ 2015 'ਚ ਐਲਾਨ ਇਹ ਸੀ ਕਿ ਅਗਲੇਰੇ ਚਾਰ ਸਾਲਾਂ ਵਿਚ 70000 ਕਰੋੜ ਪੂੰਜੀ ਦੇਵੇਗੀ। ਦੋ ਸਾਲਾਂ ਵਿਚ ਹੀ ਸਰਕਾਰੀ ਖੇਤਰ ਦੇ ਬੈਂਕਾਂ ਲਈ ਸਰਕਾਰੀ ਖਜ਼ਾਨੇ 'ਚੋਂ ਦਿੱਤੀ ਜਾਣ ਵਾਲੀ ਰਾਸ਼ੀ ਤਿੰਨ ਗੁਣਾਂ ਕਿਉਂ ਤੇ ਕਿਵੇਂ ਵਧ ਗਈ ਇਹ ਇਕ ਗੁੱਝਾ ਸਵਾਲ ਹੈ।

ਅਤੇ ਇਸ ਸਵਾਲ ਦੀ ਗੁੰਝਲ ਇਹ ਹੈ ਕਿ ਸਰਕਾਰੀ ਬੈਂਕਾਂ ਨੇ ਵੱਡੇ ਕਾਰਪੋਰੇਟੀ ਘਰਾਣਿਆਂ ਨੂੰ ਲੱਖਾਂ ਕਰੋੜਾਂ ਰੁਪਈਆਂ ਦੇ ਕਰਜ਼ੇ ਦਿੱਤੇ ਹਨ। ਬੈਂਕਿੰਗ ਆਰਥਿਕ ਪ੍ਰਬੰਧ ਮੁਤਾਬਕ ਇਕ ਬੈਂਕ ਆਪਣੀ ਕੁੱਲ ਪੂੰਜੀ ਦੇ ਦਸ ਗੁਣਾਂ ਤੱਕ ਕਰਜ਼ ਦੇ ਸਕਦਾ ਹੈ। ਜਿਹਦਾ ਇਹ ਵੀ ਮਤਲਬ ਹੈ ਕਿ ਬੈਂਕਾਂ ਕੋਲ ਉਹਦੇ ਬਕਾਇਆ ਕਰਜ਼ ਦੇ ਅਨੁਪਾਤ ਦੇ ਲਿਹਾਜ਼ ਨਾਲ ਘੱਟੋ ਘੱਟ 10 ਫੀਸਦੀ ਪੂੰਜੀ ਜਿਹੜੀ ਬੈਂਕਿੰਗ ਭਾਸ਼ਾ ਵਿਚ ਇਕੁਵੰਟੀ ਕਿਹਾ ਜਾਂਦਾ ਹੈ-ਦਾ ਹੋਣਾ ਜ਼ਰੂਰੀ ਹੈ। ਇਕ ਬੈਂਕ ਦੀ ਜੇ ਕੁੱਲ ਪੂੰਜੀ 100 ਕਰੋੜ ਹੈ ਤਾਂ ਉਹ 1000 ਕਰੋੜ ਰੁਪਏ ਦੇ ਕਰਜ਼ੇ ਦੇ ਸਕਦਾ ਹੈ ਅਤੇ ਜੇ ਉਹਦੇ ਡੁੱਬਤ ਕਰਜ਼ੇ ਦੀ ਰਾਸ਼ੀ 50 ਕਰੋੜ ਹੋਵੇ ਅਤੇ ਉਹ ਇਹਦੇ ਉਤੇ ਲੀਕ ਫੇਰਨੀ ਚਾਹੇ ਤਾਂ ਉਹ ਦੀ ਪੂੰਜੀ 'ਚੋਂ ਇਹ ਰਾਸ਼ੀ ਘੱਟ ਜਾਵੇਗੀ ਅਤੇ ਉਹਦੀ ਪੂੰਜੀ 50 ਕਰੋੜ ਰਹਿ ਜਾਵੇਗੀ ਅਤੇ ਉਹਦਾ ਬਕਾਇਆ ਕਰਜ਼ 950 ਕਰੋੜ ਰਹਿ ਜਾਵੇਗਾ। ਹੁਣ ਉਹ ਬੈਂਕ ਨੂੰ ਫਿਰ ਪੈਰਾਂ ਸਿਰ ਖੜ੍ਹੇ ਕਰਨ ਲਈ 45 ਕਰੋੜ ਦੀ ਹੋਰ ਰਾਸ਼ੀ ਦੀ ਲੋੜ ਹੋਵੇਗੀ ਨਹੀਂ ਤਾਂ ਬੈਂਕ ਹੋਰ ਕਰਜ਼ਾ ਨਹੀਂ ਦੇ ਸਕਦਾ। ਇਹ ਇਕ ਬੈਂਕਿੰਗ ਸੰਕਟ ਹੈ ਜਿਹਦੇ ਹੱਲ ਲਈ ਸਰਕਾਰ ਬੈਂਕਾਂ ਵਿਚ ਲੋਕਾਂ ਦੀ ਪੂੰਜੀ ਪਾ ਕੇ ਉਹਨੂੰ ਜਿਉਂਦੇ ਰੱਖਦੀ ਹੈ ਪਰ ਇਹ ਜੱਗ ਜ਼ਾਹਿਰ ਨਹੀਂ ਕਰਦੀ ਕਿ ਡੁੱਬੀ ਪੂੰਜੀ ਕਿਥੇ ਡੁੱਬੀ ਹੈ ਅਤੇ ਇਹਨੂੰ ਹੜੱਪਣ ਵਾਲਾ ਕੌਣ ਹੈ? ਖੈਰ ਇਸ ਸਵਾਲ ਨੂੰ ਇਥੇ ਹੀ ਬੰਦ ਕਰਦਿਆਂ ਅਸੀਂ ਫਿਰ ਉਥੇ ਆਵਾਂਗੇ ਕਿ ਡੁੱਬਤ ਕਰਜ਼ਿਆਂ ਦੀ ਰਾਸ਼ੀ 50 ਤੋਂ ਵੱਧ ਵੱਡੇ ਪੂੰਜੀਪਤੀ ਘਰਾਣਿਆਂ ਵੱਲ ਹੈ। ਇਹ ਬੈਂਕਾਂ ਦੇ ਕੁੱਲ ਡੁੱਬਤ ਕਰਜ਼ੇ ਦਾ 80 ਫੀ ਸਦੀ ਹੈ। ਛੋਟੇ ਕਰਜ਼ਈ ਵਰਗ-ਕਿਸਾਨ ਤੇ ਹੋਰ ਤਾਂ ਐਵੇਂ ਬਦਨਾਮ ਹਨ ਉਹ ਸਿਰਫ਼ 20 ਫੀਸਦੀ ਡੁੱਬਤ ਕਰਜ਼ੇ ਦੇ ਕੇ ਜ਼ਿੰਮੇਵਾਰ ਹਨ। ਸਰਕਾਰ ਨੂੰ ਉਨ੍ਹਾਂ 50-55 ਘਰਾਣਿਆਂ ਵੱਲ ਡੁੱਬੀ ਪੂੰਜੀ ਦਾ ਫਿਕਰ ਹੈ ਉਹ ਸਰਕਾਰੀ ਖਜ਼ਾਨੇ 'ਚੋਂ ਉਨ੍ਹਾਂ ਦੇ ਕਰਜ਼ੇ ਅਡੋਪਲੇ ਜਿਹੇ ਹੀ ਅਦਾ ਕਰ ਰਹੀ ਹੈ। ਪਿਛਲੇਰੇ ਪੰਜ ਸਾਲਾਂ ਵਿਚ ਸਰਕਾਰੀ ਟੈਕਸਾਂ ਨਾਲ ਇਕੱਠੀ ਲੋਕਾਂ ਦੀ ਪੂੰਜੀ 'ਚੋਂ ਬੈਂਕਾਂ ਨੂੰ ਪੈਰਾਂ ਸਿਰ ਕਰਨ ਲਈ 2,49000 ਦੀ ਰਕਮ ਦਿੱਤੀ ਹੈ। ਜਾਂ ਕਹੋ ਵੱਡੇ ਕਾਰਪੋਰੇਟੀ ਪੂੰਜੀ ਦੇ ਡੁੱਬਤ ਕਰਜ਼ਿਆਂ ਨੂੰ ਸਰਕਾਰੀ ਖਜ਼ਾਨੇ 'ਚੋਂ ਅਦਾ ਕੀਤਾ ਹੈ। ਨਾਲ 2016-17 ਵਿਚ ਹੀ 81000 ਕਰੋੜ ਦੇ ਡੁੱਬਤ ਕਰਜ਼ਿਆਂ ਨੂੰ ਬੈਂਕਾਂ ਨੇ ਖਾਰਜ ਕੀਤਾ ਹਾਲਾਂਕਿ ਵਿੱਤ ਮੰਤਰੀ ਜੇਤਲੀ ਨੇ ਦੇਸ਼ ਦੇ ਲੋਕਾਂ ਸਾਹਮਣੇ ਸਾਫ਼ ਅਤੇ ਪਵਿੱਤਰ ਝੂਠ ਸੰਸਦ ਵਿਚ ਬੋਲਿਆ ਕਿ ਵੱਡੇ ਪੂੰਜੀਪਤੀਆਂ ਦਾ ਕੋਈ ਪੈਸਾ ਮੁਆਫ਼ ਨਹੀਂ ਕੀਤਾ। ਸਾਨੂੰ ਉਹਦੇ ਝੂਠ ਬੋਲਣ ਦੇ ਕੋਈ ਗਿੱਲਾ ਨਹੀਂ ਕਿਉਂਕਿ ਪੂੰਜੀ ਦੀ ਵਿਵਸਥਾ ਝੂਠ ਦੇ ਅਡੰਬਰ ਦੇ ਸਹਾਰੇ ਹੀ ਖੜ੍ਹੀ ਹੁੰਦੀ ਹੈ ਅਤੇ ਚਲਦੀ ਹੈ।

ਅਸੀਂ ਪਹਿਲਾਂ ਇਸ ਸਵਾਲ ਨੂੰ ਸੰਬੋਧਤ ਹੋਵਾਂਗੇ ਕਿ ਸਰਕਾਰ ਬੈਂਕਾਂ ਨੂੰ ਉਨ੍ਹਾਂ ਦੇ ਡੁੱਬਤ ਪੂੰਜੀ ਦੇ ਚੱਕਰ 'ਚੋਂ ਕੱਢਣ ਲਈ ਦੋ ਲੱਖ ਗਿਆਰਾਂ ਹਜ਼ਾਰ (2,11000) ਕਰੋੜ ਦੀ ਰਾਸ਼ੀ ਕਿਵੇਂ ਇਕੱਠੀ ਕਰਨ ਜਾ ਰਹੀ ਹੈ? ਉਹਦੀ ਇਕ ਯੋਜਨਾ ਤਾਂ ਇਹ ਹੈ ਕਿ, 1,30000 ਕਰੋੜ ਦੇ 'ਮੁੜ ਪੂੰਜੀਕਰਨ ਬੌਂਡ' ਜਾਰੀ ਕੀਤੇ ਜਾਣਗੇ। ਮਤਲਬ ਇਹ ਰਕਮ ਸਰਕਾਰ ਬੈਂਕਾਂ ਤੋਂ ਉਧਾਰ ਲਵੇਗੀ ਅਤੇ ਉਨੀ ਰਕਮ ਦੇ ਹੀ ਪੂੰਜੀ ਨਿਵੇਸ਼ ਦੇ ਰੂਪ ਵਿਚ ਵਾਪਸ ਕਰੇਗੀ ਅਤੇ 58000 ਕਰੋੜ ਦੀ ਰਾਸ਼ੀ ਸ਼ੇਅਰ ਬਾਜ਼ਾਰ ਵਿਚ ਆਪਣੇ ਖੁਦ ਦੇ ਬਲਬੂਤੇ ਸ਼ੇਅਰ ਵੇਚ ਕੇ ਇਕੱਠਾ ਕਰੇਗੀ ਅਤੇ 23000 ਕਰੋੜ ਦੀ ਰਕਮ ਸਰਕਾਰ ਲੋਕਾਂ ਉਤੇ ਵਾਧੂ ਟੈਕਸ ਦੇ ਇਕੱਠਾ ਕਰੇਗੀ। ਇਹ ਅਗਲੇਰੇ ਦੋ ਸਾਲਾਂ ਦੀ ਯੋਜਨਾ ਹੈ। ਸਰਕਾਰ ਬੈਂਕਾਂ ਤੋਂ 1,30,0000 ਕਰੋੜ ਦਾ ਜਿਹੜਾ ਫਰਜ਼ੀ ਉਧਾਰ ਲੈ ਰਹੀ ਹੈ ਉਹਦਾ ਹਰ ਸਾਲ ਬੈਂਕਾਂ ਨੂੰ 9000 ਕਰੋੜ ਦਾ ਵਾਧੂ ਵਿਆਜ ਭੁਗਤਾਨ ਵੀ ਕਰੇਗੀ ਅਤੇ ਲੋਕਾਂ ਦੇ ਟੈਕਸ 'ਚੋਂ 1,30000 ਕਰੋੜ ਬੈਂਕਾਂ ਨੂੰ ਵੀ ਟੈਕਸਾਂ ਦੀ ਰਾਸ਼ੀ 'ਚੋਂ ਅਦਾ ਕਰੇਗੀ। ਇਸ ਅਲਜਰਬੇ ਦੇ ਸਵਾਲ ਨੂੰ ਜੋ ਸਮਝੇ ਕਿ ਸਰਕਾਰ ਪਹਿਲਾਂ 1,30000 ਕਰੋੜ ਦਾ ਕਰਜ਼ਾ ਲਵੇਗੀ ਫਿਰ 1,30000 ਕਰੋੜ ਬੈਂਕਾਂ ਨੂੰ ਦੇਵੇਗੀ ਅਤੇ ਅਗਲੇਰੇ ਸਾਲਾਂ ਵਿਚ ਹਰ ਸਾਲ 9000 ਕਰੋੜ ਰੁਪਏ ਦਾ ਵਿਆਜ ਵੀ ਅਦਾ ਕਰੇਗੀ। ਇਹ ਪੈਸਾ ਸਰਕਾਰ ਕੋਲ ਕਿਥੋਂ ਆਵੇਗਾ ਲੋਕਾਂ ਤੋਂ ਉਗਰਾਹੇ ਟੈਕਸਾਂ ਤੋਂ ਬੈਂਕਾਂ ਦਾ ਪੈਸਾ ਜਿਹੜੇ ਮਾਰ ਕੇ ਬੈਠੇ ਹਨ ਸਿਰਫ਼ 50 ਘਰਾਣੇ। 50 ਘਰਾਣਿਆਂ ਦੀ ਜਾਇਦਾਦ ਜਬਤ ਕਰਕੇ ਡੁੱਬਤ ਕਰਜ਼ਾ ਨਹੀਂ ਵਸੂਲਿਆ ਜਾਵੇਗਾ। ਸਗੋਂ ਬੈਂਕਾਂ ਨੂੰ ਸੰਕਟ 'ਚੋਂ ਕੱਢਣ ਲਈ ਸਰਕਾਰੀ ਖਜ਼ਾਨੇ 'ਚੋਂ ਅਦਾ ਕੀਤਾ ਜਾਵੇਗਾ। ਉਨ੍ਹਾਂ 50 ਕਾਰਪੋਰੇਟ ਘਰਾਣਿਆਂ ਦਾ ਕਰਜ਼ਾ ਦੇਸ਼ ਦੀ 90 ਫੀਸਦੀ ਜਨਤਾ ਟੈਕਸ ਦੇ ਕੇ ਅਦਾ ਕਰੇਗੀ। ਉਨ੍ਹਾਂ 50 ਘਰਾਣਿਆਂ 'ਚੋਂ ਕਿਸੇ ਦਾ ਵੀ ਇਕ-ਇਕ ਲੱਖ ਕਰੋੜ ਰੁਪਏ ਤੋਂ ਘੱਟ ਦਾ ਕਰਜ਼ਾ ਨਹੀਂ ਹੈ। ਨਾ ਹੀ ਉਹ ਦੋ-ਦੋ ਤਿੰਨ-ਤਿੰਨ ਲੱਖ ਦੇ ਕਰਜ਼ਈ ਕਿਸਾਨਾਂ ਵਾਂਗੂੰ ਖੁਦਕਸ਼ੀ ਲਈ ਮਜ਼ਬੂਰ ਹੋਣ ਵਾਲਿਆਂ 'ਚੋਂ ਹਨ।

ਖੈਰ ਉਪਰੋਕਤ ਹਵਾਲਾ ਸਾਨੂੰ ਇਸ ਲਈ ਦੇਣਾ ਪਿਆ ਕਿ ਬੈਂਕਾਂ ਦੇ ਜਿਹੜੇ ਸੰਕਟ 'ਚੋਂ ਇਕ ਰਾਹ ਸਰਕਾਰ ਇਹ ਫੜ ਰਹੀ ਹੈ ਉਹਦਾ ਦੂਸਰਾ ਪਾਸਾ ਹੈ ਐਫ. ਆਰ. ਡੀ. ਆਈ. ਬਿੱਲ 2017, 1961 ਵਿਚ ਇਕ ਬਿੱਲ ਆਇਆ ਸੀ ਜਿਸ ਨੂੰ ਜਮ੍ਹਾਂ ਰਾਸ਼ੀ ਬੀਮਾ ਕਰੈਡਿਟ ਗਰੰਟੀ ਨਿਗਮ ਅਧਿਨਿਯਮ (ਡਿਪਾਜ਼ਟ ਇੰਸ਼ੋਰੈਂਸ ਐਂਡ ਕਰੈਡਿਟ ਗਰੰਟੀ ਕਾਰਪੋਰੇਸ਼ਨ ਐਕਟ)। ਇਸ ਕਾਨੂੰਨ ਮੁਤਾਬਕ ਜੇ ਕੋਈ ਬੈਂਕ ਡੁੱਬਦਾ ਭਾਵ ਦੀਵਾਲੀਆ ਹੁੰਦਾ ਸੀ ਤਾਂ ਲੋਕਾਂ ਵਲੋਂ ਜਮ੍ਹਾਂ ਕੀਤੀ ਗਈ ਇਕ ਲੱਖ ਤੱਕ ਦੀ ਰਾਸ਼ੀ ਦਾ ਬੀਮਾ ਹੁੰਦਾ ਸੀ। ਇਹ ਕਾਨੂੰਨ ਇਸ ਕਰਕੇ ਬਣਾਇਆ ਗਿਆ ਸੀ ਤਾਂ ਕਿ ਲੋਕਾਂ ਦਾ ਇਹ ਵਿਸ਼ਵਾਸ ਬਣੇ ਕਿ ਜੇ ਉਹ ਕਿਸੇ ਵੀ ਭਾਰਤੀ ਪਬਲਿਕ ਖੇਤਰ ਦੇ ਬੈਂਕ ਵਿਚ ਪੈਸਾ ਜਮ੍ਹਾਂ ਕਰਵਾਉਂਦੇ ਹਨ ਤਾਂ ਉਨ੍ਹਾਂ ਦਾ ਪੈਸਾ ਸੁਰੱਖਿਅਤ ਹੈ ਅਤੇ ਉਹ ਕਿਸੇ ਵੇਲੇ ਵੀ ਇਹਨੂੰ ਕਢਵਾ ਸਕਦੇ ਹਨ। ਨਵਾਂ ਐਫ. ਆਰ. ਡੀ. ਆਈ. ਬਿੱਲ 2017 ਵਿਚ ਕਈ ਮੱਦਾ ਹਨ ਜਿਹੜੀਆਂ ਇਨ੍ਹਾਂ ਕਾਨੂੰਨਾਂ ਨੂੰ ਬਦਲ ਦੇਣਗੀਆਂ।

ਦੇਖਣ ਨੂੰ ਇਹ ਕਾਨੂੰਨ ਵਿੱਤੀ ਅਨੁਸ਼ਾਸਨ ਨੂੰ ਮਜਬੂਤ ਕਰਨ ਵਾਲਾ ਲੱਗਦਾ ਹੈ ਅਤੇ ਸਰਕਾਰੀ ਦਾਅਵੇ ਮੁਤਾਬਕ ਵੀ ਕੌਮਾਂਤਰੀ ਪੱਧਰ 'ਤੇ ਹੋ ਰਹੀਆਂ ਤਬਦੀਲੀਆਂ ਦੇ ਮੱਦੇਨਜ਼ਰ ਭਾਰਤੀ ਬੈਂਕਿੰਗ ਪ੍ਰਣਾਲੀ ਨੂੰ ਢੁਕਵੀਂ ਮਜਬੂਤ ਅਤੇ ਤਾਕਤਵਰ ਰੂਪ ਵਿਚ ਵਿਕਸਿਤ ਕਰਨ ਅਤੇ ਕੌਮਾਂਤਰੀ ਰੁਤਬੇ ਦੇ ਬਰਾਬਰ ਖੜ੍ਹਾ ਕਰਨ ਲਈ ਚੁੱਕੇ ਗਏ ਕਦਮ ਹਨ। ਪਰ ਇਸ ਬਿੱਲ ਨਲ ਜਿਹੜੇ ਦੀਵਾਲੀਆ ਕੋਡ ਜੁੜੇ ਹੋਏ ਹਨ ਉਹ ਆਮ ਨਾਗਰਿਕਾਂ ਦੀਆਂ ਬਚਤ ਰਾਸ਼ੀਆਂ ਜਾਂ ਅਸਾਸਿਆਂ ਦੀ ਸੁਰੱਖਿਆ ਦੀ ਗਰੰਟੀ ਦੇਣ ਦੀ ਥਾਂ ਖਤਰਾ ਖੜ੍ਹਾ ਕਰਨ ਵਾਲੇ ਹਨ। ਇਸ ਬਿੱਲ ਦੇ ਨਾਂ ਤੋਂ ਹੀ ਜ਼ਾਹਿਰ ਹੈ ਕਿ ਇਸ ਦੇ ਘਰੇ ਵਿਚ ਬੈਂਕ ਅਤੇ ਬੀਮਾ ਕੰਪਨੀਆਂ ਸਮੇਤ ਉਹ ਸਾਰੀਆਂ ਵਿੱਤੀ ਸੰਸਥਾਵਾਂ ਸ਼ਾਮਲ ਹਨ ਜਿਨ੍ਹਾਂ ਵਿਚ ਨਾਗਰਿਕ ਆਪਣੇ ਭਵਿੱਖ ਦੀ ਸੁਰੱਖਿਆ ਲਈ ਆਪਣੀ ਬਚਤ ਰਾਸ਼ੀ ਜਮ੍ਹਾਂ ਕਰਵਾਉਂਦੇ ਹਨ। 2008 'ਚ ਜਦੋਂ ਵਿਸ਼ਵ ਭਿਆਨਕ ਵਿੱਤੀ ਸੰਕਟ ਵਿਚ ਫਸਿਆ ਸੀ ਅਤੇ ਇਸ ਦੀ ਗ੍ਰਿਫ਼ਤ ਵਿਚ ਅਮਰੀਕੀ ਬੈਂਕ ਜ਼ਿਆਦਾ ਆਏ ਸਨ ਤਾਂ ਕੌਮਾਂਤਰੀ ਪੱਧਰ ਉਤੇ ਬੈਂਕਿੰਗ ਪ੍ਰਬੰਧਨ ਵਿਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਗਈਆਂ ਸਨ। ਆਮ ਨਾਗਰਿਕ ਵੀ ਪਹਿਚਾਣ ਸਕਦਾ ਹੈ ਜਦੋਂ ਉਹ ਵਿਸ਼ੇਸ਼ ਕਰਕੇ ਬੀਮਾ ਕੰਪਨੀਆਂ ਦੇ ਨਾਂ ਨਾਲ ਦੇਖੇ ਜਿਵੇਂ ਕੋਡਕ ਮਹਿੰਦਰਾ, ਏ. ਆਈ. ਜੀ. ਟਾਟਾ। ਹੁਣ ਕੋਡਕ ਵਿਦੇਸ਼ੀ ਕੰਪਨੀ ਹੈ ਮਹਿੰਦਰਾ ਭਾਰਤੀ, ਏ. ਆਈ. ਜੀ. ਵਿਦੇਸ਼ੀ ਅਤੇ ਟਾਟਾ ਭਾਰਤੀ। ਇਵੇਂ ਹੀ ਹਰ ਭਾਰਤੀ ਪਬਲਿਕ ਖੇਤਰ ਦੇ ਬੈਂਕਾਂ ਦੀ ਸਾਂਝ ਜਾਂ ਸੁਰੱਖਿਆ ਲਿੰਕ ਵੀ ਵਿਦੇਸ਼ੀ ਬੈਂਕਾਂ ਨਾਲ ਹਨ। ਇਹ ਟੌਚਨ ਸਬੰਧੀ ਵਿਸ਼ਵ ਸਾਮਰਾਜੀ ਪੂੰਜੀ ਵਲੋਂ ਆਪਣੇ ਸੰਕਟ ਨੂੰ ਦੂਸਰਿਆਂ ਉਤੇ ਲੱਦਣ ਦੇ ਰਾਹ ਦਾ ਹੀ ਹਿੱਸਾ ਸਨ ਅਤੇ ਹਨ। ਯਾਦ ਹੋਵੇਗਾ ਕਿ 2008 ਵਿਚ ਦੁਨੀਆਂ ਦੇ ਇਸ ਵਿੱਤੀ ਸੰਕਟ 'ਚ ਕਈ ਬੈਂਕਾਂ ਦੀਵਾਲੀਆ ਹੋ ਗਈਆਂ ਅਤੇ ਲੋਕਾਂ ਦੇ ਅਸਾਸੇ (ਰਾਸ਼ੀਆਂ) ਦੇਣ ਤੋਂ ਮੁਕਰ ਗਈਆਂ ਭਾਵ ਭੱਜ ਗਈਆਂ। ਉਸ ਦੌਰ ਵਿਚ ਭਾਰਤੀ ਬੈਂਕਿੰਗ ਪ੍ਰਬੰਧ ਜ਼ਿਆਦਾ ਪ੍ਰਭਾਵਿਤ ਨਹੀਂ ਸੀ ਹੋ ਸਕਿਆ ਅਤੇ ਉਸ ਦੌਰ ਤੱਕ ਕਾਰਪੋਰੇਟੀ ਪੂੰਜੀ ਦਾ ਡੁੱਬਤ ਕਰਜ਼ਾ ਵੀ ਐਨਾ ਜ਼ਿਆਦਾ ਨਹੀਂ ਸੀ ਪਰ ਪਿਛਲੇਰੇ 10 ਸਾਲਾਂ ਵਿਚ ਇਹ ਡੁੱਬਤ ਕਰਜ਼ਾ ਵੀ ਵਧਿਆ ਹੈ ਅਤੇ ਸਰਕਾਰ ਵਲੋਂ ਕਾਰਪੋਰੇਟ ਪੂੰਜੀ ਲਈ ਸਰਕਾਰੀ ਖਾਤੇ 'ਚੋਂ ਦਿੱਤੀ ਜਾਣਕਾਰੀ ਰਾਸ਼ੀ ਵੀ ਵਧੀ ਹੈ। ਮਿਸਾਲ ਲਈ 2007-08 ਵਿਚ ਸਰਕਾਰ ਨੇ 809 ਕਰੋੜ ਦੀ ਰਾਸ਼ੀ ਡੁੱਬਤ ਕਰਜ਼ੇ ਦੀ ਭਰਪਾਈ ਲਈ ਜਾਰੀ ਕੀਤੀ ਸੀ। ਪਰ 2017-18 ਵਿਚ ਇਹ ਵਧ ਕੇ 55350 ਕਰੋੜ ਤੱਕ ਪਹੁੰਚ ਗਈ। ਯਾਦ ਰਹੇ ਜਿਵੇਂ ਅਸੀਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਇਹ ਵੱਡੇ ਕਾਰਪੋਰੇਟੀ ਘਰਾਣਿਆਂ ਨੂੰ ਦਿੱਤੀਆਂ ਮੁਆਫ਼ੀਆਂ ਦੇ ਰੂਪ ਵਿਚ ਹੀ ਹੈ। ਉਪਰੋਕਤ ਤੋਂ ਮੁੜ ਦੁਹਰਾਉਣ ਦਾ ਮਤਲਬ ਇਹ ਦੱਸਣਾ ਹੀ ਹੈ ਕਿ 2008 ਵਿਚ ਜਿਥੇ ਬੈਂਕਾਂ ਦੀ ਸਥਿਤੀ ਬਿਹਤਰ ਸੀ ਉਥੇ 2017-18 ਤੱਕ ਕਿੰਨੀ ਭਿਆਨਕਤਾ ਦੀ ਹੱਕ ਤੱਕ ਪਹੁੰਚ ਗਈ। ਕਾਰਪੋਰੇਟੀ ਪੂੰਜੀ ਸਰਕਾਰਾਂ ਨਾਲ ਸਾਂਠ-ਗਾਂਠ ਕਰਕੇ ਕਿਵੇਂ ਲੋਕਾਂ ਦੀ ਬੈਂਕਾਂ 'ਚ ਪਈ ਬਚਤ ਨੂੰ ਡਕਾਰ ਰਹੀ ਹੈ ਅਤੇ ਸਰਕਾਰਾਂ ਭਰਪਾਈ ਕਰਦੀਆਂ ਆ ਰਹੀਆਂ ਹਨ। ਇਹਨੂੰ ਕਰੋਨੀ ਭਾਵ ਯਾਰਾਨਾ ਪੂੰਜੀ ਵੀ ਕਿਹਾ ਜਾਂਦਾ ਹੈ ਜਿਹੜੀ ਕਾਰਪੋਰੇਟੀ ਪੂੰਜੀ ਸਰਕਾਰਾਂ ਤੋਂ ਹਾਸਲ ਕਰ ਰਹੀਆਂ ਹਨ ਅਤੇ ਉਨ੍ਹਾਂ ਦੀ ਪੂੰਜੀ ਦੇ ਅੰਬਾਰ ਵਧ ਰਹੇ ਹਨ।

ਹੁਣ ਅਸੀਂ ਆਪਣੇ ਅਸਲ ਮਕਸਦ ਉਤੇ ਆਵਾਂਗੇ ਕਿ ਇਸ ਨਵੇਂ ਬਿੱਲ ਵਿਚ ਜਿਹੜੀ ਖਤਰਨਾਕ ਮਦ ਬੇਲ ਇਕ ਦੀ ਹੈ ਉਹਦਾ ਕੀ ਭਾਵ ਹੈ। ਪਹਿਲਾਂ ਬੇਲ ਆਊਟ ਭਾਰੂ ਰਿਹਾ ਹੈ ਜਿਸ ਮੁਤਾਬਕ ਜਦੋਂ ਕੋਈ ਕੰਪਨੀ ਜਾਂ ਬੈਂਕ ਜਾਂ ਵਿੱਤੀ ਅਦਾਰਾ ਬੀਮਾਰ ਹੋ ਜਾਂਦਾ ਸੀ ਤਾਂ ਉਸ ਨੂੰ ਪੂੰਜੀ ਦੇ ਕੇ (ਭਾਵ ਲਾ ਕੇ) ਜਾਂ ਹੋਰ ਸਰੋਤਾਂ ਰਾਹੀਂ ਸਹਾਇਤਾ ਦੇ ਕੇ ਸੰਕਟ 'ਚੋਂ ਕੱਢਿਆ ਜਾਂਦਾ ਸੀ ਅਤੇ ਹੈ। ਬੇਲ ਇਨ ਮੁਤਾਬਕ ਖਾਤਾ ਧਾਰਕਾਂ ਭਾਵ ਵਿੱਤੀ ਸੰਸਥਾਵਾਂ ਦੇ ਗ੍ਰਾਹਕਾਂ ਜਾਂ ਨਾਗਰਿਕਾਂ ਦੀ ਜਿਹੜੀ ਪੂੰਜੀ ਪਈ ਹੈ, ਨੂੰ ਇਸ ਮੰਤਵ ਲਈ ਵਰਤਿਆ ਜਾਂਦਾ ਹੈ। ਸਾਫ਼ ਸ਼ਬਦਾਂ 'ਚ ਸਮਝਣ ਲਈ ਬੇਲ ਆਊਟ ਲਈ ਸਰਕਾਰੀ ਸਰੋਤਾਂ ਰਾਹੀਂ ਰਾਸ਼ੀ ਆਉਂਦੀ ਸੀ। ਬੇਲ ਇਨ ਲਈ ਬੈਂਕਾਂ ਵਿਚ ਸੁਰੱਖਿਅਤ ਲੋਕਾਂ ਦੇ ਪੈਸੇ ਨੂੰ ਵਰਤਿਆ ਜਾਂਦਾ ਹੈ ਅਤੇ ਇਸ ਬੇਲ ਇਨ ਵਿਚ ਜਿਹੜੀਆਂ ਤਬਦੀਲੀਆਂ ਕੀਤੀਆਂ ਹਨ ਉਸ ਮੁਤਾਬਕ ਬੈਂਕਾਂ ਵਿਚ ਪਏ ਲੋਕਾਂ ਦੇ ਪੈਸੇ ਨੂੰ ਜਦੋਂ ਵਰਤਿਆ ਜਾਵੇਗਾ ਤਾਂ ਅਜਿਹਾ ਕਰਦਿਆਂ ਜਾਂ ਤਾਂ ਖਾਤਾਧਾਰਕਾਂ ਦੀਆਂ ਦੇਣਦਾਰੀਆਂ ਨੂੰ ਮਨਸੂਖ ਕੀਤਾ ਜਾਵੇਗਾ ਜਾਂ ਫਿਰ ਉਸ ਅਦਾਰੇ ਦੀ ਹਿੱਸਾ ਪੱਤੀ ਵਿਚ ਬਦਲ ਦਿੱਤਾ ਜਾਵੇਗਾ। ਮਿਸਾਲ ਲਈ ਇਕ ਖਾਤਾ ਧਾਰਕ ਬੈਂਕ ਵਿਚ ਭਵਿੱਖ ਦੀ ਸੁਰੱਖਿਆ ਲਈ ਰਾਸ਼ੀ ਰੱਖਦਾ ਹੈ, ਪਰ ਬੈਂਕ ਜਦੋਂ ਚਾਹੇ ਇਸ ਨੂੰ ਆਪਣੇ ਹਿੱਸਾ ਪੱਤੀ ਵਿਚ ਤਬਦੀਲ ਕਰ ਲਵੇਗੀ ਅਤੇ ਇਉਂ ਜੇ ਬੈਂਕ ਘਾਟੇ ਵਿਚ ਜਾ ਰਹੀ ਹੈ ਭਾਵ ਉਹਦੇ ਡੁੱਬਤ ਕਰਜ਼ੇ ਵਧ ਰਹੇ ਹਨ, ਉਹਦੀਆਂ ਲੈਣਦਾਰੀਆਂ ਰੁਕ ਗਈਆਂ ਹਨ ਉਹਦਾ ਭਾਰ ਚੁਪਕੇ ਜੇਹੇ ਉਨ੍ਹਾਂ ਖਾਤਾਧਾਰਕਾਂ ਨੂੰ ਚੁੱਕਣਾ ਪਵੇਗਾ ਜਿਨ੍ਹਾਂ ਨੇ ਬਚਤ ਰਾਸ਼ੀ ਜਮ੍ਹਾਂ ਕਰਵਾਈ ਹੈ। ਸਰਕਾਰੀ ਭਾਵ ਪਬਲਿਕ ਖੇਤਰ ਦੇ ਬੈਂਕਾਂ ਵਿਚ ਲੋਕ ਇਸ ਵਿਸ਼ਵਾਸ ਨਾਲ ਪੈਸਾ ਜਮ੍ਹਾਂ ਕਰਵਾਉਂਦੇ ਸਨ ਕਿ ਇਥੇ ਸੁਰੱਖਿਆ ਹੈ ਪਰ ਸਰਕਾਰ, ਜਿਹੜੀ ਕਿ ਕਾਰਪੋਰੇਟੀ ਪੂੰਜੀ ਦੀ ਹਿਤੈਸ਼ੀ ਹੈ, ਉਹ ਲੋਕਾਂ ਦੀ ਭਵਿੱਖ ਲਈ ਜਮ੍ਹਾਂ ਕੀਤੀ ਕਿਰਤ ਕਮਾਈ ਨੂੰ ਹੜੱਪਣ ਤੱਕ ਉਤਰ ਆਈ ਹੈ।

ਹਰ ਆਦਮੀ ਬੈਂਕਾਂ ਨਾਲ ਜੋੜ ਲਓ, ਹਰ ਅਦਾਇਗੀ ਬੈਂਕਾਂ ਰਾਹੀਂ ਕਰੋ, ਹਰ ਬਚਤ ਬੈਂਕਾਂ ਵਿਚ ਰੱਖੋ, ਨੋਟ ਕਰੰਸੀ ਤੋਂ ਮੁਕਤ ਹੋਵੇ ਅਤੇ ਜੇ ਬੈਂਕ ਵਿਚ ਤੁਹਾਡੀ ਪੂੰਜੀ ਪਈ ਹੈ ਤਾਂ ਇਸ ਨਵੇਂ ਬਿੱਲ ਨਾਲ ਉਹ ਵੀ ਸਰਕਾਰ ਵਲੋਂ ਮਾਰੇ ਜਾਣ ਵਾਲੇ ਡਾਕੇ ਦੇ ਜੁਬਾੜੇ ਹੇਠ ਆ ਗਈ ਹੈ। ਇਸ ਬਿੱਲ ਦੇ ਖਰੜੇ ਵਿਚ ਅਜਿਹੀਆਂ ਮੱਦਾਂ ਹਨ ਜਿਹੜੀਆਂ



ਪੁਰਾਣੇ ਬੈਂਕਿੰਗ ਕਾਨੂੰਨਾਂ ਨੂੰ ਬਦਲ ਦੇਣਗੀਆਂ। ਯਾਦ ਕਰੋ ਜਦੋਂ ਫਰਵਰੀ 2016 ਵਿਚ ਬਜਟ ਭਾਸ਼ਣ ਵਿਚ ਵਿੱਤ ਮੰਤਰੀ ਕਹਿ ਰਿਹਾ ਸੀ ਕਿ 'ਸਰਕਾਰ ਇਕ ਅਜਿਹਾ ਢਾਂਚਾ ਖੜ੍ਹਾ ਕਰਨਾ ਚਾਹੁੰਦੀ ਹੈ ਜਿਹਦੇ ਨਾਲ ਬੈਂਕਾਂ ਵਰਗੇ ਅਦਾਰਿਆਂ ਵਿਚ ਬੇਹਤਰ ਅਨੁਸ਼ਾਸਨ ਲਿਆਂਦਾ ਜਾ ਸਕੇ। ਲੋਕਾਂ ਦੀ ਜਮ੍ਹਾਂ ਪੂੰਜੀ ਦੇ ਇੰਤਜ਼ਾਮ ਮਜਬੂਤ ਹੋਣ।' ਪਰ ਇਹ ਐਫ. ਆਰ. ਡੀ. ਆਈ. 'ਚ ਖਰੜਾ ਵਿਸ਼ਾਲ ਮਿਹਨਤਕਸ਼ ਵਰਗ ਦੇ ਮਨ ਅੰਦਰ ਇਸ ਡਰ ਦਾ ਮਜ਼ਬੂਤ ਆਧਾਰ ਦਿੰਦੀ ਹੈ ਤਾਂ ਬੈਂਕਾਂ ਵਿਚ ਉਨ੍ਹਾਂ ਦਾ ਜਮ੍ਹਾਂ ਪੈਸਾ ਹੁਣ ਸੁਰੱਖਿਅਤ ਨਹੀਂ ਰਹੇਗਾ।

ਇਸ ਬਿੱਲ ਦੇ ਅਧੀਨ ਇਕ ਰੈਜ਼ੂਲੇਸ਼ਨ ਕਾਰਪੋਰੇਸ਼ਨ ਬਣਾਉਣ ਦਾ ਵੀ ਪ੍ਰਸਤਾਵ ਹੈ, ਜਿਹੜਾ ਇਹ ਤਹਿ ਕਰੇਗਾ ਕਿ ਕਿਸੇ ਵੀ ਬੈਂਕ ਵਿਚ ਜੋਖ਼ਿਮ ਦਾ ਕੀ ਪੱਧਰ ਹੈ ਅਤੇ ਉਹਦੇ ਮੁਤਾਬਕ ਸੁਧਾਰਾਂ ਲਈ ਪੁੱਟੇ ਜਾਣ ਵਾਲੇ ਕਦਮ ਦੀ ਵੀ ਸਿਫਾਰਸ਼ ਕਰੇਗਾ। ਇਹ ਕਾਰਪੋਰੇਸ਼ਨ, ਮੌਜੂਦਾ ਜਮ੍ਹਾਂ ਰਾਸ਼ੀ ਬੀਮਾ ਅਤੇ ਕਰੈਡਿਟ ਗਰੰਟੀ ਕਾਰਪੋਰੇਸ਼ਨ ਵੀ ਲਵੇਗਾ ਅਤੇ ਜਮ੍ਹਾਂ ਰਾਸ਼ੀ ਲਈ ਬੀਮਾ ਦੇਣ ਦਾ ਵੀ ਕੰਮ ਕਰੇਗਾ। ਪਰ ਹਕੀਕਤ ਇਹ ਕਿ ਇਸ ਬਿੱਲ ਵਿਚ ਨਾ ਤਾਂ ਬੀਮਾ ਨਿਰਧਾਰਤ ਕੀਤੀ ਗਈ ਰਾਸ਼ੀ ਦਾ ਜ਼ਿਕਰ ਹੈ, ਨਾ ਹੀ ਇਹ ਦੱਸਿਆ ਗਿਆ ਹੈ ਕਿ ਜੇ ਬੈਂਕ ਦੀਵਾਲੀਆ ਹੋਣ ਪਿਛੋਂ ਬੰਦ ਹੋ ਜਾਂਦਾ ਹੈ ਭਾਵ ਡੁੱਬ ਜਾਂਦਾ ਹੈ ਤਾਂ ਜਮ੍ਹਾਂ ਕਰਾਉਣ ਵਾਲੇ ਖਾਤਾਧਾਰਕ ਨੂੰ ਕਿੰਨੀ ਰਾਸ਼ੀ ਦਿੱਤੀ ਜਾਵੇਗੀ।

ਜਿਵੇਂ ਅਸੀਂ ਉਪਰ ਜ਼ਿਕਰ ਕਰ ਕੇ ਆਏ ਹਾਂ ਕਿ 'ਬੇਨ ਇਨ' ਦੀ ਜਿਹੜੀ ਖਤਰਨਾਕ ਮੱਦ ਹੈ, ਵਿਚ ਇਹ ਹੱਲ ਹੈ ਕਿ ਡੁੱਬਦੇ ਹੋਏ ਬੈਂਕ ਨੂੰ ਬਚਾਉਣ ਲਈ ਜਮ੍ਹਾਂ ਕਰਾਉਣ ਵਾਲੇ ਖਾਤਾਧਾਰਕਾਂ ਦੀ ਜਮ੍ਹਾਂ ਪੂੰਜੀ ਨੂੰ ਹੀ ਵਰਤਿਆ ਜਾ ਸਕਦਾ ਹੈ। ਇਸ ਦੀ ਬਿੱਲ ਦੀ ਧਾਰਾ 52 ਮੁਤਾਬਕ ਰੈਜ਼ੂਲੇਸ਼ਨ ਕਾਰਪੋਰੇਸ਼ਨ ਦੇ ਅਧਿਕਾਰ ਐਨੇ ਵਿਆਪਕ ਹਨ ਕਿ ਉਹ ਬੈਂਕ ਦੀ ਦੇਣਦਾਰੀ ਨੂੰ ਪੂਰੀ ਤਰ੍ਹਾਂ ਬਰਖ਼ਾਸਤ ਕਰ ਸਕਦਾ ਹੈ। ਜਿਹਦਾ ਮਤਲਬ ਇਹ ਹੈ ਕਿ ਬੈਂਕ ਐਲਾਨ ਕਰ ਸਕਦਾ ਹੈ ਕਿ ਉਹ ਤੁਹਾਡੀ ਜਮ੍ਹਾਂ ਕੀਤੀ ਗਈ ਰਾਸ਼ੀ ਨੂੰ ਵਾਪਸ ਕਰਨ ਲਈ ਜ਼ਿੰਮੇਵਾਰ ਨਹੀਂ ਹੈ। ਇਹ ਡਾਕਾਸ਼ਾਹੀ ਨਹੀਂ ਤਾਂ ਹੋਰ ਕੀ ਹੈ? ਲੋਕਾਈ ਨੇ ਆਪਣੇ ਖ਼ੂਨ ਪਸੀਨੇ ਦੀ ਕਮਾਈ ਭਵਿੱਖ ਲਈ ਬਚਤ ਵਜੋਂ ਜਮ੍ਹਾਂ ਕਰਵਾਈ ਹੋਵੇ ਅਤੇ ਬੈਂਕ ਹੀ ਜਵਾਬ ਦੇ ਦੇਵੇ ਕਿ ਮੈਂ ਕੁਝ ਦੇਣਾ ਹੀ ਨਹੀਂ ਤਾਂ ਸਰਕਾਰ ਅਜਿਹੇ ਕਾਨੂੰਨ ਬਣਾ ਕੇ ਕਿਹਨੂੰ ਮਜ਼ਬੂਤ ਕਰ ਰਹੀ ਹੈ। ਲੋਕਾਂ ਨੂੰ ਡੋਬਣ ਵਾਲੀ ਉਹ ਕਾਰਪੋਰੇਟੀ ਪੂੰਜੀ ਜਿਹਨੇ ਲੱਖਾਂ ਕਰੋੜਾਂ ਦੇ ਕਰਜ਼ੇ ਲਏ ਅਤੇ ਵਾਪਸ ਨਹੀਂ ਕੀਤੇ। ਬੈਂਕਾਂ ਕੋਲ ਇਹ ਅਧਿਕਾਰ ਕਿ ਜਿਨ੍ਹਾਂ ਜਮ੍ਹਾਂ ਕਰਵਾਇਆ ਉਹਨੂੰ ਉਹ ਕੁਝ ਨਹੀਂ ਦੇਣਗੇ। ਮੰਨ ਲਓ ਮੈਂ ਦੋ ਲੱਖ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੇ, ਤਾਂ ਬੈਂਕ ਇਸ ਰਾਸ਼ੀ ਨੂੰ ਆਪਣੀ ਮਰਜ਼ੀ ਨਾਲ ਫਿਕਸਡ ਡਿਪਾਜਟ ਵਿਚ ਪੰਜ ਸਾਲ ਤੱਕ ਲਈ ਤਬਦੀਲ ਕਰ ਲਵੇਗਾ ਅਤੇ ਬੈਂਕ ਬਚਤ ਖਾਤੇ ਦੀ ਰਾਸ਼ੀ ਜਾਂ ਫਿਕਸਡ ਡਿਪਾਜ਼ਟ ਦੀ ਰਾਸ਼ੀ ਨੂੰ ਮੇਰੀ ਇਜ਼ਾਜਤ ਤੋਂ ਬਿਨਾਂ ਹੀ 20 ਸਾਲਾਂ ਲਈ ਲਾਕਡ ਇਨਡਿਪਾਜ਼ਿਟ ਵਿਚ ਬਦਲ ਸਕਦਾ ਹੈ ਅਤੇ ਫਿਰ ਮੇਰੀ ਸਹਿਮਤੀ ਤੋਂ ਬਿਨਾਂ ਹੀ ਮੇਰੀ ਇਸ ਜਮ੍ਹਾਂ ਪੂੰਜੀ ਦੇ ਇਕ ਹਿੱਸੇ ਨੂੰ ਸੰਕਟਗ੍ਰਸਤ ਬੈਂਕ ਦੇ ਸ਼ੇਅਰ ਖ਼ੀਦਣ ਦੇ ਰੂਪ ਵਿਚ ਤਬਦੀਲ ਕਰ ਸਕਦਾ ਹੈ ਅਤੇ ਫਿਰ ਮੈਨੂੰ ਕੋਰਾ ਜਵਾਬ ਦੇ ਸਕਣ ਦਾ ਅਧਿਕਾਰ ਰੱਖਦਾ ਹੈ।

ਇਥੇ ਹੀ ਬੱਸ ਨਹੀਂ ਇਹ ਬਿੱਲ ਬੈਂਕ ਕਰਮਚਾਰੀਆਂ ਲਈ ਵੀ ਇਕ ਖਤਰਨਾਕ ਹਥਿਆਰ ਹੈ। ਬੈਂਕ ਕਰਮਚਾਰੀਆਂ ਦੇ ਅਧਿਕਾਰਾਂ ਨੂੰ ਵੀ ਇਸ ਬਿਲ ਨੇ ਸੀਮਤ ਕਰ ਦੇਣਾ ਹੈ। ਇਸ ਬਿੱਲ ਦੀਆਂ ਮੱਦਾਂ ਮੁਤਾਬਕ ਰੈਜ਼ੂਲੇਸ਼ਨ ਕਾਰਪੋਰੇਸ਼ਨ ਬੈਂਕ ਕਰਮਚਾਰੀਆਂ ਦੀ ਨੌਕਰੀ ਤੋਂ ਜਦੋਂ ਚਾਹੇ ਬਰਖਾਸਤ ਕਰ ਸਕਦਾ ਹੈ ਅਤੇ ਜਾਂ ਉਨ੍ਹਾਂ ਦੀਆਂ ਤਨਖਾਹਾਂ ਦੇ ਢਾਂਚੇ ਨੂੰ ਜਦੋਂ ਚਾਵੇ ਤਬਦੀਲ ਕਰ ਸਕਦਾ ਹੈ। ਇਸ ਵਿਚ ਇਹ ਵੀ ਦਰਜ ਹੈ ਕਿ ਜੇ ਬੈਂਕ ਆਪਣੇ ਕਰਮਚਾਰੀ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੰਦਾ ਹੈ ਤਾਂ ਉਹ ਕਿਸੇ ਵੀ ਕਿਸਮ ਦੇ ਮੁਆਵਜ਼ੇ ਦੀ ਮੰਗ ਦੇ ਵੀ ਦਾਅਵੇਦਾਰ ਨਹੀਂ ਹੋਣਗੇ। ਇਸ ਬਿੱਲ ਵਿਚ ਇਹ ਦਰਜ ਮੱਦਾਂ ਸੰਵਿਧਾਨ ਦੀ ਧਾਰਾ 32 ਦੇ ਹੇਠ ਉਨ੍ਹਾਂ ਲਈ ਗਰੰਟੀਸ਼ੁਦਾ ਸੰਵਿਧਾਨਕ ਅਧਿਕਾਰਾਂ ਉਤੇ ਸਿੱਧਾ ਹਮਲਾ ਹੈ। ਇਸ ਬਿੱਲ ਮੁਤਾਬਕ ਕਾਰਪੋਰੇਸ਼ਨ ਵਲੋਂ ਕੀਤੀ ਗਈ ਕਿਸੇ ਵੀ ਕਾਰਵਾਈ ਨੂੰ ਕੰਪਨੀ ਲਾਅ ਟ੍ਰਿਬਿਊਨਲ ਤੋਂ ਬਿਨਾਂ ਕਿਸੇ ਵੀ ਅਦਾਲਤ ਵਿਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ।

ਸਰਕਾਰ ਪਿਛਲੇਰੇ 60 ਸਾਲਾਂ ਵਿਚ ਦਿੱਤੇ ਗਏ ਜਾਂ ਟਰੇਡ ਯੂਨੀਅਨ ਜਾਂ ਲੋਕਾਂ ਵਲੋਂ ਲੜ ਕੇ ਹਾਸਲ ਕੀਤੇ ਅਧਿਕਾਰਾਂ ਨੂੰ ਨੂੰ ਵੀ ਇਕੋ ਝਟਕੇ ਨਾਲ ਖੋਹ ਰਹੀ ਹੈ। ਭਾਵ ਪੂਰਾ ਬੈਂਕਿੰਗ ਪ੍ਰਬੰਧਕ ਸਿੱਧਾ ਕਾਰਪੋਰੇਟੀ ਪੂੰਜੀ ਦੀ ਇੱਛਾ ਮੁਤਾਬਕ ਚਲਾਉਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ।

ਅਖੀਰ 'ਚ ਇਹ ਦੱਸ ਦੇਈਏ ਕਿ ਇਹ ਭਾਰਤੀ ਹਾਕਮਾਂ ਦੀ ਅਤੇ ਪੂੰਜੀਪਤੀਆਂ ਦੀ ਮੌਲਿਕ ਖੋਜ ਨਹੀਂ। ਅਸੀਂ ਉਪਰ ਇਸ਼ਾਰਾ ਕੀਤਾ ਸੀ ਕਿ ਜਦੋਂ 2008 ਵਿਚ ਵਿਸ਼ਵ ਸੰਕਟ ਨਾਲ ਪੂੰਜੀਪਤੀ ਦੇਸ਼ਾਂ ਵਿਚ ਬੈਂਕਿੰਗ ਅਤੇ ਵਿੱਤੀ ਸੰਸਥਾਵਾਂ ਪ੍ਰਭਾਵਿਤ ਹੋਈਆਂ ਸਨ ਤਾਂ 'ਬੇਨ ਇਨ' ਦੀ ਸਿਫਾਰਸ਼ 2009 ਵਿਚ ਆਈ ਸੀ। ਉਦੋਂ ਸਾਮਰਾਜੀ ਤਾਕਤਾਂ ਨੇ ਬੈਂਕਿੰਗ ਪ੍ਰਬੰਧ ਨੂੰ ਡੁੱਬਣ ਤੋਂ ਬਚਾਉਣ ਲਈ ਵਿੱਤੀ ਸਥਿਰਤਾ ਬੋਰਡ ਦਾ ਗਠਨ ਕੀਤਾ ਸੀ। ਜਿਹਨੂੰ ਫਾਈਨੈਂਸ਼ਲ ਸਟੇਬਿਲਟੀ ਬੋਰਡ ਕਿਹਾ ਜਾਂਦਾ ਹੈ। ਇਹ ਸਿਫਾਰਸ਼ ਵਿਸ਼ਵ ਵਪਾਰ ਸੰਘ ਦੀ ਹੀ ਸੀ। 2014 ਵਿਚ ਜੀ-20 ਦੇ ਦੇਸ਼ਾਂ ਨੇ ਇਸ ਸੁਝਾਅ ਜਾਂ ਸਿਫਾਰਸ਼ਾਂ ਨੂੰ ਪ੍ਰਵਾਨ ਕਰ ਲਿਆ ਸੀ ਇਸ ਵਿਚ ਰਾਹਤ ਵੀ ਸੀ। ਸੋ ਨਵਾਂ ਵਿੱਤੀ ਨਿਪਟਾਰਾ ਅਤੇ ਜਮ੍ਹਾਂ ਬੀਮਾ ਬਿੱਲ (ਐਫ. ਆਰ. ਡੀ. ਆਈ. ) ਉਸੇ ਕੌਮਾਂਤਰੀ ਵਿੱਤੀ ਪੂੰਜੀ ਨਾਲ ਕੀਤੇ ਗਏ ਵਾਅਦੇ ਦਾ ਹਿਸਾ ਹੀ ਹੈ। ਸਾਮਰਾਜੀ ਕਾਰਪੋਰੇਟੀ ਪੂੰਜੀ ਜਿਸ ਦੀ ਭਾਈਵਾਲ ਭਾਰਤੀ ਪੂੰਜੀਪਤੀ ਜਮਾਤ ਵੀ ਹੈ ਆਪਣੇ ਹਰ ਸੰਕਟ ਦਾ ਭਾਰ ਵੀ ਲੋਕਾਂ ਉਤੇ ਲੱਦ ਦੇਣ ਦੀ ਉਤਾਰੂ ਹੈ ਅਤੇ ਉਨ੍ਹਾਂ ਦੀ ਹਰ ਕਿਸਮ ਦੀ ਬਚਤ ਹਰ ਕਿਸਮ ਦੇ ਪੈਦਾਵਾਰੀ ਸਰੋਤਾਂ ਨੂੰ ਲੋਕਾਂ ਤੋਂ ਖੋਹਣ ਲਈ ਤੱਤਪਰ ਹੈ। ਸਹੀ ਅਰਥਾਂ ਵਿਚ ਕਿਹਾ ਜਾਵੇ ਤਾਂ ਭਾਰਤੀ ਹਾਕਮ ਤਾਂ ਨੰਗੇ ਚਿੱਟੇ ਰੂਪ ਵਿਚ ਕਾਰਪੋਰੇਟੀ ਪੂੰਜੀ ਦੀ ਸੇਵਾ ਵਿਚ ਨਿੱਤਰ ਆਏ ਹਨ। ਇਸ 'ਚ ਕੋਈ ਸ਼ੱਕ ਨਹੀਂ ਕਿ ਇਹ ਬਿੱਲ ਇਕ ਖਤਰਨਾਕ ਦਸਤਾਵੇਜ਼ ਹੈ ਜਿਹੜਾ ਲੋਕਾਂ ਦੀ ਜਮ੍ਹਾਂ ਕੀਤੀ ਖ਼ੂਨ ਪਸੀਨੇ ਦੀ ਕਿਰਤ ਕਮਾਈ ਨੂੰ ਖੋਹਣ ਲਈ ਉਤਾਰੂ ਹੈ ਅਤੇ ਇਸ ਤੋਂ ਪ੍ਰਭਾਵਿਤ ਹੋਣ ਵਾਲਾ ਸਭ ਤੋਂ ਵੱਡਾ ਹਿੱਸਾ ਮੱਧ ਵਰਗ ਹੀ ਹੈ। ਵੱਡੀ ਪੂੰਜੀ ਵਿਸਾਲ ਦੈਂਤਕਾਰੀ ਅਕਾਰ ਵਿਚ ਵਿਕਸਿਤ ਹੋਣਾ ਲੋਚਦੀ ਹੈ। ਜਿਵੇਂ ਕੱਲ੍ਹ ਹੀ (24.12.2017) ਅੰਬਾਨੀ ਨੇ ਕਿਹਾ ਹੈ ਕਿ ਉਹ ਦੁਨੀਆਂ ਦੇ ਵੱਡੇ 20 ਘਰਾਣਿਆਂ 'ਚ ਸ਼ਾਮਲ ਹੋਣ ਦੀ ਦੌੜ ਪੂਰੀ ਕਰੇਗਾ। ਇਹ ਸਥਾਨ ਉਹ ਭਾਰਤੀ ਲੋਕਾਂ ਦੀ ਕਿਰਤ ਨੂੰ ਹੜੱਪ ਕੇ ਹੀ ਹਾਸਲ ਕਰ ਸਕਦਾ ਹੈ ਅਤੇ ਪੂੰਜੀ ਦੇ ਇਸ ਡਾਕੂ ਨੂੰ ਇਹ ਸਥਾਨ ਦੁਆਉਣ ਅਤੇ ਉਨ੍ਹਾਂ ਲਈ ਰਾਹ ਪੱਧਰਾ ਕਰਨ ਲਈ ਹਾਕਮ ਪੂਰੇ ਸੰਵਿਧਾਨਕ ਕਾਨੂੰਨਾਂ ਨੂੰ ਪਲਟ ਦੇਣ ਲਈ ਤਤਪਰ ਹਨ।

ਪੂੰਜੀਪਤੀਆਂ ਨੇ ਹਜ਼ਾਰਾਂ ਲੱਖਾਂ ਕਰੋੜਾਂ ਦੇ ਕਰਜ਼ੇ ਲੈ ਕੇ ਵਾਪਸ ਨਹੀਂ ਕੀਤੇ। ਸਰਕਾਰ ਟੈਕਸਾਂ ਰਾਹੀਂ ਉਗਰਾਹ ਕੇ ਉਨ੍ਹਾਂ ਨੂੰ ਰਿਆਇਤਾਂ ਦਿੰਦੀ ਰਹੀ ਹੈ ਪਰ ਹੁਣ ਤਾਂ ਸਰਕਾਰਾਂ ਉਨ੍ਹਾਂ ਲੋਕਾਂ ਦੀ ਕਿਰਤ ਕਮਾਈ ਨੂੰ ਵੀ ਖੋਹ ਕੇ ਉਨ੍ਹਾਂ ਨੂੰ ਸੌਂਪਣ ਜਾ ਰਹੀਆਂ ਹਨ। ਭਾਰਤੀ ਮਿਹਨਤਕਸ਼ ਲੋਕਾਂ ਲਈ ਵਿੱਤੀ ਤਾਨਾਸ਼ਾਹ ਫ਼ੁਰਮਾਨ ਹਨ। ਵਿਚਾਰਾਂ ਦੀ ਅਜ਼ਾਦੀ ਉਤੇ ਹਮਲੇ, ਕਿਰਤ ਕਾਨੂੰਨਾਂ ਉਤੇ ਹਮਲੇ, ਜਥੇਬੰਦ ਹੋਣ ਰੋਸ ਪ੍ਰਗਟ ਕਰਨ ਦੇ ਅਧਿਕਾਰਾਂ ਉਤੇ ਹਮਲੇ, ਸਿਹਤ ਵਿਦਿਆ ਰੋਜ਼ਗਾਰ ਦੀ ਗਰੰਟੀ ਦੇ ਅਧਿਕਾਰਾਂ ਉਤੇ ਹਮਲਿਆਂ ਤੋਂ ਪਿਛੋਂ ਭਾਰਤੀ ਲੋਕਾਂ ਦੀਆਂ ਜੇਬਾਂ ਉਤੇ ਡਾਕਾ ਮਾਰਨ ਵਾਲਾ ਇਹ ਹਮਲਾ, ਜਿਥੇ ਵਿੱਤੀ ਤਾਨਾਸ਼ਾਹੀ ਲਾਗੂ ਕਰਨ ਦਾ ਫ਼ੁਰਮਾਨ ਸਾਬਤ ਹੋਵੇਗਾ ਉਥੇ ਇਹ ਵਿਸ਼ਾਲ ਲੋਕਾਈ ਨੂੰ ਕੰਗਾਲੀ ਵੱਲ ਧੱਕਣ ਦਾ ਵੀ ਸਬੱਬ ਬਣੇਗਾ। ਨੋਟਬੰਦੀ ਕੈਸ਼ ਲੈਸ ਦੇ ਮਾਰੂ ਕਦਮਾਂ ਤੋਂ ਪਿਛੋਂ ਵਿੱਤੀ ਡਾਕਾਜਨੀ ਵਾਲਾ ਇਹ ਕਦਮ ਭਾਰਤੀ ਵਿਸ਼ਾਲ ਲੋਕਾਈ ਲਈ ਖਤਰਨਾਕ ਸਾਬਤ ਹੋਵੇਗਾ ਅਤੇ ਗੈਰ ਬਰਾਬਰੀ ਵਧਾਵੇਗਾ।

# ਯੂਰੋਸਲਮ : ਫਲਸਤੀਨੀ ਲੋਕਾਂ ਦੀ ਪ੍ਰਭੂਸਤਾ ਪ੍ਰਾਪਤੀ ਤਾਂਘ ਨੂੰ ਖੋਰਾ

ਮੋਹਨ ਸਿੰਘ (ਡਾ.)

ਅਮਰੀਕਾ ਵੱਲੋਂ ਯੂਰੋਸਲੁਮ ਨੂੰ ਇਜਰਾਈਲ਼ ਦੀ ਰਾਜਧਾਨੀ ਬਨਾਉਣ ਦਾ ਐਲਾਨ ਫਲਸਤੀਨੀ ਲੋਕਾਂ ਦੇ ਕੌਮੀ ਜਮਹੂਰੀ ਹੱਕਾਂ 'ਤੇ ਇਕ ਹੋਰ ਮਾਰੂ ਹਮਲਾ ਹੈ। ਇਹ ਬੰਬਾਂ ਬੰਦੂਕਾਂ, ਡਰੋਨਾਂ, ਮਿਸਾਈਲਾਂ ਅਤੇ ਰਸਾਇਣਕ ਹਥਿਆਰਾਂ ਨਾਲ ਦਰਿੰਦਗੀ ਝਲਦੇ ਅਰਬੀ ਲੋਕਾਂ ਦੀ ਸ਼ਾਂਤਮਈ ਆਸ ਦੀ ਕਿਰਨ ਲਈ ਇਕ ਹੋਰ ਸਦਮਾ ਹੈ। ਇਸ ਐਲਾਨ ਨਾਲ ਇਸਲਾਮੀ ਭਾਈਚਾਰੇ ਦਾ ਸਵੈਮਾਨ ਇਕ ਵਾਰ ਫਿਰ ਵਲੂੰਦਰਿਆ ਗਿਆ ਹੈ। ਦੂਜੀ ਸੰਸਾਰ ਜੰਗ ਤੋਂ ਪਹਿਲਾਂ ਫਲਸਤੀਨ ਬਰਤਾਨਵੀਂ ਸ਼ਾਸਨ ਦੇ ਅਧੀਨ ਸੀ। ਜੰਗ ਦੌਰਾਨ ਬਰਤਾਨਵੀਂ ਸਾਮਰਾਜ ਕਮਜ਼ੋਰ ਹੋਣ ਦੇ ਬਾਵਜੂਦ ਵੀ ਇਹ ਆਪਣਾ ਗ਼ਲਬਾ ਕਾਇਮ ਰੱਖਣ ਲਈ ਜਹੂਦੀਆਂ ਨੂੰ ਵਸਾ ਕੇ ਮੱਧ-ਪੂਰਬ 'ਚ ਇਕ ਫੌਜੀ ਚੌਕੀ ਬਣਾਉਣਾ ਚਾਹੁੰਦਾ ਸੀ। ਫਲਸਤੀਨ ਵਿੱਚ ਜਹੂਦੀਆਂ ਦੀ ਵਸੋਂ 10-15 ਪ੍ਰਤੀਸ਼ਤ ਸੀ। ਨਾ ਹੀ ਸੰਸਾਰ ਪੱਧਰ 'ਤੇ ਜਹੂਦੀਆਂ ਦੀ ਕੋਈ ਸਾਂਝੀ ਬੋਲੀ, ਸਾਂਝੀ ਮੰਡੀ ਜਾਂ ਇਕ ਬੱਝਵਾਂ ਇਲਾਕਾ ਸੀ, ਜੋ ਕਿਸੇ ਕੌਮ ਲਈ ਮੁੱਢਲੀਆਂ ਸਰਤਾਂ ਬਣਦੇ ਹਨ, ਸਿਰਫ ਸਾਂਝੇ ਧਰਮ ਦਾ ਹੋਣਾ ਹੀ ਇਨ੍ਹਾਂ ਦੀ ਸਾਂਝ ਸੀ। ਇਸ ਦੇ ਬਾਵਜੂਦ 1947 ਵਿੱਚ ਬਰਤਾਨੀਆਂ ਅਤੇ ਸੰਯੁਕਤ ਰਾਸ਼ਟਰ ਨੇ ਫਲਸਤੀਨ ਅਤੇ ਯੂਰੋਸਲੁਮ ਦੀ ਵੰਡ ਕਰ ਦਿੱਤੀ। ਸੰਸਾਰ ਜੰਗ ਤੋਂ ਬਾਅਦ ਅਮਰੀਕਾ ਇਕ ਮਹਾਂ-ਸ਼ਕਤੀ ਬਣ ਕੇ ਉਭਰਿਆ। ਅਮਰੀਕਾ ਅੰਦਰ ਸ਼ਕਤੀਸ਼ਾਲੀ ਜਹੂਦੀ ਲਾਬੀ ਦਾ ਅਮਰੀਕਨ ਸਰਕਾਰ ਉਪਰ ਇਸਰਾਈਲ ਦੀ ਮਦਦ ਕਰਨ ਦਾ ਦਬਾਅ ਸੀ। ਅਮਰੀਕਾ ਦੀ ਸੰਸਾਰ ਪੱਧਰੀ ਯੁੱਧਨੀਤੀ ਅਨੁਸਾਰ ਮੱਧ-ਪੂਰਬ ਉਪਰ ਗਲਬਾ ਜਮਾਉਣ ਲਈ ਵੀ ਇਸਰਾਈਲ ਵਰਗੀ ਇਕ ਫੌਜੀ ਚੌਕੀ ਦੀ ਜ਼ਰੂਰਤ ਸੀ। ਇਸ ਤਰ੍ਹਾਂ ਸਾਰੇ ਸਾਮਰਾਜੀ ਦੇਸ਼ਾਂ ਨੇ ਰਲ ਕੇ ਫਲਸਤੀਨੀ ਲੋਕਾਂ ਦਾ ਉਜਾੜਾ ਕਰਕੇ ਦੁਨੀਆਂ ਭਰ ਦੀਆਂ ਜਹੂਦੀ ਸੂਦਖੋਰ ਜੋਕਾਂ ਨੂੰ ਉਨ੍ਹਾਂ ਦੀ ਜੱਦੀ ਮਾਂ ਧਰਤੀ ਦੀ ਹਿੱਕ ਉਪਰ ਜਬਰੀ ਬਿਠਾ ਦਿੱਤਾ। ਜਦੋਂ 1947 ਵਿੱਚ ਸੰਯੁਕਤ ਰਾਸ਼ਟਰ ਨੇ ਫਲਸਤੀਨ ਦੀ ਵੰਡ ਕੀਤੀ ਤਾਂ ਯੂਰੋਸਲੁਮ ਨੂੰ ਨਾ ਯਹੂਦੀਆਂ ਅਤੇ ਨਾ ਹੀ ਅਰਬ ਦੇਸ਼ਾਂ ਦੇ ਹਵਾਲੇ ਕੀਤਾ ਸਗੋ ਇਸ ਨੂੰ ਇਕ ਕੌਮਾਂਤਰੀ ਸ਼ਹਿਰ ਦੇ ਤੌਰ 'ਤੇ ਮਾਣਤਾ ਦਿੱਤੀ ਸੀ। ਇਸ ਤੋਂ ਬਾਅਦ ਇਸਰਾਈਲ ਅਤੇ ਜੌਰਡਨ ਨੇ ਜੰਗ ਰਾਹੀਂ ਇਸ ਨੂੰ ਪੱਛਮੀ ਅਤੇ ਪੂਰਬੀ ਯੂਰੋਸਲੁਮ ਵਿੱਚ ਕਰਮਵਾਰ ਵੰਡ ਲਿਆ। ਦੋ ਦਹਾਕੇ ਬਾਅਦ 1967 ਵਿੱਚ ਇਸਰਾਈਲ ਨੇ ਪੂਰਬੀ ਯੂਰੋਸਲੁਮ ਉਪਰ ਕਬਜਾ ਕਰ ਲਿਆ ਅਤੇ ਅਰਬੀ ਲੋਕਾਂ ਨੂੰ ਸ਼ਹਿਰ ਵਿੱਚ ਵਿਸ਼ੇਸ਼ ਅਧਿਕਾਰ ਦੇਣ ਦਾ ਵਾਅਦਾ ਕੀਤਾ। ਪਰ ਅਮਲੀ ਤੌਰ 'ਤੇ ਇਸਰਾਈਲ ਨੇ ਯੂਰੋਸਲੁਮ ਨੂੰ ਆਪਣੀ ਰਾਜਧਾਨੀ ਬਣਾ ਕੇ ਸਾਰਾ ਪ੍ਰਬੰਧ ਅਤੇ ਸ਼ਹਿਰ ਦੀ ਸੁਰੱਖਿਆ ਆਪਣੇ ਹੱਥ ਲੈ ਲਈ। ਪਰ 1987 ਤੋਂ 1993 ਦੌਰਾਨ ਫਲਸਤੀਨ ਲੋਕਾਂ ਨੇ ਇਸਰਾਈਲ ਵਿਰੁੱਧ ਲਗਾਤਾਰ 6 ਸਾਲ ਇਕ ਵੱਡਾ ਵਿਦਰੋਹ ਜਾਰੀ ਰੱਖਿਆ। ਫਲਸਤੀਨ ਦੇ ਇਸ ਵਿਦਰੋਹ ਕਾਰਨ ਔਸਲੋ (ਨਾਰਵੇ) ਸਮਝੌਤੇ ਲਈ ਅਮਰੀਕਾ ਦੀ ਵਿਚੋਲਗੀ ਅਧੀਨ ਲੰਬੀ ਵਾਰਤਾ ਸ਼ੁਰੂ ਹੋਈ। ਜਿਸ ਤਹਿਤ 1993 ਵਿੱਚ ਫਲਸਤੀਨ ਲੋਕਾਂ ਦੀ ਖ਼ੁਦਮੁਖਤਿਆਰ 'ਫਲਸਤੀਨੀ ਅਥਾਰਟੀ' ਕਾਇਮ ਕੀਤੀ ਗਈ ਜਿਸ ਵਿੱਚ ਗਾਜ਼ਾ ਪੱਟੀ ਅਤੇ ਪੱਛਮੀ ਤੱਟ ਉਪਰ ਫਲਸਤੀਨ ਨੂੰ ਸੀਮਿਤ ਖ਼ੁਦਮੁਖਤਿਆਰੀ ਦੇਣ ਦਾ ਸਮਝੌਤਾ ਹੋਇਆ। ਪਰ ਯੂਰੋਸਲੁਮ ਦੀ ਵੰਡ ਅਤੇ ਇਸਰਾਈਲ ਤੇ ਫਲਸਤੀਨ ਦੀ ਪੱਕੀ ਹੱਦਬੰਦੀ ਵਰਗੇ ਮੁੱਦੇ ਅੰਤਮ ਸ਼ਾਂਤੀ ਸਮਝੌਤੇ ਲਈ ਛੱਡ ਦਿੱਤੇ ਗਏ। ਪਰ ਜਹੂਦੀ ਲਾਬੀ ਦੇ ਦਬਾਅ ਕਾਰਨ ਅਮਰੀਕੀ ਕਾਂਗਰਸ ਨੇ 1995 ਵਿੱਚ ਅਮਰੀਕੀ ਸਫਾਰਤ ਖਾਨੇ ਨੂੰ ਯੂਰੋਸਲੁਮ ਤਬਦੀਲ ਕਰਨ ਦਾ ਮਤਾ ਪਾਸ ਕਰ ਦਿੱਤਾ। ਇਸ ਕਰਕੇ ਸਾਰੇ ਅਮਰੀਕੀ ਰਾਸ਼ਟਰਪਤੀ ਲਈ ਉਮੀਦਵਾਰ ਹਰ ਚੋਣ ਪਰਚਾਰ ਸਮੇਂ ਅਮਰੀਕੀ ਸਫਾਰਤਖਾਨੇ ਨੂੰ ਯੂਰੋਸਲੁਮ 'ਚ ਤਬਦੀਲ ਕਰਨ ਦੇ ਵਾਅਦੇ ਕਰਦੇ ਹਨ। ਪਰ ਇਉਂ ਕਰਨਾ ਕੌਮਾਂਤਰੀ ਤੌਰ 'ਤੇ ਬਹੁਤ ਵੱਡੀਆਂ ਅਰਥ-ਸੰਭਾਵਨਾਵਾਂ (ਮੱਧ-ਪੂਰਬ ਖਿੱਤਾ ਫੌਜੀ ਰਣਨੀਤੀ ਅਤੇ ਤੇਲ ਦੇ ਸੋਮਿਆਂ) ਹੋਣ ਕਰਕੇ ਅਮਰੀਕੀ ਸਰਕਾਰਾਂ ਲਈ ਸਫਾਰਤਖਾਨਾ ਯੂਰੋਸਲੁਮ ਤਬਦੀਲ ਕਰਨਾ ਹਾਲ ਤੱਕ ਮੁਮਕਿਨ ਨਹੀਂ ਹੋ ਸਕਿਆ।

ਅਮਰੀਕਾ ਨੇ ਇਸਰਾਈਲ ਨੂੰ ਪ੍ਰਮਾਣੂ ਛੱਤਰੀ, ਆਰਥਿਕ, ਫ਼ੌਜੀ ਅਤੇ ਤਕਨੀਕੀ ਮਦਦ ਦੇ ਕੇ ਲਗਾਤਾਰ ਪਾਲਿਆ-ਪਲੋਸਿਆ ਹੀ ਨਹੀਂ ਬਲਕਿ ਇਹ ਇਸਰਾਈਲ ਦੀਆਂ ਗੁਆਢੀ ਮੁਲਕਾਂ ਨਾਲ ਧੱਕੇਸ਼ਾਹੀਆਂ ਦੇ ਬਾਵਜੂਦ ਇਸਦੇ ਪੱਖ ਵਿੱਚ ਖੜ੍ਹਦਾ ਆ ਰਿਹਾ ਹੈ। ਉਸਨੇ ਇਸਲਾਮੀ ਦੇਸ਼ਾਂ 'ਤੇ ਇਸਰਾਈਲ ਵਿੱਚਕਾਰ ਸੁਲਾਹ-ਸਫ਼ਾਈ ਕਰਾਉਣ ਲਈ ਕੈਂਪ ਡੇਵਿਡ ਸੰਧੀ ਰਾਹੀਂ ਮਿਸਰ-ਇਸਰਾਈਲ ਵਿੱਚਕਾਰ ਸਮਝੌਤਾ ਕਰਾ ਕੇ ਮੱਧ-ਪੂਰਬ ਦੇਸ਼ਾਂ ਵਿੱਚ ਫੁੱਟ ਪਾਈ। ਜਿਸ ਕਰਕੇ ਮਿਸਰ ਅਰਬ ਭਾਈਚਾਰੇ ਵਿੱਚੋਂ ਛੇਕਿਆ ਗਿਆ। ਅਮਰੀਕਾ ਨੇ ਹਾਲੇ ਤੱਕ ਯੂਰੋਸਲੁਮ ਨੂੰ ਇਸਰਾਈਲ ਦੀ ਰਾਜਧਾਨੀ ਦੇ ਤੌਰ 'ਤੇ ਭਾਵੇਂ ਬਾਕਾਇਦਾ ਮਾਨਤਾ ਨਹੀਂ ਦਿੱਤੀ ਸੀ ਪਰ ਇਸ ਦੇ ਬਾਵਜੂਦ ਉਹ ਅਮਲ਼ੀ ਤੌਰ 'ਤੇ ਯੂਰੋਸਲੁਮ ਨੂੰ ਇਸਰਾਈਲ ਦੀ ਰਾਜਧਾਨੀ ਵਾਂਗੂੰ ਸਰਕਾਰੀ ਕੰਮ ਲਈ ਵਰਤਦਾ ਆ ਰਿਹਾ ਹੈ। ਅਮਰੀਕਾ ਦੇ ਫਲਸਤੀਨ ਪੱਖੀ ਰਵੱਈਏ ਕਾਰਨ ਪਿਛਲੇ 70 ਸਾਲਾਂ 'ਚ ਸੰਯੁਕਤ ਰਾਸ਼ਟਰ, ਸਾਬਕਾ ਸਮਾਜਵਾਦੀ ਕੈਂਪ, ਗੁਟ ਨਿਰਲੇਪ ਲਹਿਰ ਅਤੇ ਹੋਰ ਵੱਖ ਵੱਖ ਵਿਸ਼ਵ ਫੋਰਮਾਂ ਵਿੱਚ ਫਲਸਤੀਨ ਨੂੰ ਵੱਡੀ ਬਹੁਸੰਮਤੀ ਦੀ ਹਮਾਇਤ ਮਿਲਣ ਦੇ ਬਾਵਜੂਦ ਵੀ ਨਾ ਫਲਸਤੀਨ ਨੂੰ ਇਸਰਾਈਲ ਵੱਲੋਂ ਹਥਿਆਇਆ ਯੂਰੋਸਲੁਮ ਦਾ ਪੂਰਬੀ ਹਿੱਸਾ, ਨਾ ਗਾਜ਼ਾ ਪੱਟੀ ਅਤੇ ਨਾ ਪੱਛਮੀ ਤੱਟ ਅਤੇ ਨਾ ਹੀ ਫਲਸਤੀਨੀ ਰਿਫ਼ੂਜੀ ਲੋਕਾਂ ਨੂੰ ਫਲਸਤੀਨ ਵਾਪਿਸ ਵਸਾਉਣ ਦੀ ਇਜਾਜ਼ਤ ਦਿੱਤੀ ਹੈ, ਇਕ ਪ੍ਰਭੂਸੱਤਾ-ਸੰਪੰਨ ਦੇਸ਼ ਦੀ ਮਾਨਤਾ ਦੀ ਤਾਂ ਗੱਲ ਹੀ ਛੱਡੋ। ਇਸ ਦੇ ਬਾਵਜੂਦ ਫਲਸਤੀਨ ਨੂੰ ਇਸਰਾਈਲ ਨਾਲ ਸੁਲਾਹ ਸਫ਼ਾਈ ਕਰਨ ਲਈ ਅਮਰੀਕਾ ਨੂੰ ਸਾਲਸੀ ਦੇ ਰੂਪ ਵਿੱਚ ਚੁਣਨਾ ਪਿਆ।

ਪਰ ਟਰੰਪ ਨੇ ਇਕ ਤਰਫ਼ਾ ਤੌਰ 'ਤੇ ਅਮਰੀਕਾ ਦਾ ਸਫਾਰਤਖਾਨਾ ਤੇਲ ਅਵੀਵ ਤੋਂ ਬਦਲ ਕੇ ਯੋਰੋਸੁਲਮ ਕਰਨ ਸਮੇਂ ਫਲਸਤੀਨ, ਮੱਧ ਪੂਰਬ, ਯੂਰਪੀ ਯੂਨੀਅਨ ਅਤੇ ਦੁਨੀਆਂ ਭਰ ਦੀ ਪ੍ਰਵਾਹ ਨਹੀਂ ਕੀਤੀ ਜਿਸ ਦੀ ਦੁਨੀਆਂ ਭਰ ਵਿੱਚ ਨਿੰਦਿਆ ਹੋ ਰਹੀ ਹੈ। ਸੰਯੁਕਤ ਰਾਸ਼ਟਰ ਦੀ 15 ਮੈਂਬਰੀ ਸੁਰੱਖਿਆ ਕੌਂਸਲ ਦੀ ਇਕ ਹੰਗਾਮੀ ਮੀਟਿੰਗ ਵਿੱਚ 14 ਮੈਂਬਰਾਂ ਨੇ ਅਮਰੀਕਾ ਦੇ ਇਸ ਕਦਮ ਦੀ ਸਖ਼ਤ ਅਲੋਚਨਾ ਕੀਤੀ। ਬਰਤਾਨੀਆ, ਸਵੀਡਨ, ਮਿਸਰ, ਬੋਲੀਵੀਆ ਅਤੇ ਫਰਾਂਸ ਨੇ ਇਸ ਕਦਮ ਨੂੰ ਸੰਯੁਕਤ ਰਾਸ਼ਟਰ ਦੇ ਇਸਰਾਈਲ ਅਤੇ ਫਲਸਤੀਨ ਵੱਲੋਂ ਗੱਲਬਾਤ ਕਰਕੇ ਹੱਲ ਕੱਢਣ ਮਤਿਆ ਦੇ ਉਲਟ ਗਰਦਾਨਿਆ। ਬੋਲੀਵੀਆ ਦੇ ਸੰਯੁਕਤ ਰਾਸ਼ਟਰ ਦੇ ਰਾਜਦੂਤ ਨੇ ਕਿਹਾ ਕਿ ਸੁਰੱਖਿਆ ਕੌਂਸਲ ਨੂੰ ਅਮਰੀਕਾ ਖ਼ਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ, "ਨਹੀਂ ਤਾਂ ਸੁਰੱਖਿਆ ਕੌਂਸਲ ਕਬਜਾਤ ਖਿੱਤਾ ਬਣ ਜਾਵੇਗੀ"। ਸੁਰੱਖਿਆ ਕੌਂਸਲ ਨੇ ਆਪਣੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਪੂਰਬੀ ਯੂਰੋਸਲੁਮ ਇਸਰਾਈਲ ਦਾ 1967 ਦੀ ਜੰਗ ਸਮੇਂ ਕਬਜਾ ਕੀਤਾ ਹਿੱਸਾ ਇਜਰਾਈਲ ਅਤੇ ਫਲਸਤੀਨ ਰਾਹੀਂ ਗੱਲਬਾਤ ਰਾਹੀਂ ਹੱਲ ਹੋ ਸਕਦਾ ਹੈ। ਮਿਸਰ ਦੇ ਸਫੀਰ ਨੇ ਇਸ ਨੂੰ ਖ਼ਤਰਨਾਕ ਰੁਝਾਨ ਦੱਸਿਆ। ਪਰ ਅਮਰੀਕਾ ਦੀ ਹੈਲੇ ਨਿੱਕੀ ਨੇ ਅਮਰੀਕਾ ਦੇ ਫ਼ੈਸਲੇ ਨੂੰ ਦਰੁਸਤ ਠਹਿਰਾਉਦਿਆਂ ਕਿਹਾ ਕਿ ਯੂਰੋਸਲੁਮ 1948 ਤੋਂ ਹੀ ਇਸਰਾਈਲ ਦੀ ਰਾਜਧਾਨੀ ਹੈ। ਉਸ ਦੇ ਪੱਖ ਵਿੱਚ ਕੇਵਲ ਇਸਰਾਈਲ ਦਾ ਰਾਜਦੂਤ ਡੈਨੀ ਡੈਨਨ ਸੀ। ਬਰਤਾਨੀਆ, ਸਵੀਡਨ, ਫਰਾਂਸ ਅਤੇ ਜਰਮਨੀ ਨੇ ਸੁਰੱਖਿਆ ਕੌਂਸਲ ਦੀ ਮੀਟਿੰਗ ਤੋਂ ਬਾਹਰ ਇਕ ਸਾਂਝੇ ਬਿਆਨ ਵਿੱਚ ਅਮਰੀਕਾ ਦੀ ਬਦਲ਼ੀ ਪੁਜੀਸ਼ਨ ਨੂੰ ਸੰਯੁਕਤ ਰਾਸ਼ਟਰ ਦੇ ਮਤਿਆਂ ਨਾਲ ਬੇਮੇਲ ਅਤੇ ਮੱਧ-ਪੂਰਬ ਖਿੱਤੇ ਦੀ ਸ਼ਾਂਤੀ ਨੂੰ ਭੰਗ ਕਰਨ ਵਾਲਾ ਕਿਹਾ। ਮੁਸਲਮ ਜਗਤ ਵਿੱਚ ਅਮਰੀਕਾ ਦੇ ਇਸ ਐਲਾਨ ਦਾ ਤਿੱਖਾ ਰੋਸ ਪ੍ਰਤੀਕਰਮ ਹੋਇਆ ਹੈ ਅਤੇ ਇਹ ਬਿਆਨ ਮੁਸਲਮਾਨ ਜਗਤ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਿਆ ਅਤੇ ਇਸਰਾਈਲ ਦੇ ਕਬਜਾ ਕੀਤੇ ਗਾਜ਼ਾ ਪੱਟੀ, ਪੱਛਮੀ ਤੱਟ ਅਤੇ ਪੂਰਬੀ ਯੂਰੋਸਲੁਮ ਵਿੱਚ ਹਜ਼ਾਰਾਂ ਲੋਕਾਂ ਨੇ ਇਸ ਫ਼ੈਸਲੇ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ। ਤੁਰਕੀ ਦੇ ਰਾਸ਼ਟਰਪਤੀ ਰਿਸਪ ਤਾਇਪ ਅਰਦੋਗਿਨ ਨੇ ਮੁਸਲਮ ਮਿਲਵਰਤਨ ਜਥੇਬੰਦੀ (ਓਆਈਸੀ), ਜੋ ਇਸ ਦਾ ਮੌਜੂਦਾ ਪ੍ਰਧਾਨ ਵੀ ਹੈ, ਦੀ ਮੀਟਿੰਗ ਬੁਲਾ ਕੇ ਟਰੰਪ ਦੇ ਫ਼ੈਸਲੇ ਵਿਰੁੱਧ ਸਾਰੇ ਇਸਲਾਮੀ ਦੇਸ਼ਾਂ ਵੱਲੋਂ ਤਾਲ ਮੇਲਵੇਂ ਪ੍ਰਤੀਕਰਮ ਕਰਨ ਦਾ ਸੱਦਾ ਦਿੱਤਾ। ਫਲਸਤੀਨ ਦੇ ਮੁਹੱਮਦ ਅਬਾਸ ਦੇ ਧਾਰਮਿਕ ਸਲਾਹਕਾਰ ਨੇ ਐਲਾਨ ਕੀਤਾ ਕਿ ਜਿੰਨਾ ਚਿਰ ਯੂਰੋਸਲੁਮ ਨੂੰ ਫਲਸਤੀਨ ਦੀ ਰਾਜਧਾਨੀ ਤੌਰ 'ਤੇ ਮਾਨਤਾ ਨਹੀਂ ਦਿੱਤੀ ਜਾਂਦੀ, ਮੱਧ-ਪੂਰਬ ਵਿੱਚ ਉਨਾ ਸ਼ਾਂਤੀ ਅਤੇ ਨਾਸਥਿਰਤਾ' ਹੋ ਸਕਦੀ ਹੈ। ਅੱਗੇ ਵਾਸਤੇ ਅਸੀਂ ਇਸਰਾਈਲ ਵੱਲ ਤੁਅੱਸਬੀ ਤੌਰ 'ਤੇ ਝੁੱਕੇ ਹੋਏ ਅਮਰੀਕਾ ਨੂੰ ਸ਼ਾਂਤੀ ਸਥਾਪਿਤ ਕਰਾਉਣ ਵਾਲੇ ਸਾਲਸੀ ਦੇ ਤੌਰ 'ਤੇ ਰੱਦ ਕਰਦੇ ਹਾਂ ਓਆਈਸੀ ਦੇ ਸਾਂਝੇ ਬਿਆਨ ਵਿੱਚ ਐਲਾਨ ਕੀਤਾ ਕਿ ਅਮਰੀਕਾ ਨੇ ਯੂਰੋਸਲੁਮ ਬਾਰੇ ਫ਼ੈਸਲਾ ਕਰਕੇ ਆਪਣੇ ਆਪ ਨੂੰ ਇਸਰਾਈਲ ਅਤੇ ਫਲਸਤੀਨ ਦੀ ਸ਼ਾਂਤੀ ਪ੍ਰਕਿਰਿਆ ਵਿੱਚੋਂ ਬਾਹਰ ਕਰ ਲਿਆ ਹੈ ਕਿ ਪੂਰਬੀ ਯੂਰੋਸਲੁਮ ਫਲਸਤੀਨ ਦੀ ਰਾਜਧਾਨੀ ਹੈ। ਕਿ ਸਾਰੇ ਦੇਸ਼ਾਂ ਨੂੰ ਫਲਸਤੀਨ ਨੂੰ ਇਕ ਦੇਸ ਦੇ ਤੌਰ 'ਤੇ ਅਤੇ ਇਸ ਦੀ ਰਾਜਧਾਨੀ ਪੂਰਬੀ ਯੂਰੋਸਲੁਮ ਮਾਨਤਾ ਦੇਣੀ ਚਾਹੀਦੀ ਹੈ।ਟਰੰਪ ਦੇ ਫ਼ੈਸਲੇ ਨੂੰ ਰੱਦ ਕਰਕੇ ਇਸ ਨੂੰ ਸ਼ਾਤੀ ਪ੍ਰਕਿਰਿਆ ਨੂੰ ਭੰਗ ਕਰਨ ਵਾਲਾ, ਅਤਿਵਾਦ ਅਤੇ ਦਹਿਸ਼ਤਵਾਦ ਪੈਦਾ ਕਰਨ ਵਾਲਾ ਕਿਹਾ। ਅਰਦੋਗਨ ਨੇ ਟਰੰਪ ਦੇ ਫ਼ੈਸਲੇ ਨੂੰ ਇਜਰਾਈਲ ਦੇ 'ਕਬਜੇ' ਅਤੇ 'ਦਹਿਸ਼ਤ' ਨੂੰ ਮਾਨਤਾ ਦੇਣਾ ਕਿਹਾ। ਕਿ ਇਸ ਫ਼ੈਸਲੇ ਨਾਲ ਇਸਰਾਈਲ ਦੀਆਂ ਦਹਿਸ਼ਤਗਰਦ ਕਾਰਵਾਈਆਂ ਨੂੰ ਇਨਾਮ ਦੇਣਾ ਅਤੇ ਇਹ ਇਨਾਮ ਟਰੰਪ ਵੱਲੋਂ ਦਿੱਤਾ ਜਾ ਰਿਹਾ ਹੈ। ਉਸ ਨੇ ਕੌਮਾਂਤਰੀ ਕਾਇਦੇ ਕਾਨੂੰਨ ਮੰਨਣ ਵਾਲਿਆਂ ਅਤੇ ਇਨਸਾਫ਼ ਪਸੰਦਾਂ ਨੂੰ ਕਬਜਾ ਕੀਤੇ ਯੂਰੋਸਲੁਮ ਨੂੰ ਫਲਸਤੀਨ ਦੀ ਰਾਜਧਾਨੀ ਮੰਨਣ ਦਾ ਸੱਦਾ ਦਿੰਦਿਆ ਐਲਾਨ ਕੀਤਾ ਕਿ ਇਸਲਾਮੀ ਦੇਸ਼ ਇਹ ਮੰਗ ਕਦੇ ਨਹੀਂ ਛੱਡਣਗੇ।

ਪਰ ਭਾਰਤ ਨੇ ਅਮਰੀਕਾ ਦੇ ਯੂਰੋਸਲੁਮ ਬਾਰੇ ਇਸ ਬਦਲੇ ਹੋਏ ਫ਼ੈਸਲੇ 'ਤੇ ਕੋਈ ਜ਼ੋਰਦਾਰ ਪ੍ਰਤੀਕਰਮ ਨਹੀਂ ਕੀਤਾ। ਭਾਰਤ ਨੇ ਸਿਰਫ ਕਿਹਾ ਕਿ ਭਾਰਤ ਦੀ ਪੁਜੀਸ਼ਨ ਪਹਿਲਾਂ ਵਾਲੀ ਹੀ ਹੈ ਕਿ ਇਹ ਆਪਣੇ ਹਿੱਤਾਂ ਦੀ ਗੱਲ ਕਰਦਾ ਹੈ, ਕਿਸੇ ਦੇਸ਼ ਦੇ ਮਗਰ ਲੱਗ ਕੇ ਫ਼ੈਸਲੇ ਨਹੀਂ ਕਰਦਾ ਭਾਰਤ ਦੇ ਇਸ ਰਵੱਈਏ ਨੂੰ ਦੇਖ ਕੇ ਇਸਲਾਮੀ ਦੇਸ਼ਾਂ ਦੇ ਭਾਰਤ ਵਿਚਲੇ ਰਾਜਦੂਤਾਂ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਨਾਲ ਇਸ ਬਾਰੇ ਮੀਟਿੰਗ ਕਰਕੇ ਭਾਰਤ ਵੱਲੋਂ ਇਸ 'ਤੇ ਸਖ਼ਤ ਪ੍ਰਤੀਕਰਮ ਕਰਨ ਬਾਰੇ ਜ਼ੋਰ ਪਾਇਆ। ਭਾਰਤ ਦੇ ਵਿਦੇਸ਼ ਰਾਜ ਮੰਤਰੀ ਇਸ 'ਤੇ ਟੱਸ ਤੋਂ ਮੱਸ ਨਹੀਂ ਹੋਏ। ਪਰ ਅਸਲੀਅਤ ਇਹ ਹੈ ਕਿ ਭਾਰਤ ਨੇ ਆਪਣੀਆਂ ਨੀਤੀਆਂ ਹੁਣ ਅਮਰੀਕਾ ਨਾਲ ਨੱਥੀ ਕਰ ਲਈਆਂ ਹਨ।

ਅਮਰੀਕਾ ਵੱਲੋਂ ਯੂਰੋਸਲੁਮ ਨੂੰ ਇਜਰਾਈਲ਼ ਦੀ ਰਾਜਧਾਨੀ ਬਣਾਉਣ ਦੇ ਫ਼ੈਸਲੇ ਕਰਨ ਦੇ ਕਈ ਕਾਰਨ ਹਨ। ਟਰੰਪ ਅਮਰੀਕਾ ਅੰਦਰ ਗੋਰੇ ਅਤੇ ਗ਼ੈਰ-ਗੋਰੇ ਭਾਈਚਾਰਿਆਂ ਵਿੱਚ ਧਰੁਵਬੰਦੀ ਕਰਕੇ ਅਮਰੀਕੀ ਲੋਕਾਂ ਦਾ ਧਿਆਨ ਅਮਰੀਕਾ ਦੇ ਆਰਥਿਕ ਸੰਕਟ ਦੇ ਸਤਾਏ ਲੋਕਾਂ ਦੀ ਇਕ-ਮੁੱਠਤਾ 'ਚ ਪਾੜੇ ਪਾਉਣਾ ਚਾਹੁੰਦਾ ਹੈ। ਦੂਜਾ ਉਹ ਜਹੂਦੀ ਲਾਬੀ ਨੂੰ ਆਪਣੇ ਪੱਖ ਵਿੱਚ ਵਰਤਣਾ ਚਾਹੁੰਦਾ ਹੈ। ਉਸ ਦੀ ਇਸ ਚਾਲ ਵਿੱਚ ਵੱਡੇ ਖ਼ਤਰੇ ਸਮੋਏ ਹਨ ਜਿਸ ਨਾਲ ਮੁਸਲਮ ਭਾਈਚਾਰੇ ਵਿੱਚ ਰੋਸ ਪੈਦਾ ਹੋਣ ਨਾਲ ਆਈਐਸ ਵਰਗੇ ਦਹਿਸ਼ਤਗਰਦ ਸੰਗਠਨ ਹੋਰ ਪੈਦਾ ਹੋਣਗੇ। ਇਸ ਨਾਲ ਮੱਧ-ਪੂਰਬ, ਯੂਰਪੀ ਯੂਨੀਅਨ, ਅਮਰੀਕਾ ਹੋਰ ਦੇਸ਼ਾਂ ਦੇ ਮਿਹਤਕਸ਼ ਲੋਕਾਂ ਵਿੱਚ ਪਾੜੇ ਹੀ ਨਹੀਂ ਸਗੋਂ ਇਨ੍ਹਾਂ ਦੇਸ਼ਾਂ ਦੀਆਂ ਹਕੂਮਤਾਂ ਨੂੰ ਵੀ ਸੇਕ ਲਗੇਗਾ। ਮੱਧ-ਪੂਰਬ ਵਿੱਚ ਦਹਿਸ਼ਤਗਰਦ ਘਟਨਾਵਾਂ ਵਿੱਚ ਹੋਰ ਵਾਧਾ ਹੋਵੇਗਾ ਅਤੇ ਰਿਫ਼ੂਜੀਆਂ ਦੀ ਸਮੱਸਿਆ ਹੋਰ ਵਧੇਗੀ।


**ਸੰਪਰਕ:** 78883-37695

# ਅੱਜ ਸੰਸਾਰ ਮਜਦੂਰ ਜਮਾਤ ਦੇ ਮਹਾਨ ਅਧਿਆਪਕ, ਰਹਿਨੁਮਾ ਕਾਮਰੇਡ ਮਾਓ-ਜੇ ਤੁੰਗ ਦਾ 124 ਵਾਂ ਜਨਮ ਦਿਨ ਹੈ

ਮਨੁੱਖਤਾ ਆਪਣੇ ਓਹਨਾਂ ਮਹਾਨ ਸਪੂਤਾਂ/ਧੀਆਂ ਨੂੰ ਓਹਨਾਂ ਦੇ ਜਨਮ ਦਿਨ ਜਾਂ ਮਰਨ ਦਿਨ ਤੇ ਯਾਦ ਕਰਦੀ ਹੈ, ਜਿਹਨਾਂ ਓਸਦੀ ਲੁੱਟ-ਜਬਰ ਤੋਂ ਮੁਕਤੀ ਦੀ ਲੜਾਈ 'ਚ ਕੁਝ ਵੀ ਯੋਗਦਾਨ ਪਾਇਆ ਹੋਵੇ ਜਾਂ ਓਸਦੀ ਜਿੰਦਗੀ ਨੂੰ ਕੁਝ ਸਹਿਲ ਬਣਾਇਆ ਹੋਵੇ। ਕਾਮਰੇਡ ਮਾਓ ਵੀ ਮਨੁੱਖਤਾ ਦਾ ਅਜਿਹਾ ਹੀ ਮਹਾਨ ਸਪੂਤ ਸੀ ਜਿਸਨੇ ਓਸਦੀ ਮੁਕਤੀ ਦਾ ਰਾਹ ਰੁਸ਼ਨਾਇਆ।

ਕਾਮਰੇਡ ਮਾਓ ਚੜਦੀ ਉਮਰੇ ਹੀ ਸਾਮਰਾਜੀ-ਜਗੀਰੂ ਜੂਲੇ ਤੋਂ ਚੀਨੀ ਜਨਤਾ ਦੀ ਮੁਕਤੀ ਦੀ ਜੰਗ ਚ ਸ਼ਾਮਿਲ ਹੋਇਆ। ਫਿਰ ਓਹ ਮਾਰਕਸਵਾਦ ਤੋਂ ਪ੍ਰਭਾਵਿਤ ਹੋਕੇ ਚੀਨ ਦੀ ਕਮਿਊਨਿਸਟ ਪਾਰਟੀ ਦੀ ਉਸਾਰੀ ਕਰਨ ਵਾਲਿਆਂ 'ਚੋਂ ਇੱਕ ਬਣਿਆ। ਮਾਓ ਜੁਲਾਈ 1921 'ਚ ਹੋਈ ਚੀਨ ਦੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਾਂਗਰਸ 'ਚ ਸ਼ਾਮਲ ਸੀ। ਪਾਰਟੀ ਨੇ ਸਾਮਰਾਜੀ-ਜਗੀਰੂ ਲੁੱਟ ਵਿਰੁਧ ਵੀਰਤਾ ਪੂਰਨ ਸੰਘਰਸ਼ ਲੜਿਆ। ਪਰ ਨਾਲ ਹੀ ਇਸ ਉੱਪਰ ਸੱਜੀਆਂ-ਖੱਬੀਆਂ ਮੌਕਾਪ੍ਰਸਤ ਲੀਹਾਂ ਦਾ ਬੋਲਬਾਲਾ ਰਿਹਾ ਜਿਹਨਾਂ ਚੀਨ ਦੇ ਇਨਕਲਾਬ ਨੂੰ ਵੱਡਾ ਹਰਜਾ ਪਹੁੰਚਾਇਆ। ਕਾਮਰੇਡ ਮਾਓ ਨੇ ਇਹਨਾਂ ਮੌਕਾਪ੍ਰਸਤ ਲੀਹਾਂ ਵਿਰੁਧ ਸਮਝੌਤਾ ਰਹਿਤ ਸੰਘਰਸ਼ ਲੜਿਆ। ਜਨਵਰੀ 1935 'ਚ ਸੁਨਾਈ ਵਿਖੇ ਪਾਰਟੀ ਦੀ ਕੇਂਦਰੀ ਕਮੇਟੀ ਦੇ ਸਿਆਸੀ ਬਿਊਰੋ ਦੀ ਵਿਸਥਾਰੀ ਮੀਟਿੰਗ ਹੋਈ। ਜਿਸ 'ਚ ਕਾਮਰੇਡ ਮਾਓ ਦੀ ਅਗਵਾਈ 'ਚ ਪਾਰਟੀ ਤੇ ਹਾਵੀ ਰਹੀਆਂ ਸੱਜੀਆਂ-ਖੱਬੀਆਂ ਮੌਕਾਪ੍ਰਸਤ ਲੀਹਾਂ ਨੂੰ ਫੈਸਲਾਕੁਨ ਭਾਂਜ ਦਿੱਤੀ ਗਈ। ਇਸ ਮੀਟਿੰਗ 'ਚ ਪਾਰਟੀ 'ਚ ਕਾਮਰੇਡ ਮਾਓ ਦੀ ਅਗਵਾਈ ਸਥਾਪਿਤ ਹੋਈ। ਇਸਤੋਂ ਬਾਦ ਚੀਨ ਦੀ ਇਨਕਲਾਬੀ ਲਹਿਰ ਦਾ ਛਾਲੀਂ ਵਿਕਾਸ ਹੋਇਆ। ਲੰਬੀ ਅਤੇ ਲਮਕਵੀਂ ਮੁਕਤੀ ਜੰਗ 'ਚੋਂ ਗੁਜਰਦੇ ਹੋਏ ਅਕਤੂਬਰ 1949 'ਚ ਚੀਨ ਸਾਮਰਾਜੀ-ਜਗੀਰੂ ਜੂਲੇ ਤੋਂ ਮੁਕਤ ਹੋਇਆ। ਪਰ ਚੀਨ ਦੇ ਕਿਰਤੀ ਲੋਕਾਂ ਦੀ ਜੰਗ ਅਜੇ ਵੀ ਜਾਰੀ ਰਹੀ।

1949 'ਚ ਚੀਨ ਦੇ ਕਿਰਤੀਆਂ ਨੇ ਸਾਮਰਾਜ ਅਤੇ ਜਗੀਰਦਾਰੀ ਤੋਂ ਮੁਕਤੀ ਹਾਸਿਲ ਕੀਤੀ ਸੀ ਸਰਮਾਏਦਾਰੀ ਤੋਂ ਨਹੀਂ। ਹੁਣ ਸਰਮਾਏਦਾਰੀ ਨਾਲ ਲੜਾਈ ਏਜੰਡੇ ਤੇ ਆ ਗਈ ਸੀ। 1966-67 ਤੱਕ ਚੀਨ 'ਚ ਸਰਮਾਏਦਾਰੀ ਨਾਲ ਲੜਾਈ ਆਪਣੇ ਫੈਸਲਾਕੁਨ ਪੜਾਅ 'ਤੇ ਪਹੁੰਚ ਗਈ ਜਦ ਸਰਮਾਏਦਾਰਾਂ ਦੇ ਸਾਰੇ ਪੈਦਾਵਾਰੀ ਸਾਧਨ



ਜਬਤ ਕਰ ਲਏ ਗਏ। ਪਰ ਲੜਾਈ ਫਿਰ ਵੀ ਖਤਮ ਨਹੀਂ ਹੋਈ । ਇਸ ਸਮੇਂ ਤੱਕ ਚੀਨ ਦੀ ਪਾਰਟੀ ਅੰਦਰਲੇ ਸਰਮਾਏਦਾਰਾ ਮਾਰਗੀਆਂ ਨੇ ਸੋਵੀਅਤ ਸੋਧਵਾਦੀਆਂ ਦੇ ਨਕਸ਼ੇ ਕਦਮ ਤੇ ਚੱਲਦਿਆਂ ਚੀਨ 'ਚ ਸਰਮਾਏਦਾਰੀ ਦੀ ਮੁੜ ਬਹਾਲੀ ਦੀਆਂ ਕੋਸ਼ਿਸ਼ਾਂ ਤੇਜ ਕਰ ਦਿੱਤੀਆਂ ਸਨ। ਸੋਵੀਅਤ ਯੂਨੀਅਨ 'ਚ 1956 'ਚ ਹੋਈ ਸਰਮਾਏਦਾਰੀ ਦੀ ਮੁੜ ਬਹਾਲੀ ਅਤੇ ਚੀਨ 'ਚ ਇਸਦੇ ਫੌਰੀ ਖਤਰੇ ਦਾ ਅਧਿਐਨ ਕਰਦਿਆਂ ਮਾਓ ਨੇ ਮਹਾਨ ਪਰੋਲੇਤਾਰੀ ਸੱਭਿਆਚਰਕ ਇਨਕਲਾਬ ਦਾ ਸਿਧਾਂਤ ਵਿਕਸਿਤ ਕੀਤਾ। ਮਹਾਨ ਪਰੋਲੇਤਾਰੀ ਸੱਭਿਆਚਰਕ ਇਨਕਲਾਬ ਨੇ 10 ਸਾਲਾਂ ਤੱਕ ਚੀਨ 'ਚ ਸਰਮਾਏਦਾਰੀ ਦੀ ਮੁੜ ਬਹਾਲੀ ਨੂੰ ਰੋਕੀ ਰੱਖਿਆ।

ਕਾਮਰੇਡ ਮਾਓ ਨੇ ਆਪਣੇ ਜੀਵਨ 'ਚ ਤਿੰਨ ਇਨਕਲਾਬਾਂ ਨੂੰ ਅਗਵਾਈ ਦਿੱਤੀ। 1949 ਦਾ ਨਵਜਮਹੂਰੀ ਇਨਕਲਾਬ, 1966-67 'ਚ ਨੇਪਰੇ ਚੜਿਆ ਸਮਾਜਵਾਦੀ ਇਨਕਲਾਬ ਅਤੇ 1966-76 ਤੱਕ ਚੱਲਿਆ ਮਹਾਨ ਪਰੋਲੇਤਾਰੀ ਸੱਭਿਆਚਰਕ ਇਨਕਲਾਬ।

ਸੰਸਾਰ ਮਜਦੂਰ ਜਮਾਤ ਨੂੰ ਕਾਮਰੇਡ ਮਾਓ ਦੀਆਂ ਦੇਣਾ ਨੂੰ ਦੋ ਹਿੱਸਿਆਂ 'ਚ ਵੰਡਿਆ ਜਾ ਸਕਦਾ ਹੈ -

1. 1949 ਤੱਕ ਕਾਮਰੇਡ ਮਾਓ ਨੇ ਸਾਮਰਾਜੀ ਜਗੀਰੂ ਜੂਲੇ ਹੇਠ ਪਿਸ ਰਹੇ ਦੇਸ਼ਾਂ ਲਈ ਨਵਜਮਹੂਰੀ ਇਨਕਲਾਬ ਦਾ ਸਿਧਾਂਤ ਵਿਕਸਿਤ ਕੀਤਾ। ਚੀਨ ਵਿੱਚ ਇਸੇ ਸਿਧਾਂਤ ਨੇ ਜੇਤੂ ਇਨਕਲਾਬ ਦੀ ਰਹਿਨੁਮਾਈ ਕੀਤੀ। ਓਦੋਂ ਮਾਓ ਦੀ ਇਸ ਦੇਣ ਨੇ ਤੀਸਰੀ ਦੁਨੀਆਂ ਦੇ ਦੇਸ਼ਾਂ ਦੀਆਂ ਮੁਕਤੀ ਜੰਗਾਂ 'ਚ ਅਹਿਮ ਯੋਗਦਾਨ ਪਾਈਆ। ਪਰ ਅੱਜ ਦੁਨੀਆਂ ਓਸ ਸਮੇਂ ਤੋਂ ਭਿੰਨ ਪੜਾਅ 'ਚ ਦਾਖਿਲ ਹੋ ਚੁੱਕੀ ਹੈ। ਅੱਜ ਤੀਸਰੀ ਦੁਨੀਆਂ ਦੇ ਦੇਸ਼ਾਂ 'ਚ ਜਗੀਰੂ ਪੈਦਾਵਾਰੀ ਸਬੰਧ ਮੌਜੂਦ ਨਹੀਂ ਹਨ ਅਤੇ ਇਹ ਸਿਆਸੀ ਤੌਰ ਤੇ ਸਾਮਰਾਜ ਤੋਂ ਵੀ ਆਜਾਦ ਹਨ। ਅੱਜ ਇਹ ਦੇਸ਼ ਨਵੇਂ ਸਮਾਜਵਾਦੀ ਇਨਕਲਾਬਾਂ ਦੇ ਦੌਰ 'ਚ ਦਾਖਿਲ ਹੋ ਚੁੱਕੇ ਹਨ। ਅੱਜ ਸ਼ਾਇਦ ਹੀ ਦੁਨੀਆਂ ਦੇ ਕਿਸੇ ਦੇਸ਼ 'ਚ ਨਵਜਮਹੂਰੀ ਇਨਕਲਾਬ ਦਾ ਪੜਾਅ ਹੋਵੇ। ਇਸ ਲਈ ਅੱਜ ਦੀ ਦੁਨੀਆਂ 'ਚ ਕਾਮਰੇਡ ਮਾਓ ਦਾ ਨਵਜਮਹੂਰੀ ਇਨਕਲਾਬ ਦਾ ਸਿਧਾਂਤ ਪ੍ਰਸੰਗਿਕ ਨਹੀਂ ਰਹਿ ਗਿਆ।

2 . ਮਾਓ ਜੇ ਤੁੰਗ ਦੀਆਂ ਦੇਣਾਂ ਦਾ ਦੂਸਰਾ ਦੌਰ ਸਮਾਜਵਾਦੀ ਸੰਗਰਾਂਦੀ ਦੌਰ ਦੀਆਂ ਸਮਸਿਆਵਾਂ ਬਾਰੇ ਚਿੰਤਨ ਨਾਲ ਸਬੰਧਿਤ ਹੈ। ਕਾਮਰੇਡ ਮਾਓ ਪਹਿਲਾ ਵਿਅਕਤੀ ਸੀ ਜਿਸ ਨੇ ਸਮਾਜਵਾਦੀ ਸੰਗਰਾਂਦੀ ਦੌਰ ਦੇ ਖਾਸੇ ਨੂੰ, ਇਸ ਦੌਰ ਦੀਆਂ ਬੁਨਿਆਦੀ ਵਿਰੋਧਤਾਈਆਂ ਨੂੰ ਭਰਵੇਂ ਰੂਪ 'ਚ ਸਮਝਿਆ ਅਤੇ ਮਹਾਨ ਪਰੋਲੇਤਾਰੀ ਸੱਭਿਆਚਰਕ ਇਨਕਲਾਬ ਦੇ ਰੂਪ 'ਚ ਸਰਮਾਏਦਾਰੀ ਤੋਂ ਕਮਿਊਨਿਜਮ ਵੱਲ ਤਬਦੀਲੀ ਦੇ ਯੁਗ ਦੀ ਆਮ ਲੀਹ ਵਿਕਸਿਤ ਕੀਤੀ। ਸੰਸਾਰ ਮਜਦੂਰ ਜਮਾਤ ਨੂੰ, ਇਸਦੀ ਮੁਕਤੀ ਦੇ ਸਿਧਾਂਤ ਮਾਰਕਸਵਾਦ ਨੂੰ ਕਾਮਰੇਡ ਮਾਓ ਦੀ ਇਹ ਸਭ ਤੋਂ ਵੱਡੀ ਦੇਣ ਹੈ। ਮਹਾਨ ਪਰੋਲੇਤਾਰੀ ਸੱਭਿਆਚਰਕ ਇਨਕਲਾਬ ਦੇ ਸਿਧਾਂਤ ਦੇ ਵਿਕਾਸ ਨਾਲ ਮਾਰਕਸਵਾਦ ਆਪਣੇ ਵਿਕਾਸ ਦੇ ਹੁਣ ਤੱਕ ਦੇ ਸਰਵਉੱਚ ਪੜਾਅ, ਤੀਸਰੇ ਪੜਾਅ 'ਚ ਦਾਖਿਲ ਹੋਇਆ, ਜਿਸਨੂੰ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਕਿਹਾ ਜਾਂਦਾ ਹੈ। ਅੱਜ ਦੀ ਦੁਨੀਆਂ 'ਚ ਮਜਦੂਰ ਜਮਾਤ ਅਤੇ ਹੋਰ ਕਿਰਤੀ ਲੋਕਾਂ ਦੀ ਮੁਕਤੀ ਦੀ ਜੰਗ ਸਿਰਫ ਅਤੇ ਸਿਰਫ ਇਸੇ ਸਿਧਾਂਤ ਦੀ ਰਹਿਨੁਮਾਈ 'ਚ ਅੱਗੇ ਵਧ ਸਕਦੀ ਹੈ।

## Free all political prisoners. Repeal UAPA!

Condemn the heinous practice of rearrests to prolong undertrial imprisonment and the use of prosecution for persecuting dissidents.

"Our silence is the voice of our complicity," "Kobad Ghandy, 72, who was released after eight long years of incarceration has been arrested once again. In a recent interview, he had referred to his release as 'semi-freedom', as he, in fact, apprehended that the State may have something up its sleeves to throw him back behind the bars. Now that the apprehensions have come true, we cannot be complicit in our silence. Demand Kobad's immediate release!"


The 'semi-freedom' of Kobad Ghandy ended within four days! Kobad had made repeated applications over his years in incarceration to various courts where there were reportedly cases against him, but the police involved deliberately did not take him in those cases as they were




awaiting his release, so they could re-arrest him and take him back to prison.

Less than four days after his release, the Jharkhand Police picked him up in an offence of the Bokaro (Thermal) PS, under the Tenughat court. This is a case in which Kobad has made no less than three applications over the past 14 months (aside from earlier applications), requesting that legal proceedings in the matter be commenced against him. However, the police consciously waited until his release.

# 'ਇੱਕ ਨੌਜਵਾਨ ਡਾਕਟਰ ਦੀ ਡਾਇਰੀ'




'ਇੱਕ ਨੌਜਵਾਨ ਡਾਕਟਰ ਦੀ ਡਾਇਰੀ' ਰੂਸ ਦੇ ਮਸ਼ਹੂਰ ਲੇਖਕ ਮਿਖ਼ਾਇਲ ਬੁਲਗਾਕੋਵ ਦੀਆਂ ਲਿਖੀਆਂ ਕਹਾਣੀਆਂ ਦਾ ਸੰਗ੍ਰਿਹ ਹੈ? ਮਿਖ਼ਾਇਲ ਬੁਲਗਾਕੋਵ ਖ਼ੁਦ ਇੱਕ ਡਾਕਟਰ ਸੀ, ...1916 ਵਿੱਚ 25 ਵਰ੍ਹਿਆਂ ਦੀ ਉਮਰੇ ਕੀਵ ਯੂਨੀਵਰਸਿਟੀ ਵਿੱਚੋਂ ਮੈਡੀਸਨ ਦੀ ਗਰੇਜੂਏਸ਼ਨ ਕਰਨ ਤੋਂ ਬਾਅਦ ਉਸਦੀ ਨਿਯੁਕਤੀ ਇੱਕ ਪੇਂਡੂ ਇਲਾਕੇ ਦੇ ਹਸਪਤਾਲ ਵਿੱਚ ਹੁੰਦੀ ਹੈ, ਇਹ ਕਹਾਣੀਆਂ ਉਸਨੇ ਇਸ ਪੇਂਡੂ ਹਸਪਤਾਲ ਵਿੱਚ ਕੰਮ ਕਰਦੇ ਸਮੇਂ ਵਾਪਰੀਆਂ ਘਟਨਾਵਾਂ ਨੂੰ ਅਧਾਰ ਬਣਾ ਕੇ ਲਿਖੀਆਂ?

ਬੁਲਗਾਕੋਵ ਜਗ੍ਹਾ-ਜਗ੍ਹਾ ਮੈਡੀਸਨ ਦੀ ਪੜ੍ਹਾਈ ਦੇ ਤੌਰ-ਤਰੀਕਿਆਂ ਉੱਤੇ ਸਵਾਲ ਉਠਾਉਂਦਾ ਹੈ ਜਿਹੜੀ ਕਿਤਾਬੀ ਰਟਣ ਉੱਤੇ ਅਧਾਰਤ ਹੈ? ਬੁਲਗਾਕੋਵ ਵੀ ਕਿਤਾਬਾਂ ਨੂੰ ਘੋਟਾ ਲਾ ਕੇ ਡਾਕਟਰ ਬਣਿਆਂ ਵਿੱਚੋਂ ਇੱਕ ਨੌਜਵਾਨ ਹੈ, ਪਰ ਉਹ ਆਪਣੇ ਹੌਂਸਲੇ ਨਾਲ ਮਰੀਜ਼ਾਂ ਨੂੰ ਦੇਖਦਾ ਹੈ, ਅਪਰੇਸ਼ਨ ਕਰਦਾ ਹੈ, ਦਵਾਈਆਂ ਲਿਖਦਾ ਹੈ ਅਤੇ ਕਿਤਾਬੀ ਡਾਕਟਰ ਤੋਂ ਇੱਕ ਸੱਚਮੁਚ ਦਾ ਡਾਕਟਰ ਬਣਦਾ ਹੈ?

ਉਹ ਲੋਕਾਂ ਦੀ ਬਿਮਾਰੀਆਂ ਬਾਰੇ ਅਗਿਆਨਤਾ ਅਤੇ ਅੰਧਵਿਸ਼ਵਾਸਾਂ ਉੱਤੇ ਖਿੱਝਦਾ ਹੈ, ਉੱਚਾ ਵੀ ਬੋਲਦਾ ਹੈ ਪਰ ਉਹਨਾਂ ਲੋਕਾਂ ਦੀ ਸੇਵਾ ਤੋਂ ਇੱਕ ਪਲ ਵੀ ਪਿੱਛੇ ਨਹੀਂ ਹਟਦਾ? ਇੱਕ ਕਹਾਣੀ ਵਿੱਚ ਪਤਾ ਲੱਗਦਾ ਹੈ ਕਿ ਕੰਮ ਦੇ ਬੋਝ ਕਾਰਨ ਉਸਨੂੰ ਇੱਕ ਮਹੀਨਾ ਨਹਾਉਣਾ ਵੀ ਨਾ ਮਿਲਿਆ, ਅਤੇ ਜਿਸ ਦਿਨ ਬਰਫੀਲਾ ਤੂਫ਼ਾਨ ਆਉਣ ਕਾਰਨ ਮਰੀਜ਼ ਘੱਟ ਆਉਂਦੇ ਹਨ ਤਾਂ ਉਹ ਨਹਾਉਣ ਲੱਗਦਾ ਹੈ? ਪਰ ਉਸਨੂੰ ਤੁਰੰਤ ਇੱਕ ਪਿੰਡ ਵਿੱਚੋਂ ਇੱਕ ਔਰਤ ਨੂੰ ਦੇਖਣ ਲਈ ਸੁਨੇਹਾ ਮਿਲਦਾ ਹੈ? ਤੂਫ਼ਾਨ ਵਿੱਚ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਉਹ ਔਰਤ ਨੂੰ ਦੇਖਣ ਜਾਂਦਾ ਹੈ, ਭਾਵੇਂ ਉਸਨੂੰ ਪਤਾ ਸੀ ਕਿ ਉਹ ਉਸਨੂੰ ਬਚਾ ਨਹੀਂ ਸਕੇਗਾ, ਪਰ ਲੋਕਾਂ ਨੂੰ 'ਨਾਂਹ' ਕਰਨੀ ਉਸ ਦਾ ਸੁਭਾਅ ਨਹੀਂ?

ਬਦਲੇ ਵਿੱਚ ਲੋਕ ਵੀ ਉਸਨੂੰ ਅਥਾਹ ਪਿਆਰ-ਸਤਿਕਾਰ ਦਿੰਦੇ ਹਨ? ਇੱਕ ਨੌਜਵਾਨ ਕੁੜੀ ਜਿਸਦੀ ਲੱਤ ਬੁਰੀ ਤਰ੍ਹਾਂ ਜ਼ਖਮੀ ਹੋ ਗਈ ਸੀ ਤੇ ਬੁਲਗਾਕੋਵ ਲੱਤ ਕੱਟ ਕੇ ਉਸਦੀ ਜਾਨ ਬਚਾਉਂਦਾ ਹੈ, ਹਸਪਤਾਲ ਵਿੱਚ ਦਾਖ਼ਲ ਰਹਿਣ ਸਮੇਂ ਉਸ ਲਈ ਇੱਕ ਕਢਾਈ ਵਾਲ਼ਾ ਤੌਲੀਆ ਬੁਣਦੀ ਹੈ? ਇੱਕ ਕਿਸਾਨ ਆਪਣੇ ਬੱਚੇ ਨੂੰ ਠੀਕ ਹੋਣ ਬਾਅਦ ਬੁਲਗਾਕੋਵ ਨੂੰ ਧੰਨਵਾਦ ਕਹਿਣ ਲਈ ਉਚੇਚੇ ਤੌਰ 'ਤੇ ਲੈ ਕੇ ਆਉਂਦਾ ਹੈ? ਕਈ ਹਾਸੇ ਵਾਲ਼ੇ ਵਾਕਏ ਵੀ ਹੁੰਦੇ ਹਨ, ਜਿਵੇਂ ਇੱਕ ਬਜ਼ੁਰਗ ਮਲੇਰਿਏ ਦੇ ਇਲਾਜ ਲਈ ਦਿੱਤੀ ਅੱਠ ਦਿਨ ਦੀ ਕੁਨੀਨ ਇੱਕੋ ਵਾਰ ਖਾ ਲੈਂਦਾ ਹੈ, ਇਹ ਸੋਚ ਕੇ ਇਦਾਂ ਉਹ ਜਲਦੀ ਠੀਕ ਹੋ ਜਾਵੇਗਾ! ਇੱਕ ਹੋਰ ਬੜੀ ਸ਼ਾਨਦਾਰ ਗੱਲ ਪਤਾ ਚੱਲਦੀ ਹੈ? ਬੁਲਗਾਕੋਵ ਤੋਂ ਪਹਿਲਾਂ ਉਸ ਹਸਪਤਾਲ ਵਿੱਚ ਤਾਇਨਾਤ ਡਾਕਟਰ, ਜਿਸਦਾ ਨਾਮ ਲੀਪੋਲਡ ਸੀ, ਇਸ ਛੋਟੇ ਜਿਹੇ ਹਸਪਤਾਲ ਵਿੱਚ ਲਾਇਬਰੇਰੀ ਬਣਾਉਂਦਾ ਹੈ ਅਤੇ ਉਹ ਸਾਰੀਆਂ ਕਿਤਾਬਾਂ ਆਉਣ ਵਾਲ਼ੇ ਡਾਕਟਰਾਂ ਦੀ ਮਦਦ ਲਈ ਉੱਥੇ ਛੱਡ ਜਾਂਦਾ ਹੈ? ਬੁਲਗਾਕੋਵ ਖੁਦ ਵੀ ਬਹੁਤ ਪੜ੍ਹਦਾ ਹੈ, ਸਾਹਿਤ ਤੋਂ ਲੈ ਕੇ ਮੈਡੀਕਲ ਵਿਗਿਆਨ ਤੱਕ।

**ਡਾ. ਅੰਮ੍ਰਿਤ ਪਾਲ**

# ਅਸ਼ਲੀਲਤਾ, ਹਿੰਸਾਂ ਅਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੇ ਗੀਤਾਂ 'ਤੇ ਉਠਾਏ ਸਵਾਲ

**ਅਸ਼ਲੀਲਤਾ, ਹਿੰਸਾਂ ਅਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੇ ਗੀਤਾਂ ਦਾ ਕਿਹੜਾ ਚੈਨਲ, ਕਿਹੜੀ ਤਾਰੀਖ ਨੂੰ, ਕਿਹੜੇ ਸਮੇਂ, ਕਿਹੜੇ ਗਾਇਕ ਦਾ, ਕਿਹੜੇ ਗੀਤ ਦਾ ਪ੍ਰਸਾਰਣ ਕਰਦਾ ਹੈ, ਪੁੱਛਿਆ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ**

ਕਿਹੜਾ ਚੈਨਲ, ਕਿਹੜੀ ਤਾਰੀਖ ਨੂੰ, ਕਿਹੜੇ ਸਮੇਂ, ਕਿਹੜੇ ਗਾਇਕ ਦਾ, ਕਿਹੜੇ ਗੀਤ ਦਾ ਪ੍ਰਸਾਰਣ ਕਰਦਾ ਹੈ। ਇਹ ਬੇਤੁਕੇ ਅਤੇ ਸਭਿਆਚਾਰਕ ਪ੍ਰਦੂਸ਼ਣ ਵਰਗੇ ਮਾਮਲੇ ਨੂੰ ਉਲਝਾਉਂਣ ਸਵਾਲ ਵਾਲੇ ਪੁੱਛੇ ਹਨ ਸੂਚਨਾਂ ਅਤੇ ਪ੍ਰਸਾਰਨ ਮੰਤਰਾਲੇ ਭਾਰਤ ਸਰਕਾਰ ਨੇ। ਇਹ ਸਵਾਲ ਇਪਟਾ, ਪੰਜਾਬ ਵੱਲੋਂ ਲੱਚਰ, ਅਸ਼ਲੀਲ ਅਤੇ ਹਿੰਸਾਂ ਅਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੇ ਗੀਤਾਂ 'ਤੇ ਸਖਤੀ ਰੋਕ ਲਾਉਣ ਦੀ ਮੰਗ ਵਾਲੇ ਲਿਖੇ ਪੱਤਰ ਦੇ ਜਵਾਬ ਵਿਚ ਪੁੱਛੇ। ਗੌਰਤਲਬ ਹੈ ਕਿ ਉਕਤ ਗੰਭੀਰ ਮਸਲੇ ਬਾਰੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਮੌਜੂਦਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੂੰ ਇਪਟਾ, ਪੰਜਾਬ ਨੇ ਪੱਤਰ ਲਿਖੇ ਸਨ। ਦੋਵਾਂ ਮਾਨਯੋਗ ਮੁੱਖ ਮੰਤਰੀ ਸਾਹਿਬਾਨਾਂ ਨੇ ਸਭਿਆਚਾਰਕ ਪ੍ਰਦੂਸ਼ਣ ਵਰਗੇ ਗੰਭੀਰ ਮਸਲੇ ਬਾਰੇ ਲਿਖੇ ਪੱਤਰ ਨੂੰ ਅਹਿਮੀਅਤ ਦਿੱਤੀ ਅਤੇ ਡਾਇਰੈਕਟਰ ਸੂਚਨਾਂ ਤੇ ਲੋਕ ਸੰਪਰਕ ਵਿਭਾਗ, ਪੰਜਾਬ ਚੰਡੀਗੜ੍ਹ ਨੇ ਇਪਟਾ, ਪੰਜਾਬ ਨੂੰ ਪੱਤਰ ਨੰ. ਪੀ.ਆਰ (ਗ.ਨ.)-2016/26415 ਮਿਤੀ 2/11/2016 ਅਤੇ ਪ੍ਰਿੰਸੀਪਲ ਸਕੱਤਰ ਦੇ ਦਫਤਰ ਵੱਲੋਂ ਪੀ ਐਸ/ਪੀ ਐਸ ਸੀ ਐਮ 2017/116 ਮਿਤੀ 19-06-17 ਰਾਹੀਂ ਸਕੱਤਰ, ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਭਾਰਤ ਸਰਕਾਰ ਨੂੰ ਸਭਿਆਚਾਰਕ ਪ੍ਰਦੂਸ਼ਣ ਵਰਗੇ ਭਖਵੇਂ ਅਤੇ ਗੰਭੀਰ ਮੁੱਦੇ ਦੀ ਸਬੰਧਤ ਕਾਨੂੰਨ ਅਨੁਸਾਰ ਅਗਲੇਰੀ ਜ਼ਰੂਰੀ




ਕਾਰਵਾਈ ਕਰਨ ਅਤੇ ਸੈਂਸਰ ਬੋਰਡ ਸੀ ਸ਼ਾਖਾ ਪੰਜਾਬ ਵਿਚ ਖੋਲਣ ਦੀ ਬੇਨਤੀ ਕੀਤੀ ਸੀ।

ਇਹ ਜਾਣਕਾਰੀ ਦਿੰਦੇ ਇਪਟਾ, ਪੰਜਾਬ ਦੇ ਪ੍ਰਧਾਨ ਇੰਦਰਜੀਤ ਰੂਪੋਵਾਲੀ ਅਤੇ ਜਨਰਲ ਸਕੱਤਰ ਸੰਜੀਵਨ ਸਿੰਘ ਨੇ ਇਹ ਕਿਹਾ ਕਿ ਇਹ ਬੇਤੁਕੇ ਅਤੇ ਉਲਝਾਉਣ ਵਾਲੇ ਸਵਾਲ ਸਭਿਆਚਾਰਕ ਪ੍ਰਦੂਸ਼ਣ ਵਰਗੇ ਮਾਮਲੇ ਨੂੰ ਸੂਚਨਾਂ ਅਤੇ ਪ੍ਰਸਾਰਨ ਮੰਤਰਾਲੇ ਵੱਲੋਂ ਲੰਬਾ ਖਿੱਚਣ ਦੇ ਇਰਾਦੇ ਨਾਲ ਪੁੱਛੇ ਗਏ ਪ੍ਰਤੀ ਹੁੰਦੇ ਹਨ। ਉਨਾਂ ਕਿਹਾ ਕਿ ਲੱਚਰ, ਅਸ਼ਲੀਲ ਅਤੇ ਹਿੰਸਾਂ ਅਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੇ ਗੀਤਾਂ ਰਾਹੀਂ ਅਮੀਰ ਅਤੇ ਨਿਰੋਏ ਪੰਜਾਬੀ ਵਿਰਸੇ ਅਤੇ ਰਿਸ਼ਤਿਆਂ ਨੂੰ ਤਾਰ-ਤਾਰ ਕੀਤਾ ਜਾ ਰਿਹਾ ਹੈ। ਇਹ ਵਰਤਾਰਾ ਸਮਾਜ ਅਤੇ ਆਉਣ ਵਾਲੀਆਂ ਨਸਲਾਂ ਨੂੰ ਜ਼ਹਿਨੀ ਅਤੇ ਮਾਨਿਸਕ ਤੌਰ 'ਤੇ ਬਿਮਾਰ, ਅਪੰਗ ਅਤੇ ਤਬਾਹ ਕਰਨ ਰਿਹਾ ਹੈ।

ਇਪਟਾ ਦਾ ਮੰਨਣਾ ਹੈ ਕਿ ਪੁਰਾਣੇਂ ਸਮਿਆਂ ਵਾਂਗ ਅੱਜ ਕਿਸੇ ਵੀ ਮੁਲਕ ਨੂੰ ਗੁਲਾਮ ਕਰਨ ਲਈ ਬੰਬਾਂ, ਬੰਦੂਕਾਂ, ਤੋਪਾਂ, ਮਸਾਇਲਾਂ ਦੀ ਲੋੜ ਨਹੀਂ। ਉਸਦੇ ਸਭਿਆਚਾਰ, ਭਾਸ਼ਾ ਅਤੇ ਵਿਰਸੇ ਨੂੰ ਤਬਾਹ ਕਰ ਦੇਵੋ। ਮੁਲਕ ਖੁਦ ਬ ਖੁਦ ਗੁਲਾਮ ਬਣ ਜਾਵੇਗਾ। ਇਹ ਇਨਸਾਨੀਅਤ ਵਿਰੋਧੀ ਵੱਗ ਰਹੀ ਹਵਾ 'ਕੱਲੇ-ਕਾਰੇ ਵਿਆਕਤੀ ਜਾਂ ਸੰਸਥਾਂ ਦੇ ਵਿਰੋਧ ਨਾਲ ਠੱਲੀ ਜਾਣੀ ਸਗੋਂ ਸਭ ਨੂੰ ਇਕ-ਮੁੱਠ ਅਤੇ ਇਕ ਜੁੱਟ ਹੋਕੇ ਆਪਣਾ ਵਿਰੋਧ ਬੁਲੰਦ ਆਵਾਜ਼ ਵਿਚ ਪ੍ਰਗਟ ਕਰਨਾ ਹੋਵੇਗਾ।

ਜ਼ਿਕਰਯੋਗ ਹੈ ਕਿ ਇਪਟਾ, ਪੰਜਾਬ ਵੀਹ ਪੰਚੀ ਸਾਲਾਂ ਤੋਂ ਸਭਿਆਚਾਰਕ ਵਰਗੇ ਗੰਭੀਰ ਮਸਲੇ ਬਾਰੇ ਚਿੰਤਾ ਪ੍ਰਗਟ ਕਰਦੇ ਅਤੇ ਰੋਕਣ ਲਈ ਦੇਸ਼ ਦੇ ਮਾਨਯੋਗ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ, ਸਬੰਧਤ ਮਹਿਕਮਿਆਂ ਦੇ ਮੰਤਰੀਆਂ, ਸੈਂਸਰ ਬੋਰਡ ਦੇ ਮੁੱਖੀਆਂ, ਮੈਂਬਰ ਪਾਰੀਮੈਂਟਾਂ ਤੇ ਦੇਸ਼ ਅਤੇ ਸੂਬੇ ਦੀਆਂ ਸਾਰੀ ਹਾਕਮ ਅਤੇ ਵਿਰੋਧੀ ਦੀਆਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੂੰ ਅਨੇਕਾਂ ਹੀ ਪੱਤਰ ਹੀ ਪੱਤਰ ਲਿਖ ਚੁੱਕੀ ਹੈ। ਪਰ ਸਵਰਗੀ ਮਾਨਯੋਗ ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ, ਸਤਿਕਾਰਯੋਗ ਅੰਨਾ ਹਜ਼ਾਰੇ ਅਤੇ ਪੰਜਾਬ ਦੇ ਸਾਬਕਾ ਅਤੇ ਮੌਜੂਦਾ ਮੁੱਖ ਮੰਤਰੀਆਂ ਤੋਂ ਇਲਾਵਾ ਕਿਸੇ ਨੇ ਵੀ ਇਸ ਗੰਭੀਰ ਮਸਲੇ ਬਾਰੇ ਹੁੰਗਾਰਾ ਨਹੀਂ ਭਰਿਆ।

**ਸੰਜੀਵਨ ਸਿੰਘ**

94174-60656

# ਮਰਹੂਮ ਜੱਜ ਦੀ ਮੌਤ ਬਾਰੇ ਹਾਲੀਆ ਖ਼ੁਲਾਸੇ 'ਚੋਂ ਉਠਦੇ ਸਵਾਲ



-ਬੂਟਾ ਸਿੰਘ ਨਵਾਂਸ਼ਹਿਰ
94634-74342

ਸੋਹਰਾਬੂਦੀਨ ਫਰਜ਼ੀ ਮੁਕਾਬਲੇ ਦੀ ਕਹਾਣੀ ਵਕਤ ਦੀ ਧੂੜ ਦੀ ਪਰਤ ਚੀਰਕੇ ਇਕ ਵਾਰ ਫਿਰ ਚਰਚਾ ਵਿਚ ਆ ਗਈ ਹੈ। ਇਸ ਵਾਰ ਚਰਚਾ ਦਾ ਕਾਰਨ ਮਰਹੂਮ ਜੱਜ ਬ੍ਰਿਜਗੋਪਾਲ ਲੋਇਆ ਦੀ ਮੌਤ ਬਾਰੇ ਇਕ ਖੋਜੀ ਪੱਤਰਕਾਰ ਨਿਰੰਜਨ ਟਾਕਲੇ ਵਲੋਂ ਡੂੰਘੀ ਛਾਣਬੀਣ 'ਤੇ ਅਧਾਰਤ ਸਨਸਨੀਖੇਜ਼ ਖ਼ੁਲਾਸਾ ਬਣਿਆ ਹੈ ਜਿਸ ਨੂੰ ਅੰਗਰੇਜ਼ੀ ਰਸਾਲੇ ਦ ਕਾਰਵਾਂ ਨੇ ਛਾਪਿਆ ਹੈ। ਇਸ ਖ਼ੁਲਾਸੇ ਨਾਲ ਭਾਜਪਾ ਦੇ ਤਾਕਤਵਰ ਆਗੂ ਅਮਿਤ ਸ਼ਾਹ ਦੇ ਸਿਆਸੀ ਕਿਰਦਾਰ ਨਾਲ ਇਕ ਹੋਰ ਹੱਤਿਆ ਦਾ ਕਲੰਕ ਜੁੜ ਗਿਆ ਹੈ।

ਸ੍ਰੀ ਨਰਿੰਦਰ ਮੋਦੀ ਜਦੋਂ ਗੁਜਰਾਤ ਦਾ ਮੁੱਖ ਮੰਤਰੀ ਸੀ ਉਸ ਅਰਸੇ ਵਿਚ ਸੂਬੇ ਵਿਚ ਪੁਲਿਸ ਮੁਕਾਬਲਿਆਂ ਦੇ ਬਹੁਤ ਸਾਰੇ ਕਾਂਡ ਹੋਏ ਜਿਹਨਾਂ ਬਾਰੇ ਕਿਹਾ ਗਿਆ ਕਿ ਇਹਨਾਂ ਮੁਕਾਬਲਿਆਂ ਵਿਚ ਮਾਰੇ ਗਏ 'ਮੁਜਰਿਮ' ਵੱਡੀਆਂ ਦਹਿਸ਼ਤੀ ਸਾਜ਼ਿਸ਼ਾਂ ਦਾ ਹਿੱਸਾ ਸਨ ਜੋ ਦਹਿਸ਼ਤਵਾਦ ਵਿਰੋਧੀ ਦਸਤੇ ਵਲੋਂ ਦਹਿਸ਼ਤਗਰਦ ਗਰੋਹਾਂ ਦਾ ਮੁਸਤੈਦੀ ਨਾਲ ਸਫ਼ਾਇਆ ਕਰਕੇ ਅਸਫ਼ਲ ਬਣਾ ਦਿੱਤੀਆਂ ਗਈਆਂ। ਇਹਨਾਂ ਮੁਕਾਬਲਿਆਂ ਵਿਚ ਇਕ ਮੁਕਾਬਲਾ 26 ਨਵੰਬਰ 2005 ਨੂੰ ਅਪਰਾਧ ਜਗਤ ਦੇ ਇਕ ਸਰਗਣੇ ਸੋਹਰਾਬੂਦੀਨ ਸ਼ੇਖ ਦਾ ਮੁਕਾਬਲਾ ਬਣਾਇਆ ਗਿਆ ਸੀ ਜੋ ਓਦੋਂ ਗੁਜਰਾਤ ਪੁਲਿਸ ਏ.ਟੀ.ਐੱਸ. (ਦਹਿਸ਼ਤਵਾਦ ਵਿਰੋਧੀ ਦਸਤੇ) ਦੀ ਰਿਹਾਸਤ ਵਿਚ ਸੀ। ਉਸ ਨੂੰ 23 ਨਵੰਬਰ ਨੂੰ ਬੱਸ ਵਿੱਚੋਂ ਅਗਵਾ ਕੀਤਾ ਗਿਆ ਜਦੋਂ ਉਹ ਆਪਣੀ ਪਤਨੀ ਅਤੇ ਆਪਣੇ ਇਕ ਸਾਥੀ ਤੁਲਸੀਰਾਮ ਪਰਜਾਪਤੀ ਨਾਲ ਹੈਦਰਾਬਾਦ ਤੋਂ ਮਹਾਰਾਸ਼ਟਰ ਨੂੰ ਜਾ ਰਿਹਾ ਸੀ। ਉਸਦੇ ਨਾਲ ਗਰਿਫ਼ਤਾਰ ਕੀਤੀ ਉਸਦੀ ਪਤਨੀ ਕੌਸਰ ਬੀ ਦੀ ਅਗਲੇ ਦਿਨ ਹੱਤਿਆ ਕਰਕੇ ਉਸਦਾ ਵੀ ਖ਼ੁਰਾਖੋਜ ਮਿਟਾ ਦਿੱਤਾ ਗਿਆ ਜੋ ਆਪਣੇ ਪਤੀ ਦੀ ਗਰਿਫ਼ਤਾਰੀ ਦੀ ਚਸ਼ਮਦੀਦ ਗਵਾਹ ਸੀ। ਅਗਲੇ ਸਾਲ 26 ਦਸੰਬਰ ਨੂੰ ਦੂਜੇ ਚਸ਼ਮਦੀਦ ਗਵਾਹ ਤੁਲਸੀਰਾਮ ਪਰਜਾਪਤੀ ਦਾ ਵੀ ਇਸੇ ਤਰਜ਼ 'ਤੇ ਇਕ ਮੁਕਾਬਲਾ ਬਣਾਕੇ ਸਫ਼ਾਇਆ ਕਰ ਦਿੱਤਾ ਗਿਆ। ਕੌਸਰ ਬੀ ਜਿਸ ਨੂੰ ਜਬਰਜਨਾਹ ਤੋਂ ਬਾਦ ਮਾਰਕੇ ਪੁਲਿਸ ਅਧਿਕਾਰੀ ਡੀ.ਜੀ ਵੰਜਾਰਾ ਦੇ ਜ਼ੱਦੀ ਪਿੰਡ ਵਿਚ ਦਫ਼ਨਾ ਦਿੱਤਾ ਗਿਆ ਸੀ ਦੀ ਹੱਤਿਆ ਦੇ ਜਬਰ ਜਨਾਹ ਅਤੇ ਕਤਲ ਦੀ ਸਚਾਈ ਤਾਂ ਗੁਜਰਾਤ ਸਰਕਾਰ ਦੇ ਅਟਾਰਨੀ ਨੇ ਖ਼ੁਦ ਸੁਪਰੀਮ ਕੋਰਟ ਅੱਗੇ ਸਵੀਕਾਰ ਕੀਤੀ ਸੀ।

ਸੋਹਰਾਬੂਦੀਨ ਇਕ ਬਦਨਾਮ ਅਪਰਾਧੀ ਸੀ ਜੋ ਗੁਜਰਾਤ, ਰਾਜਸਥਾਨ ਅਤੇ ਮੱਧ ਪ੍ਰਦੇਸ ਵਿਚ ਮਾਰਬਲ ਇੰਡਸਟਰੀ ਅਤੇ ਹੋਰ ਕਾਰੋਬਾਰਾਂ ਤੋਂ ਫ਼ਿਰੌਤੀਆਂ ਵਸੂਲਣ ਵਾਲੇ ਅੰਡਰ ਵਰਲਡ ਤਾਣੇਬਾਣੇ ਦਾ ਹਿੱਸਾ ਸੀ ਜਿਸ ਦਾ ਸਰਗਣਾ ਦਾਊਦ ਇਬਰਾਹੀਮ ਨੂੰ ਮੰਨਿਆ ਜਾਂਦਾ ਹੈ। ਪਰ ਗੁਜਰਾਤ ਪੁਲਿਸ ਵਲੋਂ ਦਾਅਵਾ ਕੀਤਾ ਗਿਆ ਕਿ ਸੋਹਰਾਬੂਦੀਨ ਲਸ਼ਕਰੇ-ਤਾਇਬਾ ਲਈ ਕੰਮ ਕਰ ਰਿਹਾ ਸੀ ਜਿਸ ਨੂੰ ਓਦੋਂ ਦਬੋਚਿਆ ਗਿਆ ਜਦੋਂ ਉਹ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐੱਸ.ਆਈ. ਦੇ ਇਸ਼ਾਰੇ 'ਤੇ ਗੁਜਰਾਤ ਵਿਚ ਕਿਸੇ ਵੱਡੇ ਦਹਿਸ਼ਤੀ ਕਾਂਡ ਨੂੰ ਅੰਜਾਮ ਦੇਣ ਲਈ ਯਤਨਸ਼ੀਲ ਸੀ। ਇਸ ਮੁਕਾਬਲੇ ਦੀ ਮੁੱਢਲੀ ਜਾਂਚ ਦੌਰਾਨ ਗੁਜਰਾਤ ਪੁਲਿਸ ਦੇ ਕਈ ਸੀਨੀਅਰ ਅਫ਼ਸਰਾਂ ਦੇ ਨਾਲ-ਨਾਲ ਅਮਿਤ ਸ਼ਾਹ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ ਵਿਚ ਆ ਗਈ ਜੋ ਹੁਣ ਭਾਜਪਾ ਦਾ ਪ੍ਰਧਾਨ ਹੈ। ਸਚਾਈ ਉਧੜਨੀ ਸ਼ੁਰੂ ਹੋ ਗਈ ਕਿ ਇਹ ਮੁਕਾਬਲੇ ਅਮਿਤ ਸ਼ਾਹ ਦੇ ਇਸ਼ਾਰੇ ਉੱਪਰ ਸੱਤਾਧਾਰੀ ਧਿਰ ਅਤੇ ਪੁਲਿਸ ਅਫ਼ਸਰਸ਼ਾਹੀ ਦੀ ਆਪਸੀ ਮਿਲੀਭੁਗਤ ਨਾਲ ਬਣਾਏ ਗਏ ਸਨ। ( ਯਾਦ ਰਹੇ ਕਿ 2013 ਵਿਚ ਮੋਦੀ ਵਜ਼ਾਰਤ ਦੇ ਚਹੇਤੇ ਪੁਲਿਸ ਅਧਿਕਾਰੀ ਡੀ.ਜੀ.ਵੰਜਾਰਾ ਨੇ ਮੋਦੀ-ਅਮਿਤ ਸ਼ਾਹ ਸਰਕਾਰ ਵਲੋਂ ਜੇਲ੍ਹ ਬੰਦ ਅਫ਼ਸਰਾਂ ਦੀ ਸਾਰ ਨਾ ਲੈਣ ਤੋਂ ਚਿੜਕੇ ਸਰੇਆਮ ਖੁੱਲ੍ਹੀ ਚਿੱਠੀ ਲਿਖਕੇ ਭਾਂਡਾ ਭੰਨ ਦਿੱਤਾ ਸੀ ਕਿ ਇਹ ਪੁਲਿਸ ਮੁਕਾਬਲੇ ਮੋਦੀ ਸਰਕਾਰ ਦੀ ਸੋਚੀ-ਸਮਝੀ ਨੀਤੀ ਤਹਿਤ ਸਨ ਜੋ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਹੁਕਮਾਂ ਤਹਿਤ ਬਣਾਏ ਗਏ ਤਾਂ ਜੋ ਮੋਦੀ ਸਰਕਾਰ ਦੀ ਸਾਖ ਦਹਿਸ਼ਤਵਾਦ ਨੂੰ ਸਖ਼ਤੀ ਨਾਲ ਨਜਿੱਠਣ ਵਾਲੀ ਸਰਕਾਰ ਦੇ ਤੌਰ 'ਤੇ ਉਭਾਰੀ ਜਾ ਸਕੇ। ਪਰ ਉਸਦੇ ਇਸ ਇੰਕਸ਼ਾਫ਼ ਦਾ ਮੁਲਕ ਦੀ ਅਦਾਲਤੀ ਪ੍ਰਣਾਲੀ ਵਲੋਂ ਕੋਈ ਨੋਟਿਸ ਨਹੀਂ ਲਿਆ ਗਿਆ।) ਮੋਦੀ ਸਰਕਾਰ ਵਲੋਂ ਇਸ ਮਾਮਲੇ ਨੂੰ ਦਬਾਉਣ ਲਈ ਪੂਰੀ ਤਾਕਤ ਝੋਕ ਦਿੱਤੀ ਗਈ। ਸੁਪਰੀਮ ਕੋਰਟ ਦੇ ਆਦੇਸ਼ ਉੱਪਰ ਇਸ ਮਾਮਲੇ ਦੀ ਸੁਣਵਾਈ ਜਦੋਂ ਗੁਜਰਾਤ ਤੋਂ ਬਾਹਰ ਮੁੰਬਈ ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਹੋ ਰਹੀ ਸੀ ਓਦੋਂ ਸੀਬੀਆਈ ਜੱਜ ਬ੍ਰਿਜਗੋਪਾਲ ਲੋਇਆ ਦੀ ਅਚਾਨਕ ਮੌਤ ਹੋ ਗਈ। ਉਹ ਆਪਣੇ ਦੋ ਸਾਥੀ ਜੱਜਾਂ ਨਾਲ ਨਾਗਪੁਰ ਵਿਚ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਗਿਆ ਹੋਇਆ ਸੀ। ਪੋਸਟ ਮਾਰਟਮ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਮੌਤ 'ਦਿਲ ਦਾ ਦੌਰਾ' ਪੈਣ ਕਾਰਨ ਹੋਈ। ਹਾਲੀਆ ਛਾਣਬੀਣ ਦੌਰਾਨ ਪਰਿਵਾਰ ਮੈਂਬਰਾਂ ਨੇ ਜੋ ਸਵਾਲ ਉਠਾਏ ਹਨ ਉਹਨਾਂ ਨੇ ਇਸ ਕਹਾਣੀ ਦੀ ਪ੍ਰਮਾਣਿਕਤਾ ਦੇ ਪਰਖੱਚੇ ਉਡਾ ਦਿੱਤੇ ਹਨ। ਹੁਣ ਜੱਜ ਦੀ ਮੌਤ ਦਾ ਹਰ ਪਹਿਲੂ ਸਵਾਲਾਂ ਦੇ ਘੇਰੇ ਵਿਚ ਹੈ। ਪਰ ਸੱਤਾਧਾਰੀ ਧਿਰ, ਮੁੱਖਧਾਰਾ ਮੀਡੀਆ ਅਤੇ ਜੱਜ ਭਾਈਚਾਰਾ ਇਸ ਬਾਰੇ ਇੰਞ ਖ਼ਾਮੋਸ਼ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਇਹ ਪਹਿਲਾ ਮੌਕਾ ਨਹੀਂ ਜਦੋਂ ਨਿਆਂ ਪ੍ਰਬੰਧ ਵਿਚ ਭ੍ਰਿਸ਼ਟਾਚਾਰ ਅਤੇ ਸੱਤਾ ਦੇ ਗਲਿਆਰਿਆਂ ਵਿਚ ਰਾਜਸੀ ਰਸੂਖ਼ ਨਾਲ ਅਦਾਲਤੀ ਫ਼ੈਸਲੇ ਆਪਣੇ ਹੱਕ ਵਿਚ ਕਰਵਾਉਣ ਦੇ ਮੁੱਦੇ ਨੇ ਤੂਲ ਫੜਿਆ ਹੋਵੇ। ਜਦੋਂ ਮਾਮਲੇ ਦੀਆਂ ਕੜੀਆਂ ਐਨੇ ਉਚੇਰੇ ਪੱਧਰ ਦੇ ਸੱਤਾਧਾਰੀ ਆਗੂ ਨਾਲ ਜੁੜੀਆਂ ਹੋਣ ਤਾਂ ਜੱਜ ਦੇ ਪਰਿਵਾਰ ਮੈਂਬਰਾਂ ਦਾ ਸਹਿਮ ਦੇ ਸਾਏ ਹੇਠ ਹੋਣਾ ਸੁਭਾਵਿਕ ਹੈ। ਇਸ ਤਰ੍ਹਾਂ ਦੀਆਂ ਹੋਰ ਕਈ ਮਿਸਾਲਾਂ ਹਨ ਜਦੋਂ ਸੱਤਾਧਾਰੀ ਧਿਰ ਦੇ ਦਬਾਓ ਨੂੰ ਦਰਕਿਨਾਰ ਕਰਕੇ ਨਿਰਪੱਖ ਫ਼ੈਸਲੇ ਸੁਣਾਉਣ ਵਾਲੇ ਜੱਜ ਅੱਜ ਵੀ ਧਮਕੀਆਂ ਦੇ ਸਾਏ ਹੇਠ ਜੀ ਰਹੇ ਹਨ। ਸਾਬਕਾ ਜੱਜ ਜਯੋਤਸਨਾ ਜਗਨੀਕ, ਜਿਸਨੇ ਨਰੋਦਾ ਪਾਟੀਆ ਕਤਲੇਆਮ ਵਿਚ ਮਾਇਆਕੋਡਨਾਨੀ ਅਤੇ ਬਾਬੂ ਬਜਰੰਗੀ ਸਮੇਤ 32 ਹਿੰਦੂਤਵੀ ਅਨਸਰਾਂ ਨੂੰ ਮੁਜਰਿਮ ਕਰਾਰ ਦੇਕੇ ਸਖ਼ਤ ਸਜ਼ਾ ਦਿੱਤੀ ਸੀ, ਉਸ ਨੂੰ ਫ਼ੋਨ ਅਤੇ ਚਿੱਠੀਆਂ ਰਾਹੀਂ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ ਅਤੇ ਉਹ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈਕੇ ਕਈ ਵਾਰ ਚਿੰਤਾ ਜ਼ਾਹਿਰ ਕਰ ਚੁੱਕੀ ਹੈ। ਜਦੋਂ ਜੱਜ ਹੀ ਮਹਿਫ਼ੂਜ਼ ਨਹੀਂ ਤਾਂ ਰਾਜਸੀ ਪ੍ਰਬੰਧ ਦੇ ਪੀੜਤ ਮਜ਼ਲੂਮਾਂ ਨੂੰ ਨਿਆਂ ਪ੍ਰਬੰਧ ਤੋਂ ਜੋ ਨਿਆਂ ਦੀ ਆਖ਼ਰੀ ਉਮੀਦ ਹੁੰਦੀ ਹੈ ਉਸ ਦੀ ਵੀ ਕੀ ਵੁੱਕਤ ਰਹਿ ਜਾਂਦੀ ਹੈ।

ਇਹੀ ਵਜ੍ਹਾ ਹੈ ਕਿ ਪੁਲਿਸ ਉੱਪਰ ਬਾਰਸੂਖ਼ ਤਾਕਤਾਂ ਦੇ ਰਾਜਸੀ ਦਬਾਓ ਅਤੇ ਪੁਲਿਸ-ਸਿਆਸਤਦਾਨਾਂ ਦੇ ਗੱਠਜੋੜ ਦਾ ਬਹੁਤ ਜ਼ਿਆਦਾ ਰੌਲ਼ਾ ਪੈ ਜਾਣ 'ਤੇ ਕਾਨੂੰਨੀ ਪੈਰਵੀ ਤਹਿਤ ਸੁਪਰੀਮ ਕੋਰਟ ਵਲੋਂ ਬਹੁਤ ਸਾਰੇ ਸੰਗੀਨ ਮਾਮਲਿਆਂ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਜਾਂਦੀ ਹੈ ਤਾਂ ਜੋ ਨਿਰਪੱਖ ਜਾਂਚ ਰਾਹੀਂ ਇਨਸਾਫ਼ ਕੀਤਾ ਜਾ ਸਕੇ। ਫਿਰ ਵੀ ਕੋਈ ਵਿਰਲਾ ਮਾਮਲਾ ਹੀ ਹੋਵੇਗਾ ਜਦੋਂ ਮਜ਼ਲੂਮਾਂ ਨੂੰ ਸੀ.ਬੀ.ਆਈ. ਦੀ ਜਾਂਚ ਦੇ ਅਧਾਰ 'ਤੇ ਅਦਾਲਤੀ ਇਨਸਾਫ਼ ਮਿਲਿਆ ਹੋਵੇ। ਸੱਤਾਧਾਰੀ ਧਿਰ ਦਾ 'ਪਿੰਜਰੇ ਦਾ ਤੋਤਾ' ਸੀ.ਬੀ.ਆਈ. ਆਪਣੀ ਗ਼ੈਰਭਰੋਸੇਯੋਗ ਭੂਮਿਕਾ ਕਾਰਨ ਆਏ ਦਿਨ ਮੀਡੀਆ ਦੀਆਂ ਸੁਰਖ਼ੀਆਂ ਵਿਚ ਰਹਿੰਦੀ ਹੈ। ਜੇ ਇਸ ਏਜੰਸੀ ਦਾ ਕੋਈ ਜੱਜ ਨਿਆਂਕਾਰੀ ਭੂਮਿਕਾ ਨਿਭਾਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਉਸ ਨੂੰ ਯਰਕਾਉਣ ਅਤੇ ਭਰਮਾਉਣ ਲਈ ਡਾਹਢੇ ਮੁਜਰਿਮ ਹਰ ਹਰਬਾ ਇਸਤੇਮਾਲ ਕਰਦੇ ਹਨ। ਇਸ ਰਿਪੋਰਟ ਨੇ ਜੋ ਤੱਥ ਸਾਹਮਣੇ ਲਿਆਂਦੇ ਹਨ ਉਹ ਇਹੀ ਦਰਸਾਉਂਦੇ ਹਨ ਕਿ ਜੱਜ ਲੋਇਆ ਨੂੰ ਅਦਾਲਤੀ ਅਥਾਰਟੀ ਲਾਗੂ ਕਰਾਉਣ ਦਾ ਮੁੱਲ ਆਪਣੀ ਜਾਨ ਦੇ ਕੇ ਤਾਰਨਾ ਪਿਆ ਅਤੇ ਉਸਦੀ ਸ਼ੱਕੀ ਹਾਲਾਤ ਵਿਚ ਮੌਤ ਦਾ ਉਸਦੇ ਆਪਣੇ ਭਾਈਚਾਰੇ ਵਲੋਂ ਵੀ ਕੋਈ ਨੋਟਿਸ ਨਾ ਲੈਣਾ ਇਸ ਤ੍ਰਾਸਦੀ ਵਿਚ ਹੋਰ ਵਾਧਾ ਕਰ ਗਿਆ।

ਹਾਲਾਤ ਦੀ ਨਜ਼ਾਕਤ ਇਸ ਤੋਂ ਵੱਧ ਕੀ ਹੋ ਸਕਦੀ ਹੈ ਕਿ ਐਨੇ ਵੱਡੇ ਖ਼ੁਲਾਸੇ ਅਤੇ ਇਲਜ਼ਾਮਾਂ ਤੋਂ ਬਾਦ ਵੀ ਸੰਘ ਬਰਗੇਡ ਤਾਂ ਖ਼ਾਮੋਸ਼ ਹੈ ਹੀ, ਜਿਸ ਵੱਲ ਹੱਤਿਆ ਦੀ ਸਾਜਿਸ਼ ਦੀ ਉਂਗਲ ਉੱਠੀ ਹੈ ਅਤੇ ਜਿਸ ਦੀ ਮੀਡੀਆ ਫ਼ੌਜ ਦੇ ਬੇਸ਼ੁਮਾਰ ਕਪਤਾਨ ਨਫ਼ਰਤ ਅਤੇ ਦਹਿਸ਼ਤ ਫੈਲਾਉਣ ਲਈ ਹਰ ਵਕਤ ਸਰਗਰਮ ਰਹਿੰਦੇ ਹਨ, ਬਲਕਿ ਜੱਜਾਂ ਦਾ ਭਾਈਚਾਰਾ ਵੀ ਖ਼ਾਮੋਸ਼ ਹੈ ਜਿਹਨਾਂ ਦੇ ਭਾਈਚਾਰੇ ਦੇ ਇਕ ਮੈਂਬਰ ਦੀ ਸ਼ੱਕੀ ਹਾਲਾਤ ਵਿਚ ਹੋਈ ਸੀ ਅਤੇ ਉਸਦੇ ਪਰਿਵਾਰ ਮੈਂਬਰ ਇਸ ਪਿੱਛੇ ਇਕ ਡੂੰਘੀ ਸਾਜ਼ਿਸ਼ ਦੇ ਇਲਜ਼ਾਮ ਲਗਾ ਰਹੇ ਹਨ। ਗੁਜਰਾਤ ਵਿਚ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਸਿਆਸੀ ਬਦਲਾਖ਼ੋਰੀ ਕਾਰਨ ਕਤਲਾਂ ਦੇ ਪਹਿਲਾਂ ਵੀ ਕਈ ਇਲਜ਼ਾਮ ਪੀੜਤ ਪਰਿਵਾਰ ਲਗਾ ਚੁੱਕੇ ਹਨ ਇਸ ਲਈ ਹਾਲੀਆ ਇਲਜ਼ਾਮ ਹੈਰਤਅੰਗੇਜ਼ ਨਹੀਂ। ਇਹ ਖ਼ੁਲਾਸਾ ਇਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਮੋਦੀ ਸਰਕਾਰ ਦੌਰਾਨ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ, ਪੁਲਿਸ ਮੁਕਾਬਲਿਆਂ ਅਤੇ ਸਿਆਸੀ ਕਤਲਾਂ ਦੇ ਸਿਲਸਿਲੇ ਵਿਚ ਮਜ਼ਲੂਮਾਂ ਦੀ ਅਦਾਲਤੀ ਲੜਾਈ ਅਜੇ ਜਾਰੀ ਹੈ ਅਤੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਵਲੋਂ ਮਾਮਲਿਆਂ ਦੀ ਸਹੀ ਤਰੀਕੇ ਨਾਲ ਪੈਰਵੀ ਨਾ ਕਰਕੇ ਬਾਰਸੂਖ਼ ਮੁਜਰਿਮਾਂ ਨੂੰ ਇਕ ਇਕ ਕਰਕੇ ਕਲੀਨ ਚਿਟਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਜੇਲ੍ਹਾਂ ਵਿਚ ਸਜ਼ਾਯਾਫ਼ਤਾ ਮੁਜਰਿਮ ਵੀ ਬਰੀ ਕੀਤੇ ਜਾ ਰਹੇ ਹਨ। ਜੋ ਆਪਣੇ ਆਪ ਵਿਚ ਸਬੂਤ ਹੈ ਕਿ ਸੰਘ ਬਰਗੇਡ ਦੀ ਰਾਜਸੀ ਦਖ਼ਲਅੰਦਾਜ਼ੀ ਕਿਸ ਹੱਦ ਤਕ ਹੈ।

ਦ ਕਾਰਵਾਂ ਵਿਚ ਛਪੀ ਵਿਸਤਾਰਤ ਰਿਪੋਰਟ ਅਮਿਤ ਸ਼ਾਹ ਦੇ ਅਦਾਲਤ ਵਿਚ ਹਾਜ਼ਰ ਨਾ ਹੋਣ ਅਤੇ ਜੱਜਾਂ ਵਲੋਂ ਉਸ ਦੀ ਹਾਜ਼ਰੀ ਯਕੀਨੀਂ ਬਣਾਉਣ ਲਈ ਸਖ਼ਤ ਹਦਾਇਤਾਂ ਦਿੱਤੇ ਜਾਣ ਦੇ ਨਿੱਗਰ ਤੱਥ ਪੇਸ਼ ਕਰਦੀ ਹੈ। ਪਹਿਲੇ ਜੱਜ ਦਾ ਤਬਾਦਲਾ ਇਸ ਕਰਕੇ ਕਰ ਦਿੱਤਾ ਗਿਆ ਕਿਉਂਕਿ ਉਸਨੇ ਅਮਿਤ ਸ਼ਾਹ ਨੂੰ ਅਦਾਲਤ ਵਿਚ ਹਾਜ਼ਰ ਨਾ ਹੋਣ ਲਈ ਸਖ਼ਤ ਝਾੜ ਪਾਈ ਸੀ। ਉਸਦੀ ਥਾਂ ਨਿਯੁਕਤ ਜੱਜ ਲੋਇਆ ਨੇ ਅਮਿਤ ਸ਼ਾਹ ਦੀ ਜਵਾਬ ਤਲਬੀ ਕੀਤੀ ਕਿ ਉਹ ਮੁੰਬਈ ਵਿਚ ਹੋਣ ਦੇ ਬਾਵਜੂਦ ਅਦਾਲਤ ਵਿਚ ਪੇਸ਼ੀ ਉੱਪਰ ਹਾਜ਼ਰ ਕਿਉਂ ਨਹੀਂ ਹੋਇਆ। ਉਸ ਨੂੰ ਪੇਸ਼ੀ ਤੋਂ ਛੋਟ ਸਿਰਫ਼ ਮੁੰਬਈ ਤੋਂ ਬਾਹਰ ਹੋਣ ਦੀ ਸੂਰਤ ਵਿਚ ਦਿੱਤੀ ਗਈ ਸੀ। ਅਗਲੀ ਪੇਸ਼ੀ ਤੋਂ ਪਹਿਲਾਂ ਹੀ ਜੱਜ ਲੋਇਆ ਦੀ ਮੌਤ ਹੋ ਗਈ ਅਤੇ ਉਸਦੀ ਥਾਂ ਨਿਯੁਕਤ ਕੀਤੇ ਜੱਜ ਨੇ ਅਮਿਤ ਸ਼ਾਹ ਨੂੰ ਤੁਰੰਤ ਬਰੀ ਕਰ ਦਿੱਤਾ। ਇਸ ਜੱਜ ਨੇ ਦਸ ਹਜ਼ਾਰ ਪੰਨਿਆਂ ਦੀ ਚਾਰਜ ਸ਼ੀਟ ਵਾਲੇ ਮੁਕੱਦਮੇ ਦਾ ਫ਼ੈਸਲਾ ਸੁਣਾਉਣ ਲਈ ਮਹਿਜ਼ ਪੰਦਰਾਂ ਮਿੰਟ ਲਾਏ। ਸੀ.ਬੀ.ਆਈ. ਦਾ ਇਸ ਮਾਮਲੇ ਵਿਚ ਉਚੇਰੀ ਅਦਾਲਤ ਵਿਚ ਅਪੀਲ ਨਾ ਕਰਨਾ ਰਾਜਸੀ ਦਬਾਅ ਨਾਲ ਆਪਣੇ ਹੱਕ ਵਿਚ ਫ਼ੈਸਲਾ ਕਰਾਏ ਜਾਣ ਵੱਲ ਸਾਫ਼ ਇਸ਼ਾਰਾ ਕਰਦਾ ਹੈ। ਇਸ ਘਟਨਾਕ੍ਰਮ ਨਾਲ ਜੋੜਕੇ ਦੇਖਿਆਂ ਜੱਜ ਲੋਇਆ ਦੇ ਪਰਿਵਾਰ ਵਲੋਂ ਕੀਤਾ ਦਾਅਵਾ ਪੂਰੀ ਤਰ੍ਹਾਂ ਸੱਚ ਜਾਪਦਾ ਹੈ ਕਿ ਆਪਣੇ "ਹੱਕ ਵਿਚ ਫ਼ੈਸਲਾ ਦੇਣ" ਬਦਲੇ ਜੱਜ ਨੂੰ 100 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਸੀ ਅਤੇ ਉਸ ਵਲੋਂ ਸਹਿਮਤ ਨਾ ਹੋਣ ਕਾਰਨ ਹੀ ਉਸਦੀ ਹੱਤਿਆ ਕਰਵਾਈ ਗਈ।

ਹਸਪਤਾਲ ਤੋਂ ਲੈਕੇ ਮ੍ਰਿਤਕ ਜੱਜ ਦੀ ਲਾਸ਼ ਨੂੰ ਉਸਦੇ ਪਿੰਡ ਪਹੁੰਚਾਉਣ ਅਤੇ ਮੌਤ ਤੋਂ ਕਈ ਦਿਨ ਬਾਦ ਜੱਜ ਦਾ ਮੋਬਾਈਲ ਫ਼ੋਨ ਪਰਿਵਾਰ ਨੂੰ ਸੌਂਪਣ ਵਿਚ ਸ਼ਾਮਲ ਆਰ.ਐੱਸ.ਐੱਸ. ਦਾ ਵਿਅਕਤੀ ਕੌਣ ਸੀ ਅਤੇ ਉਸ ਇਸ ਮਾਮਲੇ ਵਿਚ ਐਨਾ ਸਰਗਰਮ ਕਿਉਂ ਸੀ ਉਸਦੀ ਹਕੀਕਤ ਸਹੀ ਜਾਂਚ ਨਾਲ ਹੀ ਸਾਹਮਣੇ ਆ ਸਕਦੀ ਹੈ। ਜੱਜ ਦੇ ਪਰਿਵਾਰ ਮੈਂਬਰਾਂ ਨੂੰ ਸੱਦਣ ਦੀ ਬਜਾਏ ਲਾਸ਼ ਹਾਸਲ ਕਰਨ ਦੀ ਕਾਨੂੰਨੀ ਕਾਰਵਾਈ ਵਿਚ ਇਕ ਅਣਪਛਾਣੇ ਬੰਦੇ ਨੂੰ ਜਾਅਲੀ ਰਿਸ਼ਤੇਦਾਰ ਬਣਾਕੇ ਪੇਸ਼ ਕਰਨ ਦੀ ਜ਼ਰੂਰਤ ਕਿਉਂ ਪਈ ਅਤੇ ਸ੍ਰੀ ਲੋਇਆ ਦੇ ਨਾਲ ਗਏ ਦੋਵੇਂ ਜੱਜ ਖ਼ਾਮੋਸ਼ ਕਿਉਂ ਰਹੇ ਇਹ ਤੱਥ ਇਸ ਦਾਅਵੇ ਨੂੰ ਹੀ ਵਜ਼ਨਦਾਰ ਬਣਾਉਂਦੇ ਹਨ ਕਿ ਇਹ ਕੁਦਰਤੀ ਮੌਤ ਨਹੀਂ ਸੀ। ਪਰ ਜਦੋਂ ਤਕ ਭਾਜਪਾ ਸੱਤਾ ਵਿਚ ਹੈ ਇਸ ਮਾਮਲੇ ਦੀ ਦੁਬਾਰਾ ਜਾਂਚ ਸੰਭਵ ਨਹੀਂ।

ਹੁਣ ਦੇਖਣਾ ਇਹ ਹੈ ਕਿ ਇਸ ਖ਼ੁਲਾਸੇ ਦਾ ਨੋਟਿਸ ਲੈਕੇ ਮੁਲਕ ਦੀ ਸਰਵਉੱਚ ਅਦਾਲਤ ਇਸਦੀ ਵਿਸ਼ੇਸ਼ ਜਾਂਚ ਕਰਾਉਣ ਦਾ ਕੋਈ ਤਰੱਦਦ ਕਰਦੀ ਹੈ ਜਾਂ ਇਹ ਵਿਰੋਧੀ-ਧਿਰ ਲਈ ਮਹਿਜ਼ ਗੁਜਰਾਤ ਚੋਣਾਂ ਵਿਚ ਭਾਜਪਾ ਨੂੰ ਘੇਰਨ ਵਾਲਾ ਪ੍ਰਚਾਰ ਮੁੱਦਾ ਬਣਕੇ ਰਹਿ ਜਾਵੇਗਾ?

## ਜੱਜ ਦੇ ਪਰਿਵਾਰ ਮੈਂਬਰਾਂ ਵਲੋਂ ਉਠਾਏ ਗਏ ਸਵਾਲ

• ਲੋਇਆਦੀ ਮੌਤ ਦੇ ਵਕਤ ਬਾਰੇ ਕੋਈ ਸਪਸ਼ਟਤਾ ਨਹੀਂ ਹੈ। ਪੋਸਟਮਾਰਟਮ ਰਿਪੋਰਟ ਦੇ ਅਨੁਸਾਰ ਮੌਤ ਦਾ ਸਮਾਂ 1 ਦਸੰਬਰ 2014 ਨੂੰ ਸਵੇਰੇ 6:15 ਵਜੇ ਦਰਜ ਹੈ, ਜਦੋਂ ਕਿ ਪਰਿਵਾਰ ਮੈਂਬਰਾਂ ਦੇ ਮੁਤਾਬਕ ਉਹਨਾਂ ਨੂੰ ਇਕ ਤਾਰੀਖ ਨੂੰ ਸਵੇਰੇ 5 ਵਜੇ ਫ਼ੋਨ ਉੱਪਰ ਉਹਨਾਂ ਨੂੰ ਮੌਤ ਦੀ ਸੂਚਨਾ ਦਿੱਤੀ ਗਈ ਸੀ।

• ਕਿਹਾ ਗਿਆ ਕਿ ਲੋਇਆ ਦੀ ਮੌਤ ਦਿਲ ਦੇ ਦੌਰੇ ਨਾਲ ਹੋਈ, ਜਦੋਂ ਕਿ ਪਰਿਵਾਰ ਮੈਂਬਰਾਂ ਅਨੁਸਾਰ ਉਸ ਦੇ ਕੱਪੜਿਆਂ ਉੱਤੇ ਖ਼ੂਨ ਦੇ ਦਾਗ਼ ਸਨ।

• ਲੋਇਆ ਦੇ ਬਾਪ ਦੇ ਮੁਤਾਬਿਕ ਮ੍ਰਿਤਕ ਦੇ ਸਿਰ ਉੱਤੇ ਸੱਟ ਵੱਜੀ ਹੋਈ ਸੀ।

• ਪਰਿਵਾਰਨੂੰ ਲੋਇਆ ਦਾ ਫ਼ੋਨ ਮੌਤ ਤੋਂ ਕਈ ਦਿਨ ਬਾਦ ਮੋੜਿਆ ਗਿਆ, ਜਿਸ ਵਿਚੋਂ ਡੇਟਾ ਡਿਲੀਟ ਕੀਤਾ ਹੋਇਆ ਸੀ।

• ਇਹ ਕਿਹਾ ਗਿਆ ਕਿ ਲੋਇਆ ਨਾਗਪੁਰ ਦੇ ਰਵੀ ਗੈਸਟ ਹਾਊਸ ਵਿਚ ਠਹਿਰੇ ਹੋਏ ਸਨ ਉਹਨਾਂ ਨੂੰ ਰਾਤ ਨੂੰ ਦਿਲ ਦਾ ਦੌਰਾ ਪੈਣ ਤੋਂ ਪਿੱਛੋਂ ਆਟੋ ਰਿਕਸ਼ਾ ਉੱਪਰ ਹਸਪਤਾਲ ਲੈ ਜਾਇਆ ਗਿਆ ਸੀ। ਲੋਇਆ ਦੀ ਭੈਣ ਨੇ ਪੱਤਰਕਾਰ ਨਾਲ ਵਾਰਤਾਲਾਪ ਦੌਰਾਨ ਸਵਾਲ ਕੀਤਾ ਕਿ ਕੀ ਐਨੇ ਵੀਆਈਪੀ ਵਿਅਕਤੀਆਂ ਦੇ ਉਥੇ ਠਹਿਰੇ ਹੋਣ ਦੇ ਬਾਵਜੂਦ ਰਵੀ ਗੈਸਟ ਹਾਊਸ ਵਿਚ ਕੋਈ ਗੱਡੀ ਨਹੀਂ ਸੀ, ਜੋ ਜੱਜ ਨੂੰ ਹਸਪਤਾਲ ਲੈਕੇ ਜਾਂਦੀ?

• ਰਵੀ ਗੈਸਟ ਹਾਊਸ ਤੋਂ ਸਭ ਤੋਂ ਨੇੜਲਾ ਆਟੋ ਸਟੈਂਡ ਦੋ ਕਿਲੋਮੀਟਰ ਦੂਰ ਹੈ। ਕੀ ਅੱਧੀ ਰਾਤ ਨੂੰ ਆਟੋ ਮਿਲਣਾ ਸੰਭਵ ਸੀ?

ਆਰਐੈਸਐੈਸ ਕਾਰਕੁੰਨ ਈਸ਼ਵਰ ਬਹੇਟੀ ਇਸ ਮਾਮਲੇ ਵਿਚ ਰੁਚਿਤ ਕਿਉਂ ਸੀ? ਇਹ ਵਰਕਰ ਲੋਇਆ ਦੀ ਮੌਤ ਤੋਂ ਬਾਦ ਲਾਸ਼ ਨੂੰ ਉਹਨਾਂ ਦੇ ਘਰ ਲਿਜਾਣ ਦੀ ਥਾਂ ਜੱਦੀ ਪਿੰਡ ਲੈ ਗਿਆ ਅਤੇ ਇਸ ਦੀ ਜਾਣਕਾਰੀ ਪਰਿਾਵਰ ਮੈਂਬਰਾਂ ਨੂੰ ਦਿੱਤੀ। ਲੋਇਆ ਦਾ ਫ਼ੋਨ ਵੀ ਡੇਟਾ ਡਿਲੀਟ ਕਰਕੇ ਪਰਿਵਾਰ ਨੂੰ ਇਸੇ ਨੇ ਵਾਪਸ ਕੀਤਾ।

• ਪੋਸਟਮਾਰਟਮਰਿਪੋਰਟ ਦੇ ਹਰ ਸਫ਼ੇ ਉੱਪਰ ਇਕ ਵਿਅਕਤੀ ਦੇ ਦਸਤਖਤ ਹਨ, ਜਿਸਦੇ ਹੇਠਾਂ ਮ੍ਰਿਤਕ ਨਾਲ ਰਿਸ਼ਤਾ ਮਰਾਠੀ ਵਿਚ 'ਚਚੇਰਾ ਭਰਾ' ਲਿਖਿਆ ਹੈ, ਲੇਕਿਨ ਪਰਿਵਾਰ ਮੈਂਬਰਾਂ ਦਾ ਕਹਿਣਾ ਹੈ ਕਿ ਉਹਨਾਂ ਦੇ ਪਰਿਵਾਰ ਵਿਚ ਐਸਾ ਕੋਈ ਵਿਅਕਤੀ ਹੀ ਨਹੀਂ ਹੈ

• ਜੇ ਸ੍ਰੀ ਲੋਇਆ ਦੀ ਮੌਤ ਮੌਤ ਕੁਦਰਤੀ ਹੋਈ ਸੀ, ਫਿਰ ਪੋਸਟਮਾਰਟਮ ਦੀ ਜ਼ਰੂਰਤ ਕਿਉਂ ਪਈ?

• ਪੋਸਟਮਾਰਟਮ ਦੇ ਬਾਦ ਪੰਚਨਾਮਾ ਵੀ ਨਹੀਂ ਭਰਿਆ ਗਿਆ ਜੋ ਕਿ ਜ਼ਰੂਰੀ ਹੁੰਦਾ ਹੈ।

• ਸ੍ਰੀ ਲੋਇਆ ਦੀ ਮੌਤ ਤੋਂ 29 ਦਿਨ ਬਾਦ ਉਸਦੀ ਥਾਂ ਲੈਣ ਵਾਲੇ ਜੱਜ ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਮਾਮਲੇ ਦੀ ਸੁਣਵਾਈ 15 ਮਿੰਟ ਵਿਚ ਕਰਕੇ ਸਾਫ਼ ਬਰੀ ਕਰ ਦਿੱਤਾ

• ਫਿਰ ਇਕ ਇਕ ਕਰਕੇ ਇਸ ਮਾਮਲੇ ਵਿਚ ਨਾਮਜ਼ਦ 11 ਹੋਰ ਵਿਅਕਤੀ, ਜਿਹਨਾਂ ਵਿਚ ਗੁਜਰਾਤ ਪੁਲਿਸ ਦੇ ਆਹਲਾ ਅਧਿਕਾਰੀ ਵੀ ਹਨ, ਬਰੀ ਕਰ ਦਿੱਤੇ ਗਏ। ਇਹ ਤੱਥ ਕੀ ਸੰਕੇਤ ਕਰਦੇ ਹਨ?

ਜੱਜ ਸੁਣਵਾਈ ਦੀ ਤਾਰੀਕ 15 ਦਸੰਬਰ 2014 ਨੂੰ ਤੈਅ ਕਰਦਾ ਹੈ ਪਰੰਤੂ 14 ਦਸੰਬਰ ਨੂੰ ਪਰਿਵਾਰ ਨੂੰ ਖਬਰ ਮਿਲਦੀ ਹੈ ਕਿ ਨਾਗਪੁਰ ਵਿਆਹ 'ਤੇ ਗਏ ਜੱਜ ਦੀ ਮੌਤ ਹੋ ਗਈ ਹੈ।

• ਪਰਿਵਾਰ ਦੀ ਸਹਿਮਤੀ ਤੋਂ ਬਿਨਾ ਹੀ ਜੱਜ ਦੇ ਲਾਤੂਰ ਨੇੜਲੇ ਜੱਦੀ ਪਿੰਡ 'ਚ ਲਾਸ਼ ਲਿਜਾਕੇ ਸਸਕਾਰ ਕਰਨ ਦਾ ਫੈਸਲਾ ਕਿਸਨੇ ਕੀਤਾ?

• ਪੋਸਟ ਮਾਰਟਮ ਵੇਲੇ ਪੁਲਿਸ ਜਾਂ ਸਾਥੀ ਜੱਜ ਕੁਝ ਵੀ ਰਿਕਾਰਡ ਕਿਉਂ ਨਹੀਂ ਕਰਦੇ ਨਾ ਹੀ ਲਾਸ ਨਾਲ ਪਿੰਡ ਜਾਂਦੇ ਹਨ। ਐਬੂਲੈਂਸ ਦਾ ਡਰਾਈਵਰ ਹੀ ਲਾਸ਼ ਲੈ ਕੇ ਜਾਂਦਾ ਹੈ।

• ਕੀ ਜੱਜ ਨਾਗਪੁਰ ਦੇ ਗੈਸਟ ਹਾਊਸ 'ਚ ਇਕੱਲਾ ਸੀ?

• ਕੀ ਉਸਨੂੰ ਕਿਸੇ ਚੰਗੇ ਹਸਪਤਾਲ ਨਹੀਂ ਸੀ ਲਜਾਇਆ ਜਾ ਸਕਦਾ ?

• ਨਾਜ਼ੁਕ ਹਾਲਤ ਵਿਚ ਜੱਜ ਨੂੰ ਐਸੇ ਹਸਪਤਾਲ ਵਿਚ ਆਟੋ ਵਾਲਾ ਲੈ ਕੇ ਗਿਆ ਜਿਥੇ ਈਸੀਜੀ ਮਸੀਨ ਵੀ ਨਹੀਂ ਸੀ?

• 48 ਸਾਲ ਦੇ ਜੱਜ ਨੂੰ ਅਜਿਹਾ ਕੁਝ ਵੀ ਨਹੀਂ ਸੀ ਕਿ ਦਿਲ ਦਾ ਦੌਰਾ ਪਵੇ।

• ਪਰਿਵਾਰ ਨੂੰ ਤੁਰੰਤ ਕਿਉ ਨਹੀ ਬੁਲਾਇਆ ਗਿਆ?

• ਪੋਸਟ ਮਾਰਟਮ ਸਮੇਂ ਪਰਿਵਾਰ ਦੀ ਸਹਿਮਤੀ ਜਾਂ ਹਾਜਰੀ ਕਿਉ ਯਕੀਨੀ ਨਾ ਬਣਾਈ ਗਈ?

• ਲਾਸ਼ ਨੂੰ ਪਿੰਡ ਲਿਜਾਕੇ ਸਸਕਾਰ ਕਰਨ ਦਾ ਫ਼ੈਸਲਾ ਕਿਸਨੇ ਕੀਤਾ ?

• ਪ੍ਰੋਟੋਕਾਲ ਅਨੁਸਾਰ ਜੱਜ ਦੀ ਲਾਸ਼ ਨਾਲ ਪੁਲਿਸ ਵਾਲੇ ਕਿਉ ਨਹੀ ਗਏ?

• ਪੋਸਟ ਮਾਰਟਮ ਵੇਲੇ ਐਨਾ ਖ਼ੂਨ ਨਹੀਂ ਨਿਕਲਦਾ ਹੈ ਕਿ ਕੱਪੜੇ ਖਰਾਬ ਹੋ ਜਾਣ?

• ਮੌਤ ਜਾਂ ਪੋਸਟ ਮਾਰਟਮ ਵੇਲੇ ਪੁਲਿਸ ਵੱਲੋਂ ਬਣਦੀ ਕਾਨੂੰਨੀ ਕਾਰਵਾਈ ਕਿਉਂ ਨਹੀ ਨਿਭਾਈ ਗਈ ?

• ਇਹਨਾਂ ਤਮਾਮ ਸਵਾਲਾਂ ਬਾਰੇ ਛੋਟੀ ਛੋਟੀ ਗੱਲ ਉੱਪਰ ਵੱਡੀਆਂ ਵੱਡੀਆਂ ਖ਼ਬਰਾਂ ਉਛਾਲਣ ਵਾਲਾ ਮੀਡੀਆ ਅਤੇ ਸਿਆਸੀ ਕੋੜਮਾ ਖ਼ਾਮੋਸ਼ ਕਿਉਂ ਹਨ ?

**[ਦ ਵਾਇਰ ਦੀ ਰਿਪੋਰਟ ਦੇ ਧੰਨਵਾਦ ਸਹਿਤ]**

# ਭਾਰਤ ਅੰਦਰ ਕਮਿਊਨਿਸਟ ਲਹਿਰ ਦਾ ਸਰਾਪਿਆ ਜਾਣਾ ਨੁਕਸ ਕਿਥੇ ?

**ਕਾਮਰੇਡ ਗੁਰਮੇਲ (ਬਰਗਾੜੀ)**



ਸਾਡੇ ਦੇਸ ਭਾਰਤ ਅੰਦਰ ਕਮਿਊਨਿਸਟ ਪਾਰਟੀ ਦਾ ਮੁੱਢ 1925 ਦੇ ਆਸ ਪਾਸ ਦਾ ਸਮਾਂ ਗਿਣਿਆਂ ਜਾਂਦਾ ਹੈ। ਇਹ ਉਹ ਸਮਾਂ ਸੀ, ਜਦ ਰੂਸ ਅੰਦਰ ਰਾਜ ਸਤਾ ਕਮਿਊਨਿਸਟਾਂ ਨੇ ਸਾਂਭ ਲਈ ਸੀ। ਰੂਸੀ ਇਨਕਲਾਬ ਦਾ ਅਸਰ ਏਸ਼ੀਆ ਮਹਾਂਦੀਪ ਉਪਰ ਬੜੀ ਤੇਜੀ ਨਾਲ ਪਿਆ। ਇਹੀ ਸਮਾਂ ਚੀਨੀ ਕਮਿਊਨਿਸਟ ਪਾਰਟੀ ਦੇ ਮੁੱਢ ਦਾ ਗਿਣਿਆ ਜਾਂਦਾ ਹੈ। ਭਾਰਤ ਅੰਦਰ ਸਿੱਧੀ ਬਦੇਸ਼ੀ ਸਾਮਰਾਜੀ ਹਕੂਮਤ ਸੀ। ਜਦ ਕਿ ਚਾਈਨਾ ਅੰਦਰ ਸਾਮਰਾਜੀ ਪਿੱਠੂ ਸਰਕਾਰ ਸੀ। ਦੋਵਾਂ ਦੇਸਾਂ ਵਿਚ ਜਮੀਨੀ (ਜਗੀਰੂ) ਰਿਸ਼ਤੇ ਭਾਰੂ ਸਨ, ਸਾਮਰਾਜੀ ਉਹਨਾਂ ਦੀ ਪਿੱਠ ਉਪਰ ਖੜੇ ਸਨ। ਭਾਰਤ ਵਿਚ ਸਿਧਾ ਸਾਮਰਾਜੀ ਕੰਟਰੋਲ ਹੋਣ ਕਰਕੇ, ਕਮਿਊਨਿਸਟ ਪਾਰਟੀ ਨੂੰ ਦੇਸ਼ ਭਗਤ ਤਾਕਤਾਂ ਨਾਲ ਸਾਂਝਾ ਮੋਰਚਾ ਬਣਾਕੇ ਜਰਈ ਇਨਕਲਾਬ ਦਾ ਮੁੱਢ ਬੰਨਣਾ ਚਾਹੀਦਾ ਸੀ। ਜਗੀਰਦਾਰਾਂ ਦੀਆਂ ਜਮੀਨਾਂ ਤੇ ਮੁਜਾਰਿਆਂ ਦੇ ਕਬਜੇ ਕਰਵਾਉਣ ਲਈ ਹਥਿਆਰਬੰਦ ਜਦੋ ਜਹਿਦ ਦੀ ਸ਼ੁਰੂਆਤ ਕਰਨੀ ਚਾਹੀਦੀ ਸੀ। ਜਿਥੇ ਵੀ ਕਮਿਊਨਿਸਟ ਪਾਰਟੀ ਨੇ ਛੋਟਾ ਮੋਟਾ ਜਮੀਨੀ ਘੋਲ ਲੜਿਆ ਲੋਕਾਂ ਨੇ ਪੂਰੀ ਤਨ ਦੇਹੀ ਨਾਲ ਪਾਰਟੀ ਦਾ ਸਾਥ ਦਿਤਾ। ਜਮੀਨੀ ਘੋਲ ਨਾ ਸ਼ੁਰੂ ਕਰਨ ਕਰਕੇ, ਅਸੀਂ ਚੀਨੀ ਕਮਿਊਨਿਸਟ ਪਾਰਟੀ ਵਾਂਗ ਸਾਮਰਾਜ ਵਿਰੋਧ ਲਹਿਰ ਅਤੇ ਮਜਬੂਤ ਪਾਰਟੀ ਦੀ ਉਸਾਰੀ ਨਾ ਕਰ ਸਕੇ। ਜਿਥੇ ਕਿਤੇ ਦੇਸ ਦੇ ਹੋਰ ਹਿਸਿਆਂ ਵਿਚ ਮੁਜਾਰਿਆਂ ਅਤੇ ਜਗੀਰਦਾਰਾਂ ਵਿਚ ਝਗੜੇ ਹੋਏ ਸਾਡੇ ਲੀਡਰਾਂ ਨੇ ਵਿਚ ਪੈ ਕੇ ਸਮਝੌਤੇ ਕਰਵਾਉਣ ਦਾ ਰਾਹ ਅਖਤਿਆਰ ਕੀਤਾ, ਜਦ ਕੇ ਹਥਿਆਰ ਬੰਦ ਘੋਲ ਸ਼ੁਰੂ ਕਰਕੇ ਜਗੀਰਦਾਰਾਂ ਦੀਆਂ ਜਮੀਨਾਂ ਤੇ ਕਬਜਿਆਂ ਦਾ ਰਸਤਾ ਅਖਤਿਆਰ ਕਰਨਾ ਚਾਹੀਦਾ ਸੀ।

ਦੂਸਰਾ ਵਿਸ਼ਵ ਯੁੱਧ ਏਸ਼ੀਆ ਅੰਦਰ ਸਾਮਰਾਜੀਆਂ ਦੀ ਮੌਤ ਦੇ ਵਰੰਟ ਲੈ ਕੇ ਆਇਆ। ਚੀਨੀ ਕਮਿਊਨਿਸਟ ਪਾਰਟੀ ਨੇ ਇਸ ਦਾ ਪੂਰਾ ਪੂਰਾ ਫਾਇਦਾ ਉਠਾਇਆ। ਜਾਪਾਨ ਨੇ ਚੀਨ ਉਪਰ ਹਮਲਾ ਕਰਕੇ, ਉਸ ਦੇ ਮਨਚੂਰੀਆ ਪਰਾਂਤ ਉਪਰ ਕਬਜਾ ਕਰ ਲਿਆ। ਚੀਨੀ ਕਮਿਊਨਿਸਟ ਪਾਰਟੀ ਦੇ ਆਗੂ ਜਾਪਾਨੀ ਹਮਲਾਵਰਾਂ ਵਿਰੁਧ ਚਿਆਂਗ ਕਾਈ ਸ਼ੇਕ ਨਾਲ ਸਾਂਝਾ ਮੋਰਚਾ ਬਣਾਕੇ ਲੜੇ, ਅਤੇ ਜਾਪਾਨੀ ਹਮਲਾਵਰਾਂ ਨੂੰ ਚੀਨ ਵਿਚੋਂ ਬਾਹਰ ਕੱਢਿਆ। ਉਸ ਤੋਂ ਬਾਅਦ ਫਿਰ ਤੋਂ ਚਿਆਂਗ ਕਾਈ ਸ਼ੇਕ ਨਾਲ ਟੱਕਰ ਵਿਚ ਆ ਗਏ। 1949 ਵਿਚ ਸਾਰੇ ਦੇਸ ਵਿਚੋਂ ਜਗੀਰੂ-ਸਾਮਰਾਜੀ ਗੱਠਜੋੜ ਨੂੰ ਮੁਕੰਮਲ ਹਾਰ ਦੇ ਕੇ ਕਮਿਊਨਿਸਟ ਪਾਰਟੀ ਦੇ ਝੰਡੇ ਹੇਠ ਲੋਕਰਾਜ ਸਥਾਪਤ ਕਰ ਦਿਤਾ, ਜੋ ਅੱਜ ਤਕ ਕਾਇਮ ਹੈ। ਪਰ ਸਾਡੀ ਪਾਰਟੀ ਨੇ ਵਿਸ਼ਵ ਯੁੱਧ ਵਿਚ ਯੌਰਪ ਅੰਦਰ ਫਾਸ਼ਿਸ਼ਟ ਜਰਮਨੀ ਦੇ ਖਿਲਾਫ ਰੂਸ ਵਲੋਂ ਐਂਟੀ ਫਾਸ਼ਿਸ਼ਟ ਮੋਰਚੇ ਵਿਚ ਸ਼ਾਮਲ ਹੋਣ ਕਰਕੇ, ਸਾਡੇ ਦੇਸ ਵਿਚ ਵੀ ਅੰਗਰੇਜ ਸਾਮਰਾਜ ਦੀ ਹਿਮਾਇਤ ਕਰਨੀ ਸ਼ੁਰੂ ਕਰ ਦਿਤੀ। ਜਦ ਕੇ ਭਾਰਤ ਦੀਆਂ ਦੇਸ ਭਗਤ ਪਾਰਟੀਆਂ ਨਾਲ ਸਾਂਝਾ ਮੋਰਚਾ ਬਣਾ ਕੇ ਅੰਗਰੇਜਾਂ ਵਿਰੁਧ ਹਥਿਆਰਬੰਦ ਟੱਕਰ ਦੀ ਲੋੜ ਸੀ। ਇਸ ਤੋਂ ਉਲਟ ਸਾਡੀ ਪਾਰਟੀ ਸਾਮਰਾਜ ਦੀ ਹਿਮਾਇਤ ਵਿਚ ਲੋਕਾਂ ਨੂੰ ਫੌਜ ਵਿਚ ਭਰਤੀ ਲਈ ਅਪੀਲਾਂ ਕਰਦੀ ਰਹੀ। ਕਾਂਗਰਸ ਪਾਰਟੀ ਨੇ 1942 ਵਿਚ ਅੰਗਰੇਜੋ ਭਾਰਤ ਛੋਡੋ ਦਾ ਨਾਅਰਾ ਦਿਤਾ। ਸੁਭਾਸ਼ ਚੰਦਰ ਬੋਸ ਨੇ ਜਾਪਾਨ ਦੀ ਮੱਦਦ ਨਾਲ ਅਜਾਦ ਹਿੰਦ ਫੌਜ ਬਣਾ ਕੇ ਦੇਸ ਨੂੰ ਅਜਾਦ ਕਰਵਾਉਣ ਦੀ ਕੋਸ਼ਿਸ਼ ਕੀਤੀ। ਸੁਭਾਸ਼ ਚੰਦਰ ਬੋਸ ਦੀ ਦੇਸ-ਅਜਾਦੀ ਲਈ ਕੀਤੀ ਕੁਰਬਾਨੀ ਨੂੰ ਭਾਰਤੀ ਲੋਕ ਅੱਜ ਵੀ ਯਾਦ ਕਰਦੇ ਹਨ। ਅੰਗਰੇਜੀ ਹਕੂਮਤ ਨੂੰ ਪਤਾ ਲੱਗ ਗਿਆ, ਕਿ ਹੁਣ ਭਾਰਤ ਨੂੰ ਛਡਣਾ ਹੀ ਪੈਣਾ ਹੈ। ਉਨਾਂ ਦੇਸ ਨੂੰ ਹਿੰਦੂ ਤੇ ਮੁਸਲਮ ਧਰਮ ਦੇ ਅਧਾਰ ਤੇ ਵੰਡਣ ਦੀ ਸਕੀਮ ਬਣਾ ਲਈ। ਕਾਂਗਰਸ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ। ਸਾਡੀ ਪਾਰਟੀ ਨੇ ਧਰਮ ਦੇ ਅਧਾਰ ਤੇ ਦੇਸ ਦੀ ਵੰਡ ਦੀ ਡੱਟ ਕੇ ਹਿਮਾਇਤ ਕੀਤੀ, ਜੋ ਵੱਡੀ ਗਲਤੀ ਸੀ। ਧਰਮ ਕੌਮ ਨਹੀਂ ਹੁੰਦਾ, ਇਕ ਧਰਮ ਵਿਚ ਕਿੰਨੀਆਂ ਹੀ ਕੌਮਾਂ ਹੋ ਸਕਦੀਆਂ ਹਨ, ਤੇ ਇਕ ਕੌਮ ਵਿਚ ਕਿੰਨੇ ਹੀ ਧਰਮ। ਸਾਡੇ ਲੀਡਰਾਂ ਦਾ ਧਰਮ ਨੂੰ ਕੌਮ ਮੰਨਣਾ ਹੀ ਇਕ ਵੱਡੀ ਗਲਤੀ ਸੀ। ਸਾਡੀ ਪਾਰਟੀ ਦੇ ਪੰਜਾਬ ਦੇ ਇਕ ਘੈਂਟ ਆਗੂ ਅਤੇ ਅੰਗਰੇਜ ਹਕੂਮਤ ਨੇ ਤਾਂ ਅਕਾਲੀ ਦਲ ਦੇ ਆਗੂ ਮਾਸਟਰ ਤਾਰਾ ਸਿੰਘ ਨੂੰ ਖਾਲਿਸਤਾਨ ਲੈਣ ਲਈ ਬਹੁਤ ਜੋਰ ਲਾਇਆ, ਪਰ ਮਾਸਟਰ ਜੀ ਹੀ ਨਾ ਮੰਨੇ। ਹੁਣ ਜਦੋਂ 1980 ਤੋਂ90 ਤੱਕ ਪੰਜਾਬ ਵਿਚ ਖਾਲਸਤਾਨੀ ਲਹਿਰ ਚਲੀ ਤਾਂ ਇਹੀ ਲੀਡਰ ਖਾਲਿਸਤਾਨ ਦਾ ਕੱਟੜ ਵਿਰੋਧੀ ਬਣ ਗਿਆ।

ਰਾਜਸਤਾ ਲਈ ਕਾਹਲੇ ਪਏ ਕਾਂਗਰਸੀ ਆਗੂਆਂ ਨੇ ਵੀ ਕਾਂਗਰਸ ਪ੍ਰਧਾਨ ਅਤੇ ਸਰਵ ਪ੍ਰਵਾਣਿਤ ਬਜੁਰਗ ਆਗੂ ਮਹਾਤਮਾਂ ਗਾਂਧੀ ਜੀ ਨੂੰ ਕਿਨਾਰੇ ਕਰਕੇ ਧਰਮ ਦੇ ਅਧਾਰ ਤੇ ਦੇਸ ਦੀ ਵੰਡ ਨੂੰ ਪ੍ਰਵਾਨ ਕਰ ਲਿਆ। ਮਹਾਤਮਾ ਗਾਂਧੀ ਨੇ ਦੇਸ ਵੰਡ ਦੇ ਖਿਲਾਫ ਰੋਸ ਵਜੋਂ ਮਰਨ ਵਰਤ ਵੀ ਰਖਿਆ, ਪਰ ਉਸ ਨੂੰ ਵੀ ਅਣਗੌਲਿਆ ਕਰ ਦਿਤਾ ਗਿਆ। ਸਾਡੀ ਪਾਰਟੀ ਤਾਂ ਸਾਮਰਾਜ ਪਿੱਠੂ ਬਣੀ ਹੋਈ ਸੀ, ਉਸ ਨੇ ਵਿਰੋਧ ਕੀ ਕਰਨਾ ਸੀ। 15 ਅਗਸਤ 1947 ਨੂੰ ਦੇਸ ਨੂੰ ਦੋ ਹਿਸਿਆਂ ਵਿਚ ਵੰਡ ਕੇ ਆਜਾਦੀ ਦਾ ਐਲਾਨ ਕਰ ਦਿੱਤਾ ਗਿਆ। ਕਰੋੜਾਂ ਦੀ ਗਿਣਤੀ ਵਿਚ ਲੋਕ ਘਰੋਂ ਬੇਘਰ ਹੋਏ, 10 ਲੱਖ ਤੋਂ ਵੱਧ ਜਾਨਾਂ ਅਜਾਦੀ ਦੀ ਭੇਟ ਚੜ੍ਹੀਆਂ ਅਰਬਾਂ ਦਾ ਮਾਲੀ ਨੁਕਸਾਨ ਹੋਇਆ। ਜਿਸ ਦੇ ਜੁੰਮੇਵਾਰ ਸਤਾ ਦੇ ਭੁੱਖੇ ਕਾਂਗਰਸੀ ਆਗੂ ਤੇ ਸਾਮਰਾਜ ਦੇ ਹਿਮਾਇਤੀ ਸਾਡੀ ਕਮਿਊਨਿਸਟ ਪਾਰਟੀ ਦੇ ਆਗੂ ਸਨ। ਫਿਰ ਇਕ ਦਮ ਪਾਸਾ ਪਲਟਦਿਆਂ ਇਸ ਚੰਗੀ-ਮਾੜੀ ਅਜਾਦੀ ਨੂੰ ਮੰਨਣ ਤੋਂ ਹੀ ਇਨਕਾਰੀ ਹੋ ਗਏ, ਕਿ ਇਹ ਅਜਾਦੀ ਨਹੀਂ ਇਹ ਤਾਂ ਸਤਾ ਬਦਲੀ ਹੈ। ਅਸੀਂ ਤਾਂ ਜਰਈ ਇਨਕਲਾਬ ਕਰਕੇ ਮਜਦੂਰਾਂ ਕਿਸਾਨਾਂ ਦੀ ਹਕੂਮਤ ਕਾਇਮ ਕਰਨੀ ਹੈ। ਦੇਸ ਦੇ ਕਈ ਹਿਸਿਆਂ ਵਿਚ ਜਗੀਰਦਾਰਾਂ ਦੀਆਂ ਜਮੀਨਾਂ ਉਪਰ ਹਥਿਆਰਬੰਦ ਹੋ ਕੇ ਕਬਜੇ ਕੀਤੇ ਗਏ। ਕਾਸ਼ਤਕਾਰਾਂ(ਮੁਜਾਰਿਆਂ) ਵਿਚ ਭਾਰੀ ਉਤਸ਼ਾਹ ਸੀ, ਜਗੀਰਦਾਰ ਘਰ ਬਾਰ ਛੱਡ ਸ਼ਹਿਰਾਂ ਵੱਲ ਭੱਜ ਤੁਰੇ। ਸਰਕਾਰ ਨੇ ਸ਼ਹਿਰਾਂ ਵਿਚ ਬੈਠੇ ਵੱਡੇ ਪਾਰਟੀ ਆਗੂ ਫੜਕੇ ਜੇਹਲਾਂ ਵਿਚ ਸੁੱਟ ਦਿਤੇ, ਤੇ ਉਹਨਾਂ ਨਾਲ ਗੱਲਬਾਤ ਸ਼ੁਰੂ ਕੀਤੀ। ਫੈਸਲਾ ਇਹ ਹੋਇਆ ਕਿ ਸਰਕਾਰ 30 ਸਟੈਂਡਰਡ ਏਕੜ ਦੀ ਹੱਦ ਰੱਖ ਕੇ ਕਨੂੰਨ ਬਣਾ ਦੇਵੇਗੀ। ਬਾਕੀ ਫਾਲਤੂ ਜਮੀਨ ਬੇਜਮੀਨੇ ਕਿਸਾਨਾਂ ਅਤੇ ਮੁਜਾਰਿਆਂ ਵਿਚ ਵੰਡ ਦੇਵੇਗੀ। ਸਮਝੌਤਾ ਸਾਡੀ ਲੀਡਰ ਸ਼ਿੱਪ ਨੇ ਮੰਨ ਲਿਆ ਤੇ ਜੇਹਲਾਂ ਤੋਂ ਬਾਹਰ ਆ ਗਈ। ਕਾਂਗਰਸ ਸਰਕਾਰ ਨੇ ਕਨੂੰਨ ਤਾਂ ਪਾਸ ਕਰ ਦਿਤਾ, ਪਰ ਉਸ ਵਿਚ ਵੱਡੀ ਜਗੀਰਦਾਰੀ ਨੂੰ ਬਚਾਉਣ ਲਈ ਕਈ ਚੋਰ ਮੋਰੀਆਂ ਰੱਖ ਦਿਤੀਆਂ। 100 ਏਕੜ ਤੋਂ ਵੱਧ ਦੇ ਮਸ਼ੀਨੀ ਫਾਰਮ, ਬਾਗਬਾਨੀ ਫਾਰਮ ਅਤੇ ਜੰਗਲਾਤ ਫਾਰਮ ਨੂੰ ਹੱਦਬੰਦੀ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ। ਖੁਦ ਕਾਸ਼ਤ ਕਰਨ ਵਾਲੇ ਜ਼ਿਮੀਦਾਰਾਂ ਅਤੇ ਛੋਟੇ ਜਗੀਰਦਾਰਾਂ ਤੋਂ ਜੋ ਕਨੂੰਨ ਤੋਂ ਅਣਜਾਣ ਸਨ, ਤਾਂ ਜਮੀਨਾਂ ਲੈ ਕੇ ਵੰਡੀਆਂ ਵੀ ਗਈਆਂ। ਪਰ ਵੱਡੇ ਜਗੀਰਦਾਰ ਲਾਣੇ ਨੇ ਚੋਰ ਮੋਰੀਆਂ ਰਾਹੀਂ ਅਪਣੀ ਜਮੀਨ ਦੇ ਮਸ਼ੀਨੀ (ਟਰੈਕਟਰ ਨਾਲ ਖੇਤੀ) ਫਾਰਮ ਬਣਾ ਲਏ, ਜਿਨਾਂ ਉਪਰ ਇਹ ਕਨੂੰਨ ਲਾਗੂ ਹੀ ਨਹੀਂ ਸੀ ਹੁੰਦਾ। ਵੱਡੇ ਜਗੀਰਦਾਰ ਸਾਫ ਬੱਚ ਗਏ, ਜਿਵੇਂ ਹਰਚਰਨ ਬਰਾੜ ਦਾ 1900 ਏਕੜ ਦਾ ਫਾਰਮ, ਝੀਂਡ ਵਾਲੀਏ ਸਰਦਾਰਾਂ ਦਾ 3000 ਏਕੜ ਦਾ ਫਾਰਮ, ਅਤੇ ਮਹਾਂਰਾਜਾ ਫਰੀਦਕੋਟ ਦਾ 8000, ਏਕੜ ਦਾ ਬੀੜ (ਜੰਗਲਾਤ) ਫਾਰਮ ਵਗੈਰਾ। ਸਾਡੀ ਪਾਰਟੀ ਨੇ ਇਹਨਾਂ ਚੋਰ ਮੋਰੀਆਂ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਅਤੇ ਮੁਜਾਰਿਆਂ ਦਾ ਸਾਥ ਤੇ ਛੱਡ ਕੇ ਪਾਰਲੀਮੈਂਟਰੀ ਸਿਸਟਮ ਦੇ ਰਾਹ ਪੈ ਗਈ। ਜਦ ਸੂਝਵਾਨ ਕਾਡਰ ਨੇ ਮੀਟਿੰਗਾਂ ਵਿਚ ਪੁਛਿਆ, ਕਿ ਜਰਈ ਇਨਕਲਾਬ ਦਾ ਰਾਹ ਛੱਡ ਕੇ, ਪਾਰਟੀ ਨੇ ਪਾਰਲੀਮੈਂਟਰੀ ਰਸਤਾ ਕਿਉਂ ਅਖਤਿਆਰ ਕੀਤਾ ਹੈ? ਤਾਂ ਉੱਤਰ ਮਿਲਿਆ ਕਿ ਸਾਡੇ ਇੰਟਰ ਨੈਸ਼ਨਲ ਆਗੂ ਕਾਮਰੇਡ ਖੁਰਸ਼ਚੋਵ ਨੇ ਪੁਰ ਅਮਨ ਤਬਾਦਲੇ ਅਤੇ ਪੁਰਅਮਨ ਸਹਿਹੋਂਦ ਦੇ ਨਵੇਂ ਸਿਧਾਂਤ ਨੂੰ ਲਾਗੂ ਕਰਨ ਲਈ ਆਖਿਆ ਹੈ।

ਭਾਰਤੀ ਸਵਿਧਾਨ ਮੁਤਾਬਕ 1952 ਵਿਚ ਦੇਸ ਦੀ ਲੋਕਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ, ਪਾਰਟੀ ਨੂੰ ਲੋਕਾਂ ਵਲੋਂ ਬਹੁਤ ਚੰਗਾ ਹੁੰਗਾਰਾ ਮਿਲਿਆ। ਕੇਰਲਾ ਵਿਧਾਨ ਸਭਾ ਵਿਚ ਤਾਂ ਪੂਰਨ ਬਹੁਮਤ ਮਿਲ ਗਿਆ ਅਤੇ ਪਾਰਟੀ ਦੀ ਸਰਕਾਰ ਬਣ ਗਈ। ਪਾਰਟੀ ਵਲੋਂ ਕੀਤੇ ਲੋਕ ਪੱਖੀ ਕਾਰਜ ਨਹਿਰੂ ਦੀ ਕੇਂਦਰੀ ਸਰਕਾਰ ਨੂੰ ਚੰਗੇ ਨਾ ਲਗੇ। ਉਨ੍ਹਾਂ ਵਿਧਾਨ ਦੀ ਧਾਰਾ 365 ਦੀ ਵਰਤੋਂ ਕਰਕੇ ਸਰਕਾਰ ਨੂੰ ਤੋੜ ਦਿਤਾ ਤੇ ਰਾਜ ਵਿਚ ਗਵਰਨਰੀ ਰਾਜ ਕਰ ਦਿਤਾ। ਪਾਰਟੀ ਲੀਡਰਸ਼ਿਪ ਨੂੰ ਸਮਝੌਤਾ ਕਰਨ ਦਾ ਇਹ ਪਹਿਲਾ ਤੋਹਫਾ ਸੀ। 1957 ਦੀਆਂ ਆਮ ਚੋਣਾਂ ਵਿਚ ਪਾਰਟੀ ਦੀ ਪਹਿਲਾਂ ਨਾਲੋਂ ਵੀ ਚੰਗੀ ਕਾਰਗੁਜਾਰੀ ਰਹੀ। ਕੈਰਲਾ ਅਤੇ ਬੰਗਾਲ ਵਿਧਾਨ ਸਭਾਵਾਂ ਵਿਚ ਪੂਰਨ ਬਹੁਮਤ ਮਿਲਿਆ ਅਤੇ ਸਰਕਾਰਾਂ ਬਣ ਗਈਆਂ, ਬਾਕੀ ਵਿਧਾਨ ਸਭਾਵਾਂ ਅਤੇ ਲੋਕਸਭਾ ਵਿਚ ਅਸੀਂ ਮੁੱਖ ਵਿਰੋਧੀ ਧਿਰ ਵਿਚ ਸਾਂ। ਹੁਣ ਕਾਂਗਰਸ ਸਰਕਾਰ ਨੂੰ ਯਕੀਨ ਹੋ ਗਿਆ ਸੀ, ਕਿ 1962 ਦੀਆਂ ਆਮ ਚੋਣਾਂ ਵਿਚ ਕਮਿਊਨਿਸਟ ਪਾਰਟੀ ਸਾਰੇ ਦੇਸ ਵਿਚ ਰਾਜਸਤਾ ਤੇ ਕਾਬਜ ਹੋ ਜਾਵੇਗੀ। ਕਾਂਗਰਸ ਸਰਕਾਰ ਨੇ ਕਮਿਊਨਿਸਟ ਪਾਰਟੀ ਦੀ ਲੋਕ ਹਿਮਾਇਤ ਨੂੰ ਰੋਕਣ ਲਈ ਚੀਨ ਨਾਲ ਬਖੇੜਾ ਖੜਾ ਕਰਨ ਦੀ ਵਿਉਂਤ ਬਣਾ ਲਈ। ਭਾਰਤ- ਚੀਨ ਬਾਰਡਰ ਉਤੇ ਜਿਥੇ ਕੋਈ ਪੱਕੀ ਨਿਸ਼ਾਨ ਦੇਹੀ ਨਹੀਂ ਸੀ,ਆਪਣੀਆਂ ਫੌਜਾਂ ਭੇਜ ਦਿਤੀਆਂ। ਚੀਨ ਨੇ ਇਤਰਾਜ ਕੀਤਾ ਕਿ ਇਹ ਡਿਸਪਿਊਟਡ ਏਰੀਆ ਹੈ, ਇਥੇ ਪੱਕੀ ਨਿਸ਼ਾਨਦੇਹੀ ਨਹੀਂ ਹੋਈ, ਤੁਸੀਂ ਅਪਣੀਆਂ ਫੌਜਾਂ ਪਿਛੇ ਲੈ ਜਾਓ। ਤੁਹਾਡੀ ਕਾਰਵਾਈ ਝਗੜਾ ਪੈਦਾ ਕਰਨ ਵਾਲੀ ਹੈ, ਸਾਨੂੰ ਦੋਨਾਂ ਧਿਰਾਂ ਨੂੰ ਮਿਲਕੇ ਸਰਹੱਦ ਦੀ ਨਿਸ਼ਾਨਦੇਹੀ ਕਰ ਲੈਣੀ ਚਾਹੀਦੀ ਹੈ। ਇਸ ਝਗੜੇ ਨੂੰ ਨਜਿੱਠਣ ਲਈ, ਦੋ- ਤਿੰਨ, ਹਾਈ ਪਾਵਰ ਮੀਟਿੰਗਾਂ ਹੋਈਆ, ਦੋਵਾਂ ਦੇਸਾਂ ਦੇ ਪ੍ਰਧਾਨ ਮੰਤਰੀ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਰਹੇ। ਆਖਰੀ ਮੀਟਿੰਗ ਦਿੱਲੀ ਵਿੱਚ ਚੀਨ ਦੇ ਪ੍ਰਧਾਨ ਮੰਤਰੀ, ਚੂ ਇਨ ਲਾਈ, ਅਤੇ ਸਾਡੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਵਿਚਕਾਰ ਹੋਈ। ਜਿਸ ਵਿਚ ਸਾਡੀ ਸਰਕਾਰ ਨੇ ਫੌਜਾਂ ਪਿਛੇ ਹਟਾਉਣ ਤੋਂ ਇਨਕਾਰ ਕਰ ਦਿਤਾ। ਗੱਲ ਬਾਤ ਟੁਟਣ ਤੋਂ ਬਾਅਦ ਚੀਨ ਨੇ ਵੀ ਅਪਣੀਆਂ ਫੌਜਾਂ ਬਾਰਡਰ ਤੇ ਲੈ ਆਂਦੀਆਂ, ਦੋਵਾਂ ਦੇਸਾਂ ਦੀਆਂ ਫੌਜਾਂ ਵਿਚ ਟਕਰਾ ਹੋ ਗਿਆ। ਸਾਡੀ ਫੌਜ ਚੀਨੀ ਫੌਜ ਦਾ ਟਾਕਰਾ ਨਾ ਕਰ ਸਕੀ, ਅਤੇ ਪਿਛੇ ਹੱਟ ਆਈ। ਚੀਨ ਜਿਥੋਂ ਤੱਕ ਅਪਣਾ ਕਲੇਮ ਕਰਦਾ ਸੀ ਪੁੱਜ ਗਿਆ ਤੇ ਉਸ ਨੇ ਇਕ ਤਰਫਾ ਜੰਗਬੰਦੀ ਦਾ ਐਲਾਨ ਕਰ ਦਿਤਾ, ਜਿਸ ਉਪਰ ਉਹ ਅੱਜ ਤੱਕ ਕਾਇਮ ਹੈ।

ਬਾਰਡਰ ਏਰੀਏ ਦੇ ਇਸ ਝਗੜੇ ਨੂੰ ਜੋ ਗੱਲ-ਬਾਤ ਨਾਲ ਨਜਿਠਿਆ ਜਾ ਸਕਦਾ ਸੀ, ਵੱਡਾ ਹਮਲਾ ਬਣਾ ਕੇ ਕਮਿਊਨਿਸਟਾਂ ਖਿਲਾਫ ਸਾਰੇ ਦੇਸ ਵਿੱਚ ਖੂਬ ਪਰਚਾਰ ਕੀਤਾ ਗਿਆ। ਪਾਰਟੀ ਆਗੂਆਂ ਨੂੰ ਫੜ ਕੇ ਜੇਹਲਾਂ ਵਿਚ ਸੁੱਟ ਦਿਤਾ ਗਿਆ, ਅਤੇ ਇਹਨਾਂ ਨੂੰ ਦੇਸ ਦੁਸ਼ਮਣ ਅਤੇ ਗਦਾਰ ਤੱਕ ਆਖਿਆਂ ਗਿਆ। ਚੀਨ ਦੀ ਸਰਕਾਰ ਨਾਲ ਦੋਸਤੀ ਨਹਿਰੂ ਨੇ ਪਾਈ ਸੀ, ਪੰਚਸ਼ੀਲ ਸਮਝੌਤੇ ਤੇ ਦਸਤਖਤ ਕੀਤੇ ਸਨ, ਅਤੇ ਚੂ ਇਨ ਲਾਈ ਦੇ ਪਹਿਲੇ ਭਾਰਤ ਦੌਰੇ ਦੁਰਾਨ ਕਾਂਗਰਸੀ ਸਰਕਾਰ ਨੇ ਹਿੰਦੀ-ਚੀਨੀ, ਭਾਈ- ਭਾਈ ਦੇ ਖੂਬ ਨਾਹਰੇ ਲਾਏ ਸਨ। ਪਰ ਹੁਣ ਦੇਸ ਵਿਚ ਹੋਣ ਵਾਲੀਆਂ ਆਮ ਚੋਣਾਂ ਵਿਚ ਹਾਰ ਦਾ ਡਰ ਸਾਫ ਦਿਸ ਰਿਹਾ ਸੀ, ਇਸ ਕਰਕੇ ਇਹ ਡਰਾਮਾ ਕੀਤਾ ਗਿਆ। ਪਾਰਟੀ ਆਗੂਆਂ ਨੂੰ ਜੇਹਲ ਵਿਚੋਂ ਰਿਹਾਈ ਲਈ ਇਹ ਸ਼ਰਤ ਰੱਖੀ ਗਈ, ਕਿ ਜਿਹੜਾ ਆਗੂ ਚੀਨ ਨੂੰ ਹਮਲਾਵਰ ਮੰਨੇਗਾ ਉਸ ਨੂੰ ਛੱਡ ਦਿਤਾ ਜਾਵੇਗਾ। ਪਾਰਟੀ ਦੇ ਸੱਚੇ ਤੇ ਸੁਹਿਰਦ ਆਗੂਆਂ ਨੇ ਚੀਨ ਨੂੰ ਹਮਲਾਵਰ ਮੰਨਣ ਤੋਂ ਇਨਕਾਰ ਕਰ ਦਿਤਾ। ਜੇਹਲ ਦੀ ਤਕਲੀਫ ਨਾ ਸਹਿ ਸਕਣ ਵਾਲੇ ਕੱਚੇ ਪਿਲੇ ਆਗੂ ਚੀਨ ਨੂੰ ਹਮਲਾਵਰ ਕਹਿ ਕੇ ਜੇਹਲਾਂ ਵਚੋਂ ਬਾਹਰ ਆ ਗਏ। ਇਮਾਨਦਾਰ ਕਾਡਰ ਅਤੇ ਲੀਡਰ ਡਟੇ ਰਹੇ। ਕਾਂਗਰਸ ਪਾਰਟੀ ਨੇ 1962 ਦੇ ਜਨਰਲ ਇਲੈਕਸ਼ਨ ਭਾਰੀ ਬਹੁ ਗਿਣਤੀ ਨਾਲ ਜਿੱਤ ਲਏ। ਉਸ ਤੋਂ ਬਾਅਦ ਜੇਹਲਾਂ ਵਿਚ ਡੱਟੇ ਹੋਏ ਲੀਡਰਾਂ ਅਤੇ ਕਾਡਰ ਨੂੰ ਵੀ ਰਿਹਾ ਕਰ ਦਿਤਾ ਗਿਆ। ਇਸ ਡਰਾਮੇ ਨਾਲ ਕਾਂਗਰਸ ਚੋਣਾਂ ਜਿੱਤ ਗਈ ਅਤੇ ਸਾਡੀ ਕਮਿਊਨਿਸਟ ਪਾਰਟੀ ਦੁਫਾੜ ਹੋ ਗਈ। ਜੇਹੜੇ ਆਗੂ ਰਿਹਾ ਹੋ ਕੇ ਜੇਹਲਾਂ ਵਿਚੋਂ ਬਾਹਰ ਆਏ ਸਨ, ਉਹਨਾਂ ਨੇ ਚੀਨ ਨੂੰ ਹਮਲਾਵਰ ਦਸਣ ਲਈ ਕਾਂਗਰਸ ਨਾਲ ਸਟੇਜਾਂ ਸਾਂਝੀਆਂ ਕਰਕੇ ਦੇਸ ਭਗਤੀ ਦੀਆਂ ਮੋਹਰਾਂ ਲਵਾਈਆਂ। ਅਪਣੇ ਆਪ ਨੂੰ ਦੇਸ ਭਗਤ ਸਾਬਤ ਕਰਨ ਲਈ ਅਪਣਾ ਨਾਂ ਰਖਿਆ ਕਮਿਊਨਿਸਟ ਪਾਰਟੀ ਇੰਡੀਆ (ਸੀ.ਪੀ.ਆਈ.)। ਉਸ ਟਾਇਮ ਦੇ ਸੱਚੇ ਸੁੱਚੇ ਇਮਾਨਦਾਰ ਕਾਡਰ ਅਤੇ ਲੀਡਰਾਂ ਨੇ ਵੱਖਰੀ ਪਾਰਟੀ ਬਣਾਕੇ ਅਪਣਾ ਨਾਂ ਰਖਿਆ ਕਮਿਊਨਿਸਟ ਪਾਰਟੀ ਮਾਰਕਸ ਵਾਦੀ (ਸੀ,ਪੀ,ਐਮ)। ਇਸਤੋਂ ਅਗੇ ਦੋਵੇਂ ਧਿਰਾਂ ਸਰਕਾਰ ਨਾਲ ਲੜਨ ਦੀ ਬਜਾਏ ਆਪਸ ਵਿਚ ਲੜਣ ਲੱਗ ਪਈਆਂ। ਸਾਰੀਆਂ ਮਜਦੂਰ ਅਤੇ ਮੁਲਾਜਮ ਜਥੇਬੰਦੀਆਂ ਦੋਫਾੜ ਹੋ ਗਈਆ, ਕਿਸਾਨ ਸਭਾ ਅਤੇ ਨੌਜਵਾਨ ਸਭਾ ਵੀ ਦੁਫਾੜ ਹੋ ਗਈ। ਇਹੋ ਕੁਝ ਸਰਕਾਰ ਚਾਹੁੰਦੀ ਸੀ, ਸਾਡੀ ਕਮਿਊਨਿਸਟ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਜੋ ਅੱਜ ਤੱਕ ਪੂਰਾ ਨਹੀਂ ਹੋ ਸਕਿਆ।

ਚੀਨ ਦੇ ਬਾਰਡਰ ਵਾਲਾ ਝਗੜਾ ਕਮਿਊਨਿਸਟ ਲਹਿਰ ਨੂੰ ਬਰੇਕਾਂ ਲਾਉਣ ਦੀ ਵਿਉਂਤ ਬੰਦ ਸਕੀਮ ਸੀ ਜੋ ਸਿਰੇ ਚਾਹੜੀ ਗਈ, ਅਤੇ ਉਸ ਦੇ ਸਰਕਾਰ ਦੀ ਸਕੀਮ ਮੁਤਾਬਕ ਠੀਕ ਨਤੀਜੇ ਨਿਕਲੇ। ਕਮਿਊਨਿਸਟ ਪਾਰਟੀ ਦੁਫਾੜ ਹੋ ਗਈ, ਉਸ ਦੀਆਂ ਜਨਤਕ ਜਥੇਬੰਦੀਆਂ ਜੋ ਕਮਿਊਨਿਸਟ ਲਹਿਰ ਦੇ ਥੰਮ ਸਨ ਵੀ ਦੁਫਾੜ ਹੋ ਗਈਆਂ। ਦੋਵੇਂ ਧਿਰਾਂ ਸਰਕਾਰ ਨਾਲ ਲੜਨ ਦੀ ਬਜਾਏ ਆਪਸ ਵਿਚ ਲੜਨ ਲੱਗ ਪਈਆ। ਸੀਪੀਆਈ ਵਾਲੇ ਸੀਪੀਐਮ ਨੂੰ ਖੱਬੇ ਪੱਖੀ ਬਚਪਣੇ ਦੇ ਰੋਗੀ ਦਸਣ ਲਗੇ, ਸੀਪੀਐਮ ਵਾਲੇ, ਸੀਪੀਆਈ ਦੇ ਲੀਡਰਾਂ ਨੂੰ ਸੋਧਵਾਦੀ ਤੇ ਮਾਰਕਸਵਾਦ ਤੋਂ ਭਗੌੜੇ ਦਸਣ ਲਗੇ। ਜੇਹੜੇ ਕਾਮਰੇਡ ਲੋਕਾਂ ਦੀ ਖਾਤਰ ਸਰਕਾਰ ਨਾਲ ਲੜਦੇ ਸਨ, ਹੁਣ ਆਪਸ ਵਿੱਚ ਲੜਨ ਲੱਗ ਪਏ, ਅਤੇ ਅਪਣੀ ਸਾਰੀ ਸ਼ਕਤੀ ਇਕ ਦੂਜੇ ਨੂੰ ਨਿਦਣ ਭੰਡਣ ਤੇ ਲਾ ਰਹੇ ਸਨ। 1967 ਦੀਆਂ ਆਮ ਚੋਣਾਂ ਤੋਂ ਪਹਿਲਾਂ ਕਾਂਗਰਸ ਵਿਚ ਵੀ ਫੁੱਟ ਪੈ ਗਈ। ਇਕ ਧੜੇ ਦੀ ਆਗੂ ਇੰਦਰਾ ਗਾਂਧੀ ਬਣ ਗਈ ਦੂਜੇ ਧੜੇ ਦਾ ਆਗੂ ਮੋਰਾਰ ਜੀ ਦੇਸਾਈ ਬਣ ਗਿਆ। ਇੰਦਰਾ ਗਾਂਧੀ ਵਾਲੇ ਧੜੇ ਨੂੰ ਕਾਂਗਰਸ ਆਈ (ਇੰਦਰਾ) ਆਖਿਆ ਜਾਣ ਲਗਿਆ ਅਤੇ ਦੂਸਰੇ ਧੜੇ ਨੂੰ ਨੈਸ਼ਨਲ ਕਾਂਗਰਸ। ਕਾਂਗਰਸ ਆਈ ਨੇ ਗਰੀਬੀ ਹਟਾਓ ਦਾ ਨਾਅਰਾ ਦਿਤਾ ਤਾਂ ਸੀਪੀਆਈ ਉਸ ਦੀ ਫੁੱਲ ਹਿਮਾਇਤ ਤੇ ਆ ਗਈ, ਤੇ ਸੀਪੀਐਮ ਨੇ ਕਾਂਗਰਸ ਆਈ ਦੇ ਵਿਰੋਧੀ ਦੂਸਰੇ ਧੜੇ ਨਾਲ ਗੱਠਜੋੜ ਕਰ ਲਿਆ। 1967 ਦੀਆਂ ਆਮ ਚੋਣਾਂ ਵਿਚ ਕਾਂਗਰਸ ਆਈ ਲੋਕਸਭਾ ਵਿਚ ਤਾਂ ਬਹੁਮੱਤ ਵਿਚ ਆ ਗਈ, ਪਰ ਦੇਸ ਦੇ ਉਤਰ-ਪੂਰਬੀ ਰਾਜਾਂ ਵਿਚ ਕਾਂਗਰਸ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਪੰਜਾਬ, ਉੱਤਰ ਪਰਦੇਸ, ਬਿਹਾਰ, ਉੜੀਸਾ ਅਤੇ ਬੰਗਾਲ ਵਿਚ ਕਾਂਗਰਸ ਦਾ ਸਫਾਇਆ ਹੋ ਗਿਆ। ਪੱਛਮੀ ਬੰਗਾਲ ਵਿੱਚ ਸੀਪੀਐਮ ਦੀ ਸਰਕਾਰ ਬਣ ਗਈ। ਕਈ ਰਾਜਾਂ ਵਿਚ ਸਾਂਝੇ ਮੋਰਚੇ ਦੀਆਂ ਸਰਕਾਰਾਂ ਬਣੀਆਂ। 1972 ਦੀਆਂ ਚੋਣਾਂ ਤੋਂ ਪਹਿਲਾਂ 1971 ਵਿਚ ਪੂਰਬੀ ਤੇ ਪੱਛਮੀ ਪਾਕਿਸਤਾਨ ਵਿਚ ਰਾਜਨੀਤਕ ਝਗੜਾ ਖੜਾ ਹੋ ਗਿਆ। ਭਾਰਤ ਸਰਕਾਰ ਨੇ ਪੂਰਬੀ ਪਾਕਿਸਤਾਨ ਵਾਲਿਆਂ ਦੀ ਮੱਦਦ ਕਰਕੇ ਉਸ ਨੂੰ ਪਾਕਿਸਤਾਨ ਤੋ ਵੱਖ ਕਰ ਕੇ ਬੰਗਲਾ ਦੇਸ ਬਣਵਾ ਦਿਤਾ। ਇਸ ਕਰਕੇ ਇੰਦਰਾ ਗਾਂਧੀ ਦੀ ਲੋਕਾਂ ਵਿਚ ਜੈ,ਜੈ ਕਾਰ ਹੋ ਗਈ ਤੇ ਉਸ ਨੇ 1972 ਦੀਆਂ ਚੋਣਾਂ ਭਾਰੀ ਬਹੁ ਸੰਮਤੀ ਨਾਲ ਜਿੱਤ ਲਈਆਂ। ਇਹਨਾਂ ਚੋਣਾਂ ਵਿੱਚ ਇੰਦਰਾ ਗਾਂਧੀ ਦੀ ਅਪਣੀ ਸੀਟ ਤੋਂ ਹੋਈ ਜਿੱਤ ਬਾਰੇ ਪਾਈ ਚੋਣ ਪੁਟੀਸ਼ਨ ਦਾ ਫੈਸਲਾ ਕਰਦਿਆਂ, ਅਲਹਾਬਾਦ ਹਾਈ ਕੋਰਟ ਨੇ ਇੰਦਰਾ ਗਾਂਧੀ ਦੀ ਚੋਣ ਰੱਦ ਕਰ ਦਿਤੀ। ਇੰਦਰਾ ਗਾਂਧੀ ਨੇ ਅਸਤੀਫਾ ਦੇਣ ਦੀ ਬਜਾਏ ਦੇਸ ਵਿਚ ਐਂਮਰਜੰਸੀ ਲਾ ਦਿਤੀ। ਸੀਪੀਆਈ ਨੇ ਐਮਰਜੰਸੀ ਦੀ ਡੱਟ ਕੇ ਹਿਮਾਇਤ ਕੀਤੀ। ਸਰਕਾਰ ਨੇ ਸੀਪੀਆਈ ਤੋਂ ਬਿਨਾ ਸਾਰੀਆਂ ਵਿਰੋਧੀ ਪਾਰਟੀਆਂ ਦੇ ਲੀਡਰ ਜੇਹਲਾਂ ਵਿਚ ਸੁੱਟ ਦਿਤੇ। ਸੀਪੀਆਈ ਸਟੇਜਾਂ ਲਾ ਕੇ ਐਂਮਰਜੰਸੀ ਦੀ ਹਿਮਾਇਤ ਕਰਨ ਲੱਗੀ, ਇਹਨਾਂ ਦਾ ਨਾਅਰਾ ਸੀ, ਹੋਰ ਸ਼ਿਕੰਜਾ ਕਸ, ਬੀਬੀ ਹੋਰ ਸ਼ਿਕੰਜਾ ਕਸ । 19 ਮਹੀਨਿਆਂ ਬਾਅਦ ਐਮਰਜੰਸੀ ਹਟਾਕੇ ਚੋਣਾਂ ਕਰਵਾਈਆਂ ਗਈਆਂ। ਜੇਹਲ ਵਿਚ ਗਏ ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿਚ ਇਕਠੇ ਹੋ ਕੇ ਜਨਤਾ ਪਾਰਟੀ ਦਾ ਗਠਣ ਕੀਤਾ, ਜਿਸ ਵਿਚ ਸੀਪੀਐਮ ਵੀ ਸ਼ਾਮਲ ਸੀ। 1977 ਵਿਚ ਛੇਵੀਆਂ ਲੋਕ ਸਭਾ ਚੋਣਾਂ ਹੋਈਆਂ ਕਾਂਗਰਸ ਬੁਰੀ ਤਰਾਂ ਹਾਰੀ, ਤੇ ਸਰਕਾਰ ਜੰਨਤਾ ਪਾਰਟੀ ਦੀ ਬਣ ਗਈ।

ਵੱਖ ਵੱਖ ਵਿਚਾਰਧਾਰਾ ਵਾਲਾ ਗੱਠਜੋੜ ਦੋ ਸਾਲਾਂ ਬਾਅਦ ਖਿਲਰ ਗਿਆ ਤੇ ਸਰਕਾਰ ਫਿਰ ਕਾਂਗਰਸ ਦੀ ਬਣ ਗਈ।

ਸੀ ਪੀ ਐਮ ਦੀ 1977 ਵਿਚ ਬਣੀ ਸਰਕਾਰ ਲਗਾਤਾਰ ਉਦੋਂ ਤੱਕ ਚਲਦੀ ਰਹੀ, ਜਦ ਤੱਕ ਪਾਰਟੀ ਬੰਗਾਲ ਦੇ ਮਜਦੂਰਾਂ ਕਿਸਾਨਾ ਤੇ ਭਰੋਸਾ ਰੱਖ ਕੇ ਚਲੀ। ਜਦੋਂ ਦੇਸ ਦੇ ਸਭ ਤੋਂ ਵੱਡੇ ਸਰਮਾਏਦਾਰ ਘਰਾਣੇ ਟਾਟੇ ਨੂੰ, ਨੈਨੋਂ ਕਾਰ ਦੇ ਕਾਰਖਾਨੇ ਲਈ ਜਮੀਨ ਦੇਣ ਲਈ, ਕਈ ਪਿੰਡਾਂ ਨੂੰ ਪੁਲੀਸ ਫੋਰਸ ਨੇ ਧੱਕੇ ਨਾਲ ਉਜਾੜਿਆ, ਤਾਂ ਲੋਕਾਂ ਵਲੋਂ ਇਸ ਦਾ ਪੂਰੀ ਤਨ ਦੇਹੀ ਨਾਲ ਵਿਰੋਧ ਕੀਤਾ ਗਿਆ। ਵਿਰੋਧ ਦੀ ਅਗਵਾਈ ਤਰਮੂਲ ਕਾਂਗਰਸ ਦੀ ਆਗੂ ਮੰਮਤਾ ਬੈਨਰ ਜੀ ਨੇ ਕੀਤੀ, ਜਿਸ ਵਿਚ ਮੰਮਤਾ ਬੈਨਰ ਜੀ ਖੱਟ ਗਈ ਤੇ ਸੀ ਪੀ ਐਮ ਨੂੰ ਭਾਰੀ ਚੋਟ ਮਾਰ ਗਈ। ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਸੀ ਪੀ ਐਮ ਬੁਰੀ ਤਰਾਂ ਹਾਰੀ। ਉਸ ਤੋਂ ਅਗਲੇ ਇਲੈਕਸ਼ਨਾਂ ਵਿਚ ਫਿਰ ਹਾਰ ਹੋਈ। ਜਿਸ ਨਾਲ ਸੀਪੀਐਮ ਬੰਗਾਲ ਦੀ ਰਾਜਨੀਤੀ ਵਿਚੋਂ ਲੱਗ ਭੱਗ ਆਊਟ ਹੀ ਹੋ ਗਈ। ਅੱਜ ਹਾਲਾਤ ਇਹ ਹਨ ਕੇ ਸਾਡੀਆਂ ਜੇਹੜੀਆਂ ਧਿਰਾਂ ਪਾਰਲੀਮੈਂਟਰੀ ਸਿਸਟਮ ਨੂੰ ਮੰਨਦੀਆਂ ਹਨ, ਉਹ ਮੇਹਨਤ ਕਸ਼ ਜਨਤਾ ਨਾਲੋਂ ਟੁੱਟ ਚੁਕੀਆਂ ਹਨ। ਬਿਰਲਿਆਂ, ਟਾਟਿਆਂ ਅਤੇ ਹਾਕਮ ਧਿਰਾਂ ਦੇ ਪ੍ਰਧਾਨ ਮੰਤਰੀਆਂ ਨਾਲ ਯਾਰੀਆਂ ਜੱਗ ਜਾਹਰ ਹੋ ਚੁਕੀਆਂ ਹਨ। ਜੇਹੜੀਆਂ ਧਿਰਾਂ ਹਥਿਆਰਬੰਦ ਘੋਲ ਕਰ ਰਹੀਆਂ, ਜਾਂ ਲੰਮੇ ਸਮੇਂ ਤੋਂ ਹਥਿਆਰਬੰਦ ਘੋਲ ਦੀਆਂ ਸਕੀਮਾਂ ਬਣਾ ਰਹੀਆਂ ਹਨ। ਉਨਾਂ ਦੇ ਲੀਡਰ ਅਪਣੇ ਨਾਮ ਨਾਲ ਕਮਿਉਨਿਸਟ ਸ਼ਬਦ ਵਰਤਣ ਨੂੰ ਤਿਆਰ ਨਹੀਂ ਹਨ। ਉਨਾਂ ਦੇ ਕਈ ਗਰੁਪ ਹਨ, ਆਪਸੀ ਏਕਾ ਨਹੀਂ, ਕਈ ਵਾਰ ਆਪਸੀ ਟਕਰਾ ਵਿਚ ਵੀ ਆ ਜਾਂਦੇ ਹਨ। ਜਦੋਂ ਵੀ ਕਿਸੇ ਧਿਰ ਨੇ ਮੇਹਨਤੀ ਤੇ ਗਰੀਬ ਲੋਕਾਂ ਦੀ ਗੱਲ ਕੀਤੀ, ਲੋਕ ਉਧਰ ਨੂੰ ਉਲਾਰ ਹੋਏ, ਪਰ ਸਭ ਨੇ ਉਹਨਾਂ ਨਾਲ ਧੋਖਾ ਹੀ ਕੀਤਾ। ਜਿਸ ਦੀ ਸਜਰੀ ਮਿਸਾਲ ਆਮ ਆਦਮੀ ਪਾਰਟੀ ਵੱਲ ਲੋਕਾਂ ਦਾ ਝੁਕਾ ਹੋਣਾ ਪਰ ਉਹ ਵੀ ਲੋਕਾਂ ਦੀਆਂ ਉਮੀਦਾਂ ਤੇ ਖਰੀ ਨਹੀਂ ਉਤਰੀ ਜਿਸ ਕਰਕੇ ਦੇਸ ਦੀ ਰਾਜਸਤਾ ਤੇ ਫਾਸ਼ਿਸਟ ਤਾਕਤਾਂ ਕਾਬਜ ਹੋ ਗਈਆਂ ਹਨ। ਅਗਰ ਸਾਡੀ ਕਮਿਉਨਿਸਟ ਪਾਰਟੀ 1962 ਵਿਚ ਫੁੱਟ ਦਾ ਸ਼ਿਕਾਰ ਨਾ ਹੁੰਦੀ ਤੇ ਪਾਰਟੀ ਜਮਾਤੀ ਭਿਆਲੀ ਦੀ ਪਟੜੀ ਤੇ ਨਾ ਚੜ੍ਹਦੀ ਤਾਂ 1967 ਦੀਆਂ ਚੋਣਾਂ ਵਿਚ ਦੋਫਾੜ ਹੋਈ ਕਾਂਗਰਸ ਨੂੰ ਹਰਾ ਕੇ ਰਾਜਸਤਾ ਤੇ ਕਾਬਜ ਹੋ ਸਕਦੀ ਸੀ। ਸਾਡੀ ਪਾਰਟੀ ਦਾ ਖੇਰੂੰ-ਖੇਰੂੰ ਹੋਣਾ ਹੀ, ਬੀ ਜੇ ਪੀ ਲਈ ਰਾਜਸਤਾ ਸਾਂਭਣ ਦਾ ਕਾਰਨ ਬਣਿਆ।

ਬਰੈਂਪਟਨ ਕੈਨੇਡਾ, 416,845,7534

## ਸਭ ਨੂੰ ਸਾਲ ਮੁਬਾਰਕ ਹੋਵੇ

ਕਿਸੇ ਅੱਖ 'ਚੋਂ ਹੰਝ ਨਾ ਚੋਵੇ,
ਸਭ ਨੂੰ ਸਾਲ ਮੁਬਾਰਕ ਹੋਵੇ।

ਮਿਹਨਤ ਦਾ ਜੇ ਮੁੱਲ ਮਿਲ ਜਾਵੇ
ਪਤਝੜ 'ਚ ਫਿਰ ਫੁੱਲ ਖਿਲ ਜਾਵੇ।
ਟੁੱਕ ਦੀ ਖਾਤਿਰ ਕੋਈ ਨਾ ਰੋਵੇ,
ਸਭ ਨੂੰ ਸਾਲ ਮੁਬਾਰਕ ਹੋਵੇ।

ਪੁੱਤ ਦੀ ਖਾਤਰ ਧੀ ਨਾ ਮਾਰੋ,
ਧੀਆਂ ਨੂੰ ਵੀ ਸਭ ਸਤਿਕਾਰੋ।
ਜੋ ਵੀ ਇਨ੍ਹਾ ਦੇ ਹੱਕ 'ਚ ਖਲੋਵੇ,
ਸਭ ਨੂੰ ਸਾਲ ਮੁਬਾਰਕ ਹੋਵੇ।

ਝੂਠ ਕੁਫਰ ਬੇਈਮਾਨੀ ਛੱਡੀਏ,
ਭੇਦ ਭਾਵ ਸਭ ਦਿਲਾਂ ਚੋਂ ਕੱਢੀਏ।
ਦਿਲਾਂ 'ਚੋਂ ਜਿਹੜੇ ਮੈਲਾਂ ਧੋਵੇ।
ਸਭ ਨੂੰ ਸਾਲ ਮੁਬਾਰਕ ਹੋਵੇ।

ਯੁੱਗ ਵਿਗਿਆਨਕ ਚਲਦਾ ਫਿਰ ਵੀ,
ਅੰਧਵਿਸ਼ਵਾਸ਼ ਨਾ ਟੱਲਦਾ ਫਿਰ ਵੀ।
ਜੋ ਵਿਗਿਆਨਕ ਸੋਚ ਨਾ ਖੋਹਵੇ,
ਸਭ ਨੂੰ ਸਾਲ ਮੁਬਾਰਕ ਹੋਵੇ।


ਕਿਸੇ ਅੱਖ ਤੋਂ ਹੰਝ ਨਾ ਚੋਵੇ,
ਸਭ ਨੂੰ ਸਾਲ ਮੁਬਾਰਕ ਹੋਵੇ।



ਮਦਨ ਬੰਗੜ
95015-5511

(17 ਦਸੰਬਰ) ਪੈਨਸ਼ਨਰ ਦਿਵਸ ਮੌਕੇ

# ਪੈਨਸ਼ਨਰ ਦਿਵਸ ਬਨਾਮ ਨਵੀਂ ਪੈਨਸ਼ਨ ਪ੍ਰਣਾਲੀ (NPS)



ਯਸ਼ਪਾਲ
(ਮੋਬਾ. 98145 35005 )




17 ਦਸੰਬਰ ਦਾ ਦਿਨ ਹਰ ਸਾਲ ਮੁਲਕ ਭਰ ਅੰਦਰ ਸੇਵਾ ਮੁਕਤ ਹੋਏ ਸਰਕਾਰੀ ਮੁਲਾਜ਼ਮਾਂ ਵੱਲੋਂ 'ਪੈਨਸ਼ਨਰ ਦਿਵਸ' ਵੱਜੋਂ ਮਨਾਇਆ ਜਾਂਦਾ ਹੈ। ਭਾਵੇਂ ਸੇਵਾ ਮੁਕਤੀ ਉਪਰੰਤ ਮਿਲਣ ਵਾਲੇ ਨਿਸ਼ਚਿਤ ਪੈਨਸ਼ਨਰੀ ਲਾਭਾਂ ਵਾਲੀ ਪੈਨਸ਼ਨ ਪ੍ਰਣਾਲੀ ਤਾਂ 1957 ਤੋਂ ਹੀ ਲਾਗੂ ਹੈ ਪਰੰਤੂ 'ਪੈਨਸ਼ਨਰ ਦਿਵਸ' ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਵੱਲੋਂ 17 ਦਸੰਬਰ, 1982 ਨੂੰ ਪੈਨਸ਼ਨ ਨਾਲ ਸਬੰਧਤ ਇੱਕ ਰਿੱਟ ਪਟੀਸ਼ਨ ਦੇ ਕੀਤੇ ਗਏ ਇੱਕ ਅਹਿਮ ਫੈਸਲੇ ਨਾਲ ਜੁੜਿਆ ਹੋਇਆ ਹੈ। "ਪੈਨਸ਼ਨ ਕੀ ਹੈ? ਪੈਨਸ਼ਨ ਦੇ ਉਦੇਸ਼ ਕੀ ਹਨ? ਪੈਨਸ਼ਨ ਕਿਸ ਜਨਤਕ ਹਿਤ ਲਈ ਹੈ?" ਮਾਨਯੋਗ ਸੁਪਰੀਮ ਕੋਰਟ ਵੱਲੋਂ ਇਸ ਕੇਸ ਦੀ ਜਿਰ੍ਹਾ ਦੌਰਾਨ ਖੁਦ ਹੀ ਉਕਤ ਅਹਿਮ ਨੁਕਤਿਆਂ ਨੂੰ ਉਠਾਕੇ ਆਪਣੇ ਇਸ ਇਤਿਹਾਸਕ ਫੈਸਲੇ 'ਚ ਕਿਹਾ ਗਿਆ ਹੈ, "ਜਿਰ੍ਹਾ ਤੋਂ ਬਾਅਦ ਤਿੰਨ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ — (1) ਪੈਨਸ਼ਨ ਨਾ ਤਾਂ ਕੋਈ ਬਖ਼ਸ਼ੀਸ਼ ਹੈ ਅਤੇ ਨਾ ਹੀ ਕੋਈ ਖ਼ੈਰਾਤ ਹੈ। (2) ਨਾ ਹੀ ਪੈਨਸ਼ਨ ਕੋਈ ਤਰਸ ਸਹਾਇਤਾ ਰਾਸ਼ੀ (Ex-gratia) ਹੈ ਸਗੋਂ ਇਹ ਪਿਛਲੀ ਨਿਭਾਈ ਗਈ ਸੇਵਾ ਦੇ ਇਵਜ਼ ਵੱਜੋਂ ਦਿੱਤੀ ਜਾਣ ਵਾਲੀ ਅਦਾਇਗੀ ਹੈ। (3) ਇਹ ਉਨ੍ਹਾਂ ਨੂੰ ਸਮਾਜਿਕ-ਆਰਥਿਕ ਨਿਆਂ ਦੇਣ ਵਾਲਾ ਸਮਾਜਿਕ ਭਲਾਈ ਵਾਲਾ ਇੱਕ ਉਪਰਾਲਾ ਹੈ, ਜਿਨ੍ਹਾਂ ਨੇ ਆਪਣੀ ਜਿੰਦਗੀ ਦੇ ਹੁਸੀਨ ਪਲਾਂ ਦੌਰਾਨ ਆਪਣੇ ਨੌਕਰੀ ਦਾਤਾ ਲਈ ਜੀ ਤੋੜ ਖ਼ੂਨ-ਪਸੀਨਾ ਬਹਾਇਆ, ਇਸ ਭਰੋਸੇ ਕਿ ਬੁੱਢੇ ਵਾਰੇ ਉਨ੍ਹਾਂ ਨੂੰ ਬੇਸਹਾਰਾ ਹੀ ਖੁਲ੍ਹੇ ਆਸਮਾਨ ਹੇਠ ਨਹੀਂ ਛੱਡ ਦਿੱਤਾ ਜਾਵੇਗਾ।" — (ਫੈਸਲੇ ਦਾ ਪੈਰ੍ਹਾ-31)

ਸੇਵਾ ਮੁਕਤ ਪੈਨਸ਼ਨਰਾਂ ਦੀ ਪੈਨਸ਼ਨ ਨੂੰ ਸੁਰੱਖਿਅਤ ਕਰਨ ਵਾਲੇ ਅਹਿਮ ਫੈਸਲੇ ਵਾਲਾ ਇਹ 17 ਦਸੰਬਰ ਦਾ ਅਹਿਮ ਦਿਨ 'ਪੈਨਸ਼ਨਰ ਦਿਵਸ' ਵੱਜੋਂ ਰਸਮੀ ਤੌਰ 'ਤੇ ਮਨਾਇਆ ਜਾਣ ਲੱਗਿਆ। ਸੁਪਰੀਮ ਕੋਰਟ ਦੇ ਇਸੇ ਫੈਸਲੇ ਦੀ ਰੋਸ਼ਨੀ 'ਚ ਹੀ ਪੰਜਵੇਂ ਕੇਂਦਰੀ ਤਨਖਾਹ ਕਮਿਸ਼ਨ (1996) ਨੂੰ ਵੀ (ਜਿਹੜਾ ਕਿ ਆਪਣੀਆਂ ਕਈ ਮੁਲਾਜ਼ਮ ਵਿਰੋਧੀ ਸਿਫ਼ਾਰਸ਼ਾਂ ਕਾਰਨ ਬਦਨਾਮ ਹੈ) ਇਹ ਸਵੀਕਾਰ ਕਰਨਾ ਪਿਆ ਸੀ ਕਿ "ਪੈਨਸ਼ਨ ਸੇਵਾ ਮੁਕਤ ਕਰਮਚਾਰੀ ਦਾ ਇੱਕ ਸੰਵਿਧਾਨਕ, ਨਾ ਖੋਹੇ ਜਾ ਸਕਣ ਵਾਲਾ ਤੇ ਕਾਨੂੰਨੀ ਤੌਰ 'ਤੇ ਲਾਗੂ ਹੋਣ ਵਾਲਾ ਅਧਿਕਾਰ ਹੈ, ਜਿਹੜਾ ਉਸ ਨੇ ਆਪਣੇ ਖ਼ੂਨ-ਪਸੀਨੇ ਦੀ ਕਮਾਈ ਰਾਹੀਂ ਹਾਸਲ ਕੀਤਾ ਹੈ।"

ਪਰੰਤੂ ਇਸ ਅਹਿਮ ਦਿਵਸ ਦੀ ਅਹਿਮੀਅਤ ਦਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸ਼ਿੱਦਤ ਨਾਲ ਉਦੋਂ ਅਹਿਸਾਸ ਹੋਇਆ ਤੇ ਉਨ੍ਹਾਂ ਦੇ ਕੰਨ ਵੀ ਖੜ੍ਹੇ ਹੋ ਗਏ ਜਦ ਕੇਂਦਰ ਸਰਕਾਰ ਉਪਰ ਵੱਖ ਵੱਖ ਸਮਿਆਂ 'ਤੇ ਕਾਬਜ਼ ਮੁੱਖ ਹਾਕਮ ਪਾਰਟੀਆਂ (ਕਾਂਗਰਸ ਤੇ ਭਾਜਪਾ) ਦੀ ਮਿਲੀਭੁਗਤ ਰਾਹੀਂ ਪਹਿਲੀ ਚੱਲ ਰਹੀ ਨਿਸ਼ਚਿਤ ਲਾਭ (Defined Benefit) ਵਾਲੀ ਪੈਨਸ਼ਨ ਪ੍ਰਣਾਲੀ ਨੂੰ ਖ਼ਤਮ ਕਰਕੇ ਨਿਸ਼ਚਿਤ ਕਟੌਤੀ (Defined Contribution) ਵਾਲੀ 'ਨਵੀਂ ਪੈਨਸ਼ਨ ਪ੍ਰਣਾਲੀ' (NPS) ਲਾਗੂ ਕਰ ਦਿੱਤੀ ਗਈ। ਇਸ ਸੰਬੰਧੀ ਦਸੰਬਰ, 2003 'ਚ ਭਾਜਪਾ ਦੀ ਅਗਵਾਈ ਵਾਲੀ ਵਾਜਪਾਈ ਸਰਕਾਰ (ਐਨ.ਡੀ.ਏ.-1) ਵੱਲੋਂ ਜਾਰੀ ਕੀਤੇ ਗਏ ਕਾਰਜਕਾਰੀ ਹੁਕਮ ਉਪਰ, ਦਸੰਬਰ 2004 'ਚ ਕਾਂਗਰਸ ਸਰਕਾਰ ਦੀ ਅਗਵਾਈ ਵਾਲੀ ਸਰਕਾਰ (ਯੂ.ਪੀ.ਏ.-1) ਵੱਲੋਂ ਇੱਕ ਆਰਡੀਨੈਂਸ ਜਾਰੀ ਕਰਕੇ, ਪੱਕੀ ਮੁਹਰ ਲਾ ਦਿੱਤੀ। ਭਾਵੇਂ ਇਸ ਨਵੀਂ 'ਪੈਨਸ਼ਨ ਪ੍ਰਣਾਲੀ' ਦੇ ਦਾਇਰੇ 'ਚ 1 ਜਨਵਰੀ, 2004 ਤੋਂ ਜਾਂ ਉਸ ਤੋਂ ਬਾਅਦ ਭਰਤੀ ਹੋਏ ਕੇਂਦਰੀ ਮੁਲਾਜ਼ਮ ਹੀ ਆਉਂਦੇ ਸਨ, ਪਰੰਤੂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ 'ਆਰਡੀਨੈਂਸ' ਨੂੰ ਲਗਭਗ ਸਾਰੇ ਰਾਜਾਂ ਦੀਆਂ ਸਰਕਾਰਾਂ ਵੱਲੋਂ ਵੀ (ਇੱਕਾ-ਦੁੱਕਾ ਨੂੰ ਛੱਡ ਕੇ) ਅੱਗੋਂ-ਪਿੱਛੋਂ ਆਪਣੇ ਮੁਲਾਜ਼ਮਾਂ ਉਪਰ ਜਬਰੀ ਠੋਸ ਦਿੱਤਾ ਗਿਆ। ਉਂਞ 'ਨਵੀਂ ਪੈਨਸ਼ਨ ਪ੍ਰਣਾਲੀ' ਦਾ ਬਿੱਲ, 'ਪੈਨਸ਼ਨ ਫੰਡ ਵਿਵਸਥਾ ਤੇ ਵਿਕਾਸ ਅਥਾਰਟੀ (PFRDA) ਬਿੱਲ 9 ਸਾਲਾਂ ਬਾਅਦ ਜਾਕੇ, 6 ਸਤੰਬਰ, 2013 ਨੂੰ ਪਾਰਲੀਮੈਂਟ ਵਿੱਚ ਪਾਸ ਹੋਇਆ। ਇਹ ਕਾਂਗਰਸ ਦੀ ਸਰਕਾਰ ਸਮੇਂ, ਭਾਜਪਾ ਦੀ ਪੂਰਨ ਸਹਿਮਤੀ ਨਾਲ ਪਾਸ ਕੀਤਾ ਗਿਆ।

ਪਹਿਲੀ ਨਜ਼ਰੇ, ਇਹ 'ਨਵੀਂ ਪੈਨਸ਼ਨ ਪ੍ਰਣਾਲੀ', ਪੈਨਸ਼ਨ ਨੂੰ ਪ੍ਰੀਭਾਸ਼ਤ ਕਰਨ ਵਾਲੇ 17 ਸਤੰਬਰ, 1982 ਦੇ ਸੁਪਰੀਮ ਕੋਰਟ ਦੇ ਫੈਸਲੇ ਨਾਲ ਨਾ ਸਿਰਫ ਮੇਲ ਹੀ ਨਹੀਂ ਖਾਂਦੀ ਸਗੋਂ, ਉਸ ਦੀ ਘੋਰ ਉਲੰਘਣਾ ਕਰਦੀ ਹੈ। ਪਰ ਪਾਸ ਕੀਤੇ ਗਏ ਪੈਨਸ਼ਨ ਬਿੱਲ ਨੂੰ ਬਾਰੀਕੀ ਤੇ ਡੂੰਘਾਈ ਨਾਲ ਘੋਖਿਆਂ, ਇਸ ਦੀਆਂ ਹੋਰ ਵੀ ਬਹੁਤ ਹੀ ਖ਼ਤਰਨਾਕ-ਮਾਰੂ ਦੂਰਗਾਮੀ ਅਰਥ-ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। ਸਿੱਧੇ ਤੌਰ ਤੇ ਇਸ 'ਨਵੀਂ ਪੈਨਸ਼ਨ ਪ੍ਰਣਾਲੀ' ਦੇ ਦਾਇਰੇ 'ਚ ਆਉਣ ਵਾਲੇ ਮੁਲਾਜ਼ਮਾਂ ਨੂੰ ਤਾਂ ਸੇਵਾਮੁਕਤੀ ਮੌਕੇ ਪਹਿਲੀ ਚਲ ਰਹੀ ਨਿਸ਼ਚਿਤ ਲਾਭ ਵਾਲੀ ਪੈਨਸ਼ਨ ਪ੍ਰਣਾਲੀ ਤਹਿਤ ਮਿਲਣ ਵਾਲੇ ਸਾਰੇ ਪੈਨਸ਼ਨਰੀ ਲਾਭਾਂ ਤੋਂ ਵਾਂਝੇ ਕਰਕੇ, ਉਨ੍ਹਾਂ ਦੀ ਮਰਜੀ/ਇੱਛਾ ਤੋਂ ਬਗੈਰ ਹੀ, ਤਨਖਾਹ ਵਿੱਚੋਂ ਮਿਥੀ 10 ਫੀਸਦੀ ਕਟੌਤੀ ਰਾਹੀਂ ਇਕੱਠੀ ਹੋਈ ਪੂੰਜੀ ਨੂੰ ਸ਼ੇਅਰ-ਬਾਜ਼ਾਰ 'ਚ ਨਿਵੇਸ਼ ਕਰਕੇ, ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਇਹ ਘਰਾਣੇ ਇਸ ਪ੍ਰਣਾਲੀ ਨੂੰ ਸੰਚਾਲਨ ਕਰਨ ਵਾਲੀਆਂ ਬੀਮਾ ਕੰਪਨੀਆਂ ਦੇ ਫੰਡ ਮੈਨੇਜ਼ਰਾਂ ਰਾਹੀਂ ਇਸ ਪੂੰਜੀ 'ਤੇ ਕਾਬਜ਼ ਹੋਣਗੇ। ਤੇ ਇਹ ਪੂੰਜੀ ਖਰਬਾਂ ਰੁਪਏ ਤੱਕ ਹੋ ਸਕਦੀ ਹੈ। ਮੁਲਾਜ਼ਮਾਂ ਨੂੰ ਆਪਣੀ ਕੱਟੀ ਹੋਈ ਰਾਸ਼ੀ ਉਪਰ ਨਾ ਕੋਈ ਨਿਸ਼ਚਿਤ ਵਿਆਜ਼ ਮਿਲੇਗਾ, ਨਾ ਸੇਵਾ ਦੌਰਾਨ ਉਹ ਲੋੜ ਪੈਣ 'ਤੇ ਆਪਣੀ ਮਰਜੀ ਨਾਲ ਉਸ ਵਿੱਚੋਂ ਕੋਈ ਰਾਸ਼ੀ ਕਢਵਾ ਸਕਣਗੇ (ਪ੍ਰਾਵੀਡੈਂਟ ਫੰਡ ਵਾਂਗ, ਜੋ ਕਿ ਕੱਟਣਾ ਬੰਦ ਹੋ ਜਾਵੇਗਾ) ਅਤੇ ਨਾ ਹੀ ਕੋਈ ਨਿਸ਼ਚਿਤ ਅੰਤਮ ਅਦਾਇਗੀ ਮਿਲੇਗੀ। ਸੇਵਾਮੁਕਤੀ ਮੌਕੇ ਮਿਲਣ ਵਾਲੀ ਰਾਸ਼ੀ ਸ਼ੇਅਰ ਬਾਜ਼ਾਰ ਦੇ ਉਤਰਾ-ਚੜ੍ਹਾਅ ਦੀ ਮੁਥਾਜ ਹੋਵੇਗੀ ਤੇ ਜਿੰਨੀ ਵੀ ਬਣੇਗੀ ਉਸ ਦਾ ਸਿਰਫ 60 ਫੀਸਦੀ ਹਿੱਸਾ ਹੀ ਮਿਲੇਗਾ ਜਿਸ ਉਪਰ ਬਣਦਾ ਆਮਦਨ ਟੈਕਸ ਵੀ ਭਰਨਾ ਪਵੇਗਾ। ਬਾਕੀ ਦੀ 40 ਫੀਸਦੀ ਨੂੰ ਮੁੜ ਸ਼ੇਅਰ-ਬਾਜ਼ਾਰ ਦੀ ਕਿਸੇ ਸਕੀਮ ਵਿੱਚ ਲਾਜ਼ਮੀ ਨਿਵੇਸ਼ ਕਰਨਾ ਪਵੇਗਾ। ਜਦਕਿ 'ਪੁਰਾਣੀ ਪੈਨਸ਼ਨ ਪ੍ਰਣਾਲੀ' ਤਹਿਤ, ਸੇਵਾਮੁਕਤੀ ਸਮੇਂ ਮਿਲਣ ਵਾਲੀਆਂ ਸਾਰੀਆਂ ਅੰਤਮ ਅਦਾਇਗੀਆਂ ਦੀ ਰਾਸ਼ੀ (ਗਰੈਚੁਟੀ, ਪੈਨਸ਼ਨ ਕਮਿਊਟੇਸ਼ਨ ਪ੍ਰਾਵੀਡੈਂਟ ਫੰਡ, ਲੀਵ ਇਨਕੈਸ਼ਮੈਂਟ) ਟੈਕਸ-ਮੁਕਤ ਹਨ। ਮੁਲਾਜ਼ਮ ਦੀ ਮੌਤ ਹੋਣ ਦੀ ਸੂਰਤ 'ਚ, ਕੋਈ ਪਰੀਵਾਰਕ ਪੈਨਸ਼ਨ ਨਹੀਂ ਮਿਲੇਗੀ, ਜਮ੍ਹਾਂ ਹੋਈ ਬਣਦੀ ਰਾਸ਼ੀ ਦਾ ਸਿਰਫ 20 ਫੀਸਦੀ ਹੀ ਮਿਲੇਗਾ। ਬਾਕੀ ਦੇ 80 ਫੀਸਦੀ ਨੂੰ ਮੁੜ ਸ਼ੇਅਰ-ਬਾਜ਼ਾਰ 'ਚ ਨਿਵੇਸ਼ ਕਰਨਾ ਲਾਜਮੀ ਹੋਵੇਗਾ।

ਇਹ 'ਨਵੀਂ ਪੈਨਸ਼ਨ ਪ੍ਰਣਾਲੀ' ਹਾਕਮ ਪਾਰਟੀਆਂ ਦੇ ਕਿਸ ਰਣਨੀਤਿਕ ਏਜੰਡੇ ਦੀ ਕੜੀ ਹੈ, ਇਸ ਨੂੰ ਸਮਝਣ ਲਈ ਸਾਨੂੰ ਕੁੱਝ ਪਿਛਾਂਹ ਵੱਲ ਮੁੜਨਾ ਹੋਵੇਗਾ। ਇਸ ਪ੍ਰਣਾਲੀ ਦਾ ਆਗਾਜ਼ ਕਰਨ ਸਮੇਂ ਵਾਜਪਾਈ ਦੀ ਅਗਵਾਈ ਵਾਲੀ ਐਨ.ਡੀ.ਏ.-1 ਸਰਕਾਰ ਦੇ ਤਤਕਾਲੀ ਖ਼ਜ਼ਾਨਾ ਮੰਤਰੀ ਸ੍ਰੀ ਯਸ਼ਵੰਤ ਸਿਨਹਾ ਵੱਲੋਂ, 28 ਫਰਵਰੀ 2001 ਨੂੰ ਆਪਣੇ ਬਜਟ ਭਾਸ਼ਣ ਦੌਰਾਨ ਜੋ ਸ਼ਬਦ ਕਹੇ ਗਏ ਸਨ ਕਿ, "ਕੇਂਦਰ ਸਰਕਾਰ ਦੀ ਪੈਨਸ਼ਨ ਦੇਣਦਾਰੀ ਨਾ ਨਿਭਣਯੋਗ (Unsustaibable) ਹੱਦ ਤੱਕ ਪਹੁੰਚ ਚੁੱਕੀ ਹੈ। ਇਸ ਲਈ ਇਹ ਸੋਚਿਆ ਗਿਆ ਹੈ ਕਿ ਜਿਹੜੇ ਕਰਮਚਾਰੀ ਇੱਕ ਅਕਤੂਬਰ, 2001 ਤੋਂ ਬਾਅਦ ਭਰਤੀ ਹੋਣਗੇ, ਉਹ 'ਨਿਸ਼ਚਿਤ ਕਟੌਤੀ' 'ਤੇ ਅਧਾਰਤ 'ਨਵੇਂ ਪੈਨਸ਼ਨ ਪ੍ਰੋਗਰਾਮ' ਰਾਹੀਂ ਪੈਨਸ਼ਨ ਲੈਣਗੇ।" ਹੂਬਹੂ ਇਹੋ ਜਿਹੇ ਸ਼ਬਦ ਹੀ ਉਸੇ ਸਮੇਂ ਹੀ ਸੰਸਾਰ ਬੈਂਕ-ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਭਾਰਤ ਸੰਬੰਧੀ ਜਾਰੀ ਕੀਤੇ ਗਏ ਦਸਤਾਵੇਜ਼ਾਂ ਵਿੱਚ ਦਰਜ ਹਨ ਕਿ, "ਸਰਕਾਰ ਵੱਲੋਂ ਪੈਨਸ਼ਨ ਦੇਣ ਦੀ ਜ਼ਿੰਮੇਵਾਰੀ ਤੇ ਵਾਅਦਾ, ਸਰਕਾਰੀ ਖ਼ਜ਼ਾਨੇ ਉਪਰ ਭਾਰੀ ਬੋਝ ਬਣ ਸਕਦੇ ਹਨ... 'ਨਿਸ਼ਚਿਤ ਲਾਭ' ਵਾਲੀ ਪੈਨਸ਼ਨ ਯੋਜਨਾ ਨੂੰ ਜਾਰੀ ਰੱਖਣਾ ਜ਼ੋਖ਼ਮ ਭਰਿਆ ਕਾਰਜ ਬਣ ਜਾਂਦਾ ਹੈ।" — (ਮੁਦਰਾ ਕੋਸ਼ ਦਸਤਾਵੇਜ਼, ਸਤੰਬਰ 2001)

ਜਿਸ ਦਲੀਲ/ਤਰਕ ਦੇ ਆਧਾਰ 'ਤੇ ਕੇਂਦਰੀ ਸਰਕਾਰਾਂ ਵੱਲੋਂ ਇਹ 'ਨਵੀਂ ਪੈਨਸ਼ਨ ਪ੍ਰਣਾਲੀ' ਲਾਗੂ ਕੀਤੀ ਗਈ ਹੈ ਕਿ 'ਪੈਨਸ਼ਨ ਦੇਣਦਾਰੀ ਦਾ ਖਰਚਾ ਜੀ.ਡੀ.ਪੀ. ਫੀਸਦੀ ਦੇ ਹਿਸਾਬ ਨਾਲ ਵਧ ਰਿਹਾ ਹੈ', ਤੱਥ ਤੇ ਅੰਕੜੇ ਇਸ ਦੀ ਪੁਸ਼ਟੀ/ਪਰੋੜਤਾ ਨਹੀਂ ਕਰਦੇ। ਸਗੋਂ, ਉਲਟਾ 2003 'ਚ ਜਿਸ ਸਮੇਂ ਇਹ ਪ੍ਰਣਾਲੀ ਲਾਗੂ ਕੀਤੀ ਗਈ ਸੀ, ਉਸ ਸਮੇਂ ਜੀ.ਡੀ.ਪੀ. ਫੀਸਦੀ ਦੇ ਹਿਸਾਬ ਨਾਲ ਇਹ ਖਰਚਾ ਪਹਿਲਾਂ ਨਾਲੋਂ ਘਟ ਰਿਹਾ ਸੀ। ਪਰੰਤੂ ਹਾਕਮ ਪਾਰਟੀਆਂ ਵੱਲੋਂ ਇੱਕ ਮੱਤ ਹੋ ਕੇ, ਲਾਗੂ ਕੀਤੇ ਜਾ ਰਹੇ ਬੈਂਕ-ਮੁਦਰਾ ਕੋਸ਼ ਨਿਰਦੇਸ਼ਤ ਜਿਸ ਜੀ.ਡੀ.ਪੀ. ਮਾਰਕਾ, ਰੁਜਗਾਰ-ਵਿਹੂਣੇ, ਅਮੀਰੀ-ਗਰੀਬੀ ਦੀ ਖਾਈ ਨੂੰ ਹੋਰ ਚੌੜੇਰਾ ਕਰਨ ਵਾਲੇ 'ਕਾਰਪੋਰੇਟ ਵਿਕਾਸ ਮਾਡਲ' ਦੇ ਰਣਨੀਤਕ ਏਜੰਡੇ ਤਹਿਤ ਇਹ 'ਨਵੀਂ ਪੈਨਸ਼ਨ ਪ੍ਰਣਾਲੀ' ਲਾਗੂ ਕੀਤੀ ਗਈ ਹੈ ਅਤੇ ਜੋ ਤਰਕ ਦਿੱਤਾ ਜਾ ਰਿਹਾ ਹੈ, ਉਸ ਦੇ ਮੰਤਕੀ ਸਿੱਟੇ ਵੱਜੋਂ, ਇਸ ਪ੍ਰਣਾਲੀ ਦੇ ਘੇਰੇ 'ਚ ਨਾ ਸਿਰਫ 1 ਜਨਵਰੀ, 2004 ਤੋਂ ਪਹਿਲਾਂ ਦੇ, ਪੁਰਾਣੀ ਪੈਨਸ਼ਨ ਪ੍ਰਣਾਲੀ ਤਹਿਤ ਭਰਤੀ ਹੋਏ, ਮੁਲਾਜ਼ਮ ਵੀ ਆਉਣਗੇ ਸਗੋਂ ਸੇਵਾ ਮੁਕਤ ਹੋਏ, ਪੈਨਸ਼ਨ ਲੈ ਰਹੇ ਪੈਨਸ਼ਨਰ ਵੀ ਇਸ ਦੀ ਲਪੇਟ 'ਚ ਆ ਸਕਦੇ ਹਨ। ਈ.ਪੀ.ਐਫ./ਪੈਨਸ਼ਨ ਪ੍ਰਣਾਲੀ ਅਧੀਨ ਸੇਵਾ ਨਿਭਾਅ ਰਹੇ ਮੁਲਾਜ਼ਮਾਂ ਉਪਰ ਵੀ ਖ਼ਤਰਾ ਮੰਡਰਾਉਣ ਲੱਗਿਆ ਹੈ। ਇਸ ਨੀਤੀ ਏਜੰਡੇ ਤਹਿਤ ਕਿਸੇ ਵੀ 'ਢੁਕਵੇਂ' ਸਮੇਂ ਪੁਰਾਣੀ ਪੈਨਸ਼ਨ ਪ੍ਰਣਾਲੀ ਤਹਿਤ ਮਿਲ ਰਹੇ/ਮਿਲਣ ਵਾਲੇ ਲਾਭਾਂ ਉਪਰ ਕੈਂਚੀ ਚਲਾਈ ਜਾ ਸਕਦੀ ਹੈ ਜਾਂ ਬੰਦ ਕੀਤੇ ਜਾ ਸਕਦੇ ਹਨ। ਇਸ ਦੇ ਸੰਕੇਤ ਵੀ ਮਿਲਣੇ ਸ਼ੁਰੂ ਹੋ ਗਏ ਹਨ ਅਤੇ ਅਮਲ ਵੀ ਸਾਹਮਣੇ ਆ ਰਿਹਾ ਹੈ।

ਪੈਨਸ਼ਨ ਕਮਿਊਟੇਸ਼ਨ ਦਾ ਫਾਰਮੂਲਾ ਬਦਲ ਕੇ, ਮਿਲਣ ਵਾਲੀ ਰਾਸ਼ੀ ਪਹਿਲਾਂ ਹੀ ਘਟਾ ਦਿੱਤੀ ਗਈ ਹੈ, ਗਰੈਚੂਟੀ ਦਾ ਫਾਰਮੂਲਾ ਬਦਲ ਕੇ ਉਸ ਨੂੰ ਘੱਟ ਕਰਨਾ ਜਾਂ ਇਸ ਨੂੰ ਟੈਕਸ-ਯੁਕਤ ਕਰਨਾ ਅਤੇ ਲੀਵ ਇਨਕੈਸ਼ਮੈਂਟ ਘਟਾਉਣੀ-ਏਜੰਡੇ 'ਤੇ ਹੀ ਹਨ। ਡੀ.ਏ. ਨੂੰ ਮਹਿਗਾਈ ਨਾਲੋਂ 'ਡੀਲਿੰਕ' ਕਰਨਾ, ਪੁਨਰਗਠਨ/ਰੈਸ਼ਨੇਲਾਈਜੇਸ਼ਨ ਦੀ ਆੜ ਹੇਠ ਵੱਖ-ਵੱਖ ਵਿਭਾਗਾਂ ਅੰਦਰ ਆਸਾਮੀਆਂ 'ਚ ਕਟੌਤੀ ਕਰਨੀ, ਵਰ੍ਹਿਆਂ ਬੱਧੀ ਆਸਾਮੀਆਂ ਖਾਲੀ ਰੱਖਣੀਆਂ ਤੇ ਭਰਤੀ ਨਾ ਕਰਨੀ, ਰੈਗੂਲਰ ਭਰਤੀ ਦੀ ਜਗ੍ਹਾ ਬੇਹੱਦ ਨਿਗੂਣੀ ਤਨਖਾਹ ਉਪਰ ਠੇਕਾ ਭਰਤੀ ਹੀ ਕਰਨੀ-ਅਜਿਹੇ ਕਿੰਨੇ ਹੀ ਕਦਮ ਪਹਿਲਾਂ ਹੀ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਵੱਲੋਂ ਚੁੱਕੇ ਜਾ ਰਹੇ ਹਨ।

ਇਸੇ ਹੀ ਨੀਤੀ-ਏਜੰਡੇ ਤਹਿਤ, ਸੇਵਾ ਮੁਕਤ ਹੋ ਚੁਕੇ ਪੈਨਸ਼ਨਰਾਂ ਨੂੰ ਮਿਲਣ ਵਾਲੀਆਂ ਕੁੱਝ ਰਾਹਤਾਂ ਵਿੱਚੋਂ ਕਿਸੇ ਉਪਰ ਵੀ ਕਟੌਤੀ ਲਾਈ ਜਾ ਸਕਦੀ ਹੈ ਜਾਂ ਬੰਦ ਕੀਤੀ ਜਾ ਸਕਦੀ ਹੈ। ਮਿਲਣ ਵਾਲਾ ਡੀ.ਏ., ਐਲ.ਟੀ.ਸੀ. ਬੁਢਾਪਾ ਪੈਨਸ਼ਨ ਭੱਤਾ, ਆਮਦਨ ਕਰ ਛੋਟ ਆਦਿ। ਜਿਸ ਤਰ੍ਹਾਂ ਔਰਤ ਮੁਲਾਜ਼ਮਾਂ ਨੂੰ ਮਿਲਦੀ ਆਮਦਨ ਕਰ ਛੋਟ ਪਹਿਲਾਂ ਹੀ ਬੰਦ ਕਰ ਦਿੱਤੀ ਗਈ ਸੀ। ਇਸ 'ਕਾਰਪੋਰੇਟ ਵਿਕਾਸ ਮਾਡਲ' ਦੇ ਨੀਤੀ ਏਜੰਡੇ ਤਹਿਤ ਇਹ ਕੋਈ ਗਾਰੰਟੀ ਨਹੀਂ ਹੈ ਕਿ ਜਿਨ੍ਹਾਂ ਸ਼ਰਤਾਂ ਉਪਰ ਮੁਲਾਜ਼ਮ ਭਰਤੀ ਹੋਏ ਹਨ ਜਾਂ ਸੇਵਾ ਮੁਕਤ ਹੋਏ ਹਨ/ਸਨ, ਉਨ੍ਹਾਂ ਸ਼ਰਤਾਂ ਦੀਆਂ ਸਰਕਾਰਾਂ ਪਾਬੰਦ ਹੀ ਰਹਿਣਗੀਆਂ। ਇਸ ਦੀ ਉਘੜਵੀਂ ਮਿਸਾਲ-ਈ.ਪੀ.ਐਫ./ਪੈਨਸ਼ਨ ਤਹਿਤ ਕੰਮ ਕਰ ਰਹੇ/ਭਰਤੀ ਕਰਮਚਾਰੀਆਂ ਦੀ ਹੈ ਜਿਨ੍ਹਾਂ ਦੀ ਕੱਟੀ ਜਾ ਰਹੀ ਰਾਸ਼ੀ ਵਿੱਚੋਂ 15 ਫੀਸਦੀ ਰਾਸ਼ੀ ਨੂੰ ਉਨ੍ਹਾਂ ਦੀ ਮਰਜੀ ਤੋਂ ਬਗੈਰ ਹੀ ਜਬਰੀ ਸ਼ੇਅਰ-ਬਾਜ਼ਾਰ ਅੰਦਰ ਲਾਉਣ ਦਾ ਫੈਸਲਾ ਕੀਤਾ ਜਾ ਚੁੱਕਿਆ ਹੈ ਅਤੇ 2016-17 ਦੇ ਕੇਂਦਰੀ ਬਜਟ ਅੰਦਰ ਖ਼ਜ਼ਾਨਾ ਮੰਤਰੀ ਸ੍ਰੀ ਜੇਤਲੀ ਵੱਲੋਂ ਉਨ੍ਹਾਂ ਨੂੰ ਸੇਵਾ ਮੁਕਤੀ ਉਪਰੰਤ ਮਿਲਣ ਵਾਲੀ ਈ.ਪੀ.ਐਫ. ਦੀ ਅੰਤਮ ਅਦਾਇਗੀ ਰਾਸ਼ੀ ਦੇ 60 ਫੀਸਦੀ ਹਿੱਸੇ ਉਪਰ ਬਣਦਾ ਟੈਕਸ ਲਾਉਣ ਦੀ ਤਜਵੀਜ ਦਾ ਕੀਤਾ ਐਲਾਨ ਹੈ। ਜਿਸ ਨੂੰ ਮੁਲਕ ਭਰ ਅੰਦਰ ਭਾਰੀ ਵਿਰੋਧ ਹੋਣ ਕਾਰਨ ਹਾਲ ਦੀ ਘੜੀ ਮੁਲਤਵੀ ਕਰਨਾ ਪਿਆ (ਵਾਪਸ ਨਹੀਂ ਲਿਆ) ਜਦਕਿ ਉਨ੍ਹਾਂ ਦੀ ਸਾਰੀ ਅੰਤਮ ਅਦਾਇਗੀ ਭਰਤੀ ਸ਼ਰਤਾਂ/ਸੇਵਾ ਮੁਕਤੀ ਸ਼ਰਤਾਂ ਅਨੁਸਾਰ ਟੈਕਸ-ਮੁਕਤ ਹੈ।

ਉਕਤ ਸਾਰੀ ਵਿਚਾਰ ਚਰਚਾ ਦੇ ਸੰਦਰਭ 'ਚ ਦੇਖਿਆਂ, 17 ਦਸੰਬਰ ਦੇ 'ਪੈਨਸ਼ਨਰ ਦਿਵਸ' ਦੀ ਅਹਿਮੀਅਤ ਵਧ ਕੇ 'ਪੈਨਸ਼ਨ ਬਚਾਓ ਦਿਵਸ' ਵਜੋਂ ਬਣ ਗਈ ਹੈ। 'ਨਵੀਂ ਪੈਨਸ਼ਨ ਪ੍ਰਣਾਲੀ' ਦਾ ਕਾਨੂੰਨ ਰੱਦ ਕਰਕੇ 'ਪੁਰਾਣੀ ਪੈਨਸ਼ਨ ਬਹਾਲੀ' ਦਾ ਮੁੱਦਾ, ਪੈਨਸ਼ਨ ਲੈਣ ਵਾਲੇ ਤੇ ਪੈਨਸ਼ਨ ਨਾ ਲੈਣ ਵਾਲੇ, ਨੌਕਰੀ 'ਤੇ ਲੱਗੇ ਹੋਏ ਤੇ ਨੌਕਰੀ 'ਤੇ ਲੱਗਣ ਵਾਲੇ, ਸਭਨਾਂ ਮੁਲਾਜ਼ਮਾਂ-ਮਜ਼ਦੂਰਾਂ ਦਾ (ਕੇਂਦਰੀ ਤੇ ਰਾਜ ਸਰਕਾਰਾਂ ਦੇ) ਸਾਂਝਾ ਸੰਘਰਸ਼ ਮੁੱਦਾ ਬਣਦਾ ਹੈ/ਬਣਾਉਣਾ ਚਾਹੀਦਾ ਹੈ।

ਸੰਪਰਕ: 98145-35005
203/13 ਮੋਹਾਲੀ ਇੰਪ. ਕੋਆਪ. ਸੋਸਾਇਟੀ,
ਸੈਕਟਰ 68, ਮੋਹਾਲੀ
yashpal.vargchetna@gmail.com

# ਕਿਉਂ ਹਿੰਦੂ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਹ ਆਈ.ਐੱਸ.ਆਈ.ਐੱਸ ਵਰਗੇ ਅੱਤਵਾਦੀ ਬਣ ਸਕਦੇ ਹਨ



ਤਸਲੀਮਾ ਨਸਰੀਨ

ਮੈਂ ਇਹ ਨਹੀਂ ਦੇਖਿਆ ਕਿ ਬੰਗਲਾਦੇਸ਼ੀ ਆਜ਼ਾਦ ਖਿਆਲੀ ਅਭਿਜੀਤ, ਬੀਜੋਏ, ਵਾਸ਼ੀਕੁਰ, ਦੀਪਨ ਦੀ ਅੱਤਵਾਦੀਆਂ ਨੇ ਕਿਵੇਂ ਮੌਤ ਕੀਤੀ।

ਪਰ ਮੈਂ ਉਸ ਦੇ ਭਤੀਜੇ ਦੁਆਰਾ ਵੀਡੀਓ ਨੂੰ ਇੰਟਰਨੈਟ 'ਤੇ ਪਾਉਣ ਕਰਕੇ ਇਹ ਦੇਖਿਆ ਹੈ ਕਿ ਸ਼ੰਭੂਲਾਲ ਨੇ ਰਾਜਸਥਾਨ ਵਿੱਚ ਅਫਰਾਜ਼ੁਲ ਦਾ ਬੇਰਹਿਮੀ ਨਾਲ ਕਤਲ ਕਿਵੇਂ ਕੀਤਾ। ਕਤਲ-ਵੀਡੀਓ ਇੰਟਰਨੈਟ 'ਤੇ ਪ੍ਰਸਾਰਿਤ ਕੀਤੀ ਗਈ ਸੀ, ਜਿਵੇਂ ਕਿ ਆਈ. ਐੱਸ. ਆਈ. ਐੱਸ ਕਰਦਾ ਹੈ। ਆਈ. ਐੱਸ. ਆਈ. ਐੱਸ ਜਾਣਦਾ ਹੈ ਕਿ ਸੀਰੀਆ ਵਿੱਚ ਉਸਦੇ ਗੜ੍ਹ ਵਿੱਚ ਕੋਈ ਵੀ ਪੁਲਸ ਉਨ੍ਹਾਂ ਨੂੰ ਗਿਰਫ਼ਤਾਰ ਕਰਨ ਨਹੀਂ ਆਵੇਗੀ। ਸ਼ੰਭੂਲਾਲ ਨੇ ਸ਼ਾਇਦ ਸੋਚਿਆ ਕੋਈ ਵੀ ਉਸਨੂੰ ਸਜ਼ਾ ਨਹੀਂ ਦੇਵੇਗਾ।

ਰਹਿਮਦਿਲੀ ਅਤੇ ਜੰਗਲੀਪਣਾ ਦੋਨੋ ਮਨੁੱਖ ਦੇ ਅੰਦਰ ਮੌਜੂਦ ਹਨ। ਕੁਝ ਲੋਕ ਆਪਣੇ ਅੰਦਰ ਜੰਗਲੀਪੁਣੇ ਨੂੰ ਚੁੱਪ ਕਰਾਉਂਦੇ ਹਨ, ਬਾਕੀ ਰਹਿਮਦਿਲੀ ਨੂੰ।

ਸ਼ੰਭੂਲਾਲ ਮਾਨਸਿਕ ਬਿਮਾਰੀ ਤੋਂ ਪੀੜਤ ਨਹੀਂ ਸੀ। ਜਦੋਂ ਉਸ ਨੇ ਅਫ਼ਰਾਜ਼ੁਲ ਦਾ ਕਤਲ ਕੀਤਾ ਤਾਂ ਉਹ ਠੰਡਾ ਅਤੇ ਸ਼ਾਂਤ ਸੀ। ਪਰ ਅਫਰਾਜ਼ੁਲ ਦੀ ਕੀ ਗਲਤੀ ਸੀ। ਉਹ ਪੱਛਮੀ ਬੰਗਾਲ ਦੇ ਇੱਕ ਗਰੀਬ ਪਿੰਡ ਦਾ ਇੱਕ ਗਰੀਬ ਆਦਮੀ ਹਨ। ਉਸਦੇ ਜੱਦੀ ਪਿੰਡ ਵਿੱਚੋਂ ਬਹੁਤ ਸਾਰੇ ਰਾਜਸਥਾਨ ਅਤੇ ਹੋਰ ਸੂਬਿਆਂ ਵਿੱਚ ਮਜ਼ਦੂਰੀ ਕਰਨ ਆਏ ਹਨ। ਅਫਰਾਜ਼ੁਲ ਲਗਭਗ 50 ਸਾਲ ਦੀ ਉਮਰ ਦਾ ਸੀ, ਅਤੇ ਉਹ ਹਿੰਦੂ-ਔਰਤ ਨੂੰ ਲੁਭਾ ਕੇ ਜਾਹਲੀ ਵਿਆਹ ਕਰਵਾਉਣ ਜਾਂ ਉਸ ਦੀ ਧਰਮ ਬਦਲੀ ਨਹੀਂ ਕਰਵਾ ਰਿਹਾ ਸੀ। ਸ਼ੰਭੂਆਲ ਦੇ ਦੋਸਤ ਕਹਿੰਦੇ ਹਨ ਕਿ ਉਹ (ਸ਼ੰਭੂਆਲ) ਇੱਕ ਹਿੰਦੂ ਔਰਤ ਨੂੰ ਪਿਆਰ ਕਰਦਾ ਸੀ ਪਰ ਉਸ ਔਰਤ ਦਾ ਕਿਸੇ ਹੋਰ ਮੁਸਲਮਾਨ ਨਾਲ ਰਿਸ਼ਤਾ ਸੀ। ਹਾਲਾਂਕਿ, ਉਹ ਆਦਮੀ ਅਫਰਾਜ਼ੁਲ ਨਹੀਂ ਸੀ। ਉਹ ਔਰਤ ਆਪਣੇ ਮੁਸਲਮਾਨ ਪ੍ਰੇਮੀ ਨਾਲ ਪੱਛਮੀ ਬੰਗਾਲ ਵਿੱਚ ਭੱਜ ਗਈ ਅਤੇ ਸ਼ੰਭੂਲਾਲ ਉਸ ਨੂੰ ਵਾਪਸ ਲਿਆਉਣ ਲਈ ਉਨ੍ਹਾਂ ਦੇ ਪਿੱਛੇ ਚਲਾ ਗਿਆ। ਜ਼ਾਹਰ ਤੌਰ 'ਤੇ ਉੱਥੇ ਕੁਝ ਬੰਗਾਲੀ ਮੁਸਲਮਾਨ ਮਜ਼ਦੂਰਾਂ ਦੁਆਰਾ ਉਹ ਕੁੱਟਿਆ ਗਿਆ।

ਸ਼ੰਭੂਲਾਲ ਦੇ ਪਿੰਡ ਤੋਂ ਬਹੁਤ ਸਾਰੀਆਂ ਔਰਤਾਂ ਭੱਜੀਆਂ ਅਤੇ ਉਨ੍ਹਾਂ ਨੇ ਮੁਸਲਮਾਨ ਮਰਦਾਂ ਨਾਲ ਵਿਆਹ ਕਰਵਾ ਲਏ ਸਨ। ਕੁਝ ਕਹਿੰਦੇ ਹਨ ਕਿ ਸ਼ੰਭੂਲਾਲ ਨੇ ਮੁਸਲਮਾਨ ਨੂੰ ਇਸ ਲਈ ਮਾਰਿਆ ਤਾਂ ਜੋ ਮੁਸਲਮਾਨ ਮਰਦਾਂ ਵਿੱਚ ਡਰ ਪੈਦਾ ਕਰ ਸਕੇ ਜੋ ਹਿੰਦੂ ਔਰਤਾਂ ਨਾਲ ਵਿਆਹ ਕਰਨ ਵਿੱਚ ਕਾਮਯਾਬ ਹੁੰਦੇ ਹਨ।

ਸਵਾਲ ਇਹ ਹੈ ਕਿ ਸ਼ੰਭੂਲਾਲ ਨੇ ਆਈ. ਐੱਸ. ਆਈ. ਐੱਸ. ਵਾਂਗ ਦਲੇਰੀ ਕਿਵੇਂ ਹਾਸਿਲ ਕੀਤੀ। ਕੀ ਉਸ ਵਰਗੇ ਹੋਰ ਲੋਕ ਹਨ, ਜੋ ਉਸਦੇ ਮੁਸਲਮਾਨਾਂ ਦੇ ਵਿਰੋਧ ਦਾ ਸਮਰਥਨ ਕਰਦੇ ਹਨ। ਉਸ ਨੇ ਮੰਨਿਆ ਕਿ ਉਸ ਦੀ ਨਿੰਦਾ ਨਹੀਂ ਹੋਵੇਗੀ, ਪਰ ਸ਼ਲਾਘਾ ਹੋਵੇਗੀ। ਜਦੋਂ ਮੈਂ ਟਵਿੱਟਰ 'ਤੇ ਕੱਟੜ ਕਤਲ ਦੀ ਵੀਡੀਓ ਦੀ ਆਲੋਚਨਾ ਕੀਤੀ, ਤਾਂ ਬਹੁਤ ਸਾਰੇ ਲੋਕ ਉਸ ਦੀ ਹਮਾਇਤ ਕਰਨ ਲਈ ਉੱਠੇ। ਇਸ ਤੋਂ ਪਹਿਲਾਂ ਜਦੋਂ ਮੈਂ ਮੁਸਲਮਾਨਾਂ ਨੂੰ ਮਾਰਨ ਵਾਲੇ ਗਾਂ ਰੱਖਿਅਕਾਂ ਦੀ ਨਿੰਦਾ ਕੀਤੀ ਸੀ, ਤਾਂ ਮੈਂ ਵੀ ਕੱਟੜਵਾਦੀ ਹਿੰਦੂਆਂ ਦੀ ਅਜਿਹੇ ਗੁੱਸੇ ਦਾ ਸਾਹਮਣਾ ਕੀਤਾ। ਉਨ੍ਹਾਂ ਨੇ ਮੈਨੂੰ ਧਮਕੀ ਦਿੱਤੀ ਕਿ ਭਾਰਤ ਵਿੱਚ ਬੈਠ ਕੇ ਮੈਨੂੰ ਹਿੰਦੂਆਂ ਖਿਲਾਫ਼ ਇੱਕ ਵੀ ਸ਼ਬਦ ਨਹੀਂ ਬੋਲਣਾ ਚਾਹੀਦਾ। ਜੇ ਮੈਂ ਹਿੰਦੂ ਸੱਭਿਆਚਾਰ ਅਤੇ ਪਰੰਪਰਾਵਾਂ ਦੀ ਪ੍ਰਸੰਸਾ ਨਹੀਂ ਕਰਦੀ, ਤਾਂ ਮੈਨੂੰ ਇੱਕ ਵਾਰ ਦੇਸ਼ ਨੂੰ ਛੱਡ ਦੇਣਾ ਚਾਹੀਦਾ ਹੈ। ਅਸਹਿਣਸ਼ੀਲਤਾ ਹੁਣ ਸਿਖਰ 'ਤੇ ਹੈ। ਮੈਂ ਪਹਿਲਾਂ ਔਰਤਾਂ 'ਤੇ ਜ਼ੁਲਮ ਬਾਰੇ ਅਤੇ ਗੈਰ-ਬਾਜਵ ਹਿੰਦੂ ਰੀਤੀ ਰਿਵਾਜਾਂ ਬਾਰੇ ਚਰਚਾ ਕੀਤੀ ਹੈ ਪਰ ਕਦੇ ਅਜਿਹੀਆਂ ਧਮਕੀਆਂ ਨਹੀਂ ਮਿਲੀਆਂ। ਮੇਰੇ ਲਈ, ਮਨੁੱਖਤਾ, ਸਮਾਨਤਾ, ਆਜ਼ਾਦੀ ਅਤੇ ਉਦਾਰਤਾ ਹਮੇਸ਼ਾਂ ਕਿਸੇ ਧਰਮ ਤੋਂ ਵੱਧ ਕੇ ਰਹੀ ਹੈ। ਕਿਉਂਕਿ ਮੈਂ ਇੱਕ ਖਾਸ ਧਰਮ ਦੀ ਆਲੋਚਨਾ ਕੀਤੀ ਹੈ, ਇਸਦਾ ਮਤਲਬ ਇਹ ਨਹੀਂ ਹੈ ਕਿ ਮੈਂ ਹੋਰ ਸਾਰੇ ਧਰਮਾਂ ਨੂੰ ਪਸੰਦ ਕਰਦੀ ਹਾਂ। ਜੇ ਧਾਰਮਿਕ ਵਿਚਾਰ ਸਮੇਂ ਦੇ ਨਾਲ ਨਹੀਂ ਬਦਲਦੇ, ਤਾਂ ਧਰਮ ਅਸਹਿਣਸ਼ੀਲ ਬਣੇਗਾ। ਫਿਰ ਮਨੁੱਖਤਾ ਲਈ ਲੋਕਾਂ ਨੂੰ ਧਰਮ ਨੂੰ ਰੱਦ ਕਰਨਾ ਪਵੇਗਾ, ਜਾਂ ਚਲਾਕੀ ਨਾਲ ਮਨੁੱਖਤਾ ਨੂੰ ਧਰਮ ਵਿੱਚ ਲਿਆਉਣਾ ਪਵੇਗਾ ਭਾਰਤ ਵਿੱਚ ਜਿੰਨੀ ਵਧੇਰੇ ਧਾਰਮਿਕ ਅਸਹਿਣਸ਼ੀਲਤਾ ਵਧੇਗੀ, ਉੰਨਾ ਹੀ ਗੈਰ-ਧਾਰਮਿਕ ਲੋਕਾਂ ਨੂੰ ਜ਼ਿਆਦਾ ਨਫ਼ਰਤ ਹੋਵੇਗੀ ਅਤੇ ਔਰਤਾਂ ਵਿਰੋਧੀ ਭਾਵਨਾਵਾਂ ਨੂੰ ਮਨਾਇਆ ਜਾਵੇਗਾ। ਇਸੇ ਕਰਕੇ ਪਦਮਾਵਤੀ ਦਾ ਦਿਖਾਉਣਾ ਬੰਦ ਕੀਤਾ ਗਿਆ ਜਾਂ ਜੋ ਲੋਕ ਮੁਸਲਮਾਨਾਂ ਨੂੰ ਗਾਂ ਦਾ ਮਾਸ ਖਾਣ ਲਈ ਮਾਰਦੇ ਹਨ ਉਹ ਸਜ਼ਾ ਤੋਂ ਬਚ ਸਕਦੇ ਹਨ। ਜਾਂ ਉਹ ਲੋਕ ਜਿਨ੍ਹਾਂ ਨੇ ਕਲਬੁਰਗੀ ਅਤੇ ਗੌਰੀ ਲੰਕੇਸ ਦਾ ਕਤਲ ਕੀਤਾ ਉਨ੍ਹਾਂ ਦਾ ਪਤਾ ਨਹੀਂ ਲਗਾਇਆ ਗਿਆ।



ਮੈਂ ਇਸ ਬਦਲਵੇਂ ਭਾਰਤ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੀ ਅਤੇ ਮੈਨੂੰ ਆਸ ਹੈ ਕਿ ਇਹ ਤਬਦੀਲੀਆਂ ਅਸਥਾਈ ਹਨ।

ਪ੍ਰਸਿੱਧ ਟੈਲੀਵਿਜ਼ਨ ਚੈਨਲਾਂ ਜਾਂ ਅਖ਼ਬਾਰਾਂ ਨੇ ਅਫਰਾਜ਼ੁਲ ਦੀ ਹੱਤਿਆ ਨਾਲ ਐਂਵੇ ਵਿਵਹਾਰ ਕੀਤਾ ਜਿਵੇਂ ਇਸ ਤਰ੍ਹਾਂ ਦੀ ਵਿਡੀਓ ਸਿਰਫ ਇੱਕ ਹੋਰ ਰੋਜ਼ਾਨਾ ਦਾ ਕਤਲ ਸੀ। ਪਰ ਇਹ ਐਂਵੇਂ ਨਹੀਂ ਸੀ। ਆਈ.ਐੱਸ.ਆਈ.ਐੱਸ. ਦੇ ਦਹਿਸ਼ਤਗਰਦ ਜਦੋਂ ਮਾਰਦੇ ਹਨ ਤਾਂ ਨਕਾਬ ਪਹਿਨਦੇ ਹਨ, ਪਰ ਸ਼ੰਭੂਲਾਲ ਨੇ ਅਜਿਹਾ ਨਹੀਂ ਕੀਤਾ।

ਵੀਡੀਓ ਦਾ ਨੁਕਤਾ ਇਹ ਹੈ ਕਿ ਮੁਸਲਮਾਨਾਂ ਨੂੰ ਆਸਾਨੀ ਨਾਲ ਮਾਰਿਆ ਜਾ ਸਕਦਾ ਹੈ। ਉਨ੍ਹਾਂ ਨੂੰ ਮਾਰਿਆ ਜਾ ਸਕਦਾ ਹੈ ਕਿਉਂਕਿ ਉਹਨਾਂ ਨੇ ਭਾਰਤ ਉੱਤੇ ਚੜ੍ਹਾਈ ਕੀਤੀ, ਮੰਦਰਾਂ ਨੂੰ ਤਬਾਹ ਕੀਤਾ ਅਤੇ ਪਿੰਡਾਂ ਨੂੰ ਲੁੱਟਿਆ, ਹਿੰਦੂਆਂ ਦਾ ਧਾਰਮਿਕ ਪਰਿਵਰਤਨ ਕੀਤਾ, ਇੱਕ ਹਿੰਦੂ ਧਰਤੀ ਉੱਤੇ ਕਬਜ਼ਾ ਕਰ ਲਿਆ ਅਤੇ ਹਿੰਦੂਆਂ ਉੱਪਰ ਰਾਜ ਕੀਤਾ। ਅਤੇ ਹੁਣ, ਉਨ੍ਹਾਂ ਨੇ 'ਲਵ ਜੇਹਾਦ' ਸ਼ੁਰੂ ਕੀਤਾ ਹੈ। 'ਮੁਸਲਿਮ ਮਰਦ ਜ਼ਾਹਿਰ ਤੌਰ 'ਤੇ ਹਿੰਦੂ ਔਰਤਾਂ ਨਾਲ ਵਿਆਹ ਕਰਨ ਜਾਹਲੀ ਪਿਆਰ ਕਰਦੇ ਹਨ ਅਤੇ ਉਨ੍ਹਾਂ ਨੂੰ ਇਸਲਾਮ 'ਚ ਤਬਦੀਲ ਕਰਦੇ ਹਨ।' ਸ਼ੰਭੂਲਾਲ ਇਸ ਨੂੰ ਰੋਕਣਾ ਚਾਹੁੰਦਾ ਹੈ। ਉਹ ਹਿੰਦੂ ਔਰਤਾਂ ਨੂੰ ਕਿਸੇ ਵੀ ਸਥਿਤੀ ਵਿੱਚ ਮੁਸਲਿਮ ਮਰਦਾਂ ਨਾਲ ਵਿਆਹ ਕਰਾਉਣ ਨਹੀਂ ਦੇਵੇਗਾ। 'ਲਵ ਜੇਹਾਦ' ਦੇ ਵਿਰੋਧ ਵਿੱਚ, ਹਿੰਦੂ ਆਪਣੀ 'ਘਰ ਵਾਪਸੀ' ਕਰ ਰਹੇ ਹਨ ਜਿੱਥੇ ਮੁਸਲਮਾਨਾਂ ਨੂੰ ਇਸਲਾਮ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਹਿੰਦੂ ਧਰਮ ਨੂੰ ਆਪਣੇ ਵਿਸ਼ਵਾਸ ਦੇ ਰੂਪ ਵਿੱਚ ਸਵੀਕਾਰ ਕਰ ਲੈਣਾ ਚਾਹੀਦਾ ਹੈ। 'ਘਰ ਵਾਪਸੀ' ਅਤੇ 'ਲਵ ਜੇਹਾਦ' ਦੋਵੇਂ ਇੱਕੋ ਜਿਹੇ ਖ਼ਰਾਬ ਵਿਚਾਰ ਹਨ ਅਤੇ ਇੱਕ ਹਿੰਦੂ-ਮੁਸਲਿਮ ਜੋੜਿਆਂ ਵਿਚਲੇ ਸੱਚੇ ਪਿਆਰ ਨੂੰ ਇਨਕਾਰ ਜਾਂ ਬੇਇੱਜ਼ਤੀ ਦਾ ਵਿਸ਼ਾ ਨਹੀਂ ਹੋਣਾ ਚਾਹੀਦਾ।

ਹਾਲਾਂਕਿ, ਸਵਾਲ ਇਹ ਹੈ ਕਿ ਅਫਰਾਜ਼ੁਲ ਨੂੰ ਅਤੀਤ ਵਿੱਚ ਮੁਸਲਮਾਨ ਹਮਲਾਵਰਾਂ ਦੀਆਂ ਗਲਤੀਆਂ ਲਈ ਕਿਉਂ ਭੁਗਤਣਾ ਚਾਹੀਦਾ ਹੈ।

6 ਦਸੰਬਰ 1992 ਨੂੰ, ਹਿੰਦੂ ਕੱਟੜਪੰਥੀਆਂ ਦੁਆਰਾ ਬਾਬਰੀ ਮਸਜਿਦ ਨੂੰ ਤਬਾਹ ਕਰਨ ਤੋਂ ਬਾਅਦ, ਬੰਗਲਾਦੇਸ਼ ਦੇ ਕੱਟੜਪੰਥੀ ਮੁਸਲਮਾਨਾਂ ਨੇ ਇੱਕ ਹਿੰਦੂ ਮੰਦਰ ਨੂੰ ਸਾੜ ਕੇ ਬਦਲਾ ਲੈ ਲਿਆ। ਬੰਗਲਾਦੇਸ਼ ਵਿੱਚ ਨਿਰਦੋਸ਼ ਹਿੰਦੂ ਭਾਰਤ ਵਿੱਚ ਹਿੰਦੂ ਕੱਟੜਪੰਥੀਆਂ ਦੇ ਜ਼ੁਲਮਾਂ ਲਈ ਕਿਉਂ ਭੁਗਤਣ। ਅਤੇ ਜੋ ਲੋਕ ਸੋਚਦੇ ਹਨ ਕਿ ਬਾਬਰੀ ਮਸਜਿਦ ਢਾਹੁਣ ਲਈ ਬੇਗੁਨਾਹ ਹਿੰਦੂ ਜ਼ਿੰਮੇਵਾਰ ਨਹੀਂ ਹਨ, ਕੀ ਉਹ ਇਹ ਵੀ ਸੋਚਦੇ ਹਨ ਕਿ ਅਫਰਾਜ਼ੁਲ ਵਰਗੇ ਨਿਰਦੋਸ਼ ਮਜ਼ਦੂਰਾਂ ਨੂੰ ਮੁਸਲਮਾਨ ਹਮਲਾਵਰਾਂ ਲਈ ਨਹੀਂ ਮਾਰਨਾ ਚਾਹੀਦਾ। ਜੇ ਲੋਕ ਇਸ ਕਤਲ ਨੂੰ ਠੀਕ ਮੰਨਦੇ ਹਨ, ਤਾਂ ਉਹ ਵੰਡਣ ਵਾਲੀ ਸਿਆਸਤ ਵਿੱਚ ਭਰੋਸਾ ਕਰਦੇ ਹਨ। ਇਹ ਉਹੋ ਸਿਆਸਤ ਹੈ, ਜਿਸਨੇ ਭਾਰਤ ਨੂੰ ਇੱਕ ਵਾਰੀ ਪਹਿਲਾਂ ਵੰਡਿਆ ਹੈ, ਅਤੇ ਇਹ ਸਿਆਸਤ ਭਾਰਤ ਨੂੰ ਦੋਬਾਰਾ ਵੀ ਵੰਡ ਸਕਦੀ ਹੈ।

ਸ਼ੰਭੂਲਾਲ ਦੇ ਸਮਰਥਕ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਹਿੰਦੂ ਵੀ ਮੁਸਲਿਮ ਕੱਟੜਪੰਥੀਆਂ ਵਾਂਗ ਕੱਟੜਵਾਦੀ ਬਣ ਸਕਦੇ ਹਨ। ਸ਼ੰਭੂਲਾਲ ਜੇਲ੍ਹ ਵਿੱਚ ਹੋ ਸਕਦਾ ਹੈ, ਪਰ ਹਜ਼ਾਰਾਂ ਸ਼ੰਭੂਲਾਲ ਆਪਣੇ ਗੁੱਸੇ, ਘ੍ਰਿਣਾ ਅਤੇ ਨਫ਼ਰਤ ਨਾਲ ਆਜ਼ਾਦ ਘੁੰਮ ਰਹੇ ਹਨ। ਸ਼ਾਂਤੀ ਬਣਾਈ ਰੱਖਣ ਲਈ ਅਜਿਹੇ ਕਿੰਨੇ ਕੁ ਲੋਕਾਂ ਨੂੰ ਜੇਲ੍ਹ ਹੋ ਸਕਦੀ ਹੈ। ਕਿੰਨੇ ਮੁਸਲਮਾਨ ਲੋਕ ਆਪਣੇ ਰੋਜ਼ਾਨਾ ਡਰ ਅਤੇ ਸ਼ੰਕਾਵਾਂ ਤੋਂ ਮੁਕਤ ਹੋ ਸਕਦੇ ਹਨ। ਅਸੀਂ ਸਾਰੇ ਦੱਖਣੀ ਏਸ਼ੀਆਈ ਹਾਂ - ਧਰਮ, ਜਾਤ, ਭਾਸ਼ਾ, ਇਤਿਹਾਸ ਸਾਡੀ ਪਛਾਣ ਨਹੀਂ ਬਣਾਉਂਦੇ। ਸਾਡਾ ਪਿਆਰ ਅਤੇ ਰਹਿਮਦਿਲੀ ਸਾਡੀ ਪਛਾਣ ਹੈ।

**ਤਸਲੀਮਾ ਨਸਰੀਨ ਇੱਕ ਪ੍ਰਸਿੱਧ ਲੇਖਕ ਅਤੇ ਟਿੱਪਣੀਕਾਰ ਹੈ।**

(ਇਸ ਲੇਖ ਦਾ ਬੰਗਾਲੀ ਤੋਂ ਅੰਗ੍ਰੇਜ਼ੀ ਵਿੱਚ ਅਨੁਵਾਦ ਨੀਰਾ ਮਜੂਮਦਾਰ ਨੇ ਕੀਤਾ ਹੈ। ਅਤੇ ਅੰਗ੍ਰੇਜ਼ੀ ਤੋਂ ਪੰਜਾਬੀ ਵਿੱਚ ਇਸਦਾ ਅਨੁਵਾਦਕ ਸਚਿੰਦਰਪਾਲ ਪਾਲੀ ਨੇ ਕੀਤਾ ਹੈ।)

# National Medical Commission will undo health care

Dr. Arun Mitra

The National Medical Commission Bill has been cleared by the cabinet. It will soon be tabled in Parliament for debate. If passed, this will become an Act, which will replace Medical Council of India (MCI) and regulate the medical education in India. Till date the MCI has been the regulatory body, which decides about the admission process to the undergraduate as well as postgraduate classes; it sets basic minimum standards required to open a medical college and carries out regular inspections of the colleges to check the status of education. The MCI also has the power to derecognize any medical college, which does not fulfill the required standards. The MCI also decides the medical curriculum. It also maintains a registry of doctors, who have to get registered with their respective state medical councils, which in turn send the details to the MCI from time to time. Whereas the Government-nominated members form majority in the MCI, it has elected members as well, which gives it a partial democratic structure. Unfortunately, the MCI has lost its reputation as there have been allegations of corruption against the higher-ups in the council.

The Supreme Court of India had taken cognizance of the irregularities in the council and recommended restructuring of the system so as to make it more transparent to do away with corruption and maintain high standards of medical education. The Government had some time ago proposed a National Medical Commission instead of the MCI, which was put in public domain for suggestions. As per reports, it has now been cleared by the cabinet with minor amendments to the original draft. A review of the original draft of the bill clearly indicates that it will not yield the desired result.


According to this, NMC has 25 members, all of whom will be nominated by the central or the state government/UT. This makes the regulatory body totally undemocratic, with only bureaucratic control and no involvement of various stake holders.

Its most flawed clause is that it will give a free hand to any for-profit organisation to open a medical college. Up till now the medical colleges were permitted to be opened by not for profit organizations. These colleges will be free to fix their tuition fee. The government may exercise control over the tuition fee of only up to 40% of seats, which means tuition fees in 60% plus seats will be at the mercy of private managements. Thus, the cost of medical education, which is already very high in the private sector, will further rise and will be virtually reserved for the rich classes. Since there will be no regular inspections, check on the standard of medical education will be compromised. Already the low standard of education in many medical colleges, which are notoriously known to hire faculty and patients during inspection, will further go down.

There is a proposal to introduce exit exam for the undergraduate students. This is being done because the difference in the standard of education in various medical colleges is glaring. Instead of meeting its responsibility to standardize education, the Government is working on an approach to judge the ranking of the colleges by the performance of the students. This will put the future of many students in substandard medical college in the dark. There are several instances where colleges have been closed down and students are running from pillar to post to seek themselves transferred to suitable institutions.

It is obvious that medical education will become totally unregulated and go in the hands

# DIP OUR BLOOD IN MEMORY OF IMMORTAL CHAIRMAN MAO TSE TUNG ON HIS 124TH BIRTHDAY



DIP OUR BLOOD IN MEMORY OF IMMORTAL CHAIRMAN MAO TSE TUNG ON HIS 124TH BIRTHDAY TODAY.COMRADE MAO WAS RESPONSIBLE FOR SHAPING THE MOST DEMOCRATIC SOCIETY EVER TO EMERGE IN THE HISTORY OF MANKIND.CHINA UNDER CHAIRMAN MAO MADE STRIDES IN HEALTH,LITERACY AND PRODUCTION MATCHED BY NO THIRD WORLD COUNTRY EVER.NO LEADER EVER CONTRIBUTED TO LIBERATE SUCH A GREAT SECTION OF HUMANITY AS CHAIRMAN MAO DID .WITHOUT DOUBT HE WAS THE GREATSET MARXIST OF HIS TIME AND INSPITE OF EVERY POSSIBLE ATTEMPTS BY THE BOURGEOISIE ENEMY TO SUPRESS AND DISTORT MAOISM MANY PARTS OF THE GLOBE ARE STILL ILLUMINATING ITS SACRED TORCH .ON THIS DAY WE SHOULD REFUTE ALL THE LIES OF THE IMPERIALIST MEDIA WHICH PROJECTS MAO AS A DICTATOR AND PORTRAY THE REPORTS OF WRITERS LIKE EDGAR SNOW,WILLIAM HINTON,FELIX GREENE AND DANG HONGPIN.EVEN TODAY MANY COMRADES IN REVISIONIST CHINA RADIATE HIS SPIRIT.



Erika Shaker

Apparently, it's not just prospective homebuyers being priced out of the GTA. How many young families can easily come up with an extra $14,455 a year, on top of other expenses?

Why $14,455? That's the median annual cost of a preschool child care space in Toronto, according to our recent report (Time Out: Child care fees in Canada 2017). At $1,212 each month, it makes Toronto the most expensive city in the country.

The dubious honour doesn't end there. Toronto also has the most expensive median infant fees ($21,096, or $1,758/month), and toddler fees ($16,248, or $1,354/month). Toronto is also home to the largest preschool fee increase of $214 a month or 21.4% — six times faster than inflation — between 2014 and 2017.


While Toronto is the most expensive, it has company. Child care fees in Ontario's major cities are consistently among the highest in the country.

Preschool fees by city

But, you may ask, why focus on the city centres? Surely cheaper child care could be found in rural communities.

Contrary to perception, it's not just the latte-drinking big city babies who are bearing the high cost of child care; the fees paid in rural communities closely correspond to those in nearby urban centres. Location, it seems, is only an issue when it comes to provincial policy. That is, if fees are set by the government (as they are in Quebec, Manitoba and PEI), they are significantly cheaper than those in provinces with a market-based approach. Like Ontario.

That's the other half of the child care fee picture: thanks to provincial policies, operational funding mechanisms and set fees, child care costs in Quebec provide a striking contrast for Ontario parents to ponder: median fees in all age categories at $163/month in Montreal, and only slightly higher in other Quebec municipalities. Manitoba and PEI's fees, while comparatively low, are higher than those in Quebec due to lower operational funding and higher set fees.




There's no question child care will be an issue in Ontario's upcoming provincial election. The 2017 budget earmarked $200 million this year to fund 16,000 new child-care subsidies and 8,000 new spaces "to realize its target of providing 100,000 more children aged 0-4 with access to affordable, quality and responsive licensed child care in schools, homes, and communities over five years."

This past summer, the Ontario Liberal government announced an additional $1.6 billion over five years to "help create 45,000 new spaces in schools, public buildings and workplaces by 2022," making a commitment to move towards universal child care, to make child care affordable, and to address the issue of a low-waged workforce. At the time of these announcements, there were only enough licensed spots for one in four children below kindergarten age. More recently, the Liberals earmarked $12.7 million to help mitigate the fee-related impact of an increase in the minimum wage to $14 in January 2018.

The issue is that, according to the Ontario Coalition for Better Child Care, there needs to be a real commitment to the problem of how to build a system of universal, affordable, high quality public child care. The Coalition maintains that there needs to be a three-pronged approach:

Operational (base) funding to services, hand-in-hand with setting fees that all parents can afford (this is what the provinces with the lowest fees have done and what is done in other countries);

Decent work for the child care workforce – these early childhood educators (ECEs) are 98% female and are grossly underpaid and undervalued;

Limiting expansion of for-profit child care and ensuring it is phased out over time.

Patrick Brown's Conservatives have also recognized the importance of child care fees as an election issue, at least as recently as last month, in an "I see your 100,000 space-expansion plan, Kathleen, and raise you child care tax rebates of up to $6,750 per child for middle- and lower-income households up to $9,000 annually for kids under 6" sort of way.

There's no question that alleviating the pressure of rising child care fees on (already squeezed) household budgets is bound to gain some political traction. But is yet another cash-for-child care plan a — or the — solution?

CCPA's David Macdonald took a look at what the proposed rebates would mean for parents. Because those fees in Toronto (and, to a slightly lesser extent, elsewhere in Ontario) are already so high to begin with, the rebate would push those fees down to … second highest in the country. So, for a Toronto family with an income of $62,000, (median) infant child care fees would still be a whopping $1,300 each month. And by June, those families would have reached the $9,000 cap, "above which nothing is covered." The impact is slightly more substantial for toddlers and preschoolers but still out of reach for most parents. As fees continue to increase faster than inflation, "it is unlikely any increases to the PC rebate will match future increases," explains Macdonald.

Another "wrinkle" to the rebate idea: only families making less than $35,000 could receive the elusive $6,750 PC tax credit. It's unlikely that a family making $35,000 would be in a position to spend almost half that amount ($14,544/year) on a preschool space (paying the still-high monthly fees), then wait for the end-of-year tax credit compensation. And even if the Brown plan were to keep the existing low-income fee subsidy system, the waiting list for these spaces is at almost 13,000 in Toronto alone.

Beyond the limited impact of the tax rebate in the context of ever-increasing fees, child care advocates have raised other concerns. Given the poor track record of other cash-for-child care handouts, there is nothing to suggest that the funds would contribute to the sustainable spaces parents desperately need. It signals no commitment to creating a system of quality care, but instead the further reinforcement of a piecemeal, market-based model. There's no commitment to focusing on not-for-profit or even regulated child care, which means public money is not being used as an incentive to improve system quality. Finally, there's no commitment to the child care workforce itself; the child care educators who are in a low-paid, precarious state.

To make real progress on child care, we need high quality, not-for-profit, regulated services in a supported system. Parents need relief from fees that, due to lack of provincial engagement, are prohibitive. And ECEs need good working conditions and proper compensation for the important job they do.

The ingredients are clear. The need is unquestioned. And the benefits are profound. It's time to get it right.

Erika Shaker is Director of Education and Outreach with the CCPA. Follow her on Twitter @ErikaShaker.

**Honorary Advisory Board**

**Sukhdev Singh Sandhu (Toronto)**

**Master Balbir Singh Gill (Toronto)**
**Jaspreet Dhaliwal (Toronto)**

**Harcharan Singh Parhar Calgary**

**Malkit Singh Abbotsford (BC)**

**Narbhinder Singh (India) (Punjab)**
935-443-0211

**Buta Singh Nawan Shahr (Punjab)**
946-347-4342
atoozed@gmail.com

**Jaswant Zirakh (India) (Punjab)**
98151-69825
jaswantzirakh@gmail.com

**Gurpreet singh**
**(Edtitor of desi redical)**

Braving cold weather, dedicated South Asian activists gathered at the Holland Park in Surrey on Saturday to hold rally in commemoration of the 25 years of the demolition of Babri Mosque.



Organized by the Indians Abroad for Pluralist India and Radical Desi, the rally was started by a moment of silence in memory of a Muslim labourer brutally murdered by a Hindu fanatic in Rajasthan, India this past week. Shambhu Lal, the main suspect not only hacked the Muslim man to d...eath but set him alight. The video of his violent action went viral on social media. Lal justified the murder accusing Muslims of Jihad in India. Such incidents have grown ever since BJP came to power with brute majority in 2014.

The speakers felt that on the 25th anniversary of the Babri episode not just the Muslims but all minorities feel insecure under a BJP government. They unanimously denounced attempts to turn India into a Hindu state and demanded that the Babri Mosque be rebuilt and handed over to the Muslim community.

Among those who addressed the gathering were Amrit Diwana, Alameen Post publisher Jaffer Bhamji, Imtiaz Popat, Gian Singh Gill, Hardev Singh, Keshu Rakesh , Mohammad Pirzada and myself.

Notably, no Indo Canadian politician turned up for the rally despite being invited by the organizers.

# ਭਾਈ ਮੇਵਾ ਸਿੰਘ ਇੱਕ ਕੌਮੀ ਸ਼ਹੀਦ ਹੈ

## (11 ਜਨਵਰੀ,1915-2015 ਸ਼ਤਾਬਦੀ ਵਰ੍ਹੇ ਨੂੰ ਸਮਰਪਿਤ)



ਪਰਮਿੰਦਰ ਕੌਰ ਸਵੈਚ
604 760 4794


11 ਜਨਵਰੀ, 1915 ਦਾ ਦਿਨ ਕੈਨੇਡਾ ਦੇ ਇਤਿਹਾਸ ਵਿੱਚ ਭਾਰਤੀਆਂ ਲਈ ਉਹ ਕਾਲਾ ਦਿਨ ਹੈ ਜਿਸ ਦਿਨ ਹੱਕ, ਸੱਚ ਤੇ ਇਨਸਾਫ਼ ਦੀ ਲੜਾਈ ਲੜਨ ਵਾਲੇ ਜੁਝਾਰੂ ਦੇਸ਼ ਭਗਤ ਭਾਈ ਮੇਵਾ ਸਿੰਘ ਦੇ ਨਸਲਵਾਦੀ ਕਨੇਡੀਅਨ ਸਰਕਾਰ ਨੇ ਫਾਂਸੀ ਦਾ ਰੱਸਾ ਗਲ਼ ਵਿੱਚ ਪਾਇਆ ਸੀ। ਉਹ ਮੇਵਾ ਸਿੰਘ ਜੋ 1906 ਵਿੱਚ ਰੋਟੀ ਰੋਜ਼ੀ ਕਮਾਉਣ ਲਈ ਕੈਨੇਡਾ ਆਇਆ ਸੀ ਤੇ ਫਰੇਜ਼ਰ ਮਿੱਲ ਵਿੱਚ ਆ ਕੇ ਕੰਮ ਕਰਨ ਲੱਗ ਗਿਆ ਸੀ। ਉਹ ਬਹੁਤ ਹੀ ਮਿਹਨਤੀ ਤੇ ਸਾਊ ਸੁਭਾਅ ਦਾ ਇਨਸਾਨ ਸੀ। ਉਸ ਸਮੇਂ ਭਾਰਤੀਆਂ ਨੂੰ ਬਸਤੀਵਾਦੀ ਸਾਮਰਾਜ ਦੀ ਹੱਕੀ ਰਿਆਇਆ ਹੋਣ ਦੇ ਬਾਵਜੂਦ ਹਰ ਥਾਂ ਤੇ ਚਮੜੀ ਦੇ ਰੰਗ ਕਰਕੇ ਨਸਲੀ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ।ਇੱਥੋਂ ਤੱਕ ਕਿ ਲੋਕਾਂ ਦੀ ਅਵਾਜ਼ ਨੂੰ ਬੰਦ ਕਰਨ ਲਈ ਕਤਲੋਗਾਰਤ ਵੀ ਸ਼ੁਰੂ ਹੋ ਚੁੱਕੀ ਸੀ ਜਿਸਦਾ ਸਿੱਟਾ ਗੁਰਦਵਾਰੇ ਵਰਗੇ ਪਵਿੱਤਰ ਸਥਾਨ ਤੇ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਨੂੰ ਸੈਂਕੜੇ ਲੋਕਾਂ ਦੇ ਸਾਹਮਣੇ ਦਿਨ ਦੁਪਹਿਰੇ ਹਾਪਕਿਨਸਨ ਦੀ ਸੱਜੀ ਬਾਂਹ ਬੇਲਾ ਸਿੰਘ ਗ਼ਦਾਰ ਨੇ ਕਤਲ ਕਰ ਦਿੱਤਾ ਸੀ ਤੇ ਕਾਤਲ ਬਾਘੀਆਂ ਪਾਉਂਦੇ ਫਿਰ ਰਹੇ ਸਨ ਕਿਉਂਕਿ ਉਹਨਾਂ ਦਾ ਕਤਲ ਦੇ ਕੇਸ ਵਿੱਚੋਂ ਬਰੀ ਹੋਣਾ ਨਿਸ਼ਚਤ ਸੀ। ਉਹ ਤਾਂ ਸਿਰਫ ਹਾਪਕਿਨਸਨ, ਮੈਲਕਮ ਰੀਡ ਤੇ ਸਟੀਵਨਜ਼ ਦੇ ਹੱਥ ਠੋਕੇ ਸਨ। ਇਸਤੋਂ ਪਹਿਲਾਂ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਅਣਮਨੁੱਖੀ ਵਰਤਾਓ ਕਰਕੇ ਉਸ ਸਮੇਂ ਦੀ ਸਰਕਾਰ ਚੰਮ ਦੀਆਂ ਚਲਾ ਰਹੀ ਸੀ। ਕੋਈ ਵੀ ਦੂਰ ਅੰਦੇਸ਼ ਦੇਸ਼ ਭਗਤ ਅੱਖਾਂ ਮੀਚ ਕੇ ਹਰ ਰੋਜ਼ ਹੋ ਰਹੀ ਦੁਰਦਸ਼ਾ ਨਹੀਂ ਸੀ ਦੇਖ ਸਕਦਾ। ਉਸਦੇ ਕਹਿਣ ਮੁਤਾਬਕ ਉਸਦੀ ਜਾਗਦੀ ਜ਼ਮੀਰ ਉਸਨੂੰ ਅਰਾਮ ਨਾਲ ਸੌਣ ਨਹੀਂ ਸੀ ਦਿੰਦੀ। ਦਿਨ ਵੇਲੇ ਲੋਕਾਂ ਦੇ ਗ਼ਦਾਰ ਉਸਨੂੰ ਸੁੱਖ ਦਾ ਸਾਹ ਨਾ ਲੈਣ ਦਿੰਦੇ, ਝੂਠੀਆਂ ਗਵਾਹੀਆਂ ਦੇਣ ਲਈ ਉਕਸਾਉਂਦੇ, ਡਰਾਉਂਦੇ ਤੇ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦਿੰਦੇ ਤੇ ਰਾਤ ਨੂੰ ਉਸਦੀ ਦੇਸ਼ ਭਗਤੀ ਤੇ ਮਨੁੱਖੀ ਪ੍ਰੇਮ ਉਸਨੂੰ ਹੱਕ, ਸੱਚ, ਬਰਾਬਰਤਾ ਤੇ ਇਨਸਾਫ਼ ਲਈ ਪ੍ਰੇਰਦਾ। ਉਸਨੇ ਆਪਣੇ ਦੇਸ਼, ਕੌਮ ਦੀ ਅਣਖ, ਇੱਜ਼ਤ ਵਾਸਤੇ ਕੁੱਝ ਕਰਕੇ ਫਾਂਸੀ ਦੇ ਰੱਸੇ ਨੂੰ ਚੁੰਮਣ ਦਾ ਇਰਾਦਾ ਕੀਤਾ। ਜਿਸਦਾ ਸਿੱਟਾ ਇਹ ਹੋਇਆ ਕਿ ਉਸਨੇ ਬੇਇਨਸਾਫ਼ੀ ਦੀ ਬੁੱਕਲ ਵਿੱਚ ਪਲ਼ ਰਹੇ ਡੂੰਮਣੇ ਹਾਪਕਿਨਸਨ ਨੂੰ ਕੋਰਟ ਵਿੱਚ ਭਾਈ ਭਾਗ ਸਿੰਘ ਹੋਰਾਂ ਦੀ ਪੇਸ਼ੀ ਤੇ ਆਏ ਨੂੰ ਗੋਲ਼ੀਆਂ ਮਾਰ ਕੇ ਮਾਰ ਮੁਕਾਇਆ ਸੀ ਤੇ ਨਿਧੜਕ ਹੋ ਕੇ ਐਲਾਨ ਕੀਤਾ ਸੀ ਕਿ ਮੈਂ ਬੇਇਨਸਾਫ਼ੀ ਦੀ ਜੜ੍ਹ ਨੂੰ ਪੁੱਟਣ ਦਾ ਤਹੱਈਆ ਕੀਤਾ ਹੈ।ਥੋੜ੍ਹੇ ਸ਼ਬਦਾਂ ਵਿੱਚ ਇਹ ਸੀ ਕਹਾਣੀ ਮੇਵਾ ਸਿੰਘ ਦੀ ਜਿਹੜੀ ਆਮ ਸੁਣਨ ਨੂੰ ਮਿਲਦੀ ਹੈ ਪਰ ਇਹ ਕਹਾਣੀ 1906 ਤੋਂ ਲੈ ਕੇ 1915 ਜਾਣਿਕਿ 8-9 ਸਾਲ ਦੇ ਲੰਮੇ ਅਰਸੇ ਦੌਰਾਨ ਇੱਕ ਇੱਕ ਦਿਨ, ਮਹੀਨੇ ਤੇ ਸਾਲਾਂ ਵਿੱਚ ਵਾਪਰੀ ਹੈ ਜਿਸ ਵਿੱਚ ਉਹਨਾਂ ਦਾ ਜੀਣਾ ਦੁੱਭਰ ਹੋਇਆ ਪਿਆ ਸੀ।

ਅੱਜ ਸੌ ਸਾਲ ਬਾਅਦ ਸ਼ਹੀਦ ਮੇਵਾ ਸਿੰਘ ਦੀ ਸ਼ਹੀਦੀ ਮੌਕੇ ਇਹ ਸਵਾਲ ਸਾਡੇ ਸਾਹਮਣੇ ਪੈਦਾ ਹੋ ਰਿਹਾ ਹੈ ਕਿ ਭਾਈ ਮੇਵਾ ਸਿੰਘ ਇੱਕ ਕੌਮੀ ਸ਼ਹੀਦ ਹੈ ਜਾਂ ਕਾਤਲ। ਕਿਉਂਕਿ ਕੈਨੇਡੀਅਨ ਇਤਿਹਾਸ ਵਿੱਚ ਅਜੇ ਤੱਕ ਉਸਨੂੰ ਕਾਤਲ ਕਿਹਾ ਜਾਂਦਾ ਹੈ। ਇਹ ਕਹਿਣਾ ਸੌ ਸਾਲ ਬਾਅਦ ਕਿੰਨਾ ਕੁ ਯੋਗ ਹੈ ? ਜੇ ਉਸਨੂੰ ਅਸੀਂ ਆਪਣਾ ਸ਼ਹੀਦ ਸਮਝਦੇ ਹਾਂ ਤਾਂ ਇਸ ਗੱਲ ਦੇ ਸਹੀ ਸਬੂਤ ਪੈਦਾ ਕਰਨ ਲਈ ਅਸੀਂ ਕਿਸ ਕਿਸਮ ਦੇ ਉਪਰਾਲੇ ਕਰਦੇ ਹਾਂ ਤੇ ਆਪਣੀ ਅਵਾਜ਼ ਸਰਕਾਰ ਤੱਕ ਪਹੁੰਚਾ ਸਕਦੇ ਹਾਂ। ਇਸ ਬਾਰੇ ਕਮਿਊਨਿਟੀ ਵਿੱਚ ਫਿਰ ਤੋਂ ਸਿਰ ਜੋੜਨ ਦੀ ਲੋੜ ਹੈ।ਇਸ ਸਵਾਲ ਦੇ ਮੱਦੇ ਨਜ਼ਰ ਇਸ ਲੇਖ ਵਿੱਚ ਅਸੀਂ ਫਿਰ ਮੁੜ ਕੇ ਉਹਨਾਂ ਹਲਾਤਾਂ ਦੀ ਗਹਿਰਾਈ ਤੱਕ ਜਾ ਕੇ ਇਸ ਦਾ ਅਰਥ ਲੱਭਣ ਦੀ ਕੋਸ਼ਿਸ਼ ਕਰਦੇ ਹਾਂ।

ਕਹਾਣੀ ਸ਼ੁਰੂ ਉਦੋਂ ਹੁੰਦੀ ਹੈ ਜਦੋਂ ਇੱਕ ਭਾਰਤੀ ਅਰਜਨ ਸਿੰਘ ਮਲਕ ਦੀ ਮੌਤ ਹੋ ਜਾਂਦੀ ਹੈ ਤਾਂ ਭਾਰਤੀਆਂ ਨੂੰ ਉਸਦੇ ਸਸਕਾਰ ਕਰਨ ਲਈ ਛੇ ਫੁੱਟ ਲੰਬੀ ਤੇ ਚਾਰ ਫੁੱਟ ਚੌੜੀ ਜਗ੍ਹਾ ਸ਼ਹਿਰ ਵਿੱਚ ਨਹੀਂ ਦਿੱਤੀ ਜਾਂਦੀ। ਇਸਾਈ ਮਿਸ਼ਨਰੀ ਮੁਰਦੇ ਨੂੰ ਦਬਾਉਣ ਤੇ ਜ਼ੋਰ ਪਾਉਂਦੇ ਸਨ ਪਰ ਇਹ ਵੀ ਨਹੀਂ ਸੀ ਚਾਹੁੰਦੇ ਕਿ ਗੋਰਿਆਂ ਦੇ ਨਾਲ ਭਾਰਤੀਆਂ ਨੂੰ ਇੱਕਠੇ ਦਬਾਇਆ ਜਾਵੇ ਇਸ ਨਾਲ ਆਪਣੀ ਬੇਇੱਜ਼ਤੀ ਸਮਝਦੇ ਸਨ। ਜਿਸ ਕਰਕੇ ਭਾਈ ਅਰਜਨ ਸਿੰਘ ਦੇ ਸਰੀਰ ਦਾ ਸਸਕਾਰ ਬਹੁਤ ਹੀ ਮੁਸ਼ਕਲ ਨਾਲ ਅੱਧੀ ਰਾਤ ਨੂੰ ਜੰਗਲਾਂ ਵਿੱਚ ਜਾ ਕੇ ਬਰਫਾਂ ਦੇ ਥੱਲੇ ਦੱਬੀਆਂ ਲੱਕੜਾਂ ਨੂੰ ਅੱਗ ਲਾ ਕੇ ਕੀਤਾ ਗਿਆ। ਇਸ ਤਰ੍ਹਾਂ ਜਦੋਂ ਵੀ ਕੋਈ ਭਾਰਤੀ ਮਰਦਾ ਤਾਂ ਸਸਕਾਰ ਦੀ ਮੁਸ਼ਕਲ ਆ ਖੜ੍ਹੀ ਹੁੰਦੀ। ਸ਼ਮਸ਼ਾਨਘਾਟ ਦੀ ਮਨਜ਼ੂਰੀ ਸਭ ਤੋਂ ਪਹਿਲੀ ਮੁਸ਼ਕਲ ਦਾ ਹੱਲ ਸੀ ਜਿਸਨੂੰ ਛੇਤੀ ਜ਼ਮੀਨ ਲੈ ਕੇ ਪੂਰਾ ਕੀਤਾ ਗਿਆ ਸੀ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਜਦੋਂ ਏਸ਼ੀਆਈ ਲੋਕ ਇੱਥੇ ਪਹੁੰਚੇ ਤਾਂ ਉਹਨਾਂ ਦੀ ਸਖ਼ਤ ਮਿਹਨਤ ਕਰਕੇ ਅਬਾਦਕਾਰ ਜਾਂ ਮਿੱਲ ਮਾਲਕ ਉਹਨਾਂ ਦੇ ਕੰਮ ਤੋਂ ਖ਼ੁਸ਼ ਹੋ ਕੇ ਉਹਨਾਂ ਨੂੰ ਕੰਮ ਤੇ ਰੱਖਣਾ ਪਸੰਦ ਕਰਦੇ ਸਨ ਪਰ ਸਰਮਾਏਦਾਰ ਅਮਰੀਕਨ ਤੇ ਕੈਨੇਡੀਅਨ ਸਰਕਾਰ ਨੇ ਮਜ਼ਦੂਰਾਂ ਵਿੱਚ ਗੋਰੀ ਤੇ ਕਾਲੀ ਚਮੜੀ ਦਾ ਨਸਲੀ ਮਾਰੂ ਬੀਜ ਬੀਜ ਦਿੱਤਾ। 5 ਸਤੰਬਰ, 1907 ਨੂੰ ਵੈਨਕੂਵਰ ਦੇ ਨਾਲ ਲੱਗਦੇ ਅਮਰੀਕਾ ਦੇ ਸ਼ਹਿਰ ਬੈਲਿੰਗਹੈਮ ਵਿੱਚ ਜਿੱਥੇ 15 ਕੁ ਸੌ ਏਸ਼ੀਆਈ ਮੂਲ ਦੇ ਮਜ਼ਦੂਰ ਕੰਮ ਕਰਦੇ ਸਨ ਉਹਨਾਂ ਤੇ ਉਐਕਸਕਲੂਜ਼ਿਨ ਲੀਗ” ਨਾਂ ਦੀ ਜਥੇਬੰਦੀ ਵਲੋਂ ਜਥੇਬੰਦਕ ਹਮਲਾ ਕੀਤਾ ਗਿਆ। ਜਿਸ ਵਿੱਚ ਬਹੁਤੇ ਮਜ਼ਦੂਰ ਮਾਰ ਕੇ ਸਮੁੰਦਰ ਵਿੱਚ ਸੁੱਟ ਦਿੱਤੇ ਗਏ ਤੇ ਕੁੱਝ ਕੁ ਕੈਨੇਡਾ ਵੱਲ ਆ ਗਏ। ਕੈਨੇਡਾ ਰਹਿੰਦੇ ਏਸ਼ੀਆਈਆਂ ਤੇ ਵੀ ਹਮਲੇ ਹੋਏ ਤੇ ਉਹਨਾਂ ਦੀਆਂ ਦੁਕਾਨਾਂ ਸਾੜ ਕੇ ਸਵਾਹ ਕਰ ਦਿੱਤੀਆਂ ਗਈਆਂ ਪਰ ਕੋਈ ਪੁੱਛ ਪੜਤਾਲ ਨਾ ਕੀਤੀ ਗਈ। ਇਹ ਸਾਰਾ ਕੁੱਝ ਮੇਵਾ ਸਿੰਘ ਤੇ ਉਸਦੇ ਸਾਥੀਆਂ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਹੁੰਦਾ ਵੇਖਿਆ ਤਾਂ ਉਹਨਾਂ ਦੇ ਮਨ ਵਿੱਚ ਜਥੇਬੰਦ ਹੋਣ ਦਾ ਖਿਆਲ ਆਇਆ ਤੇ ਖਾਲਸਾ ਦੀਵਾਨ ਸੁਸਾਇਟੀ ਨੇ ਜਨਮ ਲਿਆ। ਇਸਦੇ ਨਾਲ ਨਾਲ ਉਹਨਾਂ ਦੇ ਮਨ ਵਿੱਚ ਇੱਕ ਰੋਹ ਨੇ ਵੀ ਜਨਮ ਲੈਣਾ ਸ਼ੁਰੂ ਕਰ ਦਿੱਤਾ ਕਿ ਇਹ ਲੋਕ ਚਾਹੁੰਦੇ ਹਨ ਕਿ ਸਾਡਾ ਦੇਸ਼ ਇਕੱਲੇ ਗੋਰਿਆਂ ਦਾ ਹੋਵੇ ਪਰ ਭਾਰਤ ਵਿੱਚ ਜਾ ਕੇ ਪੂਰੇ ਹੱਕ ਮਾਣਦੇ ਹਨ ਤੇ ਇੱਥੋਂ ਤੱਕ ਕੇ ਸਾਡੀਆਂ ਔਰਤਾਂ ਨਾਲ ਵਿਆਹ ਕਰਵਾ ਕੇ ਬੱਚੇ ਵੀ ਪੈਦਾ ਕਰਦੇ ਹਨ। ਇਸ ਕਿਸਮ ਦੀ ਦੋਗਲੀ ਔਲਾਦ ਹਾਪਕਿਨਸਨ ਵੀ ਸੀ। ਇਹ ਫਰਕ ਕਿਉਂ ? ਇੱਕ ਹੋਰ ਗੱਲ ਜਦੋਂ ਏਸ਼ੀਆਈ ਲੋਕ ਐਥੇ ਜ਼ਮੀਨ ਬਗੈਰਾ ਲੈਂਦੇ ਤਾਂ ਉਹਨਾਂ ਨੂੰ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਦਸਖ਼ਤ ਕਰਨ ਦੀ ਬਜਾਏ ਅਗੂੰਠਾ ਲਾਉਣ ਲਈ ਮਜ਼ਬੂਰ ਕੀਤਾ ਜਾਂਦਾ। ਨਿੱਕੀਆਂ 2 ਗੱਲਾਂ ਤੁਸੀਂ ਐਥੇ ਨਹੀਂ ਜਾ ਸਕਦੇ ,ਤੁਸੀਂ ਉੱਥੇ ਨਹੀਂ ਜਾ ਸਕਦੇ। ਬੇਸ਼ੱਕ ਏਸ਼ੀਆਈ ਲੋਕਾਂ ਤੇ ਨਸਲਵਾਦ ਦਾ ਪ੍ਰਕੋਪ ਪਹਿਲਾਂ ਵੀ ਬਹੁਤ ਹੋ ਰਿਹਾ ਸੀ ਪਰ ਇਨਸਪੈਕਟਰ ਤੇ ਇੰਮੀਗ੍ਰੇਸ਼ਨ ਦੇ ਦੁਭਾਸ਼ੀਏ ਵਜੋਂ ਕੰਮ ਕਰਦਾ ਹਾਪਕਿਸਨ ਜਦੋਂ ਕੈਨੇਡਾ ਪਹੁੰਚਿਆ ਤਾਂ ਉਸਨੇ ਇਸ ਸਮੱਸਿਆ ਨੂੰ ਚਰਮ ਸੀਮਾ ਤੱਕ ਪਹੁੰਚਾ ਦਿੱਤਾ ਕਿਉਂਕਿ ਉਹ ਕਲਕੱਤੇ ਦਾ ਜੰਮਪਲ ਹੋਣ ਕਰਕੇ ਹਿੰਦੀ ਪੰਜਾਬੀ ਬੋਲ ਲੈਂਦਾ ਸੀ।

ਭਾਰਤੀਆਂ ਦੇ ਖਿਲਾਫ਼ ਬਹੁਤ ਘਟੀਆ ਕਿਸਮ ਦਾ ਭੰਡੀ ਪ੍ਰਚਾਰ ਅਖਬਾਰਾਂ ਵਿੱਚ ਵੀ ਕੀਤਾ ਜਾਂਦਾ। ਇਹ ਸਾਫ਼ ਸਫ਼ਾਈ ਦਾ ਖਿਆਲ ਨਹੀਂ ਰੱਖਦੇ। ਇਹ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹਨ। ਇਹ ਇਖਲਾਕ ਦੇ ਨੀਵੇਂ ਹਨ, ਇਹ ਗੋਰੀਆਂ ਵੱਲ ਬੁਰੀ ਨਜ਼ਰ ਨਾਲ ਵੇਖਦੇ ਹਨ। ਇਹ ਗੋਰੀਆਂ ਨਾਲ ਵਿਆਹ ਕਰਵਾ ਕੇ ਦੋਗਲੇ ਬੱਚੇ ਪੈਦਾ ਕਰਨਗੇ। ਇਹ ਘੱਟ ਮਜ਼ਦੂਰੀ ਤੇ ਕੰਮ ਕਰਦੇ ਹਨ। ਇਹ ਪੈਸੇ ਬਚਾ ਕੇ ਆਪਣੇ ਦੇਸ਼ ਨੂੰ ਭੇਜਦੇ ਹਨ ਤਾਂ ਇਹਨਾਂ ਦਾ ਰਹਿਣ ਸਹਿਣ ਘਟੀਆ ਦਰਜ਼ੇ ਦਾ ਹੈ। ਇਹ ਕਦੇ ਵੀ ਬਰਾਬਰ ਦੇ ਸ਼ਹਿਰੀ ਨਹੀਂ ਹੋ ਸਕਦੇ। ਇੱਕ ਦੂਸਰੇ ਦੀ ਮੱਦਦ ਕਰਕੇ ਇੱਕ ਦੂਸਰੇ ਦਾ ਆਸਰਾ ਬਣਦੇ ਹਨ। ਪਰ ਸਰਕਾਰ ਨੂੰ ਭਾਰਤੀਆਂ ਨੂੰ ਰੋਕਣ ਦਾ ਕੋਈ ਬਹਾਨਾ ਨਹੀਂ ਸੀ ਬਣ ਰਿਹਾ ਫਿਰ ਬਹੁਤ ਘੋਖ ਪੜਤਾਲ ਨਾਲ 1908 ਵਿੱਚ ਇੱਕ ਅਜਿਹਾ ਕਾਨੂੰਨ ਬਣਾਇਆ ਗਿਆ ਜਿਸ ਵਿੱਚ ਇਹ ਸ਼ਰਤ ਰੱਖੀ ਗਈ ਕਿ ਸਿੱਧੇ ਸਫ਼ਰ ਵਾਲੇ ਲੋਕ ਹੀ ਐਥੇ ਆ ਸਕਦੇ ਹਨ ਤੇ ਦੋ ਸੌ ਡਾਲਰ ਨਾਲ ਲੈ ਕੇ ਆਉਣ। ਇਹ ਸਿਰਫ ਭਾਰਤੀਆਂ ਤੇ ਹੀ ਲਾਗੂ ਹੁੰਦਾ ਸੀ ਕਿਉਂਕਿ ਕੈਨੇਡਾ ਤੇ ਭਾਰਤ ਦੀ ਦੂਰੀ ਜ਼ਿਆਦਾ ਹੋਣ ਕਰਕੇ ਕੋਈ ਬਿਨ੍ਹਾਂ ਰੁਕੇ ਸਿੱਧਾ ਜਹਾਜ਼ ਨਹੀਂ ਸੀ ਆ ਸਕਦਾ। ਇਸਤੋਂ ਇਲਾਵਾ ਜਹਾਜ਼ ਕੰਪਨੀਆਂ ਨੂੰ ਵੀ ਭਾਰਤੀਆਂ ਨੂੰ ਟਿਕਟ ਨਾ ਦੇਣ ਲਈ ਮਜ਼ਬੂਰ ਕੀਤਾ ਜਾਂਦਾ ਸੀ। 1908 ਵਿੱਚ ਹੀ ਭਾਰਤੀਆਂ ਨੂੰ ਹਾਂਡੂਰਸ ਭੇਜਣ ਲਈ ਹਰ ਹੀਲੇ ਵਸੀਲੇ ਵਰਤੇ ਗਏ ਪਰ ਭਾਰਤੀ ਆਗੂ ਭਾਈ ਤੇਜਾ ਸਿੰਘ ਐਮ. ਏ. ਹੋਰਾਂ ਦੀ ਸਿਆਣਪ ਨਾਲ ਇਹ ਚਾਲ ਵੀ ਠੁੱਸ ਹੋ ਗਈ। ਇਸ ਸਭ ਕਾਸੇ ਵਿੱਚ ਕੈਨੇਡਾ ਦੀ ਬੀ. ਸੀ. ਤੇ ਫੈਡਰਲ ਸਰਕਾਰ, ਇੰਗਲੈਂਡ ਦੀ ਸਰਕਾਰ ਤੇ ਭਾਰਤ ਦੀ ਬ੍ਰਿਟਿਸ਼ ਸਰਕਾਰ ਸਭ ਦੀ ਮਿਲੀ ਭਗਤ ਹੁੰਦੀ ਸੀ।ਸਰਕਾਰੇ ਦਰਬਾਰੇ ਕੋਈ ਸੁਣਵਾਈ ਨਾ ਹੋਣ ਕਰਕੇ ਨਸਲੀ ਵਿਤਕਰਾ ਦਿਨੋਂ ਦਿਨ ਵੱਧਦਾ ਜਾ ਰਿਹਾ ਸੀ।



ਹੁਣ ਦੇਸ਼ ਭਗਤਾਂ ਕੋਲ ਵਿਚਾਰ ਹੀ ਸੀ ਕਿ ਇਸ ਮੁਸ਼ਕਲ ਦੀ ਜੜ੍ਹ ਨੂੰ ਲੱਭਿਆ ਜਾਵੇ। ਭਾਰਤੀਆਂ ਵਿੱਚ ਜਿਆਦਾ ਪੰਜਾਬੀ ਸਨ ਤੇ ਉਹਨਾਂ ਵਿੱਚ ਬਹੁਤੇ ਨਾਮ ਕਟੇ ਫੌਜੀ, ਜਿਹੜੇ ਕਿਸੇ ਸਮੇਂ ਬ੍ਰਿਟਿਸ਼ ਗੌਰਮਿੰਟ ਦੇ ਇਮਾਨਦਾਰ ਸਿਪਾਹ ਸਿਲਾਰ ਤੇ ਮਹਾਰਾਣੀ ਵਿਕਟੋਰੀਆ ਦੇ ਅਜ਼ੀਜ਼ ਨੌਕਰ ਰਹਿ ਚੁੱਕੇ ਸਨ। ਇਸ ਭੇਦ ਭਾਵ ਨੂੰ ਦੇਖ ਕੇ ਉਹਨਾਂ ਨੇ ਸੋਚਿਆ ਕਿ ਜਿਹੜੇ ਤਗ਼ਮੇ ਉਹ ਫ਼ਖ਼ਰ ਨਾਲ ਹਿੱਕ ਤੇ ਲਟਕਾਈ ਫਿਰਦੇ ਹਨ ਉਹ ਅਸਲ ਵਿੱਚ ਗ਼ੁਲਾਮੀ ਦੀ ਨਿਸ਼ਾਨੀ ਹਨ ਜਿਹੜੀ ਕਿ ਬਰਤਾਨਵੀ ਸਾਮਰਾਜ ਨੇ ਸਾਨੂੰ ਭਾੜੇ ਦੇ ਸਿਪਾਹੀ ਸਮਝ ਕੇ ਦਿੱਤੀ ਹੈ। ਆਪਣੇ ਸਾਮਰਾਜ ਦੀ ਮੰਡੀ ਵਿੱਚ ਵਾਧਾ ਕਰਨ ਲਈ ਅਤੇ ਹੋਰ ਅਜ਼ਾਦ ਲੋਕਾਂ ਨੂੰ ਗ਼ੁਲਾਮ ਬਣਾਉਣ ਲਈ ਸਾਥੋਂ ਫੌਜ ਵਿੱਚ ਭਰਤੀ ਕਰਕੇ ਨਿਹੱਥੇ ਲੋਕਾਂ ਤੇ ਗੋਲ਼ੀਆਂ ਮਰਵਾਈਆਂ ਜਾਂਦੀਆਂ ਹਨ ਪਰ ਉਂਜ ਸਾਡੀ ਕੋਈ ਅਹਿਮੀਅਤ ਨਹੀਂ। ਸਾਨੂੰ ਇਹਨਾਂ ਗ਼ੁਲਾਮੀ ਦੀਆਂ ਨਿਸ਼ਾਨੀਆਂ ਨੂੰ ਸਾੜ ਦੇਣਾ ਚਾਹੀਦਾ ਹੈ, ਸੋ ਇਹੀ ਹੋਇਆ। ਸਾਲਾਂ ਵੱਧੀ ਕੰਮ ਕਰਕੇ ਕਮਾਏ ਹੋਏ ਇਹ ਤਗ਼ਮੇ ਦੇਸ਼ ਭਗਤਾਂ ਨੇ ਮਿੰਟਾਂ ਵਿੱਚ ਸਵਾਹ ਕਰ ਦਿੱਤੇ। ਇਸ ਫੌਜੀ ਵਰਦੀਆਂ, ਸਰਟੀਫਿਕੇਟ ਤੇ ਤਗ਼ਮੇ ਸਾੜਨ ਦੀ ਘਟਨਾ ਨੇ ਬਲ਼ਦੀ ਤੇ ਤੇਲ ਦਾ ਕੰਮ ਕੀਤਾ ਜਿਸ ਨਾਲ ਸਰਕਾਰਾਂ ਤਿਲਮਿਲਾ ਉੱਠੀਆਂ ਅਤੇ ਭਾਰਤੀਆਂ ਦੇ ਦੁੱਖਾਂ ਵਿੱਚ ਵਾਧਾ ਹੋਣਾ ਸੁਭਾਵਕ ਸੀ।ਕਾਮਾਗਾਟਾ ਮਾਰੂ ਵਰਗੇ ਦੁਖਾਂਤ ਇਸ ਨਸਲੀ ਭੇਦ ਭਾਵ ਦਾ ਹੀ ਸਿੱਟਾ ਸਨ।

ਹੁਣ ਅਮਰੀਕਾ ਤੇ ਕੈਨੇਡਾ ਵਿੱਚ ਰਹਿ ਰਹੇ ਭਾਰਤੀ ਇੱਕ ਦੂਜੇ ਦੀਆਂ ਮੁਸ਼ਕਲਾਂ ਤੋਂ ਜਾਣੂ ਹੋ ਚੁੱਕੇ ਸਨ। ਉਹ ਮਹਿਸੂਸ ਕਰਨ ਲੱਗੇ ਸਨ ਕਿ ਉਹਨਾਂ ਦੀ ਇਹ ਮੰਦੀ ਹਾਲਤ ਉਹਨਾਂ ਦੇ ਦੇਸ਼ ਦੀ ਗ਼ੁਲਾਮੀ ਹੈ ਇਸ ਕਰਕੇ ਉਹਨਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਸੋਚਣਾ ਸ਼ੁਰੂ ਕੀਤਾ। ਐਥੇ ਬੈਠੇ ਉਹ ਆਪਣੇ ਹੱਕਾਂ ਲਈ ਪੂਰਾ ਤਾਣ ਲਾ ਰਹੇ ਸਨ ਪਰ ਹਾਪਕਿਨਸਨ ਵਰਗੇ ਸਰਕਾਰ ਦੇ ਜਾਸੂਸ ਉਹਨਾਂ ਦੀ ਪੇਸ਼ ਨਹੀਂ ਸੀ ਜਾਣ ਦਿੰਦੇ। ਸਾਰੀਆਂ ਸਰਕਾਰਾਂ ਆਪਸ ਵਿੱਚ ਘਿਓ ਖਿਚੜੀ ਸਨ ਉਹ ਇੱਕ ਦੂਜੇ ਦੀ ਗੱਲ ਉਲੱਦਦੀਆਂ ਨਹੀਂ ਸਨ ਸਗੋਂ ਟਾਲ ਮਟੋਲ ਕਰਕੇ ਠੰਢੇ ਬਸਤੇ ਪਾ ਦਿੰਦੀਆਂ ਸਨ। ਇਸ ਸਮੇਂ ਹੀ ਅਮਰੀਕਾ ਵਿੱਚ ਉਹਿੰਦੀ ਐਸੋਸ਼ੀਏਸ਼ਨ ਆਫ਼ ਪੈਸੇਫਿਕ ਕੋਸਟ” ਨਾਂ ਦੀ ਜਥੇਬੰਦੀ ਬਣਾਈ ਗਈ ਜਿਹੜੀ ਬਾਅਦ ਵਿੱਚ ਗ਼ਦਰ ਪਾਰਟੀ ਦੇ ਨਾਂ ਨਾਲ ਮਸ਼ਹੂਰ ਹੋਈ। ਗ਼ਦਰ ਪਾਰਟੀ ਦਾ ਕੈਨੇਡਾ ਦੇ ਦੇਸ਼ ਭਗਤਾਂ ਤੇ ਵੀ ਬਹੁਤ ਪ੍ਰਭਾਵ ਪਿਆ। ਜਦੋਂ ਸੰਸਾਰ ਜੰਗ ਸ਼ੁਰੂ ਹੋਈ ਤਾਂ ਵਿਦੇਸ਼ਾਂ ਵਿੱਚ ਵਸਦੇ ਦੇਸ਼ ਭਗਤਾਂ ਨੇ ਆਪਣੀਆਂ ਜ਼ਮੀਨਾਂ ਜਾਇਦਾਦਾਂ ਗ਼ਦਰ ਪਾਰਟੀ ਨੂੰ ਸੌਂਪ ਕੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਜਾਣ ਦੀ ਤਿਆਰੀ ਕਰਨ ਲੱਗੇ। ਇਸ ਸਮੇਂ ਜਿਹੜੇ ਸਰਕਾਰੀ ਏਜੈਂਟ ਹਾਪਕਿਨਸਨ ਨੇ ਦੇਸ਼ ਭਗਤ ਤਾਰਕ ਨਾਥ ਦਾਸ, ਭਾਈ ਭਗਵਾਨ ਸਿੰਘ, ਭਾਈ ਬਲਵੰਤ ਸਿੰਘ ਜਾਂ ਲਾਲਾ ਹਰਦਿਆਲ ਨੂੰ ਦੇਸ਼ ਨਿਕਾਲਾ ਦਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ ਹੁਣ ਜਦੋਂ ਦੇਸ਼ ਭਗਤ ਭਾਰਤ ਨੂੰ ਜਾ ਰਹੇ ਸਨ ਤਾਂ ਉਸਨੇ ਉਹਨਾਂ ਨੂੰ ਰੋਕਣ ਤੇ ਜਾਂ ਰਸਤੇ ਵਿੱਚ ਮਾਰ ਮੁਕਾਉਣ ਦੇ ਵੀ ਸਾਰੇ ਹੀਲੇ ਅਜ਼ਮਾਏ ਸਨ ਜਿਵੇਂ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਬਜ ਬਜ ਘਾਟ ਤੇ ਰੋਕ ਕੇ ਗੋਲ਼ੀਆਂ ਨਾਲ ਭੁੰਨ ਦਿੱਤਾ ਗਿਆ।

ਭਾਈ ਮੇਵਾ ਸਿੰਘ ਕੌਮੀ ਸ਼ਹੀਦ ਜਾਂ ਕਾਤਲ ਦੇ ਸਵਾਲ ਦੇ ਸਨਮੁੱਖ ਹੋ ਕੇ ਦੇਖਣ ਨਾਲ ਪਤਾ ਲੱਗਦਾ ਹੈ ਕਿ ਮੇਵਾ ਸਿੰਘ ਦੀ ਹਾਪਕਿਨਸਨ ਜਾਂ ਮੈਲਕਮ ਰੀਡ (ਜਿਹੜਾ ਬਚ ਗਿਆ ਸੀ) ਨਾਲ ਕੋਈ ਜੱਦੀ ਦੁਸ਼ਮਣੀ ਨਹੀਂ ਸੀ। ਸਗੋਂ ਜੇ ਮੇਵਾ ਸਿੰਘ ਤੇ ਉਸਦੇ ਸਾਥੀ ਦੇਸ਼ ਭਗਤਾਂ ਨੇ ਉਹਨਾਂ ਦੇ ਕਤਲ ਕਰਨ ਬਾਰੇ ਸੋਚਿਆ ਵੀ ਸੀ ਤਾਂ ਇਸ ਪਿੱਛੇ ਕੁੱਝ ਕਾਰਣ ਹਨ ਜਿਹਨਾਂ ਤੇ ਸਰਕਾਰਾਂ ਦੀ ਮਿਲੀ ਭੁਗਤ ਨਾਲ ਵਿਲੀਅਮ ਹਾਪਕਿਨਸਨ, ਮੈਲਕਮ ਰੀਡ ਤੇ ਮਿ. ਸਟੀਵਨਜ਼ ਐਮ. ਪੀ. ਦੀ ਤਿੱਕੜੀ ਨੇ ਫੁੱਲ ਚੜ੍ਹਾਏ ਸਨ। ਉਹ ਸਨ:-

ਕਮਿਊਨਿਟੀ ਨੂੰ ਦੋਫਾੜ ਕਰਨਾ (ਲਾਲਚ ਦੇ ਕੇ ਬੇਲਾ ਸਿੰਘ ਤੇ ਬਾਬੂ ਸਿੰਘ ਵਰਗੇ ਗ਼ਦਾਰ ਪੈਦਾ ਕਰਨਾ)

ਮਨੁੱਖਤਾ ਵਿੱਚ ਵੈਰ ਵਿਰੋਧ ਪੈਦਾ ਕਰਨਾ।

ਨਸਲਵਾਦੀ ਅਵਾਜ਼ੇ ਕਸਣੇ ਤੇ ਗਾਲ਼ੀ ਗਲੋਚ ਕਰਨਾ।

ਮਨੁੱਖਤਾ ਤੋਂ ਉਪਰ ਉੱਠ ਕੇ ਗੋਰੇ ਕਾਲੇ ਦਾ ਭੇਦ ਭਾਵ ਪੈਦਾ ਕਰਨਾ।

ਬਰਤਾਨਵੀ ਸਾਮਰਾਜ ਦੀ ਰਿਆਇਆ ਹੋਣ ਦੇ ਬਾਵਜੂਦ ਬਰਾਬਰ ਦੀ ਸ਼ਹਿਰੀਅਤ ਦੇ ਹੱਕਾਂ ਤੋਂ ਵਾਂਝੇ ਕਰਨਾ।

ਅਣਮਨੁੱਖੀ ਵਰਤਾਓ ਕਰਕੇ ਭਾੜੇ ਦੇ ਟੱਟੂ ਬੇਲਾ ਸਿੰਘ ਤੋਂ ਭਾਈ ਭਾਗ ਸਿੰਘ ਤੇ ਬਦਨ ਸਿੰਘ ਦਾ ਕਤਲ ਕਰਵਾ ਦੇਣਾ। ਭਾਈ ਭਾਗ ਸਿੰਘ ਜਿਸਦੇ ਬੱਚੇ ਅਨਾਥ ਕਰ ਦਿੱਤੇ ਗਏ।

ਸ਼ਰੇਆਮ ਝੂਠੀਆਂ ਗਵਾਹੀਆਂ ਦੇਣ ਲਈ ਡਰਾਉਣਾ, ਧਮਕਾਉਣਾ ਤੇ ਮਾਰ ਦੇਣ ਤੱਕ ਦਾ ਡਰਾਵਾ ਦੇਣਾ।

40 ਡਾਲਰ ਦੀ ਵੱਢੀ ਲੈ ਕੇ ਕੇਸ ਨੂੰ ਰਫਾ ਦਫਾ ਕਰਾ ਦੇਣਾ।

ਲੋ਼ਕ ਵਿਰੋਧੀ ਕਾਨੂੰਨ ਬਣਾਉਣ ਦੀ ਮੱਦਦ ਲਈ ਹਰ ਸੰਭਵ ਯਤਨ ਕਰਨੇ।

ਹਾਪਕਿਸਨ ਨੇ ਭਾਈ ਭਾਗ ਸਿੰਘ ਹੋਰਾਂ ਦੇ ਕੇਸ ਵਿੱਚ ਤੱਥਾਂ ਨੂੰ ਲਕੋ ਕੇ ਬੇਲਾ ਸਿੰਘ ਦੇ ਹੱਕ ਵਿੱਚ ਗਵਾਹੀ ਦੇ ਕੇ ਕਨੇਡੀਅਨ ਕਾਨੂੰਨ ਦੀ ਤੌਹੀਨ ਕੀਤੀ ਸੀ।ਜਿਸ ਵਿੱਚ ਭਾਈ ਭਾਗ ਸਿੰਘ ਹੋਰਾਂ ਦਾ ਆਪਦਾ ਬਿਆਨ ਤੇ ਗੁਰਦਵਾਰੇ ਵਿੱਚ ਇਕੱਠੀ ਹੋਈ ਸੰਗਤ ਅਤੇ ਮੌਕੇ ਵਾਰਦਾਤ ਤੇ ਪਹੁੰਚੀ ਪੁਲਸ ਦੇ ਬਿਆਨਾਂ ਨੂੰ ਲਾਂਭੇ ਕਰ ਦਿੱਤਾ ਗਿਆ ਸੀ।

ਅਖੀਰ ਵਿੱਚ ਸਟੇਟ ਵਲੋਂ ਕੀਤੀ ਜਾ ਰਹੀ ਹਿੰਸਾ ਤੋਂ ਭਾਰਤੀ ਕਮਿਊਨਿਟੀ ਨੂੰ ਬਚਾਉਣ ਦ ਬੱਸ ਇਹੀ ਉਪਰਾਲਾ ਸੀ।

ਉੱਪਰ ਲਿਖੀਆਂ ਸਾਰੀਆਂ ਖੂਬੀਆਂ ਹਾਪਕਿਨਸਨ ਦੀ ਸ਼ਖ਼ਸ਼ੀਅਤ ਦਾ ਦਾਰੋਮਦਾਰ ਸਨ। ਇਹਨਾਂ ਸਾਰੀਆਂ ਗੱਲਾਂ ਤੋਂ ਸਾਬਤ ਹੁੰਦਾ ਹੈ ਕਿ ਮੇਵਾ ਸਿੰਘ ਨੇ ਤਾਂ ਸਿਰਫ ਇੱਕ ਹਾਪਕਿਨਸਨ ਦਾ ਕਤਲ ਕੀਤਾ ਹੈ ਜਿਸਨੂੰ ਕਾਤਲ ਕਿਹਾ ਜਾ ਰਿਹਾ ਹੈ ਪਰ ਹਾਪਕਿਨਸਨ ਜਿਸਨੇ ਹਜ਼ਾਰਾਂ ਹੀ ਲੋਕਾਂ ਦੀਆਂ ਭਾਵਨਾਵਾਂ ਦਾ ਕਤਲ ਕੀਤਾ ਸੀ। ਦੋ ਛੋਟੇ ਬੱਚਿਆਂ ਦੇ ਸਿਰ ਤੋਂ ਉਹਨਾਂ ਦੇ ਮਾਂ-ਬਾਪ ਦਾ ਸਾਇਆ ਖੋਹ ਲਿਆ ਸੀ। ਕਿਸੇ ਨੂੰ ਤਿਲ ਤਿਲ ਕਰਕੇ ਹਰ ਰੋਜ਼ ਮਾਰਨਾ ਇੱਕ ਵਾਰ ਮਾਰਨ ਨਾਲੋਂ ਕਿਤੇ ਵੱਧ ਦੁਖਦਾਈ ਹੁੰਦਾ ਹੈ। ਜਿਹੜੇ ਪਰਿਵਾਰਾਂ ਨੂੰ ਕਿੰਨੇ ਕਿੰਨੇ ਸਾਲ ਅਜਿਹੇ ਘਿਣਾਉਣੇ ਕਾਨੂੰਨ ਬਣਾ ਕੇ ਦੂਰ ਰੱਖਿਆ ਗਿਆ, ਉਹਨਾਂ ਦੀਆਂ ਸੱਧਰਾਂ ਦੇ ਨਿੱਤ ਦੇ ਕਤਲਾਂ ਦਾ ਕਾਰਣ ਵੀ ਹਾਪਕਿਨਸਨ ਹੀ ਸੀ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਭੁੱਖੇ ਰੱਖ ਕੇ ਜ਼ਲਾਲਤ ਭਰੀ ਜ਼ਿੰਦਗੀ ਦੇਣਾ ਕਤਲ ਤੋਂ ਘੱਟ ਨਹੀਂ ਸੀ ਤੇ ਬਾਅਦ ਵਿੱਚ ਬਜ ਬਜ ਘਾਟ ਵਰਗਾ ਸਾਕਾ ਕਰਵਾ ਦੇਣਾ। ਉਹਨਾਂ ਕਤਲਾਂ ਦੇ ਜ਼ੁੰਮੇਵਾਰਾਂ ਨੂੰ ਫਾਂਸੀ ਕਿਉਂ ਨਹੀਂ ? ਜਾਂ ਉਹ ਕਾਤਲ ਕਿਉਂ ਨਹੀਂ ?

ਅੱਜ ਸੌ ਸਾਲ ਬਾਅਦ ਵੀ ਕੈਨੇਡੀਅਨ ਸਰਕਾਰ ਦੀਆਂ ਫਾਇਲਾਂ ਵਿੱਚ ਭਾਈ ਮੇਵਾ ਸਿੰਘ ਇੱਕ ਕਾਤਲ ਵਜੋਂ ਜਾਣਿਆ ਜਾਂਦਾ ਹੈ ਜੋ ਕਿ ਗਲਤ ਹੈ ਅਗਰ ਮੇਵਾ ਸਿੰਘ ਨੇ ਮਨੁੱਖਤਾ ਦੇ ਅਸੂਲਾਂ ਦੇ ਬਚਾ ਲਈ ਇੱਕ ਭੈੜੇ ਬੰਦੇ ਦਾ ਕਤਲ ਕੀਤਾ ਹੈ ਤਾਂ ਉਹ ਕਾਤਲ ਕਿਉਂ ? ਸਮਾਜ ਵਿੱਚੋਂ ਅਗਰ ਬੁਰਾਈ ਨੂੰ ਖ਼ਤਮ ਕਰਨਾ ਹੈ ਤਾਂ ਉਸਦੀ ਜੜ੍ਹ ਨੂੰ ਪੁੱਟਣਾ ਪਵੇਗਾ। ਭਾਈ ਭਾਗ ਸਿੰਘ ਤੇ ਬਦਨ ਸਿੰਘ ਨੂੰ ਮਾਰਨ ਵਾਲਾ ਗ਼ਦਾਰ ਬੇਲਾ ਸਿੰਘ ਕਨੇਡੀਅਨ ਸਰਕਾਰ ਦੀਆਂ ਨਜ਼ਰਾਂ ਵਿੱਚ ਕਾਤਲ ਕਿਉਂ ਨਹੀਂ ? ਉਸਨੂੰ ਕਿਉਂ ਫਾਂਸੀ ਦੀ ਸਜ਼ਾ ਤੋਂ ਮੁਕਤ ਕੀਤਾ ਗਿਆ ਸੀ ? ਉਸਨੂੰ ਸਗੋਂ ਮੁਰੱਬੇ ਦੇ ਕੇ ਸਾਰੇ ਸੁੱਖ ਅਰਾਮ ਮੁਹੱਈਆ ਕੀਤੇ ਗਏ। ਭਾਰਤੀਆਂ ਵਿੱਚ ਫੁੱਟਪਾਊ ਤੇ ਕਨੇਡੀਅਨ ਸਮਾਜ ਵਿੱਚ ਨਸਲਵਾਦ ਦਾ ਨਾਸੂਰ ਫੈਲਾਉਣ ਵਾਲਾ ਹਾਪਕਿਨਸਨ ਹੀ ਸੀ ਜਿਸ ਨੂੰ ਭਾਈ ਮੇਵਾ ਸਿੰਘ ਨੇ ਮਾਰ ਕੇ ਮਾਣ ਮਹਿਸੂਸ ਕੀਤਾ ਸੀ। ਅੱਜ ਦੀ ਕੈਨੇਡੀਅਨ ਸਰਕਾਰ ਅਗਰ ਆਪਣੇ ਆਪ ਨੂੰ ਬਹੁ ਸਭਿਆਚਾਰ ਤੇ ਨਸਲੀ ਵਿਤਕਰਾ-ਰਹਿਤ ਸਮਝਦੀ ਹੈ ਤਾਂ ਉਸਨੂੰ ਭਾਈ ਮੇਵਾ ਸਿੰਘ ਨੂੰ ਕੌਮੀ ਸ਼ਹੀਦ ਐਲਾਨਣ ਵਿੱਚ ਕੋਈ ਗੁਰੇਜ਼ ਨਹੀਂ ਕਰਨਾ ਚਾਹੀਦਾ। ਭਾਈ ਮੇਵਾ ਸਿੰਘ ਕੈਨੇਡਾ ਵਿੱਚ ਭਾਰਤ ਦੀ ਅਜ਼ਾਦੀ ਦਾ ਪਹਿਲਾਂ ਸ਼ਹੀਦ ਹੈ ਜਿਸਨੇ ਆਪਣੀ ਕੁਰਬਾਨੀ ਦੇ ਕੇ ਭਾਰਤੀਆਂ ਦੇ ਕੈਨੇਡਾ ਵਿੱਚ ਹੱਕ ਮਹਿਫ਼ੂਜ਼ ਕਰਵਾਏ ਸਨ। ਜੇ ਅੱਜ ਕਨੇਡਾ ਦੇ ਹਰ ਨਾਗਰਿਕ ਨੂੰ ਨਸਲੀ ਭੇਦ-ਭਾਵ ਤੋਂ ਉਪਰ ਉੱਠ ਕੇ ਅਜ਼ਾਦੀ ਨਾਲ ਜੀਣ ਦਾ ਹੱਕ ਹੈ, ਉਹਨਾਂ ਦੀ ਲੜਾਈ ਵੀ ਇਸ ਅਜ਼ਾਦੀ ਲਈ ਸੀ ਤੇ ਕੁਰਬਾਨੀ ਵੀ ਏਸੇ ਕਰਕੇ ਦਿੱਤੀ ਸੀ, ਤਾਂ ਹੀ ਤਾਂ ਉਹਨਾਂ ਨੇ ਮਨੁੱਖਤਾ ਦੀ ਐਡੀ ਵੱਡੀ ਸਮੱਸਿਆ ਨਾਲ ਆਢਾ ਲਿਆ ਸੀ, ਜਿਸ ਕਰਕੇ ਸਰਕਾਰਾਂ ਨੂੰ ਸੋਚਣ ਲਈ ਮਜ਼ਬੂਰ ਹੋਣਾ ਪਿਆ ਸੀ। ਉਹਨਾਂ ਦੀ ਕੁਰਬਾਨੀ ਨੂੰ ਚੇਤੇ ਰੱਖਦੇ ਹੋਏ ਅਸੀਂ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਭਾਈ ਮੇਵਾ ਸਿੰਘ ਨੂੰ ਕਾਤਲ ਦਾ ਦਰਜ਼ਾ ਹਟਾ ਕੇ ਕੌਮੀ ਸ਼ਹੀਦ ਦਾ ਦਰਜ਼ਾ ਦਿੱਤਾ ਜਾਵੇ।

## ਲੋਕ

ਜਦੋਂ ਉੱਠ ਖੜ੍ਹਦੇ ਹਨ
ਵਿਵਸਥਾ ਡਗਮਗਾ ਜਾਂਦੀ ਹੈ
ਸਰਹੰਦ ਢਹਿਢੇਰੀ ਹੋ ਜਾਂਦੀ ਹੈ
ਸਥਾਪਤੀ ਕੰਬਣ ਲੱਗਦੀ ਹੈ।


ਲੋਕ
ਜਦੋਂ ਕਾਫ਼ਲਾ ਹੋ ਜਾਂਦੇ ਨੇ
ਸਮਾਂ ਖਲੋ ਜਾਂਦਾ ਹੈ
ਧਰਤੀ ਥਿਰ ਹੋ ਜਾਂਦੀ ਹੈ
ਦਿਸ਼ਾਵਾਂ ਭਟਕ ਜਾਂਦੀਆਂ ਨੇ।

ਲੋਕ
ਜਦੋਂ ਨਾਅਰਾ ਬਣਦੇ ਨੇ
ਮੁਰਦੇ ਜਾਗ ਉੱਠਦੇ ਨੇ
ਦਰਿਆ ਉੱਛਲ ਜਾਂਦੇ ਨੇ
ਹਨ੍ਹੇਰਾ ਸਹਿਮ ਜਾਂਦਾ ਹੈ।

ਲੋਕ
ਜਦੋਂ ਭਟਕ ਜਾਂਦੇ ਨੇ
ਉਦੋਂ ਮਾਰੇ ਜਾਂਦੇ ਨੇ
ਡੇਰੇ, ਮੰਦਿਰ, ਉਸਾਰੇ ਜਾਂਦੇ ਨੇ
ਵੰਡੇ ਜਾਂਦੇ, ਪਾੜੇ ਜਾਂਦੇ ਨੇ।

- ਗੱਗਬਾਣੀ

# ਮਾਰਕਸ ਦੀ 'ਕੈਪੀਟਲ' ਦੇ 150 ਵਰ੍ਹੇ



ਪ੍ਰੀਤਮ ਸਿੰਘ (ਪ੍ਰੋ.)






ਸਤੰਬਰ 1867 ਵਿੱਚ ਕਾਰਲ ਮਾਰਕਸ (1818-1883) ਦੀ ਪੁਸਤਕ 'ਕੈਪੀਟਲ-ਭਾਗ-1' ਜਰਮਨ ਭਾਸ਼ਾ ਵਿੱਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਦੀ ਇਹ ਇਕਲੌਤੀ ਜਿਲਦ ਸੀ ਜਿਸਨੂੰ ਮਾਰਕਸ ਆਪਣੀ ਇੱਛਾ ਅਨੁਸਾਰ ਅੰਤਿਮ ਰੂਪ ਦੇ ਸਕਿਆ ਅਤੇ ਆਪਣੇ ਜਿਉਂਦੇ ਜੀਅ ਇਸ ਨੂੰ ਪ੍ਰਕਾਸ਼ਿਤ ਹੁੰਦਿਆਂ ਵੀ ਵੇਖ ਸਕਿਆ। ਬਾਕੀ ਦੋ ਜਿਲਦਾਂ- 'ਭਾਗ-2 ਤੇ ਭਾਗ-3' ਲਈ ਮਾਰਕਸ ਨੋਟਸ ਛੱਡ ਗਿਆ ਸੀ ਜਿਨ੍ਹਾਂ ਦੀ ਵਰਤੋਂ ਕਰਕੇ ਉਸ ਦੇ ਜਿਗਰੀ ਦੋਸਤ ਤੇ ਸਹਿਯੋਗੀ ਫਰੈਡਰਿਕ ਐਂਗਲਜ਼ (1820-1895) ਨੇ ਮਾਰਕਸ ਦੀ ਮੌਤ ਮਗਰੋਂ ਭਾਗ-2 1885 ਵਿੱਚ ਤੇ ਭਾਗ-3 ਆਪਣੀ ਮੌਤ ਤੋਂ ਕੁਝ ਹੀ ਸਮਾਂ ਪਹਿਲਾਂ 1894 ਵਿੱਚ ਛਪਵਾਏ। ਮਾਰਕਸ ਵੱਲੋਂ 'ਕੈਪੀਟਲ- ਭਾਗ ਇੱਕ' ਵਿੱਚ ਤੇ ਬਾਕੀ ਦੋਵੇਂ ਭਾਗਾਂ ਲਈ ਛੋਟੇ ਨੋਟਸ ਵਿੱਚ ਭਾਗ-4 ਦਾ ਜ਼ਿਕਰ ਜ਼ਰੂਰ ਕੀਤਾ ਗਿਆ ਸੀ, ਪਰ ਉਸ ਜਿਲਦ ਲਈ ਜੋ ਕੰਮ ਉਹ ਛੱਡ ਗਿਆ ਸੀ, ਉਹ ਬਾਅਦ ਵਿੱਚ ਕਾਰਲ ਕਾਉਟਸਕੀ (1854-1938) ਵੱਲੋਂ 1905 ਤੋਂ 1910 ਦਰਮਿਆਨ ਤਿੰਨ ਭਾਗਾਂ ਵਿੱਚ ਲਿਖੀ 'ਥਿਊਰੀਜ਼ ਆਫ ਸਰਪਲੱਸ ਵੈਲਿਊ' ਤਹਿਤ ਛਪਿਆ।

ਕੈਪੀਟਲ (ਭਾਗ-1) ਨੂੰ 1872 ਵਿੱਚ ਪਹਿਲੀ ਵਾਰ ਵਿਦੇਸ਼ੀ ਭਾਸ਼ਾ 'ਰੂਸੀ' ਵਿੱਚ ਅਨੁਵਾਦ ਕਰਕੇ ਛਾਪਿਆ ਗਿਆ ਜਿਸ ਦਾ ਕਾਰਲ ਮਾਰਕਸ ਨੇ ਇਨ੍ਹਾਂ ਸਬਦਾਂ ਨਾਲ ਸਵਾਗਤ ਕੀਤਾ, "1872 ਦੀ ਬਸੰਤ ਵਿੱਚ 'ਦਿ ਕੈਪੀਟਲ' ਦਾ ਇੱਕ ਸ਼ਾਨਦਾਰ ਰੂਸੀ ਅਨੁਵਾਦ ਸਾਹਮਣੇ ਆਇਆ ਹੈ।" ਫਰਾਂਸੀਸੀ ਵਿੱਚ ਵੀ ਪਹਿਲਾ ਐਡੀਸ਼ਨ 1872 ਵਿੱਚ ਹੀ ਸਾਹਮਣੇ ਆਇਆ। ਮਾਰਕਸ ਦੀ ਮੌਤ ਤੋਂ ਕੁਝ ਸਾਲ ਬਾਅਦ 1887 ਵਿੱਚ 'ਕੈਪੀਟਲ' ਦਾ ਪਹਿਲਾ ਅੰਗਰੇਜ਼ੀ ਅਨੁਵਾਦ ਛਪਿਆ। ਹੁਣ ਤਕ ਇਸ ਨੂੰ ਦੁਨੀਆਂ ਦੀਆਂ ਸਾਰੀਆਂ ਵੱਡੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿੱਚ ਪੰਜਾਬੀ ਤੇ ਹਿੰਦੀ ਵੀ ਸ਼ਾਮਿਲ ਹਨ।

ਕੈਪੀਟਲ (ਭਾਗ-1) ਛਾਪਣ ਤੋਂ ਪਹਿਲਾਂ ਮਾਰਕਸ ਨੇ 1859 ਵਿੱਚ ਛਪੀ ਇੱਕ ਨਿੱਕੀ ਕਿਤਾਬ 'ਕੰਟਰੀਬਿਊਸ਼ਨ ਟੂ ਦਿ ਕ੍ਰਿਟੀਕ ਆਫ ਪੁਲਟੀਕਲ ਇਕਾਨਮੀ' ਦੀ ਪ੍ਰਸਤਾਵਨਾ ਵਿੱਚ 'ਕੈਪੀਟਲ' ਵਰਗਾ ਸਿਧਾਂਤਕ ਪ੍ਰਾਜੈਕਟ ਸਾਹਮਣੇ ਲਿਆਉਣ ਬਾਰੇ ਕਾਫ਼ੀ ਸਪਸ਼ਟ ਕਰ ਦਿੱਤਾ ਸੀ। ਇਸ ਪ੍ਰਸਤਾਵਨਾ ਦੀਆਂ ਸ਼ੁਰੂਆਤੀ ਸਤਰਾਂ ਹਨ, "ਮੈਂ ਬੁਰਜੂਆ ਅਰਥਵਿਵਸਥਾ ਨੂੰ ਨਿਮਨ ਲਿਖਿਤ ਤਰਤੀਬ ਵਿੱਚ ਵਾਚਿਆ ਹੈ- ਪੂੰਜੀ, ਜ਼ਮੀਨੀ ਜਾਇਦਾਦ, ਉਜਰਤੀ ਕਿਰਤ, ਰਾਜ, ਵਿਦੇਸ਼ੀ ਵਪਾਰ, ਵਿਸ਼ਵ ਬਾਜ਼ਾਰ। ਹੋਰਨਾਂ ਕਈ ਵੱਡੇ ਸਿਧਾਂਤਕ ਉੱਦਮਾਂ ਵਾਂਗ ਹੀ ਉਪਰੋਕਤ ਦੱਸੇ ਗਏ ਛੇ ਵਿਸ਼ਿਆਂ ਵਿੱਚੋਂ ਮਾਰਕਸ ਨੇ ਪਹਿਲੇ ਵਿਸ਼ੇ (ਸਰਮਾਏ) ਨੂੰ ਹੀ ਛੋਹਿਆ ਅਤੇ ਉਸ ਨੂੰ ਵੀ ਪੂਰੇ ਤਸੱਲੀਬਖਸ਼ ਢੰਗ ਨਾਲ ਛੋਹਿਆ ਨਹੀਂ ਕਿਹਾ ਜਾ ਸਕਦਾ। ਬੇਸ਼ੱਕ 'ਕੈਪੀਟਲ' ਵਿੱਚ ਕੀਤੇ ਗਏ ਕੰਮ ਵਿੱਚ ਉਜਰਤੀ ਕਿਰਤ ਦੇ ਵਿਸ਼ੇ ਨੂੰ ਪ੍ਰਮੁੱਖ ਰੂਪ ਨਾਲ ਵਾਚਿਆ ਗਿਆ ਹੈ ਅਤੇ ਬਾਕੀ ਚਾਰ ਵਿਸ਼ਿਆਂ 'ਤੇ ਵੀ ਬਾਖ਼ੂਬੀ ਝਾਤ ਮਾਰੀ ਗਈ ਹੈ, ਪਰ ਜਿੰਨੀ ਕਠੋਰਤਾ ਨਾਲ ਮਾਰਕਸ ਨੇ ਸਰਮਾਏ ਨੂੰ ਪਰਖਿਆ ਹੈ, ਉਨਾ ਜ਼ੋਰ ਇਨ੍ਹਾਂ ਵਿੱਚੋਂ ਹੋਰ ਕਿਸੇ ਵਿਸ਼ੇ 'ਤੇ ਨਹੀਂ ਲਾਇਆ ਜਾਪਦਾ। 'ਕੈਪੀਟਲ' (ਭਾਗ-1) ਦੇ ਜਰਮਨ ਭਾਸ਼ਾ 'ਚ ਛਪੇ ਸੰਸਕਰਨ ਵਿੱਚ ਪ੍ਰਸਤਾਵਨਾ ਦੀ ਪਹਿਲੀ ਸਤਰ 1859 ਦੇ ਕੰਮ ਦੀ ਗੱਲ ਕਰਦੀ ਹੈ: "ਆਪਣੇ ਜਿਸ ਕੰਮ ਦੇ ਪਹਿਲੇ ਭਾਗ ਨੂੰ ਮੈਂ ਲੋਕਾਂ ਹਵਾਲੇ ਕਰ ਰਿਹਾ ਹਾਂ ਉਹ 1859 ਵਿੱਚ ਛਪੀ 'ਏ ਕੰਟਰੀਬਿਊਸ਼ਨ ਟੂ ਦਿ ਕ੍ਰਿਟੀਕ ਆਫ ਪੁਲਿਟੀਕਲ ਇਕਾਨਮੀ' ਦੀ ਹੀ ਨਿਰੰਤਰਤਾ ਹੈ ਤੇ ਪਹਿਲੇ ਭਾਗ ਅਤੇ ਬਾਕੀ ਭਾਗਾਂ ਵਿੱਚ ਇੰਨਾ ਵਕਫ਼ਾ ਮੇਰੇ ਲੰਮਾ ਸਮਾਂ ਬਿਮਾਰ ਰਹਿਣ ਕਾਰਨ ਪਿਆ ਜੋ ਬਿਮਾਰੀ ਵਾਰ ਵਾਰ ਮੇਰੇ ਕੰਮ ਵਿੱਚ ਅੜਚਣ ਪਾਉਂਦੀ ਰਹੀ।" ਸਰਮਾਏ ਦੇ ਛਪਣ ਮਗਰੋਂ ਪੂੰਜੀਵਾਦੀ ਅਰਥਵਿਵਸਥਾ ਦਾ ਮੁਲਾਂਕਣ ਕਰਨ ਵਾਲਾ ਹੋਰ ਕੋਈ ਕੰਮ ਸਾਹਮਣੇ ਨਹੀਂ ਆਇਆ ਜਿਸ ਨੇ ਕਠੋਰ ਵਿਸ਼ਲੇਸ਼ਣ, ਇਤਿਹਾਸਕ ਤਹਿਦਾਰੀ ਅਤੇ ਸਰਬ-ਅੰਗੀ ਵਿਵਰਨ ਰਾਹੀਂ ਸਰਮਾਏ ਦਾ ਵਿਸ਼ਲੇਸ਼ਣ ਕੀਤਾ ਹੋਵੇ।

'ਕੈਪੀਟਲ' ਵਿੱਚ ਮਾਰਕਸ ਦੇ ਵਿਸ਼ਲੇਸ਼ਣ ਦਾ ਕੇਂਦਰੀ ਉਦੇਸ਼ ਪੂੰਜੀ ਦੀ ਗਤੀ ਦੇ ਨਿਯਮ ਨੂੰ ਸਮਝਣਾ ਸੀ। ਮਾਰਕਸ ਵੱਲੋਂ ਆਪਣੇ ਸਮਕਾਲੀ ਜੀਵ ਵਿਗਿਆਨੀ ਚਾਰਲਸ ਡਾਰਵਿਨ (1809-82) ਦੇ ਕੰਮ ਦੀ ਵੀ ਪ੍ਰਸ਼ੰਸਾ ਕੀਤੀ ਗਈ ਹੈ ਜਿਸ ਨਾਲ ਉਸ ਨੇ ਮਿਲ ਕੇ ਕੁਝ ਕੰਮ ਵੀ ਕੀਤਾ ਸੀ। ਮਾਰਕਸ ਨੇ ਜੀਵਾਂ ਦੇ ਜਨਮ ਤੇ ਵਿਕਾਸ ਦੇ ਸਿਧਾਂਤ ਬਾਰੇ ਡਾਰਵਿਨ ਦੇ ਕੰਮ ਅਤੇ ਪੂੰਜੀ ਦੇ ਜਨਮ ਤੇ ਵਿਕਾਸ ਦੇ ਸਿਧਾਂਤ ਬਾਰੇ ਆਪਣੇ ਕੰਮ ਵਿੱਚ ਸਮਰੂਪਤਾ ਵੇਖੀ। ਮਾਰਕਸ ਨੇ ਤਰਕ ਦਿੱਤਾ ਕਿ ਜਿਵੇਂ ਸਰੀਰ ਦੇ ਇੱਕ ਸੈੱਲ ਨੂੰ ਸਮਝਣ ਨਾਲ ਮਨੁੱਖੀ ਸਰੀਰ ਦੇ ਵਿਕਾਸ ਦਾ ਕੇਂਦਰੀ ਨੁਕਤਾ ਪਤਾ ਲੱਗਦਾ ਹੈ, ਇਸੇ ਤਰ੍ਹਾਂ ਵਸਤੂ ਦੇ ਉਤਪਾਦਨ ਦੇ ਆਧਾਰ 'ਤੇ ਪੈਦਾ ਹੋਈ ਅਰਥਵਿਵਸਥਾ ਵਿੱਚ ਵਸਤੂ ਨੂੰ ਇੱਕ ਸੈੱਲ ਵਜੋਂ ਸਮਝਣ ਨਾਲ ਵੀ ਵਿਆਪਕ ਵਸਤੂ ਉਤਪਾਦਨ ਦੇ ਇਤਿਹਾਸਕ ਯੁੱਗ ਨੂੰ ਸਮਝਣ ਦਾ ਵੀ ਰਾਹ ਮਿਲਦਾ ਹੈ ਜੋ ਉਤਪਾਦਨ ਦਾ ਪੂੰਜੀਵਾਦੀ ਤਰੀਕਾ ਹੈ। ਇਸੇ ਲਈ ਕੈਪੀਟਲ (ਭਾਗ 1) ਦਾ ਪਹਿਲਾ ਅਧਿਆਏ 'ਵਸਤੂ' ਉੱਤੇ ਆਧਾਰਿਤ ਹੈ।

ਵਸਤੂ ਵਿੱਚ ਵਰਤੋਂ ਮੁੱਲ ਤੇ ਵਟਾਂਦਰਾ ਮੁੱਲ ਦੋਵੇਂ ਮੌਜੂਦ ਹਨ। ਵਸਤੂ ਦੇ ਇਸ ਦੋਹਰੇ ਚਰਿੱਤਰ ਵਿੱਚ ਹੀ ਵਸਤੂ ਉਤਪਾਦਨ ਕਰਨ ਵਾਲੀ ਪੂੰਜੀਵਾਦੀ ਅਰਥਵਿਵਸਥਾ ਦੇ ਸੰਕਟ ਦਾ ਰਹੱਸ ਵੀ ਮੌਜੂਦ ਹੈ। ਵਸਤੂ ਦੇ ਉਤਪਾਦਨ ਲਈ ਲੋੜੀਂਦੀ ਕਿਰਤ ਸ਼ਕਤੀ ਦੇ ਵੀ ਵਰਤੋਂ ਮੁੱਲ ਤੇ ਵਟਾਂਦਰਾ ਮੁੱਲ, ਦੋਵੇਂ ਹਨ। ਕਿਰਤ ਸ਼ਕਤੀ ਦਾ ਵਟਾਂਦਰਾ ਮੁੱਲ ਉਹ ਹੁੰਦਾ ਹੈ, ਜੋ ਕਿਰਤ ਸ਼ਕਤੀ ਦੇ ਮਾਲਕ ਭਾਵ ਕਿਰਤ ਸ਼ਕਤੀ ਕਰਨ ਵਾਲੇ ਮਜ਼ਦੂਰ ਨੂੰ ਉਜਰਤ ਵਜੋਂ ਦਿੱਤਾ ਜਾਂਦਾ ਹੈ। ਬੇਸ਼ੱਕ ਕਿਰਤ ਵਿੱਚ ਆਪਣੇ ਵਟਾਂਦਰਾ ਮੁੱਲ ਨਾਲੋਂ ਵਧੇਰੇ ਵਰਤ ਹੋਣ ਦਾ ਵਿਸ਼ੇਸ਼ ਗੁਣ ਮੌਜੂਦ ਹੁੰਦਾ ਹੈ, ਜੋ ਹੈ ਉਜਰਤ। ਮਨੁੱਖੀ ਕਿਰਤ ਦੇ ਇਸ ਵਿਸ਼ੇਸ਼ ਚਰਿੱਤਰ ਕਰਕੇ ਹੀ ਵਾਧੂ ਕੀਮਤ ਪੈਦਾ ਹੁੰਦੀ ਹੈ ਅਤੇ ਇਸ ਵਾਧੂ ਕੀਮਤ ਦੀ ਪੈਦਾਵਾਰ ਹੀ ਵਸਤੂ ਉਤਪਾਦਨ ਕਰਨ ਵਾਲੀ ਪੂੰਜੀਵਾਦੀ ਅਰਥਵਿਵਸਥਾ ਦੇ ਜਨਮ ਤੇ ਮੌਤ ਨੂੰ ਨਿਰਧਾਰਤ ਕਰਦੀ ਹੈ। ਮਾਰਕਸ ਨੇ ਤਰਕ ਦਿੱਤਾ ਕਿ ਵਾਧੂ ਕੀਮਤ ਦੀ ਪੈਦਾਵਾਰ ਤੇ ਵਾਧੂ ਕੀਮਤ ਦੇ ਮੁਨਾਫ਼ੇ 'ਤੇ ਉਸਰੀ ਪੂੰਜੀਵਾਦੀ ਅਰਥਵਿਵਸਥਾ ਵਿੱਚ ਸੰਕਟ ਆਉਣੇ ਸੁਭਾਵਿਕ ਹੀ ਹਨ।

ਮਾਰਕਸ ਨੇ ਪੂੰਜੀਵਾਦੀ ਅਰਥਵਿਵਸਥਾ ਵਿੱਚ ਤਿੰਨ ਕਿਸਮ ਦੇ ਸੰਕਟਾਂ ਨੂੰ ਪਛਾਣਿਆ ਅਤੇ ਇਹ ਤਿੰਨੇ ਤਰੀਕੇ ਇੱਕ ਦੂਜੇ ਨਾਲ ਅੰਤਰ-ਸਬੰਧਿਤ ਹਨ। ਇਨ੍ਹਾਂ ਵਿੱਚੋਂ ਇੱਕ ਹੈ ਮੁਨਾਫ਼ੇ ਦੀ ਦਰ ਵਿੱਚ ਗਿਰਾਵਟ ਆਉਣ ਦਾ ਰੁਝਾਨ। ਪੂੰਜੀਪਤੀਆਂ ਵੱਲੋਂ ਮੁਕਾਬਲੇ ਦੀ ਸਥਿਤੀ ਦੇ ਦਬਾਅ ਹੇਠ ਵੱਧ ਤੋਂ ਵੱਧ ਮੁਨਾਫ਼ਾ ਦਰ ਹਾਸਲ ਕਰਨ ਦੀ ਲੋੜ ਪੂੰਜੀ ਦੇ ਮਾਲਕਾਂ ਅਤੇ ਪ੍ਰਬੰਧਕਾਂ ਨੂੰ ਤਕਨੀਕੀ ਵਿਕਾਸ ਰਾਹੀਂ ਵਾਧੂ ਕੀਮਤ ਵਿੱਚ ਤੇਜ਼ੀ ਲਿਆਉਣ ਲਈ ਪ੍ਰੇਰਦੀ ਹੈ ਜਿਸ ਨਾਲ ਮਜ਼ਦੂਰਾਂ ਦੀ ਥਾਂ ਮਸ਼ੀਨਾਂ ਲੈ ਲੈਂਦੀਆਂ ਹਨ। ਕਿਉਂਕਿ ਮੁੱਲ ਅਤੇ ਵਾਧੂ ਮੁੱਲ ਦਾ ਇਕਲੌਤਾ ਸਰੋਤ ਕਿਰਤ ਹੈ, ਇਸ ਲਈ ਮਸ਼ੀਨਾਂ ਵੱਲੋਂ ਕਿਰਤ ਦੀ ਥਾਂ ਲੈਣ ਮਗਰੋਂ ਇਸ ਦੇ ਸੁੰਗੜਨ ਨਾਲ ਮੁੱਲ ਅਤੇ ਵਾਧੂ ਮੁੱਲ ਦਾ ਉਹ ਸਰੋਤ ਵੀ ਸੁੱਕਣਾ ਸ਼ੁਰੂ ਹੋ ਜਾਂਦਾ ਹੈ। ਇਹ ਮੁਨਾਫ਼ੇ ਦੀ ਦਰ ਵਿੱਚ ਗਿਰਾਵਟ ਆਉਣ ਦੇ ਰੁਝਾਨ ਪਿਛਲੀ ਕੇਂਦਰੀ ਸ਼ਕਤੀ ਹੈ।

ਦੂਜੇ ਕਿਸਮ ਦੇ ਸੰਕਟ ਨੂੰ ਘੱਟ ਖਪਤ ਦਾ ਸੰਕਟ ਕਿਹਾ ਜਾ ਸਕਦਾ ਹੈ। ਇਹ ਸੰਕਟ ਉਦੋਂ ਆਉਂਦਾ ਹੈ, ਜਦੋਂ ਮਜ਼ਦੂਰ ਨੂੰ ਦਿੱਤੀ ਜਾਣ ਵਾਲੀ ਉਜਰਤ ਵਿੱਚ ਕਟੌਤੀ ਕਰਕੇ ਪੂੰਜੀਪਤੀ ਵਾਧੂ ਮੁੱਲ ਦੀ ਦਰ ਵਿੱਚ ਵਾਧਾ ਕਰਦੇ ਹਨ। ਮੁਨਾਫ਼ੇ ਦੇ ਸਬੰਧ ਵਿੱਚ ਕੁੱਲ ਉਜਰਤੀ ਹਿੱਸੇ ਵਿੱਚ ਆਈ ਗਿਰਾਵਟ ਵੱਡੀ ਗਿਣਤੀ ਮਜ਼ਦੂਰਾਂ ਦੀ ਖਰੀਦ ਸ਼ਕਤੀ ਨੂੰ ਇੰਨਾ ਘਟਾ ਦਿੰਦੀ ਹੈ ਕਿ ਵਸਤੂ ਬਾਜ਼ਾਰ ਵਿੱਚ ਹੀ ਪਈ ਰਹਿ ਜਾਂਦੀ ਹੈ ਜਿਸ ਨਾਲ ਮੁਨਾਫ਼ੇ ਵਿੱਚ ਗਿਰਾਵਟ ਆਉਂਦੀ ਹੈ। ਤੀਜਾ ਸੰਕਟ ਹੈ ਅਪਾਹਜਤਾ ਦਾ ਸੰਕਟ ਜੋ ਖਪਤ ਦੇ ਤਰੀਕਿਆਂ ਦੇ ਉਤਪਾਦਨ ਦੀ ਲੋੜ ਦੇ ਸਬੰਧ ਵਿੱਚ ਮਸ਼ੀਨਰੀ ਦਾ ਲੋੜ ਤੋਂ ਵੱਧ ਉਤਪਾਦਨ ਕਰਨਾ ਹੈ। ਇਹ ਸੰਕਟ ਵੀ ਮੁਨਾਫ਼ੇ ਦੀ ਦਰ ਵਿੱਚ ਗਿਰਾਵਟ ਦੇ ਰੂਪ ਵਿੱਚ ਹੀ ਉਜਾਗਰ ਹੁੰਦਾ ਹੈ।

ਸੰਕਟ ਦੀਆਂ ਇਨ੍ਹਾਂ ਤਿੰਨਾਂ ਕਿਸਮਾਂ ਵਿੱਚ ਮਸ਼ੀਨੀਕਰਣ ਇੱਕ ਸਾਂਝਾ ਲੱਛਣ ਹੈ। ਆਧੁਨਿਕ ਯੁੱਗ ਵਿੱਚ ਮਸ਼ੀਨੀਕਰਣ ਤੋਂ ਅੱਗੇ ਸਨਅਤੀ ਕਾਰਜ ਦੇ ਰੋਬੋਟੀਕਰਨ ਨੇ ਵੱਡੀ ਗਿਣਤੀ ਵਿੱਚ ਬੇਰੁਜ਼ਗਾਰੀ ਪੈਦਾ ਹੋਣ ਦਾ ਖ਼ਤਰਾ ਸਾਡੇ ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਇਹ ਮਾਰਕਸ ਵੱਲੋਂ 150 ਸਾਲ ਪਹਿਲਾਂ ਪਛਾਣੇ ਗਏ ਰੁਝਾਨ ਦੀ ਸਪਸ਼ਟ ਤਸਦੀਕ ਹੈ।

ਆਧੁਨਿਕ ਯੁੱਗ ਦੇ ਨਵੇਂ ਸੰਕਟ- ਵਿੱਤੀ ਸੰਕਟ ਤੇ ਵਾਤਾਵਰਣ ਦਾ ਸੰਕਟ ਬਾਰੇ ਮਾਰਕਸ ਵੱਲੋਂ ਕੈਪੀਟਲ (ਭਾਗ-3) ਵਿੱਚ ਸੰਕੇਤ ਕੀਤਾ ਗਿਆ ਸੀ। ਵਿਸ਼ੇਸ਼ ਤੌਰ 'ਤੇ ਪੂੰਜੀਵਾਦੀ ਅਰਥਵਿਵਸਥਾ ਦੇ ਵਿੱਤੀਕਰਨ ਅਤੇ ਸੰਸਾਰ ਪੱਧਰ 'ਤੇ ਵਾਤਾਵਰਨ ਵਿੱਚ ਆ ਰਹੀਆਂ ਤਬਦੀਲੀਆਂ ਦੇ ਰੂਪ ਵਿੱਚ ਮਨੁੱਖ ਸਾਹਮਣੇ ਪੈਦਾ ਹੋ ਰਹੇ ਵਾਤਾਵਰਨਿਕ ਸੰਕਟ ਨਾਲ ਇਸ ਦੇ ਸਬੰਧ ਬਾਰੇ ਹਾਲੇ ਬਹੁਤ ਕੰਮ ਕੀਤੇ ਜਾਣ ਦੀ ਲੋੜ ਹੈ। ਪੂੰਜੀਵਾਦ ਦੇ ਸੰਕਟਾਂ ਦੇ ਹੱਲ ਲਈ ਮਾਰਕਸ ਵੱਲੋਂ ਸੁਝਾਏ ਗਏ ਸਮਾਜਵਾਦ ਦੇ ਰਾਹ ਨੂੰ ਮੌਜੂਦਾ ਵਾਤਾਵਰਨ ਸਬੰਧੀ ਸੰਕਟ ਦੀ ਚੁਣੌਤੀ ਨੂੰ ਹੱਲ ਕਰਨ ਲਈ ਵਾਤਾਵਰਨਿਕ ਸਮਾਜਵਾਦ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ।

×ਲੇਖਕ ਆਕਸਫੋਰਡ ਬਰੁੱਕਸ ਯੂਨੀਵਰਸਿਟੀ, ਯੂਕੇ ਵਿੱਚ ਅਰਥਸ਼ਾਸਤਰ ਦਾ ਪ੍ਰੋਫੈਸਰ ਹੈ।









# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦਾ ਸਲਾਨਾ ਸਮਾਗਮ



**ਕੈਲਗਰੀ/ਸੁਖਵੀਰ ਗਰੇਵਾਲ**

ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੇ ਪਹਿਲਾ ਸਲਾਨਾ ਸਮਾਗਮ ਦੌਰਾਨ ਕੈਲਗਰੀ ਦੀਆਂ ਮਹਿਲਾਵਾਂ ਨੂੰ ਸਨਮਾਨਿਤ ਕੀਤਾ ਗਿਆ। ਸੰਸਥਾ ਵਲੋਂ ਇਹ ਸਮਾਗਮ ਆਪਣੇ ਦੋ ਸਾਲ ਪੂਰੇ ਹੋਣ ਤੇ ਇੰਡੀਅਨ ਐਕਸ-ਸਰਵਿਸਮੈਨ ਇਮੀਗਰਾਂਟ ਐਸੋਸੀਏਸ਼ਨ ਦੇ ਹਾਲ ਵਿੱਚ ਕਰਵਾਇਆ ਗਿਆ।

ਗੁਰਮੀਤ ਮੱਲ੍ਹੀ ਦੇ ਹਾਜ਼ਰੀਨ ਨੂੰ ਜੀ ਆਇਆਂ ਕਹਿਣ ਉਪਰੰਤ ਸਭਾ ਦੀ ਕੋ-ਆਰਡੀਨੇਟਰ ਗੁਰਚਰਨ ਥਿੰਦ ਨੇ ਸਭਾ ਦੇ ਉਦੇਸ਼ਾਂ ਦਾ ਵਰਨਣ ਕੀਤਾ। ਪ੍ਰਧਾਨ ਬਲਵਿੰਦਰ ਬਰਾੜ ਨੇ ਸਭਾ ਦੀ ਦੋ ਸਾਲਾਂ ਦੀ ਕਾਰਗੁਜ਼ਾਰੀ ਦੀ ਰਿਪੋਰਟ ਸਾਂਝੀ ਕੀਤੀ ਅਤੇ ਸਭਾ ਦੇ ਉਦੇਸ਼ਾਂ ਦੀ ਪੂਰਤੀ ਹਿੱਤ ਸਭਾ ਦੀਆਂ ਮੈਂਬਰਾਂ ਵਲੋਂ ਪਾਏ ਗਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਦੋ ਸਾਲਾਂ ਦੌਰਾਨ ਸਭਾ ਦੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਮੈਂਬਰਾਂ, ਗੁਰਮੀਤ ਮੱਲੀ, ਗੁਰਤੇਜ ਸਿੱਧੂ, ਅਮਰਜੀਤ ਸੱਗੂ, ਬਲਜੀਤ ਜਠੌਲ, ਸਰਬਜੀਤ ਉੱਪਲ, ਸੀਮਾ ਚੱਠਾ, ਬਲਜਿੰਦਰ ਗਿੱਲ, ਗੁਰਦੀਸ਼ ਗਰੇਵਾਲ ਅਤੇ ਜੋਗਿੰਦਰ ਪੁਰਬਾ ਨੂੰ ਸਭਾ ਵਲੋਂ ਪ੍ਰਸ਼ੰਸਾ ਪੱਤਰ ਦਿੱਤੇ ਗਏ। ਸਮਾਗਮ ਦੇ ਮੁੱਖ ਮਹਿਮਾਨ ਅਲਬਰਟਾ ਦੇ ਮੰਤਰੀ ਇਰਫਾਨ ਸਬੀਰ ਨੇ ਇਹ ਚਿੰਨ੍ਹ ਭੇਟ ਕੀਤੇ। ਉਹਨਾਂ ਨੇ ਆਪਣੇ ਸੰਬੋਧਨ ਵਿੱਚ ਸਭਾ ਦੁਆਰਾ ਕੀਤੇ ਜਾ ਰਹੇ ਸਮਾਜਿਕ ਕਾਰਜਾਂ ਦੀ ਸ਼ਲਾਘਾ ਕੀਤੀ। ਸਭਾ ਵਲੋਂ ਕੈਲਗਰੀ ਦੀ ਕਵਿਤਰੀ ਸੁਰਿੰਦਰ ਗੀਤ ਨੂੰ ਸਾਹਿਤਕ ਖੇਤਰ ਵਿੱਚ ਅਤੇ ਗੁਰਦੀਪ ਪਰਹਾਰ (ਸਿੱਖ ਵਿਰਸਾ) ਨੂੰ ਔਰਤ ਮੀਡੀਆਂ ਸਖ਼ਸ਼ੀਅਤ ਵਜੋਂ ਮੀਡੀਆ ਦੇ ਖੇਤਰ ਵਿੱਚ ਉਹਨਾਂ ਦੇ ਵਿਲੱਖਣ ਯੋਗਦਾਨ ਲਈ ਸਨਮਾਨ ਪੱਤਰ ਭੇਟ ਕੀਤੇ ਗਏ।

ਘਰਾਂ ਵਿੱਚ ਬਜ਼ੁਰਗਾਂ ਨਾਲ ਹੁੰਦੇ ਦੁਰਵਿਵਹਾਰ ਨੂੰ ਦਰਸਾਉਂਦੀ ਸਕਿੱਟ 'ਬਜ਼ੁਰਗਾਂ ਦਾ ਸਤਿਕਾਰ ਕਰੋ' ਸਭ ਤੋਂ ਵੱਧ ਖਿੱਚ ਦਾ ਕੇਂਦਰ ਬਣੀ। ਸਕਿੱਟ ਵਿੱਚ ਗੁਰਤੇਜ, ਸੁਰਜੀਤ ਢਿਲੋਂ, ਅਮਰਜੀਤ, ਸਰਬਜੀਤ ਉੱਪਲ ਅਤੇ ਗੁਰਵੀਨ ਦੀ ਕਾਰਗੁਜ਼ਾਰੀ ਭਰਪੂਰ ਤਾੜੀਆਂ ਦਾ ਹਾਸਲ ਬਣੀ। ਗੁਰਮੀਤ ਮੱਲ੍ਹੀ ਅਤੇ ਸੁਰਜੀਤ ਢਿਲੋਂ ਦੀਆਂ ਸਾਥਣਾਂ ਵਲੋਂ ਪੇਸ਼ ਕੀਤੇ ਪੰਜਾਬੀ ਗੀਤਾਂ ਨੇ ਖੂਬ ਰੰਗ ਬੰਨ੍ਹਿਆ। ਰਣਜੀਤ ਲੰਮੇ, ਸੁਰਿੰਦਰ ਗੀਤ, ਗੁਰਦੀਸ਼ ਗਰੇਵਾਲ, ਹਰਚਰਨ ਬਾਸੀ ਤੇ ਕਮਲਾ ਸ਼ਰਮਾ ਨੇ ਕਵਿਤਾਵਾਂ ਸਾਂਝੀਆਂ ਕੀਤੀਆਂ। ਅੰਤ ਵਿੱਚ ਬਲਵਿੰਦਰ ਬਰਾੜ ਨੇ ਹਾਜ਼ਰ ਲੋਕਾਂ ਦਾ ਉਹਨਾਂ ਦੀ ਸ਼ਮੂਲੀਅਤ ਅਤੇ ਸਭਾ ਦੇ ਕਾਰਜਾਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਧੰਨਵਾਦ ਕੀਤਾ।

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ 'ਰਾਜਨੀਤਕ ਪਾਰਟੀਆਂ ਅਤੇ ਲੋਕ ਮਸਲੇ' ਵਿਸ਼ੇ 'ਤੇ ਚਿੰਤਕ ਅਮਰਪ੍ਰੀਤ ਸਿੰਘ ਦਾ ਲੈਕਚਰ ਅਤੇ ਵਿਚਾਰ-ਚਰਚਾ





ਕੈਲਗਰੀ (ਮਾ. ਭਜਨ)

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਜੈਨਸਸ ਸੈਂਟਰ ਵਿਚ ਮਾਸਿਕ ਮੀਟਿੰਗ ਦੌਰਾਨ ਕੈਲਗਰੀ ਦੇ ਉਘੇ ਚਿੰਤਕ, ਜੋ ਸੰਸਾਰ ਪੱਧਰੀ ਰਾਜਨੀਤੀ ਤੇ ਡੂੰਘੀ ਪਕੜ ਰੱਖਦੇ ਹਨ, ਦਾ ਲੈਕਚਰ ਕਰਵਾਇਆ ਗਿਆ। ਮੁੱਖ ਵਕਤਾ ਅਮਰਪ੍ਰੀਤ ਸਿੰਘ ਨੇ ਕਿਹਾ ਕਿ ਕੈਨੇਡਾ ਦੀਆਂ ਤਿੰਨ ਮੁੱਖ ਪਾਰਟੀਆਂ ਕੰਨਜ਼ਰਵੇਟਿਵ, ਲਿਬਰਲ ਅਤੇ ਐਨ. ਡੀ. ਪੀ. ਸੱਜੇ ਪੱਖੀ ਕੈਂਪ ਵਿਚ ਹੀ ਆਉਂਦੀਆਂ ਹਨ ਪ੍ਰੰਤੂ ਕੰਨਜਰਵੇਟਿਵ ਅਤੇ ਸੱਜੇ ਪੱਖੀ ਪਾਰਟੀ ਹੈ। ਕੈਨੇਡਾ ਦੇ ਹਿਸਾਬ ਨਾਲ ਐਨ. ਡੀ. ਪੀ. ਨੂੰ ਹੀ ਖੱਬੇ ਪੱਖੀ ਮੰਨ ਲਿਆ ਜਾਂਦਾ ਹੈ ਕਿਉਂਕਿ ਮੁਕਾਬਲਤਨ ਇਹ ਹੇਠਲੇ ਵਰਗਾਂ ਵੱਲ ਡੱਕਾ ਸਿੱਟਦੀ ਹੈ ਜਿਸ ਤਰ੍ਹਾਂ ਮਿਨੀਮਮ ਵੇਜ਼ 15 ਡਾਲਰ ਕਰਨ ਆਦਿ ਕਰਕੇ। ਉਨ੍ਹਾਂ ਕਿਹਾ ਕਿ ਸੱਜੇ ਪੱਖ ਦਾ ਇਤਿਹਾਸ ਦੱਸਦਾ ਹੈ ਕਿ ਰਾਜੇ ਵੱਲ ਖੜ੍ਹਨ ਕਰਕੇ ਹੀ ਇਸ ਨੂੰ ਸੱਜੇ ਪੱਖੀ ਪਾਰਟੀਆਂ ਕਿਹਾ ਜਾਂਦਾ ਹੈ ਜੋ ਪਾਰਟੀਆਂ ਲੋਕਾਂ ਵੱਲ ਖੜ੍ਹੀਆਂ, ਯਾਨੀਕਿ ਲੋਕਾਂ ਦੇ ਹੱਕਾਂ, ਅਧਿਕਾਰਾਂ ਅਤੇ ਮਸਲਿਆਂ ਦੀ ਗੱਲ ਕਰਦੀਆਂ ਹਨ ਉਨ੍ਹਾਂ ਨੂੰ ਖੱਬੇ ਪੱਖੀ ਕਿਹਾ ਜਾਂਦਾ ਸੀ। ਕੈਨੇਡਾ ਵਿਚ ਇਹ ਸਾਰੀਆਂ ਪਾਰਟੀਆਂ ਸਰਮਾਏਦਾਰੀ ਸਿਸਟਮ ਅਤੇ ਵੱਡੀਆਂ ਕਾਰਪੋਰੇਸ਼ਨਾਂ ਦੇ ਹੱਕ 'ਚ ਹੀ ਭੁਗਤਦੀਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਸੁਚੇਤ ਰੂਪ 'ਚ ਨਿੱਜਵਾਦ ਤੋਂ ਉਪਰ ਹੋ ਕੇ ਪਾਰਟੀ ਦੀਆਂ ਨੀਤੀਆਂ ਅਤੇ ਪ੍ਰੋਗਰਾਮ ਦੇਖ ਕੇ ਹੀ ਫੈਸਲੇ ਲੈਣੇ ਚਾਹੀਦੇ ਹਨ। ਉਪਰੰਤ ਡੈਨ ਸਿੰਘ ਸਿੱਧੂ, ਤਰਨਜੀਤ ਔਜਲਾ, ਜਗਦੇਵ ਸਿੰਘ ਸਿੱਧੂ, ਸਿਮਰਨ ਬੈਂਸ, ਹਰਨੇਕ ਬੱਧਨੀ, ਸੰਗਰਾਮ ਸਿੰਘ ਸੰਧੂ, ਗੁਰਚਰਨ ਕੌਰ ਥਿੰਦ ਅਤੇ ਕਮਲਪ੍ਰੀਤ ਕੌਰ ਪੰਧੇਰ ਦੇ ਸਵਾਲਾਂ ਦੇ ਜਵਾਬ ਅਮਰਪ੍ਰੀਤ ਵਲੋਂ ਦਿੱਤੇ ਗਏ। ਸਟੇਜ ਸੰਚਾਲਨ ਚਲਾ ਰਹੇ ਮਾ. ਭਜਨ ਵਲੋਂ 2 ਦਸੰਬਰ ਪ੍ਰਦੂਸ਼ਣ ਰੋਕੂ ਦਿਵਸ, 3 ਨੂੰ ਵਾਪਰੇ ਭੂਪਾਲ ਗੈਸ ਕਾਂਡ, 10 ਨੂੰ ਮਨੁੱਖੀ ਅਧਿਕਾਰ ਦਿਵਸ, ਸ਼ਹੀਦ ਊਧਮ ਸਿੰਘ ਅਤੇ ਮਾਓ ਜੇ. ਤੁੰਗ ਜੇ ਜਨਮ ਆਦਿ ਦਿਨਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਰੀਰਕ ਤੌਰ 'ਤੇ ਅਪਾਹਜ਼ ਪ੍ਰੋ. ਸਾਈਂ ਬਾਬਾ ਦੀ ਬਿਨਾਂ ਸ਼ਰਤ ਰਿਹਾਈ ਲਈ ਮਤਾ ਰੱਖਿਆ ਗਿਆ। ਸਭ ਨੇ ਹੱਥ ਖੜ੍ਹੇ ਕਰਕੇ ਮਤਾ ਪਾਸ ਕੀਤਾ। ਹਰਚਰਨ ਪਰਹਾਰ ਵਲੋਂ ਲੈਕਚਰ ਦੀ ਲਾਈਵ ਬੀ. ਡੀ. ਓ. ਰਿਕਾਰਡਿੰਗ ਅਤੇ ਫੋਟੋਗ੍ਰਾਫੀ ਲਈ ਧੰਨਵਾਦ ਕੀਤਾ ਗਿਆ। ਅਗਲੀ ਮੀਟਿੰਗ 7 ਜਨਵਰੀ 2018 ਦੇ ਪਹਿਲੇ ਐਤਵਾਰ ਹੋਵੇਗੀ। ਸਮੇਂ ਅਤੇ ਸਥਾਨ ਲਈ ਜਾਣਕਾਰੀ ਵਾਸਤੇ ਮਾ. ਭਜਨ ਨੂੰ ਫੋਨ 403-455-4220 'ਤੇ ਸੰਪਰਕ ਕਰੋ।















## ਸਰਗਰਮੀਆਂ



ਸਾਹਿੱਤ ਸਭਾ ਸਰੀ (ਬ੍ਰਿਟਿਸ਼ ਕੋਲੰਬੀਆ) ਦੀ ਮਾਸਿਕ ਇੱਕਤਰਤਾ ਪੰਜਾਬ ਭਵਨ ਸਰੀ ਵਿੱਚ ਹੋਈ ਜਿਸ ਵਿੱਚ ਲੰਡਨ ਤੋਂ ਆਏ ਸ਼ਾਇਰ ਸਾਥੀ ਲੁਧਿਆਣਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਮਾਗਮ ਵਿੱਚ ਯਸ਼ ਸਾਥੀ, ਇੰਦਰਜੀਤ ਕੌਰ ਬਰਾੜ, ਸਾਹਿਤ ਸਭਾ ਸਿਆਟਲ ਦੇ ਪ੍ਰਧਾਨ ਮਨਜੀਤ ਗਿੱਲ, ਗੀਤਕਾਰ ਹਰਜਿੰਦਰ ਚੀਮਾ ਅਤੇ ਇੰਦਰਜੀਤ ਧਾਮੀ ਵੀ ਸ਼ਾਮਲ ਹੋਏ।



ਅਰਪਨ ਲਿਖਾਰੀ ਸਭਾ ਕੈਲਗਰੀ ਦੀ ਦਸੰਬਰ ਮਹੀਨੇ ਦੀ ਮਾਸਿਕ ਮੀਟਿੰਗ ਕੋਸੋ ਹਾਲ ਵਿੱਚ ਹੋਈ ਇਹ ਸ਼ਾਇਰਾਨਾ ਮਾਹੌਲ ਸਿਰਜਨ ਵਿੱਚ ਕਾਮਯਾਬ ਰਹੀ। ਡਾ. ਮਨਜੀਤ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਕੈਲਗਰੀ ਦੇ ਕਵੀਆਂ ਨੇ ਰਚਨਾਵਾਂ ਪੇਸ਼ ਕੀਤੀਆਂ।



ਪੰਜਾਬੀ ਲਿਖਾਰੀ ਸਭਾ, ਕੈਲਗਰੀ ਦੀ ਦਸੰਬਰ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿੱਚ ਹੋਈ ਜਿਸ ਵਿੱਚ ਕਵੀਆਂ ਦੀਆਂ ਪੇਸ਼ਕਾਰੀਆਂ ਤੋਂ ਇਲਾਵਾ ਹੋਰ ਬੁਲਾਰਿਆਂ ਨੇ ਵਿਚਾਰ ਰੱਖੇ।
















# ਆਰਥਿਕ ਨਾਬਰਾਬਰੀ ਬਣੀ ਆਲਮੀ ਸਥਿਰਤਾ ਲਈ ਖਤਰਾ



ਕੇਸਰ ਸਿੰਘ ਭੰਗੂ (ਪ੍ਰੋ.)
98154- 27127

ਹੁਣੇ ਜਿਹੇ ਜਾਰੀ ਹੋਈ 'ਵਿਸ਼ਵ ਨਾਬਰਾਬਰੀ ਰਿਪੋਰਟ-2018' ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਕਾਰਨ ਪ੍ਰਾਈਵੇਟ ਖੇਤਰ ਦੀ ਸੰਪਤੀ ਤੇਜ਼ੀ ਨਾਲ ਵਧ ਰਹੀ ਹੈ। ਆਮਦਨ ਦਾ ਇਹ ਵੱਡਾ ਪਾੜਾ ਜਿਥੇ ਮੱਧ ਵਰਗ ਨੂੰ ਸੀਮਤ ਕਰੇਗਾ ਉਥੇ ਗਰੀਬਾਂ ਦੀ ਗਿਣਤੀ ਵਧਾਏਗਾ। ਪ੍ਰਾਪਤ ਅੰਕੜੇ ਦੱਸਦੇ ਹਨ ਕਿ ਅਮੀਰ-ਗਰੀਬ ਪਾੜਾ ਤੇਜ਼ੀ ਨਾਲ ਵਧਾ ਰਿਹਾ ਹੈ। ਇਹ 'ਵਰਲਡ ਇਨਇਕੁਇਲਟੀ ਰਿਪੋਰਟ-2018' ਵਿਸ਼ਵ ਦੇ ਉਚਕੋਟੀ ਦੇ ਮਾਹਿਰਾਂ ਫਾਕੂੰਡੋ ਅਲਵਾਰੇਡੋ, ਲੁਕਾਸ ਚੈਂਸਲ, ਥੌਮਸ ਪਿਕੇਟੀ, ਇਮੈਨੂਅਲ ਸਾਏਜ਼ ਤੇ ਗੈਬਰੀਅਲ ਜ਼ੁਕਮਨ ਨੇ ਤਿਆਰ ਕੀਤੀ ਹੈ। ਇਸ ਰਿਪੋਰਟ ਵਿਚ 1970 ਤੋਂ 2016 ਤਕ, ਮੁੱਖ ਤੌਰ 'ਤੇ ਰਾਸ਼ਟਰੀ ਆਮਦਨ ਦੀ ਅਸਾਂਵੀ ਵੰਡ ਕਾਰਨ ਆਮਦਨ ਪਾੜਾ ਵਧਣ ਅਤੇ ਇਸੇ ਕਾਰਨ ਪੂੰਜੀ ਤੇ ਸੰਪਤੀ ਵਿਚ ਨਾਬਰਾਬਰੀ ਵਧਣ ਦਾ ਅਧਿਐਨ ਕੀਤਾ ਗਿਆ ਹੈ। ਇਸ ਰਿਪੋਰਟ ਨੂੰ ਤਿਆਰ ਕਰਨ ਦੇ ਮੰਤਵ ਕਈ ਹਨ ਜਿਵੇਂ ਪਹਿਲਾ, ਆਲਮੀ ਪੱਧਰ 'ਤੇ ਚਲ ਰਹੀ ਆਰਥਿਕ ਅਸਮਾਨਤਾਵਾਂ ਦੀ ਬਹਿਸ ਲਈ ਪਾਏਦਾਰ ਤੇ ਤਾਜ਼ਾ ਜਾਣਕਾਰੀ ਮੁਹੱਈਆ ਕਰਵਾਉਣਾ; ਦੂਜਾ, ਵਧ ਰਹੀਆਂ ਆਰਥਿਕ ਅਸਮਾਨਤਾਵਾਂ ਕਾਰਨ ਰਾਜਨੀਤਕ, ਆਰਥਿਕ ਤੇ ਸਮਾਜਿਕ ਉਥਲ-ਪੁਥਲ ਦੇ ਖ਼ਤਰਿਆ ਨੂੰ ਉਜਾਗਰ ਕਰਕੇ ਇਸ ਪ੍ਰਤੀ ਸੁਚੇਤ ਕਰਨਾ ਅਤੇ ਤੀਜਾ, ਆਮ ਲੋਕਾਂ ਸਾਹਮਣੇ ਆਮਦਨ, ਧਨ-ਦੌਲਤ ਤੇ ਸੰਪਤੀ ਦੀ ਵੰਡ ਦੀ ਨਿਰਪੱਖ ਤਸਵੀਰ ਪੇਸ਼ ਕਰਨਾ ਤਾਂ ਕਿ ਉਹ ਅਸਲੀਅਤ ਨੂੰ ਜਾਣ ਸਕਣ ਅਤੇ ਭਵਿੱਖ ਸੰਬੰਧੀ ਆਪਣੇ ਫੈਸਲੇ ਸਹੀ ਢੰਗ ਨਾਲ ਲੈ ਸਕਣ।

ਇਹ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਸੰਸਾਰ ਦੇ ਸਾਰੇ ਖੇਤਰਾਂ ਵਿਚ ਆਮਦਨ ਤੇ ਸੰਪਤੀ ਅਸਮਾਨਤਾਵਾਂ ਵਿਚ ਵਾਧਾ ਹੋਇਆ ਹੈ, ਭਾਵੇਂ ਪਾੜਾ ਵਧਣ ਦੀ ਰਫ਼ਤਾਰ, ਵੱਖ-ਵੱਖ ਦੇਸ਼ਾਂ ਵਿਚ ਵੱਖੋ-ਵੱਖਰੀ ਹੈ। 1980 ਵਿਚ ਸੰਸਾਰ ਦੀ ਕੁਲ ਆਮਦਨ ਦਾ 16 ਪ੍ਰਤੀਸ਼ਤ ਕੇਵਲ ਉਪਰਲੇ ਇਕ ਪ੍ਰਤੀਸ਼ਤ ਅਮੀਰਾਂ ਦੇ ਹਿੱਸੇ ਆਉਂਦਾ ਸੀ। ਹੇਠਲੇ 50 ਪ੍ਰਤੀਸ਼ਤ ਲੋਕਾਂ ਦੇ ਹਿੱਸੇ ਕੇਵਲ 10 ਪ੍ਰਤੀਸ਼ਤ ਆਮਦਨ ਆਉਂਦੀ ਸੀ। ਇਹ ਪਾੜਾ 2016 ਤਕ ਹੋਰ ਵਧ ਗਿਆ ਜਿਸ ਅਨੁਸਾਰ ਸੰਸਾਰ ਦੀ ਕੁਲ ਆਮਦਨ ਦਾ 22 ਪ੍ਰਤੀਸ਼ਤ ਕੇਵਲ ਇਕ ਪ੍ਰਤੀਸ਼ਤ ਅਮੀਰਾਂ ਕੋਲ ਜਮ੍ਹਾਂ ਹੋ ਗਿਆ ਅਤੇ ਹੇਠਲੇ 50 ਪ੍ਰਤੀਸ਼ਤ ਲੋਕਾਂ ਦੇ ਹਿੱਸੇ ਦੀ ਆਮਦਨ ਹੋਰ ਵੀ ਘਟ ਗਈ। ਇਸ ਸੰਬੰਧੀ 2016 ਦੇ ਰਾਸ਼ਟਰੀ ਆਮਦਨ ਦੇ ਅੰਕੜੇ ਸਪਸ਼ਟ ਕਰਦੇ ਹਨ ਕਿ ਯੂਰਪ ਵਿਚ ਉਪਰਲੇ 10 ਪ੍ਰਤੀਸ਼ਤ ਲੋਕਾਂ ਕੋਲ ਰਾਸ਼ਟਰੀ ਆਮਦਨ ਦਾ 37 ਪ੍ਰਤੀਸ਼ਤ, ਚੀਨ ਵਿਚ 41 ਪ੍ਰਤੀਸ਼ਤ, ਰੂਸ ਵਿਚ 46 ਪ੍ਰਤੀਸ਼ਤ, ਅਮਰੀਕਾ ਅਤੇ ਕੈਨੇਡਾ ਵਿਚ 47 ਪ੍ਰਤੀਸ਼ਤ ਅਤੇ ਸਬ-ਸਹਾਰਾ ਅਫਰੀਕਨ ਦੇਸ਼ਾਂ, ਬਰਾਜ਼ੀਲ ਤੇ ਭਾਰਤ ਵਿਚ 55 ਪ੍ਰਤੀਸ਼ਤ ਹਿੱਸਾ ਸੀ। ਮੱਧ ਪੂਰਬ ਦੇ ਦੇਸ਼ਾਂ ਵਿਚ ਸਭ ਤੋਂ ਵੱਧ 61 ਪ੍ਰਤੀਸ਼ਤ ਰਾਸ਼ਟਰੀ ਆਮਦਨ ਉਪਰਲੇ 10 ਪ੍ਰਤੀਸ਼ਤ ਲੋਕਾਂ ਦੇ ਹਿੱਸੇ ਆਉਂਦੀ ਸੀ। ਜੇ 1980 ਦੇ ਰਾਸ਼ਟਰੀ ਆਮਦਨ ਦੇ ਅੰਕੜਿਆ ਵੱਲ ਨਿਗਾਹ ਮਾਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਦੁਨੀਆ ਭਰ ਵਿਚ ਆਮਦਨ ਅਸਮਾਨਤਾਵਾਂ ਕਾਫੀ ਵਧ ਗਈਆਂ ਕਿਉਂਕਿ ਯੂਰਪ ਵਿਚ ਉਪਰਲੇ 10 ਪ੍ਰਤੀਸ਼ਤ ਲੋਕਾਂ ਦਾ ਰਾਸ਼ਟਰੀ ਆਮਦਨ ਵਿਚ ਹਿੱਸਾ 33 ਪ੍ਰਤੀਸ਼ਤ, ਚੀਨ ਵਿਚ 28 ਪ੍ਰਤੀਸ਼ਤ, ਰੂਸ ਵਿਚ 21 ਪ੍ਰਤੀਸ਼ਤ, ਅਮਰੀਕਾ ਅਤੇ ਕੈਨੇਡਾ ਵਿਚ 34 ਪ੍ਰਤੀਸ਼ਤ ਅਤੇ ਭਾਰਤ ਵਿਚ 31 ਪ੍ਰਤੀਸ਼ਤ ਸੀ। ਇਸ ਤੋਂ ਸਪੱਸ਼ਟ ਹੈ ਕਿ 1980 ਤੋਂ ਬਾਅਦ ਅਮਰੀਕਾ, ਕੈਨੇਡਾ, ਚੀਨ, ਰੂਸ ਅਤੇ ਭਾਰਤ ਵਿਚ ਆਮਦਨ ਪਾੜਾ ਬਹੁਤ ਤੇਜ਼ੀ ਨਾਲ ਵਧਿਆ।



ਇਹ ਅਧਿਐਨ ਸਾਫ਼ ਕਰਦਾ ਹੈ ਕਿ ਸਬ-ਸਹਾਰਾ ਅਫਰੀਕਨ ਦੇਸ਼ਾਂ, ਬਰਾਜ਼ੀਲ ਅਤੇ ਮੱਧ ਪੂਰਬ ਦੇਸ਼ਾਂ, ਜਿਨ੍ਹਾਂ ਵਿਚ ਪਹਿਲਾਂ ਹੀ ਉਚ ਪੱਧਰੀ ਆਮਦਨ ਅਸਮਾਨਤਾਵਾਂ ਸਨ, ਵਿਚ 1980 ਤੋਂ ਬਾਅਦ ਇਨ੍ਹਾਂ ਵਿਚ ਬਹੁਤਾ ਫਰਕ ਨਹੀਂ ਪਿਆ। ਇਸੇ ਸਮੇਂ ਦੌਰਾਨ ਅਮਰੀਕਾ ਅਤੇ ਕੈਨੇਡਾ ਵਿਚ ਆਮਦਨ ਅਸਮਾਨਤਾਵਾਂ ਤੇਜ਼ੀ ਨਾਲ ਵਧਣ ਦੇ ਕਾਰਨਾਂ ਵਿਚ, ਇਨ੍ਹਾਂ ਦੇਸ਼ਾਂ ਦਾ ਕਰ ਢਾਂਚਾ ਅਮੀਰ ਪੱਖੀ ਹੋਣਾ, ਮਾੜਾ ਪ੍ਰਸ਼ਾਸ਼ਨ, ਬਹੁਤ ਨਿਗੂਣੀਆ ਮਜ਼ਦੂਰੀ ਦਰਾਂ, ਬੇਹੱਦ ਬੇਰੁਜ਼ਗਾਰੀ ਅਤੇ ਵਿਦਿਆ ਵਿਚ ਵੱਡੀਆਂ ਅਸਮਾਨਤਾਵਾਂ ਹੋਣਾ ਹੈ। ਰੂਸ, ਚੀਨ ਅਤੇ ਭਾਰਤ ਵਿਚ 1980 ਤੋਂ ਬਾਅਦ ਆਮਦਨ ਅਸਮਾਨਤਾਵਾਂ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਦੇ ਮੁੱਖ ਕਾਰਨ ਇਨ੍ਹਾਂ ਦੇਸ਼ਾਂ ਵਲੋਂ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਅਮਲ ਵਿਚ ਲਿਆਉਣਾ ਹੈ ਕਿਉਂਕਿ ਇਸ ਤੋਂ ਪਹਿਲਾ ਰੂਸ ਅਤੇ ਚੀਨ ਵਿਚ ਖੱਬੇ-ਪੱਖੀ ਪਾਰਟੀਆਂ ਦੇ ਸ਼ਾਸਨ ਅਧੀਨ ਪਬਲਿਕ ਸੈਕਟਰ ਵਲੋਂ ਹੀ ਆਰਥਿਕ ਪ੍ਰੀਕਿਰਿਆ ਕੀਤੀ ਜਾਂਦੀ ਸੀ। ਭਾਰਤ ਵਿਚ ਨੀਤੀਆਂ ਉਤੇ ਸਰਕਾਰ ਦਾ ਸਖ਼ਤ ਕੰਟਰੋਲ ਸੀ। ਇਥੇ ਇਹ ਸਾਫ ਹੋ ਜਾਂਦਾ ਹੈ ਕਿ ਸੰਸਾਰ ਵਿਚ ਆਮਦਨ ਵਿਚ ਅਸਮਾਨਤਾਵਾਂ ਵਧਣ ਦੇ ਦੋ ਮੁੱਖ ਕਾਰਨ ਹਨ। ਪਹਿਲਾ, ਦੇਸ਼ ਦੀਆਂ ਆਰਥਿਕ ਅਤੇ ਰਾਜਨੀਤਕ ਸੰਸਥਾਵਾਂ ਅਤੇ ਰਾਜਸੀ ਸਥਿਤੀ ਰਾਸ਼ਟਰੀ ਆਮਦਨ ਦੀ ਵੰਡ ਨੂੰ ਪ੍ਰਭਾਵਿਤ ਕਰਦੀਆਂ ਹਨ। ਦੂਜਾ, ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਅਮਲ ਵਿਚ ਆਉਣ ਤੋਂ ਬਾਅਦ, ਦੁਨੀਆ ਭਰ ਦੇ ਦੇਸ਼ਾਂ ਦੀ ਕੁਲ ਸੰਪਤੀ ਵਿਚੋਂ ਨਿੱਜੀ ਸੰਪਤੀ ਦਾ ਹਿੱਸਾ ਅਥਾਹ ਵਧਿਆ ਹੈ ਜਦੋਂ ਕਿ ਇਸ ਦੇ ਉਲਟ ਪਬਲਿਕ ਸੰਪਤੀ ਦੇ ਹਿੱਸੇ ਵਿਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। 1980 ਤੋਂ ਬਾਅਦ ਕੁਲ ਸੰਪਤੀ ਵਿਚ ਪਬਲਿਕ ਸੰਪਤੀ ਦਾ ਹਿੱਸਾ ਘਟਣ ਅਤੇ ਨਿੱਜੀ ਸੰਪਤੀ ਦਾ ਹਿੱਸਾ ਵਧਣ ਕਾਰਨ ਸਰਕਾਰਾਂ ਲਈ ਆਮਦਨ ਪਾੜਾ ਘਟਾਉਣਾ ਜਾਂ ਰੋਕਣਾ ਮੁਸ਼ਕਲ ਹੀ ਨਹੀਂ ਬਲਕਿ ਨਾ-ਮੁਮਕਿਨ ਹੋ ਗਿਆ ਹੈ।

ਪਿਛਲੇ ਕਈ ਦਹਾਕਿਆਂ ਦੇ ਅੰਕੜੇ ਦੱਸਦੇ ਹਨ ਕਿ ਦੁਨੀਆ ਵਿਚ ਦੇਸ਼ ਤਾਂ ਅਮੀਰ ਹੋਏ ਪ੍ਰੰਤੂ ਸਰਕਾਰਾਂ ਗਰੀਬ ਹੋਈਆਂ ਹਨ। ਚੀਨ, ਰੂਸ ਤੇ ਭਾਰਤ ਵਿਚ ਪਬਲਿਕ ਸੰਪਤੀ, ਕੁਲ ਸੰਪਤੀ ਦਾ 60 ਤੋਂ 70 ਪ੍ਰਤੀਸ਼ਤ ਹੁੰਦੀ ਸੀ ਜੋ ਹੁਣ ਘਟ ਕੇ 20 ਤੋਂ 30 ਪ੍ਰਤੀਸ਼ਤ ਰਹਿ ਗਈ ਹੈ ਜਦੋਂ ਕਿ ਇਸੇ ਸਮੇਂ ਦੌਰਾਨ ਵੱਖ ਵੱਖ ਦੇਸ਼ਾਂ ਵਿਚ ਨਿੱਜੀ ਸੰਪਤੀ 200 ਤੋਂ 700 ਪ੍ਰਤੀਸ਼ਤ ਤਕ ਵਧੀ ਹੈ। ਇਸੇ ਸਮੇਂ ਦੌਰਾਨ ਬਹੁਤੇ ਅਮੀਰ ਤੇ ਗਰੀਬ ਦੇਸ਼ਾਂ ਵਿਚ ਇਸੇ ਕਿਸਮ ਦਾ ਵਰਤਾਰਾ ਲੋਕਾਂ ਦੀ ਨਿੱਜੀ ਸੰਪਤੀ ਦੇ ਮਾਮਲੇ ਵਿਚ ਵੀ ਸਾਹਮਣੇ ਆਇਆ ਹੈ। 1980 ਵਿਚ ਪੂਰੇ ਸੰਸਾਰ ਅੰਦਰ ਉਪਰਲੇ ਇਕ ਪ੍ਰਤੀਸ਼ਤ ਅਮੀਰ ਲੋਕਾਂ ਦੀ ਨਿੱਜੀ ਸੰਪਤੀ, ਕੁਲ ਨਿੱਜੀ ਸੰਪਤੀ ਵਿਚ 10 ਤੋਂ 20 ਪ੍ਰਤੀਸ਼ਤ ਤੱਕ ਸੀ ਪਰ ਅੱਜ ਇਹ ਵਧ ਕੇ 30 ਤੋਂ 45 ਪ੍ਰਤੀਸ਼ਤ ਹੋ ਗਈ ਹੈ। ਇਕ ਹੋਰ ਰਿਪੋਰਟ ਅਨੁਸਾਰ 2008 ਵਿਚ ਸੰਸਾਰ ਅੰਦਰ ਉਪਰਲੇ ਇਕ ਪ੍ਰਤੀਸ਼ਤ ਅਮੀਰ ਲੋਕਾਂ ਦੀ ਨਿੱਜੀ ਸੰਪਤੀ, ਜੋ ਕੁਲ ਨਿੱਜੀ ਸੰਪਤੀ ਦੀ 36 ਪ੍ਰਤੀਸ਼ਤ ਸੀ, 2014 ਵਿਚ ਵਧ ਕੇ 44 ਪ੍ਰਤੀਸ਼ਤ ਅਤੇ 2016 ਵਿਚ 50 ਪ੍ਰਤੀਸ਼ਤ ਤੋਂ ਉਤੇ ਹੋ ਗਈ ਹੈ। ਇਸ ਦਾ ਭਾਵ ਹੈ ਕਿ ਇਸ ਵੇਲੇ ਦੁਨੀਆਂ ਦੇ 99 ਪ੍ਰਤੀਸ਼ਤ ਲੋਕਾਂ ਦੇ ਹਿੱਸੇ ਨਿੱਜੀ ਸੰਪਤੀ ਦਾ 50 ਪ੍ਰਤੀਸ਼ਤ ਤੋਂ ਵੀ ਘੱਟ ਹਿੱਸਾ ਆਉਂਦਾ ਹੈ।

ਵਿਸ਼ਵ ਨਾਬਰਾਬਰੀ ਰਿਪੋਰਟ ਅਨੁਸਾਰ 2050 ਤਕ ਆਮਦਨ ਅਤੇ ਲੋਕਾਂ ਦੀ ਨਿੱਜੀ ਸੰਪਤੀ ਦੇ ਪਾੜੇ ਹੋਰ ਵਧਣ ਦੇ ਖ਼ਦਸ਼ੇ ਹਨ। ਇਕ ਅੰਦਾਜ਼ੇ ਅਨੁਸਾਰ, ਜੇ ਪ੍ਰਸਥਿਤੀਆ ਹੁਣ ਵਾਲੀਆਂ ਹੀ ਰਹਿੰਦੀਆਂ ਹਨ ਤਾਂ ਪੂਰੀ ਦੁਨੀਆਂ ਵਿਚ ਮਧਵਰਗੀ ਵਰਗ ਸੁੰਗੜੇਗਾ ਭਾਵ ਮਧਵਰਗ ਦੀ ਸੰਪਤੀ 'ਤੇ ਸਭ ਤੋਂ ਵਧ ਪ੍ਰਭਾਵ ਪਵੇਗਾ ਕਿਉਂਕਿ 2050 ਤੱਕ ਸੰਸਾਰ ਦੇ ਉਪਰਲੇ ਇਕ ਪ੍ਰਤੀਸ਼ਤ ਅਮੀਰਾਂ ਦਾ ਵਿਸ਼ਵ ਦੀ ਸੰਪਤੀ ਵਿਚ ਹਿੱਸਾ ਵਧ ਕੇ 39 ਪ੍ਰਤੀਸ਼ਤ ਹੋ ਜਾਵੇਗਾ। ਇਹ ਵੀ ਪੇਸ਼ਨਗੋਈ ਕੀਤੀ ਗਈ ਹੈ ਕਿ 2050 ਤੱਕ ਉਪਰਲੇ 0.1 ਪ੍ਰਤੀਸ਼ਤ ਅਮੀਰਾਂ ਕੋਲ ਵਿਸ਼ਵ ਦੀ 26 ਪ੍ਰਤੀਸ਼ਤ ਸੰਪਤੀ ਹੋਵੇਗੀ ਅਤੇ ਮਧਵਰਗ ਦੇ ਹਿੱਸੇ ਕੇਵਲ 27 ਪ੍ਰਤੀਸ਼ਤ ਸੰਪਤੀ ਹੀ ਆਵੇਗੀ। ਰਿਪੋਰਟ ਵਿਚ ਰਾਸ਼ਟਰੀ ਆਮਦਨ ਦੀ ਅਸਾਂਵੀ ਅਤੇ ਕਾਣੀ ਵੰਡ ਅਤੇ ਲੋਕਾਂ ਦੀ ਨਿੱਜੀ ਸੰਪਤੀ ਦੇ ਪਾੜੇ ਦੇ ਲਗਾਤਾਰ ਵਧਣ ਕਾਰਨ ਵਿਸ਼ਵ ਦੀ ਗਰੀਬੀ ਨੂੰ ਘੱਟ ਕਰਨ ਦੀਆਂ ਨੀਤੀਆਂ ਬੇਅਸਰ ਹੋਣ ਦੇ ਖ਼ਦਸ਼ੇ ਪ੍ਰਗਟ ਕੀਤੇ ਗਏ ਹਨ।

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਵੱਡੇ ਪੱਧਰ 'ਤੇ ਪਾਈਆਂ ਜਾ ਰਹੀਆਂ ਆਰਥਿਕ ਅਸਮਾਨਤਾਵਾਂ ਰਾਜਨੀਤਕ, ਆਰਥਿਕ ਅਤੇ ਸਮਾਜਿਕ ਚਿੰਤਾ ਦਾ ਵਿਸ਼ਾ ਹਨ ਕਿਉਂਕਿ ਆਮਦਨ ਅਤੇ ਨਿੱਜੀ ਸੰਪਤੀ ਦੀ ਅਸਾਂਵੀ ਅਤੇ ਕਾਣੀ ਵੰਡ ਕਿਸੇ ਸਮੇਂ ਵੀ ਦੇਸ਼ਾਂ ਵਿਚ ਰਾਜਨੀਤਕ, ਆਰਥਿਕ ਅਤੇ ਸਮਾਜਿਕ ਉਥਲ-ਪੁਥਲ ਭਾਵ ਚੋਰੀ-ਚਕਾਰੀ, ਲੁੱਟ-ਖੋਹ, ਦੰਗੇ-ਫਸਾਦ ਅਤੇ ਖਾਨਾਜੰਗੀ ਦਾ ਕਾਰਨ ਬਣ ਸਕਦੀ ਹੈ। ਇਸ ਲਈ ਇਹ ਰਿਪੋਰਟ ਰਾਸ਼ਟਰੀ ਆਮਦਨ ਦੀ ਅਸਾਵੀਂ ਅਤੇ ਕਾਣੀ ਵੰਡ ਅਤੇ ਲੋਕਾਂ ਦੀ ਨਿੱਜੀ ਸੰਪਤੀ ਦੇ ਪਾੜੇ ਘਟਾਉਣ ਦੀ ਵਕਾਲਤ ਕਰਦੀ ਹੈ। ਇਹ ਰਿਪੋਰਟ ਕਰ ਨੀਤੀਆਂ ਵਿਚ ਲੋੜੀਂਦੀਆਂ ਤਬਦੀਲੀਆ ਕਰਨ ਦੀ ਸਲਾਹ ਦਿੰਦੀ ਹੈ। ਕਰ ਨੀਤੀਆਂ ਨੂੰ ਪ੍ਰਗਤੀਵਾਦੀ ਦਿਸ਼ਾ ਦੇ ਕੇ ਆਮਦਨ ਅਤੇ ਨਿੱਜੀ ਸੰਪਤੀ ਦੇ ਪਾੜੇ ਨੂੰ ਘੱਟ ਕੀਤਾ ਜਾ ਸਕਦਾ ਹੈ। ਇਹ ਰਿਪੋਰਟ ਵਿਦਿਆ ਤੇ ਕਾਰਪੋਰੇਟ ਨੀਤੀਆਂ ਵਿਚ ਤਬਦੀਲੀ ਅਤੇ ਪ੍ਰਸ਼ਾਸ਼ਨ ਅਤੇ ਮਜ਼ਦੂਰੀ ਦਰਾਂ ਵਿਚ ਸੁਧਾਰ ਦੀ ਸਲਾਹ ਦਿੰਦੀ ਹੈ। ਰਿਪੋਰਟ ਇਸ ਗੱਲ ਉਤੇ ਜ਼ੋਰ ਦਿੰਦੀ ਹੈ ਕਿ ਵਿਦਿਆ ਸਾਰਿਆਂ ਤਕ ਪਹੁੰਚਣੀ ਚਾਹੀਦੀ ਹੈ। ਇਸ ਲਈ ਵਿਦਿਆ ਵਿਚ ਸਰਕਾਰੀ ਨਿਵੇਸ਼ ਨੂੰ ਕਾਫੀ ਵਧਾਉਣ ਦੀ ਸਲਾਹ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸਿਹਤ ਸਹੂਲਤਾਂ ਅਤੇ ਚੌਗਿਰਦੇ ਦੀ ਸਾਂਭ-ਸੰਭਾਲ ਦੇ ਖੇਤਰ ਵਿਚ ਵੀ ਸਰਕਾਰੀ ਨਿਵੇਸ਼ ਨੂੰ ਵਧਾਉਣ ਦੀ ਵਕਾਲਤ ਕੀਤੀ ਗਈ ਹੈ। ਇਸ ਲਈ ਸਮੇਂ ਦੀ ਮੰਗ ਹੈ ਕਿ ਆਰਥਿਕ ਸ਼ਕਤੀ ਦੇ ਕੁਝ ਹੱਥਾਂ ਤਕ ਸੀਮਤ ਹੋਣ ਨੂੰ ਰੋਕਣਾ, ਗਰੀਬਾਂ ਦੀ ਆਮਦਨ ਵਧਾਉਣਾ ਸੰਸਾਰ ਅੰਦਰ ਰਾਜਨੀਤਕ, ਆਰਥਿਕ ਤੇ ਸਮਾਜਿਕ ਸਥਿਰਤਾ ਲਈ ਬਹੁਤ ਜ਼ਰੂਰੀ ਹੈ।

**ਲੇਖਕ ਅਰਥ ਵਿਗਿਆਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ,**
**ਪਟਿਆਲਾ ਵਿੱਚ ਪ੍ਰੋਫੈਸਰ ਹੈ।**

ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ
ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ
ਯੰਗਸਿਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਕੈਲਗਰੀ

Avon Accounting & Tax Services
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
Video: Video film with single, double & multiple camera system (Broadcast Quality)
Photography: Digital Photography (Coloured, black and white) digital enhancement
Music: DJ, Lighting, screen Projector live sound etc.
835-2762
or
29 DREAM
(37326)
Special Packages Available For All Occasions

Commitment to Excellent Services
Punjab Insurance Inc
Punjab Insurance Inc
Your Insurance Advisor
Super Visa Insurance
Disability Insurance | Life Insurance | Critical Illness Insurance |
Mortgage Insurance Segregated Funds | RRSP & TFSA | RESP |
Email : dharbans@hotmail.com www.numberoneinsurance.ca
Harbans Singh
416-817-7142

# ਉਖਲੀ

ਗੁਰਮੇਲ ਸਿੰਘ ਬੌਡੇ



ਡੋਲੀ ਤੁਰਨ ਦਾ ਸਮਾਂ ਹੋ ਚੁੱਕਾ ਸੀ। ਬਰਾਤੀਆਂ ਦੇ ਰੱਥ ਅਜੇ ਖੜ੍ਹੇ ਸਨ। ਕਹਾਰਾਂ ਨੇ ਅਜੇ ਡੋਲੀ ਨਹੀ ਸੀ ਚੁੱਕੀ। ਜਾਂਞੀਆਂ ਵਿੱਚ ਵੀ ਘੁਸਰ ਮੁਸਰ ਚੱਲ ਰਹੀ ਸੀ। ਅੱਜ ਅਰੂੜ ਸਿੰਘ ਦੀ ਧੀ ਦਾ ਵਿਆਹ ਸੀ। ਉਹ ਕਾਫੀ ਸਮੇਂ ਤੋਂ ਅੱਖਾਂ ਤੋਂ ਮੁਨਾਖਾ ਹੋ ਚੁੱਕਾ ਸੀ। ਵਿਆਹ ਦੀ ਸਾਰੀ ਜ਼ੁੰਮੇਵਾਰੀ ਜਾਗਰ ਸਿੰਘ ਦੇ ਸਿਰ ਤੇ ਸੀ ਜੋ ਅਰੂੜ ਸਿੰਘ ਦਾ ਵੱਡਾ ਪੁੱਤਰ ਸੀ। ਪਰ ਡੋਲੀ ਤੁਰ ਕਿਉਂ ਨਹੀਂ ਰਹੀ ਕਿਸੇ ਨੂੰ ਕੁਝ ਪਤਾ ਨਹੀ ਸੀ ਚੱਲ ਰਿਹਾ। ਪਿੰਡ ਦੀ ਪਰ੍ਹੇ (ਸੱਥ) ਵਿੱਚ ਇਸ ਗੱਲ ਦੀ ਚਵਾ ਚਵੀ ਚੱਲ ਰਹੀ ਸੀ। ਹੁਣ ਦੇਰ ਤੋਂ ਉਡੀਕ ਕਰੇ ਬਰਾਤੀਆਂ ਦੀਆਂ ਪੱਗਾ ਦੇ ਟੌਰੇ (ਤੁਰਲੇ) ਮੀਂਹ 'ਚ ਭਿੱਜੇ ਕੁੱਕੜ ਦੇ ਪੂੰਜੇ ਵਾਂਗ ਢਿਲਕੇ ਹੋਏ ਲੱਗ ਰਹੇ ਸਨ। ਕਈ ਦਿਨ ਉਹਨਾਂ ਦੇ ਨੀਵੇਂ ਤੇ ਧਾਰੀਦਾਰ ਭੌਥੇ (ਚਾਦਰੇ) ਕਈ ਦਿਨ ਪਿੰਡ ਦੀਆਂ ਗਲੀਆਂ ਵਿੱਚ ਖੜ ਖੜ ਕਰਦੇ ਬੀਹੀਆਂ ਸੁੰਭਰਦੇ ਰਹੇ ਸਨ।

"ਯਾਰ ਜੰਞ ਤੁਰ ਕਿਉਂ ਨਹੀ ਰਹੀ? ਕਿਹੜੇ ਵਾਲੇ ਦੇ ਜਾਂਞੀ ਰੱਥ ਅਤੇ ਘੋੜੇ ਘੋੜਿਆਂ ਲਈ ਇੱਕ ਦੂਜੇ ਦੇ ਮੂੰਹ ਵੱਲ ਦੇਖੀ ਜਾ ਰਹੇ ਹਨ"। ਸੱਜਣ ਸਿੰਘ ਨੇ ਕਿਹਾ ਜਿਸ ਕੋਲ ਅਰੂੜ ਸਿੰਘ ਦੀ ਜ਼ਮੀਨ ਗਹਿਣੇ ਪਈ ਹੋਈ ਸੀ।

"ਯਾਰ ਦਿਨ ਢਲ ਰਿਹਾ ਹੈ। ਜੰਞ ਨੇ ਜਗਰਾਵਾਂ ਤੋਂ ਅਗਾਂਹ ਜਾਣਾ ਹੈ। ਇਹ ਕਦੋਂ ਪਹੁੰਚਣਗੇ? ਨੰਬਰਦਾਰ ਕੇਹਰ ਸਿੰਘ ਨੇ ਕਿਹਾ।

"ਭਾਈ ਉੱਤੋਂ ਸਮਾਂ ਮਾੜਾ ਹੈ ਲਾਹੌਰ ਵੱਲ ਤੇ ਹੋਰ ਸ਼ਹਿਰਾਂ ਵਿੱਚ ਹਿੰਦੂ ਮੁਸਲਮਾਨਾਂ ਦੇ ਹੱਲੇ ਗੁੱਲ੍ਹੇ ਤੇ ਮਾਰ ਧਾੜ ਦੀਆਂ ਖਬਰਾਂ ਸੁਣਨ ਨੂੰ ਮਿਲ ਰਹੀਆਂ ਹਨ। ਰਾਹ ਵਿੱਚ ਕਾਨਿਆਂ, ਸਰਕੜਿਆਂ ਦੇ ਝੁੰਡ ਹਨ। ਕੋਈ ਹਭੀ ਨਭੀ ਹੋ ਸਕਦੀ ਹੈ। ਇਹ ਕਹਾਰਾਂ ਨੂੰ ਕਹਿ ਕੇ ਡੋਲੀ ਪਿੰਡ ਦੀ ਜੂਹ ਟਪਾ ਦੇਣ ਜਦੋਂ ਗੁਰੂ ਮਹਾਰਾਜ ਦੀ ਹਜੂਰੀ 'ਚ ਅਨੰਦ ਕਾਰਜ ਹੀ ਹੋ ਗਏ ਤਾਂ ਹੁਣ ਦੇਰੀ ਕਿਹੜੀ ਗੱਲ ਦੀ" ਉੱਤਮ ਸਿੰਘ ਨੇ ਕਿਹਾ।

"ਉੱਤਮ ਸਿੰਹਾਂ ਹੱਲ੍ਹੇ ਗੁੱਲ੍ਹੇ ਦੀਆਂ ਖਬਰਾਂ ਸਾਨੂੰ ਵੀ ਕੰਬਣੀ ਛੇੜਦੀਆਂ ਹਨ। ਤੁਹਾਡੀਆਂ ਸਾਡੀਆਂ ਧੀਆਂ ਸਭ ਦੀਆਂ ਸਾਂਝੀਆਂ ਹਨ ਜੇ ਇਹ ਤੱਤੀ ਵਾ ਵਗ ਪਈ ਤਾਂ ਸਾਡੀ ਹੱਥ ਬੰਨ ਕੇ ਬੇਨਤੀ ਹੈ ਕਿ ਅਸੀਂ ਤੁਹਾਡੇ ਤਾਬਿਆਦਾਰ ਹਾਂ ਦੇਖਿਓ ਕਿਤੇ ਸਾਡੇ ਹੱਡ ਨਾ ਰੁਲਣ ਦੇਣਾ", ਦੀਨੇ ਖਾਂ ਤੇਲੀ ਨੇ ਕਿਹਾ।

"ਦੀਨਿਆਂ ਤੂੰ ਸਾਡੇ ਹੁੰਦੇ ਕਾਹਨੂੰ ਡਰਦੈਂ ਤੁਹਾਡੇ ਵੱਲ ਕੋਈ ਉਗਲ ਨਹੀਂ ਕਰ ਸਕਦਾ। ਇਹ ਸਾਡੇ ਤੁਹਾਡੇ ਵੱਡ ਵਡੇਰਿਆਂ ਦੀ ਜੰਮਣ ਭੌਇ ਹੈ ਤੁਸੀਂ ਏਥੇ ਹੀ ਰਹੋਗੇ"। ਪਿੰਡ ਦੇ ਸਰਪੰਚ ਨੇ ਕਿਹਾ ਇਏਨੇ ਨੂੰ ਇੱਕ ਘੋੜ ਸਵਾਰ ਪਰ੍ਹੇ (ਸੱਥ) ਕੋਲੋਂ ਉਹਨਾਂ ਦੇ ਅੱਗੋਂ ਦੀ ਲੰਘਿਆ। ਜਿਸਦੇ ਮੱਥੇ ਤੇ ਫਿਕਰਾਂ ਦੀਆਂ ਲਕੀਰਾਂ ਸਨ। ਉਹ ਘੋੜੇ ਤੋਂ ਉਤਰ ਕੇ ਅਰੂੜ ਸਿੰਘ ਦੇ ਘਰ ਗਿਆ। ਕੁਝ ਸਮੇਂ ਬਾਅਦ ਕਹਾਰਾਂ ਨੇ ਡੋਲੀ ਚੁੱਕੀ। ਬਾਰ ਅੱਗੇ ਖੜੇ ਰੱਥ ਸਰਕੇ ਤੇ ਜੰਞ ਤੁਰੀ। ਉਹਨਾਂ ਨੇ ਪਿੰਡ ਵਾਲਿਆਂ ਦਾ ਜਿੰਨਾਂ ਨੇ ਤਿੰਨ ਦਿਨ ਉਹਨਾਂ ਦੇ ਘੋੜੇ ਘੋੜੀਆਂ ਦੀ ਤੇ ਉਹਨਾਂ ਦੀ ਸੇਵਾ ਸੰਭਾਲ ਕੀਤੀ ਉਸਦੇ ਸ਼ੁਕਰਾਨੇ ਵਜੋਂ ਹੱਥ ਜੋੜੇ। ਪਰ੍ਹੇ ਵਿੱਚ ਬੈਠੇ ਲੋਕਾਂ ਨੇ ਖੜੇ ਹੋ ਕੇ ਹੱਥ ਜੋੜੇ ਕਿ ਉਹਨਾਂ ਨੇ ਤਾਂ ਧੀ ਧਿਆਣੀ ਪ੍ਰਤੀ ਆਪਣਾ ਫਰਜ਼ ਨਿਭਾਇਆ ਹੈ।

ਦੂਸਰੇ ਤੀਸਰੇ ਦਿਨ ਡੋਲੀ ਨਾਲ ਗਏ ਲਾਗੀ ਤੇ ਨੈਣ ਨੇ ਦੱਸਿਆ ਕਿ ਜੰਞ ਤੇ ਡੋਲੀ ਸਹੀ ਸਲਾਮਤ ਆਪਣੇ ਘਰ ਪਹੁੰਚ ਗਈ ਸੀ। ਪਰ ਪਹੁੰਚਦਿਆਂ ਕਰਦਿਆਂ ਨੂੰ ਹਨੇਰਾ ਹੋ ਚੁੱਕਾ ਸੀ। ਪਰ ਰੱਬ ਦੇ ਦੀਵੇ (ਚੰਦ) ਦੀ ਰੋਸ਼ਨੀ ਕਾਰਨ ਕੋਈ ਤਕਲੀਫ ਨਹੀਂ ਆਈ। ਪਤਾ ਨਹੀਂ ਕੀ ਗੱਲ ਵਿਆਹ ਤੋਂ ਬਾਅਦ ਅਰੂੜ ਸਿੰਘ ਦੀ ਧੀ ਸੌਹਰਿਆਂ ਤੋਂ ਕਦੇ ਪੇਕੇ ਨਹੀ ਸੀ ਆਈ। ਧੀਆਂ ਤਾਂ ਮਾਪਿਆਂ ਦਾ ਮੁੜਕਾ ਵੀ ਨਹੀਂ ਸਹਾਰਦੀਆਂ ਪਰ ਉਹ ਤਾਂ ਆਪਣੇ ਅੰਨੇ ਬਾਪ ਅਰੂੜ ਸਿੰਘ ਦੀ ਮੌਤ ਤੇ ਵੀ ਨਹੀਂ ਆਈ ਸੀ। ਕੋਈ ਨਾ ਕੋਈ ਗੱਲ ਜਰੂਰ ਸੀ ਜਿਸਦੀ ਅਜੇ ਤੱਕ ਭਾਫ ਨਹੀ ਨਿਕਲੀ ਸੀ ।ਨਹੀ ਤਾਂ ਐਨਾ ਗੁੱਸਾ ਵੀ ਕੀ ਆ"। ਵਰ੍ਹੇ ਬੀਤ ਦੇ ਗਏ। ਪਿੰਡ ਦੀ ਪਰ੍ਹੇ (ਸੱਥ) ਵਿੱਚ ਉਰਦੂ ਦਾ ਅਖਬਾਰ ਪੜਨ ਵਾਲਾ ਦੌਲਤ ਰਾਮ ਜੋ ਅਜੇ ਤੱਕ ਛੜਾ ਸੀ ਪਰ ਪੰਜਵੀ ਤੱਕ ਦੀ ਪੜਾਈ ਉਸ ਕੋਲ ਸੀ। ਉਹ ਅਖਬਾਰ ਚੋਂ ਦਸਦਾ ਕਿ ਦੂਸਰੇ ਸੰਸਾਰ ਯੁੱਧ ਵਿੱਚ ਅੰਗਰੇਜਾਂ ਦੇ ਜੇਤੂ ਹੋਣ ਕਾਰਨ ਉਹਨਾਂ ਦੀ ਪਕੜ ਮਜਬੂਤ ਹੋ ਗਈ ਸੀ ਅਤੇ 1947 ਦੀ ਆਜਾਦੀ ਸਮੇਂ 10 ਲੱਖ ਲੋਕ ਮਾਰੇ ਗਏ ਕਰੋੜਾ ਉਜੜ ਗਏ ਤੇ ਹਿੰਦੂਆਂ ਦੀ ਵੀ ਕੋਈ ਸਮਝ ਨਹੀਂ ਆਉਂਦੀ। ਗਾਂਧੀ ਆਪਣੇ ਆਪ ਨੂੰ ਹਿੰਦੂ ਅਖਵਾਉਂਦਾ ਸੀ। ਪਰ ਉਸਨੂੰ ਹਿੰਦੂ ਗੌਡਸੇ ਨੇ ਹੀ ਪਾਰ ਬੁਲਾ ਦਿੱਤਾ। ਪਰ ਪਿੰਡ ਚੋਂ ਅਜ਼ਾਦ ਹਿੰਦ ਫੌਜ 'ਚ ਗਏ ਬਖਤੌਰੇ ਹੋਰੀਂ ਜਿੰਨਾਂ ਨੂੰ ਪਿੰਡ ਵਿੱਚ "ਜੈ ਹਿੰਦ" ਦੀ ਅੱਲ ਪੈ ਚੁੱਕੀ ਸੀ ਉਹ ਦੱਸਦੇ ਸਨ ਕਿ ਅਮਰੀਕਾ ਨੇ ਜਪਾਨ ਤੇ ਐਟਮ ਬੰਬ ਸੁੱਟਕੇ ਨੇਸਤੋ ਨਾਬੂਦ ਕਰ ਦਿੱਤਾ ਸੀ। ਉਹਨਾਂ ਦਾ ਆਗੂ ਸੁਭਾਸ਼ ਚੰਦਰ ਬੋਸ ਵੀ ਜ਼ਹਾਜ ਹਾਦਸੇ ਵਿੱਚ ਮਾਰਿਆ ਗਿਆ ਸੀ। ਜੇ ਉਹ ਜਿਊਂਦੇ ਰਹਿੰਦੇ ਤਾਂ ਬੋਸ ਨੇ ਜਪਾਨੀਆਂ ਦੀ ਮਦਦ ਨਾਲ ਅੰਗਰੇਜ ਹਲਕੇ ਕੁੱਤਿਆਂ ਵਾਂਗ ਮਾਰ ਕੇ ਕੱਢ ਦੇਣੇ ਸਨ। ਫੇਰ ਗਾਂਧੀ ਨੂੰ ਕੀਹਨੇ ਪੁੱਛਣਾ ਸੀ। ਉਹ ਅੰਗਰੇਜਾਂ ਦਾ ਮਿੱਤਰ ਸੀ ਜਿਵੇਂ ਭਗਤ ਸਿੰਘ ਹੋਰਾਂ ਨੂੰ ਗਾਂਧੀ ਦੇ ਕਹਿਣ ਤੇ ਫਾਂਸੀ ਲਗਾਇਆ ਸੀ ਹੋ ਸਕਦੈ ਅੰਗਰੇਜਾਂ ਨੇ ਉਹਨਾਂ ਦੇ ਨੇਤਾ ਸੁਭਾਸ਼ ਚੰਦਰ ਦਾ ਜ਼ਹਾਜ ਡੇਗ ਕੇ ਗਾਂਧੀ ਦੀ ਚੜ੍ਹਤ ਲਈ ਰਾਹ ਪੱਧਰਾ ਕਰ ਦਿੱਤਾ ਸੀ। ਬਖਤੌਰ ਸਿੰਘ ਅਕਸਰ ਇਹ ਤੌਖਲਾ ਜਾਹਰ ਕਰਦਾ ਕਿ ਗਾਂਧੀ ਤਾਂ ਅੰਗਰੇਜਾਂ ਦੀ ਪਟਾਰੀ ਦਾ ਡੱਡਾਂ ਖਾਣਾ ਸਪੋਲੀਆ ਹੈ। ਉਹ ਮਰਨ ਵਰਤ ਰੱਖਕੇ ਵਾਪਸ ਲੈਂਦਾ ਰਿਹਾ ਸੀ। ਉਸਨੇ ਭਾਰਤ ਛੱਡੋ ਅੰਦੋਲਨ ਵੀ ਚਲਾ ਕੇ ਦੇਖ ਲਿਆ ਸੀ। ਫਿਰ ਕਰੋ ਜਾਂ ਮਰੋ ਦੀ ਬੜਕ ਵੀ ਬਾਹਮਣਾ ਦੇ ਢੱਠੇ ਵਾਂਗ ਮਾਰੀ ਸੀ ।ਓਧਰ ਇੰਗਲੈਂਡ ਵਿੱਚ ਲੇਬਰ ਪਾਰਟੀ ਦੀ ਹਕੂਮਤ ਆ ਗਈ ਸੀ। ਜਿਸਦਾ ਨੇਤਾ ਏਟਲੀ ਸੀ ਜੋ ਭਾਰਤ ਨੂੰ ਅਜ਼ਾਦੀ ਦੇਣ ਦੇ ਪੱਖ 'ਚ ਸੀ। ਪਹਿਲਾਂ ਇੰਗਲੈਂਡ ਤੋਂ ਕ੍ਰਿਪਸ ਮਿਸ਼ਨ ਆਇਆ ਜਿਸਨੇ ਵੱਖ ਵੱਖ ਨੇਤਾਵਾਂ ਨਾਲ ਗੱਲ ਕੀਤੀ। ਮੁਸਲਮ ਲੀਗ ਵਾਲੇ ਵੱਖਰਾ ਮੁਲਕ, ਨਹਿਰੂ ਹੋਰੀ, ਹਿੰਦੋਸਤਾਨ ਦੀ ਤੇ ਸਿੱਖ ਵੀ ਵੱਖਰੇ ਰਾਜ ਦੀ ਮੰਗ ਕਰਕੇ ਦੋਹਾਂ ਧਿਰਾਂ ਵਿੱਚ ਤੋਰੀ ਵਾਂਗ ਲਮਕ ਰਹੇ ਸਨ। ਇਤਿਹਾਸਕ ਪਿਛੋਕੜ ਨੂੰ ਮੁੱਖ ਰੱਖਕੇ ਸਿੱਖ ਨਹਿਰੂ ਦੇ ਜਾਲ 'ਚ ਫਸੇ ਹੋਏ ਗੰਗੂ ਤੇ ਸੁੱਚਾ ਨੰਦ ਨੂੰ ਭੁੱਲ ਚੁੱਕੇ ਸਨ। ਹੁਣ ਹਿੰਦੂ ਮੁਸਲਮਾਨਾਂ ਦੇ ਨਹੁੰ ਮਾਸ ਦੇ ਰਿਸ਼ਤੇ ਨੂੰ ਨੋਚਣ ਲਈ ਮਜਹਬੀ (ਧਰਮ ਅਧਾਰਤ ਫਿਰਕੂ ਹਵਾ) ਵਗਾ ਦਿੱਤੀ ਸੀ। ਜਿਨ੍ਹਾਂ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਮੰਨਕੇ ਮੁਸਲਮਾਨਾਂ ਦੇ ਥੱਲੇ ਲੱਗਣਾ ਨਹਿਰੂ ਤੋਂ ਪ੍ਰਭਾਵਿਤ ਹਿੰਦੂ ਫਿਰਕੇ ਨੂੰ ਮਨਜ਼ੂਰ ਨਹੀ ਸੀ। ਵੱਡੇ ਵੱਡੇ ਸ਼ਹਿਰਾਂ ਵਿੱਚ ਹਿੰਦੂ-ਮੁਸਲਮਾਨਾਂ ਦੇ ਦੰਗੇ ਸੁਰੂ ਹੋ ਚੁੱਕੇ ਸਨ। ਜਿਸਦੀ ਵਾ ਪਿੰਡਾਂ ਵੱਲ੍ਹ ਵਧਣ ਵਾਲੀ ਸੀ। ਇਹ ਲੋਕ ਹੋਲੀ, ਈਦ, ਦੀਵਾਲੀ, ਵਿਸਾਖੀ ਤੇ ਗੁੱਗਾ ਪੀਰ ਦਾ ਮੇਲਾ ਤੇ ਪਿੰਡ ਦੀ ਗਮੀ ਸ਼ਾਦੀ ਵਿੱਚ ਭਰਾਵਾਂ ਵਾਂਗ ਵਰਤਦੇ ਸਨ ਏਹੀ ਭਾਈਚਾਰਾ ਸਾਂਦਲਬਾਰ ਵੱਲ ਬਾਰਾਂ ਵਿੱਚ ਮਿਹਨਤ ਕਰਕੇ ਬਣਾਈਆਂ ਜ਼ਮੀਨਾਂ ਵਾਲਿਆਂ ਵਿੱਚ ਸਿੱਖ ਵੀ ਸਨ। ਜਦੋਂ ਦੰਗਿਆਂ ਬਾਰੇ ਗੱਲ੍ਹਾਂ ਚੱਲਦੀਆਂ ਤਾਂ ਸੱਥ ਵਿੱਚ ਆਜ਼ਾਦ ਹਿੰਦ ਫੌਜ ਵਾਲਾ ਚੰਦ ਸਿੰਘ ਅਕਸਰ ਕਹਿੰਦਾ "ਯਾਰ ਇਹਨਾਂ ਲੀਡਰਾਂ ਦਾ ਵੀ ਕੋਈ ਦੀਨ ਇਮਾਨ ਨਹੀਂ ਜਿਨਹਾ ਆਪਣਾ ਤਾਂ ਮੁਸਲਮਾਨ ਹੈ ਪਰ ਵਿਆਹ ਪਾਰਸੀ ਤੀਵੀਂ ਨਾਲ ਕਰਵਾਈ ਫਿਰਦਾ ਹੈ। ਦੂਸਰੇ ਪਾਸੇ ਨਹਿਰੂ ਦੀ ਧੀ ਨੇ ਵੀ ਪਾਰਸੀ ਮੁੰਡਾ ਹੀ ਲੱਭਿਆ ਤੀਜਾ ਕੀ ਦੱਸਾ ਯਾਰ ਨਹਿਰੂ ਤੇ ਜਿਨਾਹ ਦੀ ਦੁੱਧ ਪੱਥਰੀ (ਲੇਡੀ ਮਾਊਂਟ ਮੈਂਟਨ) ਡਬਲ ਰੋਟੀ ਵਾਂਗ ਸਾਝੀ ਹੈ ।ਤੁਸੀ ਕੀ ਜਾਣੋਂ ਡੱਡਾਂ ਕਿਹੜੇ ਵੇਲੇ ਪਾਣੀ ਪੀਦੀਆਂ ਹਨ"।

"ਫੇਰ ਤਾਂ ਪਾਰਸੀਆਂ ਦੀ ਪੂਰੀ ਚੜ੍ਹਤ ਐ" ਕਈ ਬੰਦੇ ਡੱਡਾਂ ਦੀ ਟਰੈਂ ਟਰੈਂ ਵਾਂਗ ਇੱਕਠੇ ਬੋਲੇ ਹੋਰ ਸੁਣੋਂ ਚੰਦ ਸਿੰਘ ਅੱਗੇ ਬੋਲਿਆ ਇੱਕ ਪਾਸੇ ਅਮਰੀਕਾ ਨੇ ਜਾਪਾਨ ਦੀ ਤਬਾਹੀ ਵਾਲੇ ਆਹੂ ਲਾਹ ਦਿੱਤੇ। ਦੂਜੇ ਪਾਸੇ ਹੁਣ ਯੂ.ਐਨ.ਓ (ਦੁਨੀਆਂ ਦੀ ਅਮਨ ਦੀ ਪੰਚਾਇਤ) ਬਣਾ ਕੇ ਸੰਸਾਰ ਅਮਨ ਦਾ ਠੇਕਾ ਲੈ ਰਿਹਾ ਹੈ ਤੇ ਨਹਿਰੂ ਆਪਣੀ ਭੈਣ ਵਿਜੈ ਲਛਮੀ ਪੰਡਿਤ ਨੂੰ ਇਹਦੀ ਮੈਂਬਰ ਬਣਾ ਰਿਹਾ ਹੈ÷ ÷ਫੇਰ ਤਾਂ ਉਹ ਗੱਲ੍ਹ ਹੋ ਗਈ ਕਿ ਨਹਿਰੂ ਭੈਣ ਵਜਾਵੇ ਬਈ ਹੁਣ ਅਮਰੀਕਨ ਵਾਜਾ ਜੀਤ ਅਮਲੀ ਦੇ ਬਾਘੀ ਪਾ ਕੇ ਇੰਝ ਕਹਿਣ ਤੇ ਸਭ ਨੇ ਤਾੜੀਆਂ ਮਾਰ ਕੇ ਹਾਸੜ ਚੁੱਕ ਦਿੱਤੀ।

"ਕਾਕਾ ਮਨ ਦੀ ਮੈਲ ਨਹੀਂ ਜਾਂਦੀ ਜਦ ਜਿਨਾਹ ਦੀ ਧੀ ਨੇ ਪਾਰਸੀ ਮੁੰਡੇ ਨਾਲ ਵਿਆਹ ਕਰਵਾ ਲਿਆ ਤਾਂ ਜਿਨਾਹ ਨੇ ਉਸ ਨਾਲੋਂ ਪਿਓ ਧੀ ਦਾ ਰਿਸ਼ਤਾ ਤੋੜ ਲਿਆ ਸੀ ਤੇ ਉਸਦੀ ਸਕੀ ਧੀ ਉਸਦੇ ਜ਼ਨਾਜੇ ਵਿੱਚ ਸ਼ਾਮਿਲ ਨਹੀਂ ਸੀ ਹੋਈ ਉਸੇ ਤਰ੍ਹਾਂ ਆਪਣੇ ਪਿੰਡ ਦੇ ਅਰੂੜ ਸਿੰਘ ਦੀ ਧੀ ਉਸਨੂੰ ਵੇਚਣ ਕਰਕੇ ਨਹੀਂ ਆਈ ਹੋਵੇਗੀ"। ਹਰੀ ਸਿੰਘ ਨੇ ਕਿਹਾ

ਸਰਦਾਰ ਸ਼ੇਰਾ ਸਿੰਘ ਜਗਰਾਵਾਂ ਵੱਲ੍ਹ ਇੱਕ ਪਿੰਡ ਵਿੱਚ ਵਿਆਹਿਆ ਹੋਇਆ ਸੀ। ਉਸਨੂੰ ਸੌਹਰੇ ਗਿਆ ਕਾਫੀ ਚਿਰ ਹੋ ਗਿਆ ਸੀ। ਘਰ ਦੇ ਕੰਮਾਂ ਧੰਦਿਆਂ ਚੋਂ ਸਿਰ ਖੁਰਕਣ ਦੀ ਵੇਹਲ ਨਹੀ ਸੀ ਮਿਲਦੀ। ਹੁਣ ਜਗਰਾਵਾਂ ਦੀ ਰੋਸ਼ਨੀ ਦਾ ਮੇਲਾ ਆ ਰਿਹਾ ਸੀ। ਦੂਸਰੇ ਪਾਸੇ ਪੰਜਾਬ ਵਿੱਚ ਫਿਰਕੂ ਵਾ ਦੇ ਤੱਤ ਬੁੱਲ੍ਹੇ ਆਉਣੇ ਸੁਰੂ ਹੋ ਗਏ ਸਨ। ਉਹ ਦੋ ਚਿੱਤੀ ਵਿੱਚ ਸੀ ਕਿ ਐਹੋ ਜੇਹੇ ਮਹੌਲ 'ਚ ਕਾਹਦਾ ਮੇਲਾ ।ਸਦੀਆਂ ਤੋਂ ਪ੍ਰੀਵਾਰ ਵਾਂਗ ਰਹਿੰਦੇ ਹਿੰਦੂ ਮੁਸਲਮਾਨ, ਸਿੱਖ ਇੱਕ ਦੂਜੇ ਦਾ ਕਤਲ ਕਿਵੇਂ ਕਰ ਦੇਣਗੇ? ਇਸ ਸੋਚ ਨੇ ਉਸਦਾ ਮਨ ਤਕੜਾ ਕਰ ਦਿੱਤਾ ਤੇ ਉਸਨੇ ਰੋਸ਼ਨੀ ਦਾ ਮੇਲਾ ਦੇਖਣ ਦਾ ਮਨ ਬਣਾ ਲਿਆ।

ਇਸ ਵਾਰ ਜਗਰਾਵਾਂ ਦਾ ਰੋਸ਼ਨੀ ਦਾ ਮੇਲਾ ਪੂਰਾ ਭਰਿਆ ਹੋਇਆ ਸੀ। ਸਭ ਧਰਮਾਂ ਦੇ ਲੋਕ ਬੇਖੌਫ ਹੋ ਕੇ ਮੇਲੇ ਦਾ ਅਨੰਦ ਮਾਣ ਰਹੇ ਸਨ। ਮੇਲੇ ਵਿੱਚ ਪੱਗਾਂ ਨੂੰ ਮਾਵਾ ਲਗਾਉਣ ਵਾਲੇ ਉਹਨਾਂ ਦੀਆਂ ਰੰਗ ਬਰੰਗੀਆਂ ਪੱਗਾਂ ਨੂੰ ਲਹਿਰਾ ਰਹੇ ਸਨ। ਚੰਡੋਲਾਂ ਘੁੰਮ ਰਹੀਆਂ ਸਨ। ਬੱਚੇ ਚਚੋਲੜ ਪਾ ਰਹੇ ਸਨ ।ਮੁਨਿਆਰੀ ਦੀਆਂ ਆਰਜੀ ਦੁਕਾਨਾਂ ਤੋਂ ਕੁੜੀਆਂ ਚਿੜੀਆਂ ਵੰਗਾਂ ਰੁਮਾਲ ਤੇ ਗੱਭਰੂ ਛਾਪਾਂ ਛੱਲਿਆਂ ਨਾਲ ਕੜੇ ਵੀ ਲੈ ਰਹੇ ਸਨ। ਤੁਰਲੇ ਵਾਲੀਆਂ ਪੱਗਾਂ ਧੂਹਵੇਂ ਚਾਦਰੇ,ਗਲਾਂ ਚ ਪਾਏ ਕੈਂਠੇ ਦੂਰੋਂ ਸੁਨਿਹਰੀ ਲਿਸ਼ਕਾਂ ਮਾਰ ਰਹੇ ਸਨ। ਇੱਕ ਪਾਸੇ ਢੱਡ ਸਰੰਗੀ ਵਾਲੇ ਸੂਰਮਿਆਂ ਤੇ ਯੋਧਿਆਂ ਤੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਦਾ ਗੁਣਗਾਨ ਕਰ ਰਹੇ ਸਨ। ਪਿੰਡਾਂ ਵਿੱਚ ਸਾਰੇ ਹੀ ਮੇਲਿਆਂ ਤੇ ਰਿਸ਼ਤੇਦਾਰ ਮੇਲੇ ਤੋਂ ਇੱਕ ਦੋਂ ਦਿਨ ਪਹਿਲਾਂ ਆਪਣੀਆਂ ਰਿਸ਼ਤੇਦਾਰੀਆਂ 'ਚ ਠਹਿਰਦੇ ਸਨ। ਇਸ ਮੇਲ ਮਿਲਾਪ ਨਾਲ ਰਿਸ਼ਤਿਆਂ ਵਿੱਚ ਮਿਠਾਸ ਘੁਲਦੀ ਸੀ। ਦੁੱਖਾਂ ਸੁੱਖਾਂ ਤੇ ਖੁਸ਼ੀਆਂ ਦੀ ਸਾਂਝ ਬਗਲਗੀਰ ਹੁੰਦੀ ਸੀ। ਮੋਹ ਦਾ ਨਿੱਘ ਡੁੱਲ ਡੁੱਲ੍ਹ ਪੈਂਦਾ। ਇੰਝ ਮੋਹ ਦੀਆਂ ਤੰਦਾਂ ਹੋਰ ਵੀ ਪੀਡੀਆਂ ਹੁੰਦੀਆਂ। ਰਿਸ਼ਤੇਦਾਰੀਆਂ ਦੁੱਖ ਸੁੱਖ ਦੀਆਂ ਬਾਹਵਾਂ ਬਣ ਜਾਂਦੀਆਂ। ਲੋਕ ਮੱਥੇ ਤੇ ਹੱਥ ਧਰਕੇ ਮੇਲੇ ਉਡੀਕਦੇ ਤੇ ਨੇੜੇ ਆਉਣ ਤੇ ਖੇਤੀ ਦੇ ਕੰਮਾਂ ਨੂੰ ਨਿਬੇੜ ਦੇ। ਇਹ ਮੇਲੇ ਔਰਤਾਂ-ਮਰਦਾਂ ਦੀ ਧਾਰਮਿਕ ਤ੍ਰਿਪਤੀ ਦੇ ਨਾਲ ਨਾਲ ਨਿੱਕੀਆਂ ਮੋਟੀਆਂ ਚੀਜ਼ਾ ਖਰੀਦਣ ਦਾ ਇੱਕ ਆਰਜੀ ਬਜ਼ਾਰ ਹੁੰਦਾ ਸੀ। ਇਸ ਕਰਕੇ ਰੋਸ਼ਨੀ ਦੇ ਮੇਲੇ ਤੇ ਮੋਢੇ ਨਾਲ ਮੋਢਾ ਖਹਿ ਰਿਹਾ ਸੀ। ਕੁਝ ਲੋਕ ਸੁੱਖਣਾਂ ਸੁੱਖ ਰਹੇ ਸਨ। ਕਈਆਂ ਦੇ ਚੇਹਰਿਆਂ ਤੇ ਸੁੱਖ ਲਹੁਣ ਦੀ ਸੰਤੁਸ਼ਟੀ ਝਲਕ ਰਹੀ ਸੀ ।ਦੂਸਰੇ ਪਾਸੇ ਫਿਰਕੂ ਜ਼ਹਿਰ ਵੀ ਉਗਲਿਆ ਜਾ ਰਿਹਾ ਸੀ। ਜਿੱਥੇ ਇੱਕ ਸਿੱਖ ਲੀਡਰ ਕਹਿ ਰਿਹਾ ਸੀ "ਸਾਧ ਸੰਗਤ ਜੀ, ਅੰਗਰੇਜਾਂ ਨੇ ਰੈਡਕਲਿਫ ਨੂੰ ਹੱਦਾਂ ਸਰਹੱਦਾਂ ਮਿਥਣ ਲਈ ਭੇਜ ਦਿੱਤਾ ਹੈ। ਪਹਿਲ੍ਹਾਂ ਲਾਹੌਰ ਪੰਜਾਬ ਨੂੰ ਮਿਲਦਾ ਸੀ। ਪਰ ਫਿਰੋਜਪੁਰ, ਜੀਰਾ, ਪਾਕਿਸਤਾਨ ਵੱਲ ਜਾਂਦੇ ਸਨ। ਪਰ ਅਸੀਂ ਲਾਹੌਰ ਛੱਡ ਕੇ ਪਾਕਿਸਤਾਨ ਨੂੰ ਅੱਧੇ ਪੰਜਾਬ ਦੇ ਸਿਰ ਤੇ ਨਹੀ ਬਿਠਾਇਆ। ਅਸੀਂ ਗੁਰੂਆਂ ਦੀ ਧਰਤੀ ਤੇ ਮਸੂਮ ਸਾਹਿਬਯਾਦਿਆਂ ਤੇ ਗਊਆਂ ਵੱਢਣ ਵਾਲੀ ਬੁੱਚੜ ਕੌਮ ਦੇ ਨਪਾਕ ਪੈਰ ਨਹੀਂ ਪੈਣ ਦੇਣੇ" ਇਸ ਤੋਂ ਇਲਾਵਾ ਕਿ ਸ. ਸ਼ੇਰਾ ਸਿੰਘ ਕੁਝ ਹੋਰ ਸੁਣਦਾ ਇੱਕ ਪਾਸੇ ਹੋ ਰਹੇ ਘੋਲਾਂ (ਕੁਸ਼ਤੀ) ਦੇਖਣ ਜਾਂਦਾ ਸੋਚ ਰਿਹਾ ਸੀ ਕਿ ਇਹਨਾਂ ਅਕਲ ਦਿਆਂ ਅੰਨਿਆਂ ਨੂੰ ਅੱਜ ਗੁਰੂ ਸਾਹਿਬ ਦਾ ਸਾਥ ਦੇਣ ਵਾਲੇ ਬੁੱਧੂ ਸ਼ਾਹ, ਗਨੀ ਖਾਂ, ਨਬੀ ਖਾਂ ਤੇ ਮਿੱਠਾ ਮਹਿਰਾ ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਛੋਟੇ ਸਾਹਿਬਯਾਦਿਆਂ ਦੀਆਂ ਦੇਹਾਂ ਨੂੰ ਕਿਮਟਣ ਵਾਲਾ ਟੋਡਰ ਮੱਲ ਹੋਰ ਵੀ ਵਿਸਰ ਚੁੱਕੇ ਹਨ। ਭਰਾ ਮਾਰ ਲੜਾਈ ਨੂੰ ਹਵਾ ਦੇਣ ਲਈ ਜਖਮ ਚੇਤੇ ਹਨ ਪਰ ਮੱਲਮ ਨਹੀ ਉਹ ਸੋਚਾਂ ਵਿੱਚ ਮਗਨ ਸੀ ਕਿ ਉਸ ਵਿੱਚ ਕਿਸੇ ਦਾ ਮੋਢਾ ਵੱਜਿਆ। ਜਦ ਉਸਨੇ ਭੌਅ ਕੇ ਦੇਖਿਆ ਤਾਂ ਇੱਕ ਜਾਣਿਆਂ ਪਛਾਣਿਆਂ ਚੇਹਰਾ ਉਸਦੀਆਂ ਅੱਖਾਂ ਅੱਗੋਂ ਦੀ ਲੰਘਿਆ ਤੇ ਰੁਕ ਗਿਆ ਤੇ ਬੋਲਿਆ ਮਾਮਾ ਤੂੰ? ਉਸ ਚੀਰੇ ਵਾਲੇ ਅਲੂੰਏ ਜੇਹੇ ਮੁੰਡੇ ਨੇ ਕਿਹਾ ।ਜਿਸਦੇ ਸ਼ੇਰ ਸਿੰਘ ਦੇ ਪਿੰਡ ਨਾਨਕੇ ਸਨ।

"ਭਾਣਜਿਆ ਤੂੰ ਆਪਣੇ ਪਿੰਡ ਮਿਲਣ ਆਇਆ ਕਰ ਫੇਰ ਵੀ ਤੇਰਾ ਨਾਨਕਾ ਪਿੰਡ ਐ" ਸ਼ੇਰਾ ਸਿੰਘ ਨੇ ਕਿਹਾ "ਮਾਮਾ ਜੀ ਮਾਂ ਨੇ ਪਾਬੰਦੀ ਲਾਈ ਹੋਈ ਐ ।ਦੋ ਸਾਲ ਪਹਿਲਾਂ ਬਾਪੂ ਵੀ ਸੁਵਰਗਵਾਸ ਹੋ ਗਿਆ" ਚੀਰੇ ਵਾਲੇ ਮੁੰਡੇ ਨੇ ਦੱਸਿਆ

"ਹੈਂ ਅ ਅ ਚੇਤ ਸਿਹੁੰ ਮਰ ਗਿਆ ਕੀ ਗੱਲ੍ਹ ਹੋ ਗਈ ਸੀ ਪੁੱਤਰਾ"? ਸ਼ੇਰਾ ਸਿੰਘ ਨੇ ਪੁੱਛਿਆ "ਬੱਸ ਉਮਰ ਵੱਧ ਹੋ ਗਈ ਸੀ ਇਸ ਕਰਕੇ" ਮੁੰਡੇ ਨੇ ਜਵਾਬ ਦਿੱਤਾ।

"ਬਹੁਤ ਮਾੜਾ ਕੰਮ ਹੋਇਆ ਅਜੇ ਤੇਰੀ ਉਮਰ ਵੀ ਕੀ ਐ? ਹੋਰ ਸਾਡੀ ਭੈਣ ਦਾ ਕੀ ਹਾਲ ਐ? ਤੇ ਉਹਨੇ ਆਪਣੇ ਅਤੇ ਤੇਰੇ ਤੇ ਸਾਡੇ ਪਿੰਡ ਆਉਣ ਤੇ ਰੋਕ ਕਾਹਤੋਂ ਲਾਈ ਹੈ? ਸ਼ੇਰਾ ਸਿੰਘ ਨੇ ਪੁੱਛਿਆ" ਠੀਕ ਐ ਮਾਮਾ ਜੀ ਮਾਂ । ਕਹਿੰਦੀ ਹੁੰਦੀ ਐ ਕਿ ਕਿਸੇ ਨੇ ਕਿਸੇ ਮਾਈ ਤੋਂ ਪੁੱਛਿਆ ਕਿ ਮਾਈ ਇਹ ਵਹਿੜਕਾ ਮਾਰਦਾ ਤਾਂ ਨਹੀਂ? ਜਵਾਬ ਵਿੱਚ ਮਾਈ ਨੇ ਕਿਹਾ ਕਿ ਹਾਂ ਭਾਈ ਰੰਡੀ ਵੀ ਤਾਂ ਇਸੇ ਦੀ ਕੀਤੀ ਹੋਈ ਹਾਂ। ਚੀਰੇ ਵਾਲੇ ਮੁੰਡੇ ਨੇ ਦਿਲ ਦੇ ਜਖਮ ਦਾ ਖਰੀਂਡ ਚੁੱਕਿਆ।

ਸ਼ੇਰਾ ਸਿੰਘ ਕੁਸ਼ਤੀ ਵੱਲ ਜਾਣ ਦੀ ਥਾਂ ਆਪਣਾ ਫਰਜ਼ ਸਮਝ ਕੇ ਮੁੰਡੇ ਨੂੰ ਇੱਕ ਤੰਬੂ 'ਚ ਬਣੇ ਆਰਜੀ ਹੋਟਲ ਤੇ ਜਾ ਕੇ ਕਿਹਾ "ਇੱਕ ਚਾਹ ਤੇ ਕਿਲੋ ਜਲੇਬੀਆਂ ਇੱਕ ਕਿਲੋ ਤੋਲ ਕੇ ਰੱਖਦੇ" ਕੇਤਲੀ 'ਚ ਚਾਹ ਤੇ ਪਿੱਤਲ ਦੇ ਗਲਾਸ ਆ ਗਏ। ਸ਼ੇਰਾ ਸਿੰਘ ਨੇ ਗਲਾਸਾਂ ਵਿੱਚ ਚਾਹ ਪਾਈ ਤਾਂ ਜਲੇਬੀਆਂ ਵਾਲੀ ਥਾਲੀ ਮੁੰਡੇ ਮੂਹਰੇ ਰੱਖ ਦਿੱਤੀ। "ਮਾਮਾ ਜੀ ਕਾਹਨੂੰ ਖੇਚਲ ਕਰਨੀ ਸੀ"

"ਕਾਕਾ ਪੁੱਤ ਤੇ ਭਾਣਜੇ 'ਚ ਕੋਈ ਫਰਕ ਨਹੀ ਹੁੰਦਾ" ਇਹ ਸੁਣ ਕੇ ਮੁੰਡੇ ਨੇ ਚਾਹ ਦੀ ਘੁੱਟ ਭਰੀ।

ਪੁੱਤ ਮੈਨੂੰ ਤੇਰੀ ਵਹਿੜਕੇ ਵਾਲੀ ਗੱਲ੍ਹ ਪੱਲ੍ਹੇ ਨਹੀ ਪਈ ਛੋਟਾ ਹੁੰਦਾ ਤੂੰ ਨਾਨਕੇ ਆਉਂਦਾ ਹੁੰਦਾ ਸੀ ਤੇ ਮੇਰੇ ਭਤੀਜੇ ਨਾਲ ਖੇਡਦਾ ਹੁੰਦਾ ਸੀ ਬਾਕੀ ਸਾਡੀ ਭੈਣ ਅਤੇ ਤੇਰੀ ਮਾਂ ਸ਼ੇਖਪੁਰੇ ਵਾਲੀ ਕੁੜੀ ਤਾਂ ਬਹੁਤ ਨਰਮ ਤੇ ਸ਼ਰੀਫ ਹੈ ਫਿਰ ਐਨਾ ਅੱਤੜ ਫੈਸਲਾ ਕਿਉਂ?

ਮਾਮਾ ਜੀ ਜਦ ਨਾਨਕਿਆਂ ਨੇ ਧੀ ਹੀ ਵੇਚ ਦਿੱਤੀ ਤਾਂ ਫਿਰ ਸਾਂਝ ਕਾਹਦੀ ਰਹਿ ਗਈ ।ਮਾਂ ਨੂੰ ਅਜੇ ਵੀ ਇਸਦਾ ਹਰਖ ਐ ਕਿ ਪਿਓ ਏਹੋ ਜਿਹੇ ਹੁੰਦੇ ਹਨ। ਮੁੰਡੇ ਨੇ ਹਰਖ ਨਾਲ ਕਿਹਾ।

"ਮਾਮਾ ਜੀ ਜਦ ਮੇਰਾ ਬਾਪੂ ਢੁੱਕਿਆ ਸੀ ਤਾਂ ਉਹਨਾ ਦੀ ਉਮਰ ਪੰਜਾਹ ਸੱਠ ਸਾਲ ਦੀ ਸੀ। ਦੂਜੇ ਪਾਸੇ ਮੇਰੀ ਬੇਬੇ ਦੀ ਉਮਰ ਤੀਹ ਪੈਂਤੀ ਸਾਲ ਦੀ ਸੀ ।ਪਰ ਮੇਰਾ ਮਾਮਾ ਲਾਲਚੀ ਸੀ ।ਉਸਨੇ ਮੇਰੀ ਮਾਂ ਦਾ ਰਿਸ਼ਤਾ ਕਰਨ ਲਈ ਇਹ ਸ਼ਰਤ ਰੱਖੀ ਕਿ ਉਹ ਪੈਸਿਆਂ ਨਾਲ ਉਖਲੀ ਭਰਕੇ ਦੇਣਗੇ ਤਾਂ ਕੁੜੀ ਤੋਰਾਂਗੇ ।ਮੇਰੇ ਬਾਪੂ ਨੇ ਮਲਾਇਆ ਰਹਿਕੇ ਵੀਹ ਸਾਲ ਕਮਾਈ ਕੀਤੀ ਸੀ ।ਉਹ ਕੁਰਬਾਨ ਕਰਕੇ ਘਰ ਦਾ ਵੰਸ਼ ਚਲਾਉਣ ਲਈ ਇਹ ਸ਼ਰਤ ਮਨਜ਼ੂਰ ਕਰ ਲਈ ਸੀ। ਪਰ ਪੈਸਿਆਂ ਨਾਲ ਭਰੀ ਉਖਲੀ ਦੋ-ਚਾਰ ਉਗਲਾਂ ਨੀਵੀਂ ਰਹਿ ਗਈ ਜੋ ਮੇਰੇ ਸਕੇ ਮਾਮੇ ਨੇ ਖੜੇ ਪੈਰ ਭਰਵਾਈ ।ਇੱਕ ਜਾਂਞੀ ਪਿੰਡੋਂ ਪੈਸੇ ਲੈ ਕੇ ਗਿਆ ।ਉਖਲੀ ਭਰੀ ਤੇ ਫੇਰ ਮੇਰੀ ਮਾਂ ਦੀ ਡੋਲੀ ਨੂੰ ਨਾਨੇ ਦੇ ਘਰੋਂ ਕਰਾਹਾਂ ਨੇ ਚੁੱਕਿਆ ਸੀ। "ਅੱਛਾ ਤਾਂ ਇਹ ਗੱਲ੍ਹ ਸੀ" ਬਾਪੂ ਜੀ ਹੋਰੀਂ ਦਸ ਦੇ ਹੁੰਦੇ ਸਨ ਕਿ ਅਰੂੜ ਸਿੰਘ ਦੇ ਘਰ ਬਹੁਤ ਚਿਰ ਜੰਞ ਖੜੀ ਰਹੀ ਸੀ। ਪਰ ਪਿੰਡ 'ਚ ਇਸ ਗੱਲ੍ਹ ਦੀ ਕਿਸੇ ਨੂੰ ਭਿਣਕ ਨਹੀਂ ਪੈਣ ਦਿੱਤੀ। ਸ਼ੇਰਾਂ ਸਿੰਘ ਨੇ ਕਿਹਾ।

"ਉਹਨਾਂ ਦੀ ਨੀਤ ਹੀ ਅਜਿਹੀ ਹੈ ।ਲੋਕ ਧੀਆਂ ਜੰਮਣ ਤੇ ਮਾਰਦੇ ਹਨ ਤੇ ਇਹ ਵੱਡੀਆਂ ਕਰਕੇ ਪਸ਼ੂਆਂ ਵਾਂਗ ਵੇਚਦੇ ਹਨ। ਮੇਰੀ ਮਾਂ ਦਾ ਵੀ ਪਸ਼ੂ ਵਾਂਗ ਜਿਸਨੂੰ ਰੱਸਾ ਫੜਾਇਆ। ਉਸ ਮਾਲਕ ਨਾਲ ਤੁਰ ਆਈ। ਤੁਹਾਡੇ ਪਿੰਡ ਮੇਰੀ ਮਾਂ ਦੀ ਰਿਸ਼ਤੇਦਾਰ ਹੈ। ਉਸਦੇ ਘਰ ਵਾਲੇ ਦਾ ਨਾਂ ਤੋਤਾ ਸਿੰਘ ਹੈ। ਉਹ ਆਈ ਸੀ ਤੇ ਦਸਦੀ ਸੀ ਕਿ ਮੇਰੇ ਮਾਮੇ ਨੇ ਮੇਰੀਆਂ ਮਾਸੀਆਂ ਦਾ ਰਿਸ਼ਤਾ ਵੀ ਪੈਸਿਆਂ ਨਾਲ ਉਖਲੀਆਂ ਭਰਵਾ ਕੇ ਕੀਤਾ ਸੀ ।ਇਹ ਸੁਣ ਕੇ ਮੇਰੀ ਮਾਂ ਦੇ ਸੱਤੀ ਕੱਪੜੀਂ ਅੱਗ ਲੱਗ ਗਈ ਕਿ ਅਸੀਂ ਤਿੰਨਾਂ ਨੇ ਬਾਪ ਦੇ ਘਰਦਾ ਗੋਹਾ ਕੂੜਾ ਕੀਤਾ, ਜੂਠ ਮਾਂਜੀ, ਕੱਪੜੇ ਧੋਤੇ, ਕਪਾਹਾਂ ਚੁਗੀਆਂ, ਮੱਕੀਆਂ ਡੁੰਗੀਆਂ, ਪਸ਼ੂ ਸਾਂਭੇ ਧਾਰਾਂ ਕੱਢੀਆਂ। ਕੱਚੀਆਂ ਕੰਧਾਂ ਲਿਪੀਆਂ ਪਰੋਲੇ ਫੇਰੇ ਉਹ ਸਭ ਭੰਗ ਦੇ ਭਾੜੇ ਗਿਆ ਅਤੇ ਧੀਆਂ ਨੂੰ ਡੰਗਰਾਂ ਵਾਂਗ ਵੇਚਿਆ ਗਿਆ। ਮੁੰਡੇ ਨੇ ਦਿਲ ਦਾ ਜ਼ਖਮ ਮਾਮੇ ਅੱਗੇ ਫਰੋਲਿਆ।

"ਭਾਣਜਿਆ ਹੈ ਤਾਂ ਇਹ ਗੱਲ੍ਹ ਬੁਰੀ

ਆਂਹਦੇ ਨੇ ਜਿਸ ਪਸ਼ੂ ਨੂੰ ਰੱਸ ਚੱਬਣ ਜਾਂ ਮੂਤ ਪੀਣ ਦੀ ਆਦਤ ਪੈ ਜਾਵੇ ਉਹ ਜਾਂਦੀ ਨਹੀਂ ਤੇ ਉਹ ਮੂੰਹ ਤੇ ਬੰਨੀ ਛਿੱਕਲੀ ਦੇ ਬਾਵਜੂਦ ਆਪਣੀ ਭਲ ਪੂਰੀ ਕਰ ਜਾਂਦਾ ਹੈ। ਉਹਨਾਂ ਨੇ ਤੇਰੀਆਂ ਮਾਸੀਆਂ ਸਾਡੇ ਪਿੰਡ ਦੇ ਕੋਲ ਸ਼ੌਕੀਨਾਂ ਦੇ ਪਿੰਡ ਅਤੇ ਮੋਗੇ ਵੱਲ ਵਿਆਹੀਆਂ ਹਨ। ਉਹਨਾਂ ਲਈ ਵੀ ਉਹਨਾਂ ਵਡੇਰੀ ਉਮਰ ਦੇ ਲੋੜਵੰਦ (ਵੱਡੀ ਉਮਰ ਦੇ) ਜੁਆਈ ਲੱਭ ਕੇ ਵਿਆਹ ਕੀਤਾ। ਇੱਕ ਕੁੜੀ ਤਾਂ ਪ੍ਰਾਹੁਣੇ ਦੀਆਂ ਧੀਆਂ ਦੇ ਹਾਣ ਦੀ ਸੀ। ਰਾਜੇ ਸਲਵਾਨ ਦੀ ਲੂਣਾਂ ਵਾਂਗ ਵੀਹ ਪੱਚੀ ਸਾਲ ਛੋਟੀ ਹੋਵੇਗੀ। ਉਹ ਵੀ ਘੋੜੇ ਘੋੜੀਆਂ ਤੇ ਬਥੇਰੀ ਬਰਾਤ ਲੈ ਕੇ ਆਏ ਸਨ। ਉਹਨਾਂ ਦੇ ਘੋੜੇ ਘੋੜੀਆਂ ਨੂੰ ਛੋਲੇ ਦਰੜ ਕੇ ਪਾਉਣ ਲਈ ਉਖਲੀਆਂ ਘਟ ਗਈਆਂ ਸਨ। ਇਸ ਕਰਕੇ ਉਹਨਾਂ ਨੂੰ ਉਖਲੀਆਂ ਵਾਲੇ ਘਰ ਦੀ ਅੱਲ਼ ਪੈ ਗਈ ਹੈ''। ਸ਼ੇਰਾ ਸਿੰਘ ਨੇ ਦੱਸਿਆ।

ਮਾਮਾ ਜੀ ਪਿੰਡ ਆਲਿਆਂ ਨੇ ਠੀਕ ਹੀ ਅੱਲ਼ ਪਾਈ ਹੈ। ਧੀਆਂ ਦਾ ਮੁੱਲ਼ ਵੱਟ ਕੇ ਗਹਿਣੇ ਜ਼ਮੀਨ ਛੁਡਵਾ ਕੇ ਚੁਬਾਰਾ ਛੱਤ ਕੇ ਇਹ ਠਾਠ ਬਣ ਗਏ। ਇਹ ਚੁਬਾਰਾ ਨਹੀ ਕੰਜਰਾਂ ਦਾ ਕੋਠਾ ਐ। ਚੀਰੇ ਵਾਲਾ ਮੁੰਡਾ ਹਰਖ ਨਾਲ ਬੋਲ਼ਿਆ। ''ਭਾਣਜਿਆ ਤੂੰ ਤੈਸ਼ 'ਚ ਆ ਕੇ ਅੱਖਾਂ ਨਾ ਭਰ, ਮਨ ਨਾਂ ਖਰਾਬ ਕਰ, ਏਥੇ ਭਗਤਾਂ ਤੇ ਭੀੜਾਂ ਪੈਂਦੀਆਂ ਹਨ ਤੇ ਪਾਪੀ ਫਲਦੇ ਹਨ''। ਸ਼ੇਰਾ ਸਿੰਘ ਨੇ ਮੁੰਡੇ ਦੀ ਕੰਡ ਪਲੋਸਦਿਆਂ ਕਿਹਾ।

''ਹੋਰ ਪੁੱਤ ਖੇਤੀਬਾੜੀ ਕਿਵੇਂ ਐ ਹੁਣ ਤਾਂ ਤੇਰੀ ਵਿਆਹ ਦੀ ਉਮਰ ਐ ਕਿਤੇ ਚਲਾਈ ਐ ਗੱਲ,ਚਲੋ ਸਾਡੀ ਭੈਣ ਨੌਂਹ ਦੇ ਆਸਰੇ ਚਾਰ ਦਿਨ ਸੌਖੇ ਵੇਖਲੂ'' ਸ਼ੇਰਾ ਸਿੰਘ ਨੇ ਗੱਲ਼ ਬਦਲਦਿਆਂ ਕਿਹਾ।

''ਬਾਪੂ ਜੀ ਮਲਾਇਆ ਦੀ ਕਮਾਈ ਨਾਲ ਪੰਜ-ਸੱਤ ਖੇਤ ਬੈਅ ਲੈ ਕੇ ਦੇ ਗਿਆ ਸੀ ਮੁਰੱਬਾ ਕੁ ਘਰ ਦੀ ਮਾਲਕੀ ਦੀ ਐ। ਬਾਪੂ ਜੀ ਦੇ ਹੁੰਦੇ ਹੀ ਦੋ ਖੂਹ ਲੁਆ ਲਏ ਸਨ। ਸੋਹਣਾ ਗੁਜਾਰਾ ਹੋਈ ਜਾਂਦੈ। ਘਰੇ ਚਾਰ ਲਵੇਰੀਆਂ ਨੇ ਤਿੰਨ ਜੋਗਾਂ ਬਲਦਾਂ ਦੀਆਂ ਹਨ ਘਰ ਦਾ ਗੱਡਾ ਐ। ਕਣਕ, ਮੱਕੀ, ਬਾਜਰਾ, ਗੁਆਰਾ, ਕਪਾਹ ਜਾਂ ਬੇਝੜ ਬੀਜ ਛੱਡੀਦੀ ਐ। ਚੰਗੀ ਗੱਲ ਤਾਂ ਇਹ ਹੈ ਕਿ ਕਿਸੇ ਸ਼ਾਹੂਕਾਰ ਦੀ ਦੁਆਨੀ ਵੀ ਨਹੀਂ ਦੇਣੀ ਬਾਕੀ ਜਦੋਂ ਸੰਯੋਗ ਹੋਏ ਤਾਂ ਐਨੀ ਕੁ ਪੁੱਗਤ ਨੂੰ ਜਦੋਂ ਸਮੇਂ ਨੇ ਚਾਹਿਆ ਤਾਂ ਰਿਸ਼ਤਾ ਹੋਜੂ ਅਗਾਂਹ ਕੇਹੜਾ ਨਾਨਕੀ ਸ਼ੱਕ ਆਉਣੀ ਐ ਇੰਜ ਮੁੰਡਾ ਨਾਨਕਿਆਂ ਤੇ ਟਕੋਰ ਕਰ ਗਿਆ।

''ਤੂੰ ਇੱਕ ਵਾਰ ਨਾਨਕੇ ਆ ਤਾਂ ਸਹੀ ਉਹ ਆਪੇ ਆਪਣੀ ਕੀਤੀ ਤੇ ਸ਼ਰਮ ਤਾਂ ਮੰਨਣਗੇ ਕਿ ਭਾਣਜਾ ਫਿਰ ਵੀ ਸਭ ਕੁਝ ਭੁਲਾ ਕੇ ਮਿਲਣ ਆਇਆ ਹੈ। ਰਿਸ਼ਤੇਦਾਰੀਆਂ ਮਿਲਦਿਆਂ ਮਿਲਦਿਆਂ ਮਿਲ ਜਾਂਦੀਆਂ ਹਨ। ਟੁੱਟਦਿਆਂ ਟੁੱਟਦਿਆਂ ਟੁੱਟ ਜਾਂਦੀਆਂ ਹਨ''। ਸ਼ੇਰਾ ਸਿੰਘ ਨੇ ਨਸੀਹਤ ਦਿੱਤੀ।

''ਨਹੀਂ ਮਾਮਾ ਜੀ ਮੈਂ ਤੁਹਾਡੇ ਘਰ ਤਾਂ ਆ ਜਾਵਾਂਗਾ ਪਰ ਉਹਨਾਂ ਦੇ ਘਰੇ ਨਹੀਂ ਜਾਣਾ'' ਮੁੰਡੇ ਨੇ ਤੋੜਕੇ ਜਵਾਬ ਦੇ ਦਿੱਤਾ ਚਲੋ ਭਾਣਜਾ ਉਸ ਕੋਲ ਆਵੇ ਤਾਂ ਸਹੀ। ਮਿਲਾਉਣ ਦੀ ਕੋਸ਼ਿਸ਼ ਕਰਾਂਗੇ ਹੁਣ ਕਾਫੀ ਸਮਾਂ ਹੋ ਚੁੱਕਾ ਸੀ। ਮੁੰਡੇ ਨੇ ਅਜੇ ਮੇਲੇ ਵਿੱਚ ਗੇੜਾ ਦੇਣਾ ਹੋਊ ਅਸੀ ਤਾਂ ਹੋਰ ਹੀ ਵਿਆਹ 'ਚ ਬੀ ਦਾ ਲੇਖਾ ਪਾ ਕੇ ਬੈਠ ਗਏ ਸ਼ੇਰਾ ਸਿੰਘ ਨੇ ਸੋਚਿਆ।

''ਚੰਗਾ ਫਿਰ ਭਾਣਜੇ ਮੇਰੇ ਕੋਲ ਜਰੂਰ ਆਈ'' ਸ਼ੇਰਾ ਸਿੰਘ ਨੇ ਕਿਹਾ।

''ਮਾਮਾ ਜੀ ਅੱਜ ਤੁਸੀਂ ਸਾਡੇ ਪਿੰਡਾਂ ਕੋਲ ਆਏ ਹੋ ਮੇਰੇ ਨਾਲ ਚੱਲੋ ਨਾਲੇ ਮਾਂ ਨੂੰ ਮਿਲ ਲਿਓ'' ਮੁੰਡੇ ਨੇ ਕਿਹਾ।

''ਭਾਣਜੇ ਏਥੋ ਦੋ ਕੋਹ ਤੇ ਤੇਰੀ ਮਾਮੀ ਦਾ ਪਿੰਡ ਐ। ਜੇ ਨਾ ਗਿਆ ਤਾਂ ਤੇਰੀ ਮਾਮੀ ਤੇ ਮੇਰੇ ਸੌਹਰੇ ਗੁੱਸੇ ਹੋਣਗੇ ਕਿ ਪ੍ਰਹੁਣਾ ਪਤਾ ਨਹੀਂ ਕਿਹੜੀ ਨਰਾਜ਼ਗੀ ਨਾਲ ਕੋਲੋਂ ਆ ਕੇ ਮੁੜ ਗਿਆ। ਤੇਰੇ ਆਉਣ ਤੋਂ ਬਾਅਦ ਮੈਂ ਜਰੂਰ ਆਊਂ ਤੂੰ ਇੰਜ ਕਰ ਆਹ ਜਲੇਬੀਆਂ ਭੈਣ ਨੂੰ ਦੇ ਦੇਣੀਆਂ ਤੇ ਕਹਿ ਦੇਣਾ ਕਿ ਮਾਮਾ ਸ਼ੇਰਾ ਸਿੰਘ ਟੱਕਰਿਆ ਸੀ ਉਸ ਵੱਲੋਂ ਹੈ''। ਸ਼ੇਰਾ ਸਿੰਘ ਨੇ ਜਲੇਬੀਆ ਵਾਲਾ ਲਿਫਾਫਾ ਮੁੰਡੇ ਵੱਲ਼ ਵਧਾਉਂਦਿਆਂ ਕਿਹਾ। ਮਾਮੇ ਦੇ ਜੋਰ ਦੇਣ ਤੇ ਮੁੰਡੇ ਨੇ ਲਿਫਾਫਾ ਫੜ ਲਿਆ। ਸ਼ੇਰਾ ਸਿੰਘ ਨੇ ਮੁੰਡੇ ਨੂੰ ਜੱਫੀ 'ਚ ਲੈ ਕੇ ਪਿਆਰ ਵਜੋਂ ਮਲਕਾ ਦੀ ਮੂਰਤ ਵਾਲਾ ਪੈਸਾ ਦਿੱਤਾ। ਮੇਲਾ ਦੇਖਕੇ ਖਾਓ ਪੀਓ ਵੇਲੇ ਨੂੰ ਸ਼ੇਰ ਸਿੰਘ ਆਪਣੇ ਸਹੁਰੇ ਘਰ ਚਲਾ ਗਿਆ। ਦੋ ਰਾਤਾਂ ਉੱਥੇ ਰਹਿਕੇ ਤੀਸਰੇ ਦਿਨ ਵਾਪਸ ਆ ਗਿਆ।

ਸਮਾਂ ਬੀਤਦਾ ਗਿਆ। ਮੁਲਕ ਦਾ ਬਟਵਾਰਾ ਹੋ ਗਿਆ ਸੀ। ਪਰ ਪਿੰਡ ਵਾਲਿਆਂ ਨੇ ਮੁਸਲਮਾਨਾਂ ਨੂੰ ਤੱਤੀ ਵਾ ਨਹੀਂ ਲੱਗਣ ਦਿੱਤੀ। ਉਹਨਾਂ ਦੇ ਬਜ਼ੁਰਗਾਂ ਬੱਚਿਆਂ ਨੋਂਹਾਂ ਧੀਆਂ ਨੂੰ ਸੁਰੱਖਿਅਤ ਕਿਸੇ ਹਮਲੇ ਤੋਂ ਬਚਾਉਣ ਲਈ ਰਾਈਫਲ ਾਂ ਫੜਕੇ ਫਿਰੋਜ਼ਪੁਰ ਕੈਂਪ ਵਿੱਚ ਛੱਡਕੇ ਆਏ। ਫੱਗਣ ਦਾ ਮਹੀਨਾ ਸੀ। ਕਣਕਾਂ ਅਜੇ ਗਭੋਲੇ ਵਿੱਚ ਸਨ। ਇੱਕ ਮੁੰਡਾ ਸ਼ੇਰਾ ਸਿੰਘ ਦਾ ਘਰ ਪੁੱਛ ਕੇ ਆਇਆ। ਘਰ ਦਾ ਦਰਵਾਜਾ ਖੜਕਾਇਆ। ''ਭਾਈ ਕੌਣ ਐ?'' ਅੰਦਰੋਂ ਜਨਾਨਾ ਅਵਾਜ ਆਈ ''ਮਾਮਾ ਜੀ ਮੈਂ ਸ਼ੇਖੂਪੁਰੇ ਤੋਂ ਹਾਂ ਸ਼ੇਰਾ ਸਿੰਘ ਨੂੰ ਮਿਲਣ ਆਇਆ ਹਾਂ'' ਦਰਵਾਜੇ ਦੇ ਬਾਹਰੋਂ ਅਵਾਜ ਆਈ।

''ਠਹਿਰ ਪੁੱਤ ਮੈਂ ਦਰਵਾਜਾ ਖੋਹਲਦੀ ਹਾਂ। ਸ਼ੇਰਾ ਸਿੰਘ ਨੇ ਕਈ ਸਾਲ ਪਹਿਲਾਂ ਇਸ ਮੁੰਡੇ ਬਾਰੇ ਆਪਣੀ ਪਤਨੀ ਨੂੰ ਦੱਸ ਦਿੱਤਾ ਸੀ। ਦਰਵਾਜਾ ਖੁੱਲਣ ਤੇ ਓਹ ਨੌਜੁਆਨ ਘੋੜੇ ਦੀ ਲਗਾਮ ਫੜਕੇ ਅੰਦਰ ਆਇਆ। ਮਾਮੀ ਨੇ ਮੰਜਾ ਡਾਹਿਆ ਤੇ ਕਿਹਾ ''ਪੁੱਤ ਤੂੰ ਬੈਠ ਮੈਂ ਹੁਣੇ ਹੀ ਸੁਨੇਹਾ ਭੇਜ ਕੇ ਤੇਰੇ ਮਾਮੇ ਨੂੰ ਬੁਲਾਉਂਦੀ ਹਾਂ।

ਕੁਝ ਸਮੇਂ ਬਾਅਦ ਸ਼ੇਰਾ ਸਿੰਘ ਖੇਤੋਂ ਘਰ ਆਇਆ ਤੇ ਨੌਜੁਆਨ ਨੂੰ ਦੇਖ ਕੇ ਬੋਲਿਆ ''ਆ ਬਈ ਭਾਣਜਿਆ, ਤੇਰੇ ਆਉਣ ਨਾਲ ਘਰ ਵਿੱਚ ਚਾਨਣ ਹੋ ਗਿਆ ਹੈ''। ਸ਼ੇਰਾ ਸਿੰਘ ਨੇ ਜੱਫੀ 'ਚ ਲੈ ਕੇ ਭਾਣਜੇ ਨੂੰ ਪਿਆਰ ਦਿੱਤਾ। ਮਾਮੀ ਨੇ ਦੋਹਾਂ ਮੂਹਰੇ ਕੰਗਣੀ ਵਾਲੇ ਪਿੱਤਲ ਦੇ ਗਲਾਸਾਂ 'ਚ ਦੁੱਧ ਤੇ ਖੋਏ ਦੀਆਂ ਪਿੰਨੀਆਂ ਰੱਖੀਆਂ। ਫਿਰ ਮੁੰਡੇ ਨੇ ਗਰਮ ਪਾਣੀ ਨਾਲ ਇਸ਼ਨਾਨ ਕਰਕੇ ਥਕਾਵਟ ਲਾਹੀ ਖਾਣਾਂ ਖਾਣ ਤੋਂ ਪਹਿਲਾਂ ਮਾਮੇ ਭਾਣਜੇ ਨੇ ਦੇਸੀ ਸ਼ਰਾਬ ਦਾ ਪੈਗ ਲਗਾਇਆ। ਸ਼ੇਰਾ ਸਿੰਘ ਨੇ ਸੀਰੀ ਨੂੰ ਘੋੜੇ ਤੇ ਖਰਖਰਾ ਤੇ ਛੋਲੇ ਪਾਉਣ ਲਈ ਕਿਹਾ। ਫਿਰ ਮੁੰਡੇ ਨੇ ਆਪਣੇ ਸਿਰਹਾਣੇ ਰੱਖੇ ਝੋਲੇ ਵਿੱਚੋਂ ਇੱਕ ਖੇਸ ਤੇ ਇੱਕ ਵਲਾਇਤੀ ਕੱਪੜੇ ਦਾ ਕੂਲਾ ਜੇਹਾ ਸੂਟ ਕੱਢਦਿਆ ਕਿਹਾ ''ਮਾਮਾ ਜੀ ਆਹ ਮਾਂ ਨੇ ਤੁਹਾਡੇ ਲਈ ਭੇਜਿਆ ਹੈ ਕਿ ਮੇਰੇ ਭਰਾ ਭਰਜਾਈ ਨੂੰ ਦੇ ਦੇਣਾ''। ''ਪੁੱਤ ਇਹ ਖੇਚਲ ਕਾਹਨੂੰ ਕਰਨੀ ਸੀ ਜਦ ਮੈਂ ਸ਼ੇਰਪੁਰੇ ਗਈ ਤਾਂ ਆਪਣੀ ਨਣਦ ਨੂੰ ਸੰਧਾਰਾ ਦੇ ਕੇ ਆਊ'' ਮਾਮੀ ਨੇ ਕਿਹਾ। ਉਸਦੇ ਜਾਣ ਤੋਂ ਬਾਅਦ ਸ਼ੇਰਾ ਸਿੰਘ ਨੇ ਕਿਹਾ ''ਭਾਣਜਿਆ ਤੈਨੂੰ ਆਪਣੇ ਨਾਨਕਿਆਂ ਦੇ ਘਰ ਜਾਣਾ ਚਾਹੀਦਾ ਹੈ।

''ਨਹੀਂ ਮਾਮਾ ਜੀ ਉਹਨਾਂ ਦੇ ਘਰ ਤਾਂ ਮੈਂ ਜਾਣਾ ਨਹੀਂ ਜੇ ਤੁਸੀਂ ਬਹੁਤਾ ਹੀ ਕਹਿੰਦੇ ਹੋ ਤਾਂ ਉਹਨਾਂ ਦੇ ਘਰ ਕੋਲ ਭਾਗਾ ਸਿੰਘ ਹੈ ਉਹ ਵੀ ਬਾਪੂ ਨੂੰ ਬਰਮਾ ਤੋਂ ਮਲਾਇਆ ਜਾਂਦੇ ਸਮੇਂ ਮਿਲਿਆ ਸੀ। ਉਸਨੇ ਵੀ ਵੱਡੀ ਉਮਰ ਦਾ ਹੋਣ ਕਰਕੇ ਵਿਆਹ ਨਹੀਂ ਕਰਵਾਇਆ। ਉਸਦੇ ਛੋਟੇ ਭਰਾ ਦੀ ਘਰਵਾਲੀ ਬਾਰੇ ਮਾਂ ਗੱਲਾਂ ਕਰਦੀ ਹੁੰਦੀ ਐ ਉਹਨਾਂ ਦੇ ਘਰੇ ਚਲਾ ਜਾਊ'' ਇਹ ਵਾਅਦਾ ਕਰਨ ਤੋਂ ਬਾਅਦ ਉਹ ਏਧਰ ਓਧਰ ਦੀਆਂ ਗੱਲ਼ਾਂ ਕਰਦੇ ਸੌਂ ਗਏ।

ਅਗਲੇ ਦਿਨ ਸਵੇਰੇ ਹੱਥਾਂ 'ਚ ਪਾਣੀ ਦੀਆਂ ਬੋਤਲਾਂ ਲੈ ਕੇ ਉਹ ਖੇਤ ਜੰਗਲ ਪਾਣੀ ਗਏ। ਸੀਰੀ ਨੇ ਹਲਟ ਜੋੜ ਲਿਆ ਸੀ। ਪਾਣੀ ਦਾ ਭਰਿਆ ਖਾਲ ਫਸਲ ਨੂੰ ਜਾ ਰਿਹਾ ਸੀ ਤੇ ਤਾਜੇ ਪਾਣੀ ਚੋਂ ਭਾਫ ਜੇਹੀ ਉਠ ਰਹੀ ਸੀ। ''ਮਾਮਾ ਜੀ ਫਸਲ ਤਾ ਸੋਹਣੀ ਐ,ਫਸਲ ਵਿੱਚ ਨਾ ਪਿਆਜੀ ਨਾ ਪੋਹਲੀ ਤੇ ਨਾਂ ਹੋਰ ਨਦੀਨ ਹੈ''। ਮੁੰਡੇ ਨੇ ਕਿਹਾ ''ਬੱਸ ਭਾਣਜਿਆ ਆਪਣੇ ਵੱਲੋਂ ਤਾਂ ਕੋਈ ਕਸਰ ਨਹੀਂ ਛੱਡੀ ਜੇ ਝੱਖੜ ਝੋਲੇ, ਮੀਂਹ ਜਾਂ ਕਾਕੜਿਆਂ ਤੋਂ ਬਚੀ ਰਹੇ ਤਾਂ ਠੀਕ ਐ। ਬਾਕੀ ਬੱਕਰੇ ਦੀ ਮਾਂ ਕਿੰਨਾਂ ਕੁ ਚਿਰ ਖੈਰ ਮਨਾਊ ਜੇ ਸੁੱਖੀ ਸਾਂਦੀ ਵੱਢ ਲਈ ਤਾਂ ਫਲਿਆ ਵੇਲੇ ਜੇ ਚਾਰ ਛਿੱਟਾ ਪਾ ਗਿਆ ਤਾਂ ਸਾਰੀ ਪੈਰੀ ਤੰਗਲੀ ਨਾਲ ਉਲਦ ਪੁਲੱਦ ਕਰਕੇ ਸੁਕਾਉਣੀ ਪੈਂਦੀ ਹੈ। ਅਜੇ ਤਾਂ ਕਣਕ ਖੇਤ ਕੁੜੀ ਪੇਟ ਆ ਜਵਾਈਆਂ ਮੰਡੇ ਖਾਂ ਵਾਲੀ ਗੱਲ ਹੈ। ਫਸਲ ਤਾਂ ਜੱਟ ਦੀ ਉਦੋਂ ਹੀ ਹੁੰਦੀ ਐ ਜਦੋਂ ਘਰੇ ਆ ਜਾਂਦੀ ਐ''। ਅਜਿਹੀਆਂ ਗੱਲ਼ਾਂ ਕਰਦੇ ਉਹ ਘਰ ਪਰਤ ਆਏ। ਰੋਟੀ ਟੁੱਕ ਤੋਂ ਬਾਅਦ ਉਹ ਭਾਗ ਸਿੰਘ ਦੇ ਘਰ ਗਏ। ਤੋਤਾ ਸਿੰਘ ਦੀ ਘਰ ਵਾਲੀ ਨੂੰ ਤਾਂ ਭਾਣਜਾ ਦੇਖਕੇ ਚਾਅ ਚੜ ਗਿਆ। ਉਸਨੇ ਸ਼ੇਰਾ ਸਿੰਘ ਨੂੰ ਅਸੀਸਾਂ ਦਿੱਤੀਆਂ। ਜਿਸਨੇ ਭਾਣਜੇ ਨਾਲ ਮੇਲ ਕਰਵਾ ਦਿੱਤਾ। ਉਹ ਉਸਨੂੰ ਰਹਿਣ ਲਈ ਜੋਰ ਪਾ ਰਹੇ ਸਨ ਪਰ ਮੁੰਡਾ ਖੇਤੀ ਦੇ ਕੰਮ ਦਾ ਵਾਸਤਾ ਪਾ ਕੇ ਵਾਪਸ ਮੁੜਨ ਦੀ ਕਾਹਲ ਕਰ ਰਿਹਾ ਸੀ। ਉਥੋਂ ਤੁਰੇ ਤਾਂ ਸ਼ੇਰਾ ਸਿੰਘ ਨੇ ਕਿਹਾ ''ਭਾਣਜਿਆ ਨਾਨਾ ਤਾਂ ਰਿਹਾ ਨਹੀਂ ਚਲ ਮਾਮਾ ਨੂੰ ਹੀ ਮਿਲ ਲੈ। ਬੰਦਾ ਗਲਤੀਆਂ ਦਾ ਪੁਤਲਾ ਹੁੰਦਾ ਹੈ। ਅੰਨੇ ਨਾਨੇ ਲਈ ਤਾ ਸਭ ਕੁਝ ਰਾਤ ਸੀ। ਤੇਰੀ ਨਾਨੀ ਨੂੰ ਵੀ ਕਿਸੇ ਨੇ ਨਹੀ ਪੁੱਛਿਆ ਸੀ। ਸ਼ੇਰਾ ਸਿੰਘ ਦੇ ਕਹਿਣ ਤੇ ਮੁੰਡਾ ਅਪਣੇ ਨਾਨਕਿਆਂ ਦੇ ਅਸਲੀ ਘਰ ਜਾਣਾ ਮੰਨ ਗਿਆ ਜਿਵੇਂ ਉਸਨੇ ਸ਼ੇਰਾ ਸਿੰਘ ਦਾ ਮਾਣ ਰੱਖ ਲਿਆ ਹੋਵੇ। ਜਦ ਮੁੰਡਾ ਘਰੇ ਆਇਆ ਤਾਂ ਉਹਨਾਂ ਦੇ ਮਾਮੇ ਦੇ ਸਿਰ ਜਿਵੇ ਸੌ ਘੜਾ ਪਾਣੀ ਦਾ ਸਿਰ ਪੈ ਗਿਆ ਹੋਵੇ। ਨਾਂ ਸੁੱਖ ਨਾਂ ਸਾਂਦ, ਨਾ ਖੜਜੋ ਨਾਂ ਬਹਿਜੋ। ਮਾਮੀ ਨੇ ਮੰਜਾ ਡਾਹਿਆ ਤੇ ਉਸਦੀ ਮਾਂ ਦਾ ਹਾਲ ਚਾਲ ਪੁੱਛੇ ਬਿਨਾ ਮੰਜੇ ਕੋਲ ਦੁੱਧ ਦੇ ਦੋ ਗਲਾਸ ਰੱਖ ਦਿੱਤੇ। ਮੁੰਡੇ ਲਈ ਦੁੱਧ ਦਾ ਗਿਲਾਸ ਵਿਹੁ ਵਰਗਾ ਲੱਗਾ। ਮੁੰਡੇ ਦਾ ਭਖਦਾ ਚੇਹਰਾ ਤੇ ਮੱਥੇ ਤੇ ਘੁਲਟੀ ਸ਼ੇਰਾ ਸਿੰਘ ਨੇ ਦੇਖ ਲਈ ਸੀ। ਇਹ ਤਾਂ ਸ਼ੇਰਾ ਸਿੰਘ ਦੀ ਵੀ ਬੇਇਜ਼ਤੀ ਸੀ। ਉਹ ਵੀ ਛਿੱਥਾ ਪੈ ਗਿਆ ਉਂਜ ਘਰੇ ਕੋਈ ਦੁਸ਼ਮਣ ਵੀ ਆਜੇ ਤਾਂ ਬੰਦਾ ਉਸਨੂੰ ਵੀ ਜੀ ਆਇਆ ਕਹਿੰਦਾ ਹੈ। ਇਹ ਤਾਂ ਇਸ ਘਰ ਦਾ ਸਕਾ ਭਾਣਜਾ ਸੀ। ਇਹਨਾਂ ਸਹੁਰਿਆ ਦੀ ਮੱਤ ਤੇ ਜਾਤ ਹੀ ਐਹੋ ਜੇਹੀ ਹੈ ਜੋ ਕੁੱਤੇ ਦੀ ਪੂਛ ਨੂੰ ਬਾਰਾਂ ਸਾਲ ਵੰਡਲੀ 'ਚ ਪਾ ਕੇ ਰੱਖਣ ਵਾਂਗ ਉਹ ਵਿੰਗੀ ਦੀ ਵਿੰਗੀ ਰਹੀ। ਨਾਲੇ ਘਰ ਦੀ ਕੁੜੀਆਂ ਦਾ ਮੁੱਲ ਵੱਟ ਲਿਆ ਤੇ ਗੁੱਸਾ ਭਾਣਜੇ ਤੇ ਦੁਰ ਫਿਟੇ ਮੂੰਹ ਐਹੋ ਜੇਹੇ ਨਾਨਕਿਆਂ ਦੇ। ਘਰੋਂ ਬਾਹਰ ਨਿਕਲਦਿਆਂ ਸ਼ੇਰਾ ਸਿੰਘ ਦੇ ਘਰ ਆਕੇ ਮੁੰਡੇ ਨੇ ਕਿਹਾ ''ਮਾਮਾ ਜੀ ਮੈਂ ਤੁਹਾਨੂੰ ਕੀ ਕਿਹਾ ਸੀ। ਹੁਣ ਤੁਸੀ ਪ੍ਰਤੱਖ ਦੇਖ ਲਿਆ। ਕੱਲ ਨੂੰ ਇਸ ਪਿੰਡ ਚੋਂ ਮੇਰੀ ਮਾਂ ਨੂੰ ਕੋਈ ਗਲਤ ਨਹੀਂ ਕਹਿ ਸਕਦਾ। ਬੈ ਕੀਤੀ ਹੋਈ ਜ਼ਮੀਨ ਤੇ ਵੇਚੀ ਹੋਈ ਅਣਖੀ ਮਾਂ ਵਾਪਸ ਨਹੀਂ ਆਉਂਦੀ''। ਮਾਮੇ ਕੋਲ ਮੁੰਡੇ ਦੇ ਸਵਾਲ ਦਾ ਕੋਈ ਜਵਾਬ ਨਹੀ ਸੀ। ਦੋ ਕੁ ਸਾਲਾਂ ਬਾਅਦ ਅਰੂੜ ਸਿੰਘ ਦੇ ਘਰ ਮਾਘ ਮਹੀਨੇ ਪੋਤਰੀ ਨੇ ਜਨਮ ਲਿਆ ਤਾਂ ਪਿੰਡ 'ਚ ਚਵਾ ਚਵਾ ਹੋਣ ਲੱਗੀ ਕਿ ਐਨੀ ਵੱਡੀ ਉਮਰ 'ਚ ਪੁੱਤਾਂ ਦੀ ਜੋੜੀ ਬਣਾਉਂਦੇ ਬਣਾਉਂਦੇ ਜਾਗਰ ਸਿੰਘ ਦੀ ਗਿਣਤੀ ਮਿਣਤੀ ਪੁੱਠੀ ਪੈ ਗਈ ਪੁੱਤਰ ਦੀ ਆਸ ਵਿੱਚ ਧੀ ਨੇ ਜਨਮ ਲੈ ਲਿਆ ਸੀ।

ਇੱਕ ਦਿਨ ਸ਼ੇਰਾ ਸਿੰਘ ਆਪਣੇ ਬਾਪੂ ਨਾਲ ਘਰ ਦੇ ਬਾਹਰ ਸਣ ਦੀਆਂ ਜੂੜੀਆਂ ਵਟਾ ਰਿਹਾ ਸੀ। ਸਣ ਦੇ ਕੁਝ ਕੁ ਗਰਨੇ ਦਰਵਾਜ਼ੇ ਦੇ ਕੌਅਲੇ ਨਾਲ ਖੜੇ ਕੀਤੇ ਸਨ। ਇਹ ਨਿੱਘੀ ਜੇਹੀ ਧੁੱਪ ਸੀ ਠੰਡ ਅਜੇ ਨਹੀਂ ਸੀ। ਸ਼ੇਰਾ ਸਿੰਘ ਘਰੋਂ ਆਪਣੇ ਬਾਪੂ ਵਾਸਤੇ ਚਾਹ ਬਣਵਾ ਕੇ ਲਿਆਇਆ ਸੀ ਅਜੇ ਉਸਨੇ ਗੜਵੀ ਵਿੱਚੋਂ ਬਾਟੀ ਵਿੱਚ ਚਾਹ ਪਾਈ ਹੀ ਸੀ ਕਿ ਸਾਹਮਣੇ ਫਿਰਨੀ ਤੋਂ ਬੁੜਾ ਨਿਧਾਨਾ ਆ ਰਿਹਾ ਸੀ। ਜਦ ਉਹ ਨੇੜੇ ਆਇਆ ਤਾਂ ਸ਼ੇਰਾ ਸਿੰਘ ਦੇ ਬਾਪੂ ਨੇ ਕਿਹਾ ''ਆ ਬਈ ਨਿਧਾਨਾ ਸਿੰਹਾਂ ਕੀ ਹਾਲ ਐ? ਹੋਰ ਮਹੈਣ ਤਕੜਾ ਐ? ਕਿੱਧਰ ਬੁੱਢੇ ਬਾਰੇ ਠੰਢ 'ਚ ਤੁਰਿਆ ਫਿਰਦਾ ਐ? ਬਜ਼ੁਰਗ ਨੂੰ ਕਈ ਸਵਾਲ ਕਰ ਦਿੱਤੇ।

''ਪੁੱਤਰਾ ਕੱਲ਼ ਖੂਹ ਦੀ ਬੈੜ ਵਿਚ ਟਿੰਡਾਂ ਫਸ ਗਈਆਂ ਹਨ ਮਿਸਤਰੀ ਜੈਮਲ ਸਿਹੁੰ ਵੱਲ਼ ਚੱਲਿਆ ਹਾਂ, ਹੋਰ ਘਰੇ ਸਭ ਠੀਕ ਠਾਕ ਐ'' ਨਿਧਾਨ ਸਿੰਘ ਨੇ ਜਵਾਬ ਦਿੱਤਾ ''ਚਲਾ ਜਾਈ ਅਜੇ ਕਿਹੜਾ ਜੈਮਲ ਸਿੰਘ ਕਾਰਖਾਨੇ ਵਿਚ ਆ ਗਿਆ ਹੋਊ ਵੀ ਠੰਢ 'ਚ ਬੈਠਾ ਜੁੱਲ਼ ਦੱਬੀ ਬੈਠਾ ਹੋਊ, ਰੋਟੀ ਰਾਟੀ ਖਾ ਕੇ ਆਊ ਆਜਾ ਬਹਿਜਾ ਚਾਹ ਪੀਕੇ ਜਾਂਦਾ ਰਹੀ, ਹੱਡ ਤੱਤੇ ਕਰ ਲੈ ਬੁੱਢੇ ਬਾਰੇ ਹੁਣ ਚਾਹ ਦਾ ਅਮਲ ਪੈ ਗਿਆ ਹੈ। ਗੋਰਿਆਂ ਵੱਲ਼ੋਂ ਮੁਫਤ ਚਾਹ ਦਾ ਚਸਕਾ ਹੁਣ ਮੁੱਲ਼ ਦੀ ਖਰੀਦ ਕੇ ਦੇਣਾ ਪੈ ਰਿਹਾ ਹੈ। ''ਬਜ਼ੁਰਗ ਨੇ ਨਿਧਾਨ ਸਿੰਘ ਵਾਸਤੇ ਸ਼ੇਰਾ ਸਿੰਘ ਕੋਲੋਂ ਘਰੋਂ ਮੰਗਾਈ ਬਾਟੀ ਵਿੱਚ ਗਰਮਾਂ ਗਰਮ ਚਾਹ ਪਾਈ''

''ਬੱਸ ਬੱਸ ਬਹੁਤ ਐ ਗੁਰੂ ਬਹੁਤਾ ਦੇਵੇ'' ਕਹਿਕੇ ਨਿਧਾਨੇ ਨੇ ਬਾਟੀ ਚੁੱਕ ਕੇ ਚਾਹ ਦਾ ਸੁੜਾਕਾ ਮਾਰਿਆ ਅਤੇ ਕਿਹਾ ਆਹ ਜਾਗਰ ਨੇ ਹੋਰ ਹੀ ਲੋਹੜਾ ਕੱਢ ਮਾਰਿਆ ਅੱਗੇ ਇਹਨਾਂ ਕੁੜੀਆਂ ਦੇ ਵਿਆਹਾਂ ਤੇ ਪੈਸੇ ਲੈ ਕੇ ਵੇਚਿਆ ਹੁਣ ਪੁੱਤ ਦੀ ਜੋੜੀ ਦੀ ਝਾਕ 'ਚ ਧੀ ਆ ਗਈ, ਸਹੁਰੀਏ ਕਿਸੇ ਪੁੰਨ ਵਾਲੇ ਘਰੇ ਜਨਮ ਲੈਂਦੀ ਇਹਨਾਂ ਵਪਾਰੀਆਂ ਦੇ ਕਾਹਨੂੰ ਜੰਮਣਾ ਸੀ ਨਿਧਾਨੇ ਨੇ ਕਿਹਾ।

''ਬਾਬਾ ਮੈਂ ਤਾਂ ਸੁਣਿਐ ਕਿ ਬੱਚੀ ਮਾਘ ਮਹੀਨੇ ਜੰਮੀ ਹੋਣ ਕਰਕੇ ਉਸਦਾ ਨਾਂ ਵੀ ਮੱਘੀ ਰੱਖ ਦਿੱਤਾ ਹੈ'' ਸ਼ੇਰਾ ਸਿੰਘ ਨੇ ਕਿਹਾ।

''ਭਾਵੇ ਮੱਘੀ ਰੱਖ ਦੇਣ ਭਾਵੇ ਤੋੜੀ ਰੱਖ ਦੇਣ। ਇਹਨਾਂ ਦੀ ਮੱਘੀ ਵੀ ਚਟੂਰੇ ਜਿੱਡੀ ਬਣ ਜਾਣੀ ਹੈ। ਨਿਧਾਨ ਸਿੰਘ ਨੇ ਬੁਝਾਰਤ ਜੇਹੀ ਪਾਈ ਤੇ ਉਹ ਵੀ ਚਾਹ ਪੀਕੇ ਗਰਨਿਆਂ ਤੋਂ ਸਣ ਕੱਢਣ ਲੱਗ ਪਿਆ।

ਤਾਇਆ ਤੇਰੀ ਬੁਝਾਰਤ ਸਮਝ ਵਿਚ ਨਹੀਂ ਆਈ ਤੂੰ ਸਿੱਧੀ ਗੱਲ ਦੱਸ ਐਵੇ ਵਿੰਗ ਵਲੇਵੇਂ ਕਿਉਂ ਪਾਉਨੈ। ਸ਼ੇਰਾ ਸਿੰਘ ਦੇ ਬਾਪੂ ਨੇ ਕਿਹਾ ''ਭਤੀਜ ਅੱਗੇ ਤਾਂ ਇਹਨਾਂ ਨੇ ਕੁੜੀਆਂ ਦੇ ਵਿਆਹਾਂ ਤੇ ਉੱਖਲੀਆਂ ਭਰਵਾਈਆਂ ਸਨ। ਹੁਣ ਸਮਾਂ ਬਦਲ ਰਿਹਾ ਹੈ ਹੁਣ ਪੁੰਨ ਦੇ ਸਾਕ ਵੱਧ ਹੁੰਦੇ ਐ। ਲੋਕ ਧੀ ਦਾ ਦਾਨ ਕਰਦੇ ਹਨ। ਜੇ ਇਹਨਾਂ ਨੇ ਨਵਜੰਮੀ ਬੱਚੀ ਦਾ ਨਾਂ ਮੱਘੀ ਰੱਖ ਲਿਆ ਹੈ ਤਾਂ ਮੱਘੀ ਭਰਵਾ ਲੈਣਗੇ। ਅਖੇ ਵਾਰਸ ਸ਼ਾਹ ਆਦਤਾਂ ਜਾਂਦੀਆਂ ਨਾਂ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ ''ਕਹਿਕੇ ਨਿਧਾਨ ਸਿੰਘ ਨੇ ਤੋੜਾ ਝਾੜਿਆ ਤੇ ਕੁਝ ਸਮਾਂ ਬਹਿਕੇ ਮਿਸਤਰੀ ਵੱਲ਼ ਚਲਾ ਗਿਆ। ਹੁਣ ਰੋਟੀ ਦਾ ਵੇਲਾ ਹੋ ਚੁੱਕਾ ਸੀ ਤੇ ਸ਼ੇਰਾ ਸਿੰਘ ਦੀ ਮਾਂ ਕਪਾਹ ਦੀਆਂ ਛਿਟੀਆਂ ਦੀ ਦੰਨ 'ਚੋਂ ਕੁਝ ਕੁ ਛਿਟੀਆਂ ਚੁੱਕ ਕੇ ਸਣ ਦੀਆਂ ਸੀਖਣੀਆਂ ਚੁੱਕ ਕੇ ਘਰ ਅੰਦਰ ਜਾਂਦੀ ਨੇ ਕਿਹਾ ''ਆ ਜੋ ਰੋਟੀ ਖਾ ਲਓ'' ਦੀ ਅਵਾਜ ਸੁਣ ਕੇ ਪਿਓ ਪੁੱਤ ਨੇ ਕੱਢੀ ਸਣ ਦੀਆਂ ਜੂੜੀਆਂ ਤੇ ਦੋ ਕੁ ਗਰਨਿਆਂ ਨੂੰ ਚੱਕ ਕੇ ਘਰੇ ਚਲੇ ਗਏ।

ਵਰ੍ਹੇ ਬੀਤਦੇ ਗਏ। ਸ਼ੇਰਾ ਸਿੰਘ ਤੀਹ ਸਾਲ ਤੋਂ ਕੈਨੇਡਾ ਰਹਿ ਰਿਹਾ ਸੀ। ਇਹ ਗੱਲ਼ ਕੈਨੇਡਾ ਜਾਣ ਤੋਂ ਪੈਂਤੀ ਵਰੇ ਪਹਿਲਾਂ ਦੀ ਹੈ। ਹੁਣ ਤੱਕ ਤਾਂ ਉਹ ਨੌਜਵਾਨ ਪੁੱਤਾਂ, ਪੋਤਰਿਆਂ ਵਾਲਾ ਹੋ ਗਿਆ ਹੋਵੇਗਾ ਪੈਂਹਟ ਸੱਤਰ ਸਾਲ ਥੋੜੇ ਨਹੀਂ ਹੁੰਦੇ ਕੀ ਪਤਾ ਐ ਉਹ ਇਸ ਜਹਾਨ ਤੇ ਹੈ ਵੀ ਜਾਂ ਨਹੀਂ। ਉਸਨੇ ਵੀ 1947 ਦੀ ਵੰਡ, ਕਤਲੇਆਮ, ਸੂਬੇ ਦੀ ਵੰਡ, 1984 ਦਾ ਘੱਲੂਘਾਰਾ, ਫਲਿਆਂ ਦੀ ਖੇਤੀ ਦੀ ਥਾਂ ਮਸ਼ੀਨਰੀ ਵਾਲੀ ਖੇਤੀ ਦੇਖੀ ਹੋਵੇਗੀ। ਸ਼ੇਰਾ ਸਿੰਘ ਇਹ ਸਭ ਦੇਖ ਕੇ ਕੈਨੇਡਾ ਚਲਾ ਗਿਆ ਸੀ। ਉਸ ਬਾਰੇ ਏਨੇ ਵਰ੍ਹਿਆਂ ਦੀਆਂ ਪਰਤਾਂ ਹਟਾਉਣੀਆਂ ਮੁਸ਼ਕਲ ਸਨ। ਸਿਆਣੇ ਕਹਿੰਦੇ ਹੁੰਦੇ ਹਨ ਕਿ ਵਾਹੁੰਦਿਆਂ ਦੀਆਂ ਜ਼ਮੀਨਾਂ ਤੇ ਵਰਤਦਿਆਂ ਦੀਆਂ ਸਕੀਰੀਆਂ ਹੁੰਦੀਆਂ ਹਨ। ਪੈਸੇ ਦੇ ਲਾਲਚ ਨੇ ਹੁਣ ਵੀ ਵੱਧ ਤਿੱਖਾ ਰੂਪ ਧਾਰਨ ਕਰ ਰਿਹਾ ਸੀ। ਇਸ ਕਾਰਨ ਪਹਿਲਾਂ ਵਾਲਾ ਮੋਹ ਪਿਆਰ ਘਟ ਗਿਆ ਸੀ। ਕੈਨੇਡਾ ਗਿਆ ਬਜ਼ੁਰਗ ਸ਼ੇਰਾ ਸਿੰਘ ਸੋਚਦਾ ਕਿ ਹੁਣ ਕੈਨੇਡਾ 'ਚੋਂ ਭਾਵੇ ਅਨਪੜ੍ਹ ਜਾਂ ਵੱਡੀ ਉਮਰ ਦਾ ਵਿਆਹ ਕਰਵਾਉਣ ਚਲਾ ਜਾਵੇ ਲੋਕ ਦੇਹਲੀਆਂ ਨੀਵੀਆਂ ਕਰ ਦਿੰਦੇ ਹਨ। ਪੜ੍ਹੀ ਲਿਖੀ ਸੋਹਣੀ ਸਨੁੱਖੀ ਕੁੜੀ ਦੇ ਨਾਲ ਨਾਲ ਮੁੰਡੇ ਵਾਲਿਆਂ ਵੱਲੋਂ ਮੂੰਹ ਮੰਗਿਆ ਦਾਜ ਦਿੰਦੇ ਹਨ। ਹੁਣ ਮੁੰਡੇ ਵਾਲਿਆਂ ਦੇ ਮੂੰਹ ਉਖਲੀ ਵਾਂਗ ਖੁੱਲ ਚੁੱਕੇ ਸਨ। ਹੁਣ ਮੇਲਿਆ, ਠੇਲਿਆਂ ਦਾ ਉਹ ਚਾਅ ਨਹੀਂ ਰਿਹਾ ਸੀ। ਮਸ਼ੀਨਰੀ ਯੁੱਗ ਵਿੱਚ ਹਰ ਸ਼ਹਿਰ ਮੇਲੇ ਦਾ ਰੂਪ ਧਾਰਨ ਕਰ ਚੁੱਕਾ ਸੀ। ਮੇਲੇ ਦੇ ਆਰਜੀ ਬਜ਼ਾਰ ਨਾਲੋਂ ਸ਼ਹਿਰ ਚੋਂ ਜੋ ਚਾਹੋਂ ਉਹ ਵਧੀਆਂ ਤੋਂ ਵਧੀਆਂ ਖਰੀਦਿਆ ਜਾ ਸਕਦਾ ਹੈ। ਰਿਸ਼ਤਿਆਂ ਦੀ ਆਪਸੀ ਮੋਹ ਚੋਂ ਸ਼ਹਿਦ ਦਾ ਰਸ ਚੂਸਣ ਤੋਂ ਬਾਅਦ ਬੱਸ ਖਾਲੀ ਛੱਤਾ ਹੀ ਰਹਿ ਗਿਆ ਹੈ। ਕੁਝ ਦਿਨ ਹੋਏ ਪਿੰਡੋਂ ਸ਼ੇਰਾ ਸਿੰਘ ਦੇ ਛੋਟੇ ਭਰਾ ਦੀ ਚਿੱਠੀ ਆਈ ਕਿ ਜਾਗਰ ਸਿੰਘ ਨੇ ਮੱਘੀ ਨੂੰ ਪੈਂਤੀ-ਚਾਲੀ ਸਾਲ ਦੀ ਉਮਰ ਦੀ ਕਰਕੇ ਵਿਆਹ ਦਿੱਤਾ ਹੈ। ਇਹ ਸੁਣ ਕੇ ਸ਼ੇਰਾ ਸਿੰਘ ਨੇ ਸੋਚਿਆ ਕਿ ਛੋਟੀ ਮੱਘੀ 'ਚ ਉੱਖਲੀ ਜਿੰਨੇ ਪੈਸੇ ਨਹੀਂ ਪੈ ਸਕਦੇ। ਹੁਣ ਸਿੱਕਿਆਂ ਦੀ ਥਾਂ ਕਾਗਜ ਦੇ ਰੁਪਈਏ ਆ ਗਏ ਹਨ। ''ਦੇਖੋ ਰੱਬ ਦੇ ਰੰਗ ਖਾਲੀ ਮੱਘੀ ਤੁਰਗੀ ਪਾਣੀ ਸੰਗ'' ਕਿਉਂਕਿ ਹੁਣ ਤਾਂ ਕਈ ਲੋਕ ਮੱਘੀ 'ਚ ਮੁਰਦੇ ਦੇ ਫੁੱਲ ਪਾ ਕੇ ਉਪਰ ਲਾਲ ਕੱਪੜਾ ਬੰਨ ਕੇ ਨਦੀ ਜਾਂ ਦਰਿਆ 'ਚ ਵਹਾ ਦਿੰਦੇ ਹਨ। ਕੈਨੇਡਾ ਬੈਠੇ ਸ਼ੇਰਾ ਸਿੰਘ ਦੀਆਂ ਅੱਖਾਂ ਅੱਗੋਂ ਦੀ ਸੱਤਰ-ਅੱਸੀ ਸਾਲ ਪਹਿਲਾਂ ਦੀਆਂ ਘਟਨਾਵਾਂ ਦੀ ਤਸਵੀਰ ਲੰਘਦੀ।

ਸ਼ੇਰਾ ਸਿੰਘ ਨੂੰ ਹੁਣ ਪਿੰਡੋਂ ਪਤਾ ਲੱਗਾ ਕਿ ਉੱਖਲੀ ਵਾਲਿਆਂ ਦੀ ਨੱਤੀ ਕੈਨੇਡਾ ਆ ਰਹੀ ਹੈ ਜੋ ਜਾਗਰ ਸਿੰਘ ਦੀ ਪੋਤਰੀ ਹੈ। ਸ਼ਾਇਦ ਜਾਗਰ ਨੇ ਖਾਨਦਾਨ ਦੇ ਮੂੰਹ ਤੋਂ ਕੁੜੀਆਂ ਦਾ ਮੁੱਲ ਵੱਟਣ ਦਾ ਦਾਗ ਧੋ ਦਿੱਤਾ ਹੋਵੇ ਕਿਉਂਕਿ ਅੱਜ ਕੱਲ ਕੁੜੀਆਂ ਪੜ੍ਹ ਲਿਖ ਕੇ ਹਰ ਖੇਤਰ ਵਿਚ ਅੱਗੇ ਜਾ ਰਹੀਆਂ ਹਨ ਤੇ ਪੁੱਤਰਾਂ ਵਾਂਗ ਹੀ ਕਮਾਊ ਹਨ। ਦੁਨੀਆਂ ਦਾ ਕੋਈ ਵੀ ਹਸਪਤਾਲ ਨਰਸਾਂ ਬਿਨਾਂ ਤੇ ਕੋਈ ਵੀ ਜ਼ਹਾਜ ਏਅਰ ਹੋਸਟਸਾਂ ਬਿਨਾ ਨਹੀ ਚਲਦਾ। ਹੁਣ ਤਾਂ ਕੁੜੀਆਂ ਪੁਲੀਸ ਤੇ ਫੌਜ ਵਿੱਚ ਵੀ ਜਾ ਰਹੀਆਂ ਹਨ। ਕਹਿੰਦੇ ਹਨ ਕਿ ਵੱਡਾ ਹੋ ਕੇ ਤਾਂ ਗਧੇ ਨੂੰ ਵੀ ਅਕਲ ਆ ਜਾਂਦੀ ਹੈ। ਜਾਗਰ ਸਿੰਘ ਤਾਂ ਫੇਰ ਵੀ ਬੰਦਾ ਹੈ। ਸ਼ੇਰ ਸਿੰਘ ਨੇ ਧੀ ਧਿਆਣੀ ਲਈ ਮੂਹਰੇ ਲੱਗ ਕੇ ਇਹ ਨੇਕ ਕੰਮ ਕਰਨ ਵਾਲੇ ਬਾਬੇ ਦੇ ਪੋਤਰੇ ਨੂੰ ਫੋਨ ਕੀਤਾ।

''ਹੈਲੋ ਬਾਬੇ ਦਾ ਪੋਤਰਾ ਬੋਲਦੈ? ਸ਼ੇਰ ਸਿੰਘ ਨੇ ਕਿਹਾ। ਪੋਤਰੇ ਨੇ ਅਵਾਜ ਨਾ ਪਛਾਣਦੇ ਹੋਏ ਕਿਹਾ'' ਹਾਂ ਜੀ ਤੁਸੀਂ ਕੋਣ?

''ਮੈਂ ਸ਼ੇਰ ਸਿੰਘ ਬੋਲਦਾ ਹਾਂ। ਆਪਣੇ ਖੇਤਾਂ ਨਾਲ ਤਾਂ ਖੇਤ ਹਨ। ਤੁਸੀਂ ਅਜੇ ਪੰਜ-ਸੱਤ ਸਾਲ ਦੇ ਹੁੰਦੇ ਸੀ ਜਦੋਂ ਮੈਂ ਕੈਨੇਡਾ ਆ ਗਿਆ ਸੀ। ਮੇਰਾ ਮੁੰਡਾ ਤੇਰੇ ਚਾਚੇ ਨਾਲ ਪੜ੍ਹਦਾ ਹੁੰਦਾ ਸੀ''

''ਹਾਂ ਜੀ ਅੰਕਲ ਜੀ ਹੁਣ ਸਭ ਯਾਦ ਆ ਗਿਆ ਹੋਰ ਸੁਣਾਓ ਕੀ ਹਾਲ ਐ?'' ਬਾਬੇ ਦੇ ਪੋਤਰੇ ਨੇ ਪੁੱਛਿਆ।

''ਠੀਕ ਐ ਕਾਕਾ ਜੀ'' ਸ਼ੇਰਾ ਸਿੰਘ ਨੇ ਜਵਾਬ ਦਿੱਤਾ ਤੇ ਅੱਗੇ ਬੋਲਿਆ

''ਤੁਹਾਡੇ ਬਾਬੇ ਸਮੇ ਤੇ ਸਾਡੇ ਸਮੇਂ ਉਖਲੀ ਵਾਲਿਆਂ ਦੀ ਅੱਲ਼ ਵਾਲਿਆਂ ਦੀ ਕੁੜੀ ਨੂੰ ਤੁਸੀ ਕਨੇਡੇ ਸੱਦ ਰਹੇ ਹੋ ਕੀ ਇਹ ਸੱਚ ਐ?'' ਸ਼ੇਰਾ ਸਿੰਘ ਨੇ ਪੁੱਛਿਆ। ਅੰਕਲ ਜੀ ਤੁਹਾਨੂੰ ਪਤਾ ਹੀ ਹੈ ਕਿ ਕਨੇਡਾ ਆਉਣਾ ਕਿਹੜਾ ਸੌਖਾ ਹੈ। ਕੁਝ ਸਮਾਂ ਪਹਿਲਾ ਆਪਣੇ ਪਿੰਡੋਂ ਇੱਕ ਕੁੜੀ ਤੇ ਉਸਦੀ ਰਿਸ਼ਤੇਦਾਰ ਏਥੇ ਏਅਰਪੋਰਟ ਤੇ ਹੀ ਗ੍ਰਿਫਤਾਰ ਕਰ ਲਈਆਂ ਸਨ। ਫੇਰ ਉਹ ਮੇਰੇ ਬਾਬੇ ਕੋਲ ਗਏ ਮਦਦ ਦਾ ਵਾਸਤਾ ਪਾਇਆ ਤਾ ਮੈਂ ਵਕੀਲ ਕਰਕੇ ਉਹਨਾਂ ਨੂੰ ਜੇਲ 'ਚੋਂ ਕਢਵਾਇਆ ਤੇ ਮਾਂਟਰੀਆਲ ਜਾ ਕੇ ਰਿਫਿਊਜੀ ਕੇਸ 'ਚ ਪੱਕਾ ਕਰਵਾਇਆ। ਹੁਣ ਜਿੰਨਾ ਦੀ ਤੁਸੀਂ ਗੱਲ ਕਰ ਰਹੇ ਹੋ ਉਹਨਾਂ ਦਾ ਘਰ ਮੇਰੇ ਵੱਲ਼ੋਂ ਸਾਂਭ ਕੇ ਪੱਕੀਆਂ ਕਰਵਾਈਆਂ ਕੁੜੀਆਂ ਦੇ ਨਾਲ ਹੈ। ਉਹਨਾਂ ਨੇ ਇਹ ਸੋਚ ਕੇ ਬਾਬੇ ਕਿਆ ਨੇ ਇਹਨਾਂ ਦਾ ਐਡਾ ਵੱਡਾ ਕੰਮ ਕਰ ਦਿੱਤਾ। ਸਾਡੇ ਨਾਲ ਐਨੀ ਲਿਹਾਜ ਤੇ ਆਉਣੀ ਜਾਣੀ ਹੈ ਸਾਡੇ ਬਾਰੇ ਕੁਝ ਸੋਚਿਆ ਹੀ ਨਹੀਂ ਜਾਗਰ ਸਿੰਘ ਦੇ ਮੁੰਡਿਆਂ ਨੇ ਤਾਂ ਸਾਡੇ ਘਰ ਦੀਆਂ ਦੇਹਲੀਆਂ ਨੀਵੀਆਂ ਕਰ ਦਿੱਤੀਆਂ। ਅੰਕਲ ਜੀ ਮੈਂ ਤਾਂ ਇੰਡੀਆ ਗਏ ਡੈਡੀ ਦੇ ਕਹਿਣ ਤੇ ਮੁੰਡੇ ਦੀ ਹੀ ਦੱਸ ਪਾਈ ਹੈ ਜੋ ਮੇਰੇ ਨਾਲ ਟਰਾਲਾ ਚਲਾਉਂਦਾ ਹੈ। ਉਹ ਆਪਣੇ ਮਾਪਿਆਂ ਤੋਂ ਵੱਖ ਹੈ। ਜੇ ਉਹਨਾਂ ਨੂੰ ਠੀਕ ਲੱਗੂ ਤਾਂ ਕਰ ਦੇਣਗੇ ਨਹੀਂ ਤਾਂ ਐਡਾ ਕੋਈ ਜ਼ਰੂਰੀ ਵੀ ਨਹੀਂ। ਵਿਆਹ ਵੀ ਕਾਗਜ਼ੀ ਕਰਨਾ ਹੈ। ਕੁੜੀ ਆਪੇ ਦੂਸਰਾ ਵਿਆਹ ਕਰਵਾਕੇ ਮਾਂ-ਬਾਪ ਤੇ ਭਰਾ ਨੂੰ ਕਨੇਡਾ ਸੱਦ ਲੂ ਇਹ ਉਹਨਾਂ ਦੀ ਸਿਰ ਦਰਦੀ ਹੈ। ਮੁੰਡੇ ਦੀ ਆਵਦੇ ਮਾਂ ਬਾਪ ਨਾਲ ਨਹੀਂ ਬਣਦੀ। ਉਹਨਾਂ ਨੇ ਉਸਦਾ ਸਾਥ ਦੇਣ ਤੋਂ ਨਾਂਹ ਕਰ ਦਿੱਤੀ ਹੈ। ਮੁੰਡਾ ਸੋਚਦੈ ਕਿ ਕਾਗਜੀ ਵਿਆਹ ਕਰਕੇ 15-20 ਲੱਖ ਰੁਪਈਆ ਲੈ ਕੇ ਉਹ ਆਪਣਾ ਟਰਾਲਾ ਪਾ ਲਵੇਗਾ। ਬਾਬੇ ਦੇ ਪੋਤਰੇ ਨੇ ਫੋਨ ਤੇ ਸਾਰਾ ਮਾਮਲਾ ਤਫਤੀਲ ਨਾਲ ਦੱਸਿਆ। ਪੁੱਤਰਾ ਇਹ ਬੁੱਢੇ ਬਾਰੇ ਮੇਰੀ ਸਲਾਹ ਹੈ ਕਿ ਉਹਨਾਂ ਦਾ ਖਾਨਦਾਨੀ ਪਿਛੋਕੜ ਕੋਈ ਵਧੀਆ ਨਹੀ ਹੈ। ਇਹ ਮਸਲਾ ਟੇਢੀ ਖੀਰ ਐ ਕਿਤੇ ਕੋਲਿਆ ਦੀ ਦਲਾਲੀ ਵਾਲਾ ਜਾਂ ਜਾਂਦੀਏ ਬਲਾਏ ਦੁਪਹਿਰਾ ਕੱਟ ਜਾ ਵਾਲੀ ਗੱਲ ਨਾ ਹੋਵੇ ਕਿ ਕੱਲ ਨੂੰ ਤੁਸੀਂ ਖਾਹ ਮਖਾਹ ਝਮੇਲੇ 'ਚ ਫਸ ਜਾਵੋਂ ਬਾਕੀ ਜੀਹਦੀ ਕੁੜੀ ਦਾ ਤੁਸੀਂ ਕਰਨ ਲੱਗੇ ਹੋ ਪਹਿਲਾਂ ਇਸਦੇ ਪਿਓ ਦੀ ਹੁਣ ਏਹਦੀ ਦਾਹੜੀ ਡਰਾਈਵਰ ਕੱਟ ਜਿਵੇਂ ਕੰਬਾਈਨ ਨੇ ਝੋਨੇ ਦੇ ਕਰਚੇ ਵੱਢੇ ਹੁੰਦੇ ਐ ਓਵੇਂ ਕੱਟ ਕੇ ਰੱਖਦੇ ਹਨ ਅਜਿਹੇ ਬੰਦੇ ਭਲੇ ਮਾਣਸ ਨਹੀਂ ਹੁੰਦੇ। ਦਾਹੜੀ ਵਾਂਗ ਦੂਜੇ ਨੂੰ ਵੱਢ ਜਾਂਦੇ ਹਨ। ਸ਼ੇਰਾ ਸਿੰਘ ਨੇ ਤੌਖਲਾ ਜਾਹਿਰ ਕੀਤਾ ਤੇ ਹੋਰ ਰਸਮੀ ਗੱਲ਼ਾਂ ਕਰਕੇ ਫੋਨ ਕੱਟ ਦਿੱਤਾ।

ਅਕਤੂਬਰ ਮਹੀਨੇ ਬਾਬੇ ਦੇ ਪੋਤਰੇ ਕੋਲੋਂ ਭੇਜਿਆ ਮੁੰਡਾ ਪੰਜਾਬ ਆਇਆ। ਉਸਨੇ ਕੁੜੀ ਨਾਲ ਕਾਗਜ਼ੀ ਵਿਆਹ ਕਰਵਾਉਣ ਦਾ ਚੌਵੀ ਲੱਖ ਮੰਗਿਆ। ਅੱਠ ਲੱਖ 'ਚ ਉਸਦੀਆਂ ਆਉਣ ਜਾਣ ਦੀਆਂ ਟਿਕਟਾਂ ਤੇ ਕਨੇਡਾ ਜਾ ਕੇ ਕੇਸ ਅਪਲਾਈ ਕਰਨ ਵਾਲੇ ਵਕੀਲ ਦਾ ਖਰਚਾ ਦੱਸਿਆ। ਪੈਲਿਸ ਦਾ ਖਰਚਾ ਕੁੜੀ ਵਾਲਿਆਂ ਦਾ ਹੋਵੇਗਾ। ਅੱਠ ਲੱਖ ਦੀ ਦੂਸਰੀ ਕਿਸ਼ਤ ਕੁੜੀ ਦੇ ਕਨੇਡਾ ਪਹੁੰਚਣ ਤੇ ਲਈ ਜਾਵੇਗੀ ਤੇ ਤੀਸਰੀ ਕਿਸ਼ਤ ਕੁੜੀ ਦੇ ਕਨੇਡਾ ਪਹੁੰਚਣ

ਤੋਂ ਬਾਅਦ ਤਲਾਕ ਹੋਣ ਤੇ ਲਈ ਜਾਵੇਗੀ। ਕੁੜੀ ਵਾਲਿਆ ਨੇ ਕਿਹਾ ਕਿ ਸਾਨੂੰ ਇਹ ਸ਼ਰਤਾਂ ਮਨਜੂਰ ਹਨ। ਅਕਤੂਬਰ ਮਹੀਨੇ ਹੀ ਵਿਆਹ ਹੋ ਗਿਆ। ਇਸਦਾ ਸਾਰਾ ਪ੍ਰਬੰਧ ਵਿਚੋਲਿਆਂ ਨੂੰ ਕਰਨਾ ਪਿਆ। ਆਪਣੇ ਹੀ ਰਿਸ਼ਤੇਦਾਰਾਂ ਦਾ ਆਪਸੀ ਪਿਆਰ ਤੇ ਮੇਲ ਜੋਲ ਵਧਣ ਲੱਗਾ। ਮੁੰਡਾ ਉਸਨੂੰ ਕਨੇਡਾ ਤੋਂ ਪੈਸੇ ਸੋਨੇ ਦੇ ਗਹਿਣੇ ਤੇ ਕੱਪੜੇ ਭੇਜਣ ਲੱਗਾ। ਇੱਕ ਦਿਨ ਕੁੜੀ ਦਾ ਬਾਪ ਬਾਬੇ ਦੇ ਘਰ ਜਾ ਕੇ ਪੈਰੀਂ ਹੱਥ ਲਗਾ ਕੇ ਕਹਿਣ ਲੱਗਾ "ਬਾਬਾ ਜੀ ਅਸੀਂ ਤੁਹਾਡਾ ਦੇਣ ਨਹੀਂ ਦੇ ਸਕਦੇ ਤੁਸੀਂ ਸਾਡੇ ਤੇ ਗੁਣ ਕੀਤਾ ਹੈ। ਹੁਣ ਅਸੀਂ ਮੁੰਡੇ ਨਾਲ ਪੱਕੇ ਵਿਆਹ ਦੀ ਗੱਲ਼ ਕਰ ਲਈ ਹੈ। ਕੁਝ ਸਮੇਂ ਬਾਅਦ ਕੈਨੇਡਾ ਦੂਤਾਵਾਸ ਤੋਂ ਕੁੜੀ ਦੀ ਇੰਟਰਵਿਊ ਆਈ। ਉਸਨੇ ਲੋੜੀਂਦੀ ਤਿਆਰੀ ਵੀ ਨਾ ਕੀਤੀ। ਇੰਬੈਸੀ ਦੇ ਸਵਾਲਾਂ ਜਵਾਬਾਂ ਵਿੱਚ ਉਹ ਮੁੰਡੇ ਦੇ ਰਿਸ਼ਤੇਦਾਰਾਂ ਦੇ ਸਹੀ ਨਾਮ ਨਾਂ ਦੱਸ ਸਕੀ ਤੇ ਇੰਬੈਸੀ ਨੂੰ ਸ਼ੱਕ ਹੋ ਗਿਆ ਅਤੇ ਵੀਜਾ ਨਾ ਮਿਲ ਸਕਿਆ। ਮੁੰਡੇ ਨੇ ਕਨੇਡਾ ਤੋਂ ਅਪੀਲ ਲਗਾਈ ਪਰ ਇਸ ਵਰਤਾਰੇ 'ਚ ਸਮਾਂ ਲੱਗਣ ਲੱਗਾ। ਕੁੜੀ ਵਾਲਿਆ ਨੂੰ ਪਿੰਡ ਦੇ ਸ਼ਰੀਕਾਂ ਨੇ ਉਗਲ ਲਗਾ ਦਿੱਤੀ ਕਿ ਤੁਹਾਡੇ ਨਾਲ ਠੱਗੀ ਹੋਈ ਹੈ।

ਹੁਣ ਕੁੜੀ ਵਾਲਿਆ ਨੇ ਆਪਣੀ ਸਦੀਆਂ ਪੁਰਾਣੀ ਖਸਲਤ ਦਿਖਾਉਂਦਿਆਂ ਵਿਚੋਲਿਆਂ ਦੇ ਘਰ ਪੰਚਾਇਤਾਂ ਤੇ ਪੁਲੀਸ ਕੋਲ ਕੇਸ ਕਰ ਦਿੱਤਾ। ਪੁਲੀਸ ਨੇ ਉਹਨਾਂ ਤੋਂ ਪੈਸੇ ਲੈ ਕੇ ਐਲਬਮਾਂ ਦੇਖ ਕੇ ਪਿੱਤਲ ਦੀਆਂ ਮੁੰਦਰੀਆਂ ਸੋਨੇ ਦੀਆਂ ਬਣਾ ਦਿੱਤੀਆਂ। ਬਾਬੇ ਦੇ ਆਪਣੇ ਹੀ ਪਾਣੀਆਂ ਪਤਲੇ ਰਿਸ਼ਤਿਆਂ ਨੇ ਇਸ ਸਾਜਿਸ਼ ਨੂੰ ਬੁਣ ਕੇ ਕੁੜੀ ਵਾਲਿਆਂ ਵੱਲ਼ੋਂ ਬੱਤੀ ਲੱਖ ਦੇ ਖਰਚੇ ਦਾ ਕੇਸ ਬਣਾ ਦਿੱਤਾ ਗਿਆ। ਥਾਣਿਆਂ 'ਚ ਪੜਤਾਲਾਂ ਹੋਣ ਲੱਗੀਆਂ। ਹਰ ਮਹੀਨੇ ਕਦੇ ਏਸ ਥਾਣੇ, ਕਦੇ ਔਸ ਥਾਣੇ, ਕਦੇ ਡੀ. ਐਸ. ਪੀ. ਦੇ ਕਦੇ ਐਸ.ਐਸ.ਪੀ. ਦੇ ਬਿਆਨ ਹੋਣ ਲੱਗੇ। ਪਿੰਡ ਦਾ ਇੱਕ ਧੜਾ ਸਭ ਕੁਝ ਸਮਝਦੇ ਹੋਏ ਵੀ ਕੁੜੀ ਵਾਲਿਆਂ ਦੀ ਹਮਾਇਤ ਵਿੱਚ ਅਤੇ ਦੂਸਰਾ ਧੜਾ ਬਾਬੇ ਦੇ ਪ੍ਰੀਵਾਰ ਨਾਲ ਹੋ ਰਹੇ ਨਿਹੱਕੇ ਧੱਕੇ ਦੇ ਪੱਖ 'ਚ ਖੜਨ ਲੱਗਾ। ਕੁੜੀ ਦਾ ਬਾਪ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ 32 ਲੱਖ ਦੇ ਖਰਚੇ ਦੀ ਸੌਹ ਖਾ ਗਿਆ। ਇੱਕ ਸੱਤ ਰੰਗ ਦੇ ਝੰਡੇ ਦੀਆਂ ਪੱਟੀਆਂ ਵਾਲੀ ਪਾਰਟੀ ਤੇ ਇਸਦੇ ਲੀਡਰ ਜੋ ਅਜਿਹੇ ਹੀ ਕੇਸਾਂ 'ਚੋਂ ਦੋਹਾਂ ਧਿਰਾਂ ਤੋਂ ਪੈਸੇ ਖਾਦੇ ਸਨ। ਇਸ ਮਾਮਲੇ ਵਿੱਚ ਸ਼ਾਮਲ ਹੋ ਗਏ। ਬਾਬੇ ਕੇ ਕਹਿ ਰਹੇ ਸਨ ਕਿ ਪੁਲੀਸ ਅੱਗੇ ਕੁੜੀ ਪੇਸ਼ ਕੀਤੀ ਜਾਵੇ ਪਰ ਕੁੜੀ ਦਾ ਪਿਓ ਤੇ ਪੁਲੀਸ ਨੇ ਗੱਲ ਨਹੀਂ ਮੰਨੀ।

ਅਖੀਰ ਰਿਸ਼ਤੇਦਾਰਾਂ ਤੇ ਪੁਲੀਸ ਨੇ ਦੋਹਾਂ ਧਿਰਾਂ ਨੂੰ ਚੂੰਡ ਕੇ ਸਤਾਰਾਂ ਲੱਖ ਦੀ ਦੇਣਦਾਰੀ ਪਾ ਕੇ ਲਿਖਤੀ ਸਮਝੌਤਾ ਕਰਕੇ ਦੇ ਦਿੱਤਾ। ਜਿਸ ਉਪਰ ਡੀ.ਐਸ.ਪੀ ਦੀ ਮੋਹਰ ਤੇ ਦਸਤਖਤ ਸਨ। ਉਸ ਤੋਂ ਬਾਅਦ ਐਸ.ਐਸ.ਪੀ ਕੋਲ ਦਰਖਾਸਤ ਦੇ ਕੇ ਦੋ ਲੱਖ ਹੋਰ ਲੈ ਲਿਆ। ਇਹ ਸਾਰੀ ਕਹਾਣੀ ਕਨੇਡਾ ਬੈਠੇ ਸ਼ੇਰਾ ਸਿੰਘ ਕੋਲ ਵੀ ਪਹੁੰਚ ਗਈ। ਉਸਨੇ ਬਾਬੇ ਦੇ ਪੋਤਰੇ ਨੂੰ ਫੋਨ ਨੂੰ ਕੀਤਾ ਜੋ ਪੋਤਰੇ ਨੇ ਉਠਾਇਆ "ਕਿਓ ਪੁੱਤਰਾਂ ਲੋਕਾਂ ਨੇ ਐਵੇ ਨਹੀ ਕਿਹਾ ਕਿ ਸਿਆਣੇ ਦੇ ਕਹੇ ਅਤੇ ਆਓਲੇ ਦੇ ਖਾਧੇ ਦਾ ਸਵਾਦ ਬਾਅਦ ਵਿੱਚ ਆਉਂਦਾ ਹੈ। ਕਿਉਂ ਲੈ ਲਿਆ ਸੁਆਦ ਭਲਾਈ ਕਰਨ ਦਾ। ਸਾਨੂੰ ਵੀ ਕੈਨੇਡਾ ਆਇਆ ਨੂੰ ਪੈਂਤੀ ਸਾਲ ਹੋ ਗਏ। ਪਰ ਅਜਿਹੇ ਝਮੇਲੇ ਵਿੱਚ ਨਹੀਂ ਪਏ। ਲੋਕਾਂ ਦੀਆਂ ਟਿੱਚਰਾਂ ਵੱਖਰੀਆਂ। ਐਨੇ ਪੈਸੇ ਨਾਲ ਤਾਂ ਭਾਵੇਂ ਤਿੰਨ ਏਕੜ ਬੈਅ ਲੈ ਲੈਂਦੇ"

"ਬਾਈ ਜੀ ਅਸੀਂ ਤਾਂ ਸੱਚੇ ਮਨੋਂ ਕੋਸ਼ਿਸ਼ ਕੀਤੀ ਸੀ। ਮੁੰਡੇ ਵੱਲੋਂ ਅਪੀਲ ਕਰਨ ਤੇ ਵੀਜਾ ਕੁੜੀ ਦੇ ਘਰ ਆ ਗਿਆ ਸੀ ਹੋਰ ਅਸੀਂ ਕੀ ਕਰ ਸਕਦੇ ਸੀ। ਇਹ ਕਹਿਕੇ ਬਾਬੇ ਦੇ ਪੋਤਰੇ ਨੇ ਫੋਨ ਕੱਟ ਦਿੱਤਾ।

ਸਾਰੇ ਪਿੰਡ 'ਚ ਇਹ ਗੱਲ਼ ਅੱਗ ਵਾਂਗ ਫੈਲ ਗਈ ਕਿ ਉਖਲੀ ਵਾਲਿਆਂ ਦੀ ਕੁੜੀ ਕਨੇਡਾ ਵਾਲੇ ਮੁੰਡੇ ਨਾਲ ਵਿਆਹ ਕਰਵਾ ਕੇ ਕੈਨੇਡਾ ਦਾ ਵੀਜਾ ਆਉਣ ਤੇ ਵੀ ਬਿਨਾ ਵਿਆਹ ਕਰਵਾਏ ਨਾਲ ਦੇ ਪਿੰਡ ਦੇ ਗੈਰ ਜੱਟ ਸਿੱਖ ਪ੍ਰੀਵਾਰ ਦੇ ਮੁੰਡੇ ਨਾਲ ਪਿਆਰ ਦੀਆਂ ਪੀਘਾਂ ਪਾ ਕੇ ਹਾਂਗਕਾਂਗ ਫਰਾਰ ਹੋ ਗਈ ਸੀ। ਇਸੇ ਕਰਕੇ ਕੁੜੀ ਦਾ ਪਿਓ ਆਪਣਾ ਢਿੱਡ ਨੰਗਾਂ ਹੋਣ ਦੇ ਡਰੋ ਕਿ ਪਤਾ ਨਹੀਂ ਕੁੜੀ ਕੀ ਬਿਆਨ ਦੇ ਦੇਵੇ ਤੇ ਹੱਥ ਆਉਂਦੀ ਲੱਖਾਂ ਦੀ ਰਕਮ ਨਿਕਲ ਜਾਵੇ। ਉਸਨੂੰ ਪੁਲੀਸ ਸਾਹਮਣੇ ਪੇਸ਼ ਨਾ ਕੀਤਾ। ਕਈ ਸਾਲ ਪਹਿਲਾਂ ਉਖਲੀ ਵਾਲ਼ਿਆਂ ਦੇ ਪ੍ਰੀਵਾਰ ਨੇ ਜਦ ਪੁਰਾਣਾ ਘਰ ਢਾਹ ਕੇ ਨਵਾਂ ਘਰ ਪਾਇਆ ਤਾਂ ਨੀਹਾਂ ਪੁੱਟਦੇ ਸਮੇਂ ਪੈਸਿਆਂ ਤੇ ਸੋਨੇ ਦੀਆਂ ਮੋਹਰਾਂ ਮਿਲੀਆਂ ਜਿਸ ਨਾਲ ਕੋਠੀ ਪਾਉਣ ਤੋਂ ਪਹਿਲਾਂ ਹੀ ਮਿਲੀ ਮੋਟੀ ਰਕਮ ਕਰਕੇ ਉਖਲੀ ਵਾਲਿਆਂ ਦੇ ਪੈਰ ਧਰਤੀ ਤੇ ਨਹੀਂ ਲੱਗ ਰਹੇ ਸਨ। ਕੁਝ ਮਹੀਨਿਆਂ ਵਿੱਚ ਕੋਠੀ ਤਿਆਰ ਹੋ ਗਈ। ਪਿੰਡ ਦੇ ਬਜੁਰਗ ਕਹਿ ਰਹੇ ਸਨ ਕਿ ਇਹ ਕੋਠੀ ਵਫਾ ਨਹੀਂ ਕਰੇਗੀ ਕਿਉਂਕਿ ਇਹ ਪਾਪ ਦੀ ਕਮਾਈ ਨਾਲ ਬਣੀ ਹੈ। ਇਹ ਇਹਨਾਂ ਦੇ ਪੁਰਾਣੇ ਬਜ਼ੁਰਗਾਂ ਵੱਲ਼ੋਂ ਵੇਚੀਆਂ ਧੀਆਂ ਦਾ ਮੁੱਲ਼ ਐ। ਵਕਤ ਦੀ ਚੱਕੀ ਵਕਤ ਜ਼ਰੂਰ ਲੈਂਦੀ ਹੈ ਪਰ ਪੀਸਦੀ ਬਹੁਤ ਬਰੀਕ ਹੈ। ਕੋਠੀ ਬਣਨ ਦੇ ਸਾਲ ਦੇ ਅੰਦਰ ਅੰਦਰ ਹੀ ਇਸ ਕੋਠੀ ਦੇ ਮਾਲਕ ਦਾ ਮੁੰਡਾ ਗਲ 'ਚ ਫਾਹਾ ਪਾ ਕੇ ਖੁਦਕੁਸ਼ੀ ਕਰ ਗਿਆ ਸੀ ਤੇ ਉਸਦੀ ਵਿਧਵਾ ਪਤਨੀ ਉਸਦੇ ਛੋਟੇ ਮੁੰਡੇ ਦੇ ਸਿਰ ਰੱਖਣੀ ਪਈ ਸੀ। ਪੁਰਾਣੇ ਬਜੁਰਗ ਕਹਿ ਰਹੇ ਸਨ ਕਿ "ਕਿਉਂ ਦੇਖਿਆ ਪਾਪ ਦੀ ਖੱਟੀ ਦਾ ਅਸਰ। ਲੋਕ ਕਹਿੰਦੇ ਹਨ ਕਿ ਮੱਛੀ ਪੱਥਰ ਚੱਟ ਕੇ ਮੁੜਦੀ ਹੈ ਪਰ ਇਹ ਤਾਂ ਪੱਥਰ ਖਾ ਕੇ ਵੀ ਨਹੀਂ ਮੁੜੇ ਸਮਝੇ। ਏਹੀ ਮੁੰਡਾ ਕੁੜੀ ਦੇ ਮਾਮਲੇ 'ਚ ਕੱਛਾਂ ਵਿੱਚ ਐਲਬਮਾਂ ਲੈ ਕੇ ਥਾਣਿਆਂ 'ਚ ਜਾਂਦਾ ਰਿਹਾ ਹੈ। ਸਹੁਰੇ ਨੇ ਸ਼ਰਮ ਨਹੀਂ ਮੰਨੀ ਕਿ ਅੱਗੇ ਕੀ ਖੱਟ ਲਿਆ। ਅੱਜ ਕੱਲ ਤਾਂ ਕਰ ਭਲਾ ਹੋ ਬੁਰਾ ਦਾ ਸਮਾ ਹੈ। ਏਹੀ ਤਾਂ ਕਲਯੁਗ ਹੈ ਭਾਈ,ਖੂਨ ਸਫੈਦ ਹੋ ਗਏ ਹਨ। ਸਿਆਣੇ ਬਜੁਰਗ ਇਸ ਹੋਈ ਬੀਤੀ ਤੇ ਗੱਲ ਕਰਦੇ। ਸ਼ੇਰਾ ਸਿੰਘ ਦੀ ਬਾਬੇ ਕਿਆਂ ਨਾਲ ਤੇ ਉਸਦਾ ਮੁੰਡਾ ਤੇ ਬਾਬੇ ਦੇ ਮੁੰਡਾ ਇੱਕਠੇ ਪੜ੍ਹਦੇ ਹੋਣ ਕਰਕੇ ਖਾਸ ਹਮਦਰਦੀ ਸੀ। ਇਸ ਹਮਦਰਦੀ ਚੋਂ ਉਹ ਬਾਬੇ ਦੇ ਪੋਤਰਿਆਂ ਨੂੰ ਕੈਨੇਡਾ ਵਿੱਚ ਫੋਨ ਕਰਕੇ ਹੋਏ ਧੱਕੇ ਤੇ ਹਮਦਰਦੀ ਜ਼ਾਹਰ ਕਰਦਾ ਤੇ ਇੱਕ ਦਿਨ ਉਸਨੇ ਫੇਰ ਫੋਨ ਲਗਾ ਲਿਆ ਅੱਗੋਂ ਅਵਾਜ ਆਈ "ਅੰਕਲ ਜੀ ਬੋਲਦੇ ਐ"। "ਹਾਂ ਪੁੱਤਰ ਮੈਂ ਬੋਲਦਾ ਹਾਂ ਜੋ ਤੁਹਾਡੇ ਨਾਲ ਉਖਲੀ ਵਾਲਿਆਂ ਨੇ ਕੀਤੀ ਹੈ ਉਹ ਮੇਰੀ ਹਿੱਕ ਤੇ ਸੱਪ ਵਾਂਗ ਮੇਹਲਦੀ ਐ ਤੁਹਾਡੀ ਤਾਈ ਨੇ ਤੁਹਾਡੇ ਤਾਏ ਨਾਲ ਦੂਜਾ ਵਿਆਹ ਕਰਵਾਇਆ ਹੈ ਪਰ ਉਹ ਇੱਕ ਥਾਂ ਟਿਕੀ ਤਾਂ ਹੈ ਏਹਨੇ ਲਾਗੀਆਂ ਦਾ ਮੁੰਡਾ ਵੀ ਨਹੀਂ ਛੱਡਿਆ ਮੈਨੂੰ ਸਭ ਪਤਾ ਐ"। ਬੱਸ ਰਹਿ ਨਹੀਂ ਹੁੰਦਾ

"ਅੰਕਲ ਜੀ ਅਗਾਂਹ ਨੂੰ ਲਾਏ ਕੰਨਾਂ ਨੂੰ ਹੱਥ ਹੁਣ ਅਜਿਹੀ ਭਲਾਈ ਨਹੀਂ ਕਰਾਂਗੇ" ਪੋਤਰੇ ਨੇ ਜਵਾਬ ਦਿੱਤਾ

"ਹਾਂ ਪੁੱਤਰਾ ਤੁਹਾਨੂੰ ਵੀ ਤਜਰਬੇ 'ਚੋਂ ਸਿੱਖਣ ਚਾਹੀਦਾ ਸੀ ਪਹਿਲ਼ਾਂ ਤੁਹਾਡੇ ਪੜਦਾਦੇ ਨੇ ਜੋ ਦਰਵੇਸ ਬੰਦਾ ਸੀ ਹਰ ਇੱਕ ਦਾ ਭਲਾ ਕੀਤਾ। ਉਸਦੀ ਮੌਤ ਤੋਂ ਬਾਅਦ ਜਦ ਤੇਰਾ ਦਾਦਾ 3-4 ਸਾਲ ਦਾ ਸੀ ਉਹੀ ਲੋਕ ਘਰ ਲੁੱਟ ਕੇ ਲੈ ਗਏ। ਉਹ ਅਕਸਰ ਕਹਿੰਦਾ ਹੁੰਦਾ ਸੀ ਕਿ ਭਾਈ ਇੱਕ ਸਾਧੂ ਛੱਪੜ 'ਚ ਡੁੱਬੇ ਬਿੱਛੂ ਨੂੰ ਕੱਢ ਰਿਹਾ ਸੀ ਉਹ ਉਸਦੇ ਡੰਗ ਮਾਰ ਰਿਹਾ ਸੀ ਕਿਸੇ ਨੇ ਕਿਹਾ ਕਿ ਭਾਈ ਤੂੰ ਏਹ ਦੀ ਜਾਨ ਬਚਾ ਰਿਹਾ ਏਂ ਤੇ ਇਹ ਤੇਰੇ ਡੰਗ ਮਾਰ ਰਿਹਾ ਹੈ ਤਾਂ ਉਸ ਭਲੇ ਬੰਦੇ ਨੇ ਕਿਹਾ ਕਿ ਡੰਗ ਮਾਰਨਾ ਇਹਦਾ ਸੁਭਾਓ ਹੈ ਤੇ ਬਚਾਉਣਾ ਮੇਰਾ ਧਰਮ ਹੈ। ਫਿਰ ਇਸ ਕਹਾਣੀ ਅਨੁਸਾਰ ਬਾਬੇ ਨੇ, ਤੇਰੇ ਤਾਏ ਨੇ, ਤੇਰੀ ਡੈਡੀ ਨੇ ਲੋਕਾਂ ਦੇ ਥੋੜ੍ਹੇ ਕੰਮ ਸੰਵਾਰੇ ਹਨ, ਥੋੜੀ ਭਲਾਈ ਕੀਤੀ ਹੈ ਬਦਲੇ 'ਚ ਕੀ ਮਿਲਿਆ-ਖੁਨਾਮੀ ਸ਼ੇਰਾ ਸਿੰਘ ਨੇ ਕਿਹਾ "ਹਾਂ ਅੰਕਲ ਜੀ ਇਹ ਤਾਂ ਤੁਹਾਡੀ ਗੱਲ਼ ਠੀਕ ਐ-ਲੋਕ ਜਾਂ ਰਿਸ਼ਤੇਦਾਰ ਲੋਭ ਲਾਲਚ ਕਰਕੇ ਹੇਜ਼ ਦਿਖਾਉਦੇ ਰਹੇ ਕੋਈ ਮੇਰੇ ਬਾਬੇ ਦੀ ਮੌਤ ਤੇ ਨਹੀਂ ਗਿਆ ਤੇ ਅਸੀਂ ਬਾਬੇ ਦੀ ਲੋਕ ਭਲਾਈ ਵਾਲੀ ਸੋਚ ਤੇ ਚਲਦੇ ਰਹੇ। ਬਾਬੇ ਦੇ ਪੋਤਰੇ ਨੇ ਜਵਾਬ ਦਿੱਤਾ। ਉੱਖਲ਼ੀ ਵਾਲਿਆ ਦੇ ਜਾਗਰ ਸਿਹੁੰ ਨੇ ਆਪਣੇ ਪੋਤਰੇ ਤੇ ਪੁੱਤਰਾਂ ਨੂੰ ਚਾਂਭ ਚਾਂਭ ਵਿੱਚ ਹੀ ਡਿੱਗੇ ਪਏ ਪੈਸੇ ਮਿਲਣ ਤੇ ਅਕਲ ਦੇ ਦੁਆਰ ਬੰਦ ਹੋਣ ਕਾਰਨ ਘਰ ਦੀ ਕੱਢੀ ਤੱਤੀ ਤੱਤੀ ਸ਼ਰਾਬ ਪੀਣ ਦਾ ਆਦੀ ਬਣਾ ਦਿੱਤਾ ਸੀ। ਜਾਗਰ ਸਿੰਘ ਖੁਦ ਵੀ ਔਖਾ ਹੋ ਕੇ ਮਰਿਆ ਸੀ। ਸੂਗਰ ਹੋਣ ਕਾਰਨ ਹੋਏ ਜਖਮ ਕਾਰਨ ਪਹਿਲਾਂ ਉਸਦਾ ਗਿੱਟਾ ਤੇ ਫੇਰ ਗੋਡਾ ਕੱਟਣਾ ਪਿਆ ਸੀ। ਸਾਲ ਭਰ ਮੰਜੇ ਤੇ ਅੱਡੀਆਂ ਰਗੜ ਰਗੜ ਕੇ ਉਹ ਮਰਿਆ ਸੀ ਤੇ ਲੋਕ ਅਕਸਰ ਕਹਿੰਦੇ ਕਿ ਸਵਰਗ ਨਰਕ ਏਥੇ ਹੀ ਹੈ ਆਪਣੇ ਪਾਪਾਂ ਦੀ ਸਜਾ ਭਰ ਗਿਆ। ਅਜਿਹੇ ਲੋਕਾਂ ਕੋਲ ਅਣਖ ਨਹੀਂ ਹੁੰਦੀ। ਸਿਰਫ ਪੈਸਾ ਹੀ ਮੁੱਖ ਰੱਖਦੇ ਹਨ। ਜੇ ਸਿਆਣੇ ਹੁੰਦੇ ਤਾਂ ਕਨੇਡਾ ਤੋਂ ਆਏ ਵੀਜੇ ਨੂੰ ਦੇਖ ਕੇ ਬਾਬੇ ਕਿਆਂ ਤੋਂ ਪੈਸੇ ਨਾਂ ਲੈਦੇ ਸਗੋਂ ਘਰੋਂ ਓਧਲੀ ਕੁੜੀ ਦੇ ਡੱਕਰੇ ਡੱਕਰੇ ਕਰਦੇ। ਬਾਬੇ ਕੇ ਘਰ ਨੂੰ ਜਿਸਨੇ ਖਾਧਾ ਉਹ ਤੁੱਗਿਆ ਨਹੀਂ ਉਹਨਾਂ ਘਰਾਂ ਨੇ ਉਹ ਚੀਜ ਗੁਆਈ ਹੈ ਜੋ ਪੈਸੇ ਨਾਲ ਤਾਂ ਕੀ ਜਾਨ ਵਾਰ ਕੇ ਵੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਇਹਨਾਂ ਨੇ ਸੌ ਸਾਲ ਬਾਅਦ ਵੀ ਆਪਣੀ ਜਾਤ ਨਹੀਂ ਬਦਲੀ ਪਹਿਲਾਂ ਏਹਨਾਂ ਦੇ ਦਾਦੇ ਪੜਦਾਦੇ ਧੀਆਂ ਦੇ ਪੈਸੇ ਲੈਦੇ ਰਹੇ ਹੁਣ ਜਾਗਰ ਦੇ ਮੁੰਡੇ ਨੇ ਕਿੱਲੇ ਦਾ ਮੁੱਲ਼ ਲੈ ਲਿਆ ਹੈ। ਇਸਨੇ ਤਾਂ ਪਿਓ ਦਾਦੇ ਨੂੰ ਵੀ ਤਾਂ ਪਿੱਛੇ ਛੱਡਤਾ। ਏਹਨਾਂ ਦੇ ਬੁੜੇ ਮਲਕਾ ਦੀ ਮੂਰਤ ਵਾਲੇ ਸਿੱਕਿਆਂ ਨਾਲ ਉਖਲੀਆਂ ਭਰਵਾਉਂਦੇ ਸਨ ਪਰ ਇਸਨੇ ਤਾਂ ਬਾਬੇ ਕਿਆਂ ਤੋਂ ਨੋਟਾਂ ਨਾਲ ਖੂਹ ਭਰਾ ਲਿਆ ਹੈ। ਬਾਬੇ ਕੇ ਪੈਸੇ ਚ ਪਤਾ ਨਹੀਂ ਕੇਹੜੀ ਰੱਬੀ ਸ਼ਕਤੀ ਹੈ। ਜਿਹੜਾ ਇਸਨੂੰ ਠੱਗੀ ਮਾਰਕੇ ਜਾਂ ਚੋਰੀ ਕਰਕੇ ਹਥਿਆ ਲੈਂਦਾ ਹੈ ਉਸਦਾ ਸਭ ਕੁਝ ਰੋੜ ਕੇ ਲੈ ਜਾਂਦੀ ਹੈ। ਪੈਂਤੀ ਸਾਲ ਪਹਿਲਾਂ ਜਿੰਨਾਂ ਨੇ ਬਾਬੇ ਕਿਆ ਤੋਂ ਖੇਤ ਦੀ ਪਹੀ ਦੇ ਪੈਸੇ ਲਏ ਸਨ ਉਹਨਾਂ ਦਾ ਬੁੜਾ ਵੀ ਜਾਗਰ ਵਾਂਗ ਅੱਡੀਆਂ ਰਗੜ ਰਗੜ ਕੇ ਮਰਿਆ ਸੀ ਤੇ ਉਸਦਾ ਵੀ ਗਿੱਟਾ ਤੇ ਲੱਤ ਕੱਟਣੀ ਪਈ ਸੀ। ਫਿਰ ਉਸਦੀ ਮੌਤ ਵੀ ਤੜਫ ਤੜਫ ਕੇ ਹੋਈ ਸੀ। ਇਹ ਸਰਮ ਨਹੀਂ ਮੰਨਦਾ ਕਿ ਧੀ ਉਧਲ਼ ਗਈ ਐ ਅਣਖ ਵਾਲਾ ਹੁੰਦਾ ਤਾਂ ਚੱਪਣੀ 'ਚ ਨੱਕ ਡੁਬੋ ਕੇ ਮਰ ਜਾਂਦਾ ਪਰ ਸਹੁਰਾ ਹਿੱਕ ਤਾਣ ਕੇ ਤੁਰ ਦੈ ਐ ਜਿਵੇ ਬਹਾਦਰੀ ਦੇ ਤਮਗੇ ਲੱਗੇ ਹੋਣ। ਬਜੁਰਗ ਅਕਸਰ ਬੋਹੜ ਥੱਲ਼ੇ ਗੱਲ਼ਾਂ ਕਰਦੇ "ਤਾਇਆ ਥੋਨੂੰ ਪਤਾ ਨਹੀ ਦੀਵਾਲੀ ਵਾਲੀ ਰਾਤ ਜਾਗਰ ਦਾ ਪੋਤਰਾ ਤੱਤੀ ਸਰਾਬ ਪੀ ਗਿਆ ਅਤੇ ਫਿਰ ਡੀ.ਐਮ.ਸੀ ਲੈ ਕੇ ਗਏ"। ਬੰਤ ਸਿੰਘ ਨੇ ਕਿਹਾ "ਯਾਰ ਇਹ ਕਿਹੜਾ ਪਹਿਲੀ ਵਾਰ ਹੋਇਆ ਘਰੇ ਹਰਾਮ ਦੇ ਪੈਸੇ ਆਏ ਹੋਏ ਆ ਮੁੰਡਾ ਸ਼ਰਾਬ ਦੇ ਮੂੰਹ ਉਡਾ ਰਿਹਾ ਹੈ। ਕਈ ਵਾਰੀ ਲੁਧਿਆਣੇ ਦਾਖਲ ਹੋਇਆ ਡਾਕਟਰ ਕਹਿੰਦੇ ਸ਼ਰਾਬ ਛੱਡਦੇ ਨਹੀਂ ਤਾਂ ਸਾਡੇ ਹੱਥ ਖੜ੍ਹੇ ਆ"। ਉੱਥੇ ਇਹ ਦਵਾਈ ਖਾ ਕੇ ਹਾਂ ਕਹਿ ਆਉਦਾ ਹੈ ਪਿੰਡ ਆ ਕੇ ਫਿਰ ਸ਼ੁਰੂ ਹੋ ਜਾਂਦਾ ਹੈ। ਹੁਣ ਤਾ ਰੋਟੀ ਨਹੀਂ ਖਾਧਾ ਸਗੋਂ ਸਰਾਬ ਪੀਦਾਂ ਹੈ "ਅਜੇ ਇਹ ਗੱਲ ਬੰਤ ਸਿੰਘ ਨੇ ਪੂਰੀ ਨਹੀਂ ਸੀ ਕੀਤੀ ਕਿ ਗੁਰਦੁਆਰੇ ਦੇ ਸਪੀਕਰ ਤੇ ਠੱਕ ਠੱਕ ਹੋਈ "ਸੁਣੋ ਵੀ ਸੁਣੋਂ ਭਾਈ ਜੀ ਕੀ ਕਹਿੰਦੈ" ਕਿਸੇ ਨੇ ਸਪੀਕਰ ਵੱਲ ਕੰਨ ਕਰਦਿਆ ਕਿਹਾ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਸਾਰੇ ਨਗਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਾਗਰ ਸਿੰਘ ਜਿੰਨਾਂ ਨੂੰ ਉਖਲੀ ਵਾਲੇ ਕਹਿੰਦੇ ਹਨ ਉਹਨਾਂ ਦਾ ਪੋਤਰਾ ਭਰ ਜਵਾਨੀ ਵਿੱਚ ॥ ਘੱਲੇ ਆਵਹਿ ਨਾਨਕਾ ਸੱਦੇ ਉਠਿ ਜਾਇ ॥ ਮਹਾਂਵਾਕ ਅਨੁਸਾਰ ਇਸ ਸੰਸਾਰ ਤੋਂ ਚੱਲ ਵੱਸੇ ਹਨ। 4 ਵਜੇ ਉਸਦਾ ਸੰਸਕਾਰ ਐ ਸਭ ਨੂੰ ਬੇਨਤੀ ਹੈ ਕਿ ਭਾਈ ਉਹਨਾਂ ਦੇ ਘਰ ਜਾ ਕੇ ਸੰਸਕਾਰ ਵਿੱਚ ਸ਼ਾਮਿਲ ਹੋਵੋ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ "ਉਹੀ ਗੱਲ ਹੋਈ ਨਾਂ ਜੀਹਦਾ ਡਰ ਸੀ ਸੋਹਰੇ ਨੂੰ ਸ਼ਰਾਬ ਨਹੀ ਛੱਡੀ ਭਰ ਜਵਾਨੀ ਵਿੱਚ ਹੀ ਦੁਨੀਆਂ ਛੱਡ ਤੀ" ਕਿਸੇ ਨੇ ਹੋਕਾ ਸੁਣ ਕੇ ਕਿਹਾ ਭਾਈ ਜੀ ਤੂੰ ਇਹ ਵੀ ਕਹਿ ਦਿੰਦਾ ਕਿ "ਸੋਹਰਿਆ ਜੀਹਦੀ ਖਾਤਰ 20 ਲੱਖ ਲਿਆ ਉਹ ਕਿਹੜਾ ਹਿੱਕ ਤੇ ਧਰ ਕੇ ਲੈ ਗਿਆ ਤੁਹਾਡੀਆਂ ਤਾਂ ਉਖਲੀਆਂ ਹੀ ਤੁਹਾਡੇ ਖਾਨਦਾਨ ਦੀ ਕਬਰ ਬਣ ਗਈਆਂ। ਅਜੇ ਤਾਂ ਬਾਬੇ ਕਿਆਂ ਤੋਂ 20 ਲੱਖ ਨਜਾਇਜ਼ ਲਏ ਨੂੰ ਸਾਲ ਵੀ ਨਹੀ ਹੋਇਆ ਪਰਤਿਆਵਾ ਪਿੰਡ ਦੇ ਸਾਹਮਣੇ ਐ। ਪਰ ਇਹਨਾਂ ਨੇ ਤਾਂ ਬਾਬੇ ਨਾਨਕ ਦੀ ਬਾਣੀ ਵੀ ਭੁਲਾ ਦਿੱਤੀ ਕਿ ਇਹ ਮਾਇਆ ਪਾਪਾ ਬਾਝੋਂ ਇਕੱਠੀ ਨਹੀ ਹੁੰਦੀ ਤੇ ਮਰਿਆ ਦੇ ਨਾਲ ਨਹੀਂ ਜਾਂਦੀ ਨਾਲੇ ਭਾਈ ਖੱਫਣ ਦੇ ਜੇਬਾ ਨਹੀ ਲੱਗੀਆਂ ਹੁੰਦੀਆਂ ਬੰਤ ਸਿੰਘ ਨੇ ਕਿਹਾ "ਜਦ ਇਹਦਾ ਪਿਓ ਜਹਾਨ ਛੱਡ ਗਿਆ ਤਾਂ ਉਹ ਕਿਹੜਾ ਖੱਫਣ ਨੂੰ ਜੇਬਾ ਲਾ ਕੇ ਲੈਜੂ"। ਕਿਸੇ ਨੇ ਜਾਗਰ ਦੇ ਮੁੰਡੇ ਬਾਰੇ ਕਿਹਾ "ਛੱਡੋ ਯਾਰੋ ਹੁਣ ਇਹ ਗੱਲ਼ਾਂ ਕਰਨ ਦਾ ਕੀ ਫਾਇਦਾ ਜਿਹੜਾਂ ਤੁਰ ਗਿਆ ਉਹਦੇ ਨਾਲ ਕਾਹਦਾ ਗੁੱਸਾ ਉਹ ਭਰ ਜਵਾਨੀ ਉਮਰੇ ਜਹਾਨੋਂ ਵੰਝਾ ਤੁਰ ਗਿਆ। ਸੰਸਕਾਰ ਤੇ ਤਾਂ ਜਾਣਾ ਹੀ ਪੈਣਾ ਹੈ। ਕੀ ਖਿਆਲ ਐ"। ਬਾਬੇ ਹਰਨਾਮ ਸਿੰਘ ਦੀ ਗੱਲ਼ ਸੁਣ ਕੇ ਉਹ ਦੁਚਿੱਤੀ ਵਿੱਚ ਖੜ੍ਹੇ ਹੋ ਗਏ।

# ਜਨਤਕ ਹਿਤਾਂ ਲਈ ਸੰਘਰਸ਼ਸ਼ੀਲ ਰਹਿਣ ਵਾਲੇ ਬਾਬਾ ਗੇਂਦਾ ਸਿੰਘ ਦੌਧਰ

ਡਾ. ਗੁਰਦੇਵ ਸਿੰਘ ਸਿੱਧੂ



ਜੀਵਨ ਭਰ ਜਨਤਕ ਹਿਤਾਂ ਦੀ ਰੱਖਿਆ ਲਈ ਸੰਘਰਸ਼ਸ਼ੀਲ ਰਹਿਣ ਵਾਲੇ ਬਾਬਾ ਗੇਂਦਾ ਸਿੰਘ ਦਾ ਜਨਮ 1888 ਈਸਵੀ ਦੌਰਾਨ ਪਿੰਡ ਦੌਧਰ ਜ਼ਿਲ੍ਹਾ ਫਿਰੋਜ਼ਪੁਰ (ਹੁਣ ਜ਼ਿਲ੍ਹਾ ਮੋਗਾ) ਵਿੱਚ ਪਿਤਾ ਬੁੱਧ ਸਿੰਘ ਤੇ ਮਾਤਾ ਸ਼ਾਮ ਕੌਰ ਘਰ ਹੋਇਆ। ਉਨ੍ਹਾਂ ਦਾ ਬਚਪਨ ਪਿੰਡ ਵਿੱਚ ਹੀ ਬੀਤਿਆ। ਗ਼ੈਰ-ਕਾਸ਼ਤਕਾਰ ਪਰਿਵਾਰ ਵਿੱਚੋਂ ਹੋਣ ਕਾਰਨ ਉਦਰ ਪੂਰਤੀ ਦਾ ਕੋਈ ਵਿਸ਼ੇਸ਼ ਸਾਧਨ ਨਹੀਂ ਸੀ, ਫਲਸਰੂਪ ਗੱਭਰੂ ਹੋਣ ਉੱਤੇ ਉਹ ਦੇਸ਼ ਵਿੱਚ ਵਿਆਪਕ ਮੰਦਵਾੜੇ ਤੋਂ ਬਚਣ ਵਾਸਤੇ ਰੁਜ਼ਗਾਰ ਦੀ ਭਾਲ ਵਿੱਚ ਮਲਾਇਆ ਚਲੇ ਗਏ। ਇੱਥੇ ਰਹਿੰਦਿਆਂ ਹੀ ਗ਼ਦਰੀਆਂ ਨਾਲ ਮੇਲ-ਜੋਲ ਹੋਣ 'ਤੇ ਉਨ੍ਹਾਂ ਦੇ ਮਨ ਵਿੱਚ ਦੇਸ਼ ਪਿਆਰ ਦੀ ਚਿਣਗ ਮਘੀ, ਜੋ ਸਹਿਜੇ ਸਹਿਜੇ ਭਾਂਬੜ ਦਾ ਰੂਪ ਧਾਰਨ ਕਰ ਗਈ ਅਤੇ ਉਹ ਗ਼ਦਰ ਪਾਰਟੀ ਦੇ ਸਹਿਯੋਗੀ ਬਣ ਗਏ। ਉਨ੍ਹਾਂ ਨੂੰ ਪਹਿਲੀ ਸੰਸਾਰ ਜੰਗ ਸਮੇਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਰਿਹਾਈ ਪਿੱਛੋਂ ਘਰ ਵਾਲਿਆਂ ਨੇ ਉਨ੍ਹਾਂ ਨੂੰ ਪਿੰਡ ਲੈ ਆਂਦਾ।

ਦਿਲ ਵਿਚਲੀ ਦੇਸ਼ ਪਿਆਰ ਦੀ ਤੜਪ ਨੇ ਉਨ੍ਹਾਂ ਨੂੰ ਬਹੁਤਾ ਸਮਾਂ ਘਰੋਗੀ ਰੁਝੇਵਿਆਂ ਵਿੱਚ ਫਸਣ ਨਾ ਦਿੱਤਾ। ਫਲਸਰੂਪ ਉਹ ਛੇਤੀ ਹੀ ਕਲਕੱਤੇ ਚਲੇ ਗਏ। ਪਹਿਲਾਂ ਉਹ ਕਾਂਗਰਸ ਪਾਰਟੀ ਵੱਲੋਂ ਆਰੰਭੀ ਸਵਦੇਸ਼ੀ ਲਹਿਰ ਵਿੱਚ ਦਿਲਚਸਪੀ ਲੈਂਦੇ ਰਹੇ ਅਤੇ 1921 ਵਿੱਚ ਪ੍ਰਿੰਸ ਆਫ ਵੇਲਜ਼ ਦੇ ਭਾਰਤ ਦੌਰੇ ਸਮੇਂ ਕਲਕੱਤੇ ਵਿੱਚ ਹੋਈ ਹੜਤਾਲ ਅਤੇ ਰੋਸ ਪਰਦਰਸ਼ਨਾਂ ਵਿੱਚ ਉਨ੍ਹਾਂ ਨੇ ਉੱਘਾ ਹਿੱਸਾ ਲਿਆ ਜਿਸ ਕਾਰਨ ਜੇਲ੍ਹ ਯਾਤਰਾ ਵੀ ਕਰਨੀ ਪਈ। ਕਲਕੱਤੇ ਰਹਿੰਦਿਆਂ ਹੀ ਭਾਈ ਰਤਨ ਸਿੰਘ ਦੀ ਸੰਗਤ ਵਿੱਚੋਂ ਉਨ੍ਹਾਂ ਨੂੰ ਸਮਾਜਵਾਦ ਦੀ ਗੁੜ੍ਹਤੀ ਮਿਲੀ ਤਾਂ ਉਨ੍ਹਾਂ ਨੇ ਕਿਰਤੀ ਦਲ, ਬੰਗਾਲ ਦੇ ਝੰਡੇ ਹੇਠ ਮਜ਼ਦੂਰ ਸੰਗਠਨਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਦਲ ਵੱਲੋਂ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਵਾਸਤੇ 'ਸਾਂਝੀਵਾਲਤਾ' ਨਾਂ ਦਾ ਪੱਤਰ ਵੀ ਪ੍ਰਕਾਸ਼ਿਤ ਕੀਤਾ ਜਾਂਦਾ ਰਿਹਾ। ਕਿਰਤੀ ਦਲ ਵੱਲੋਂ ਕਲਕੱਤੇ ਵਿੱਚ ਕਈ ਕਾਨਫਰੰਸਾਂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਦੇਸ਼ ਦੇ ਪ੍ਰਸਿੱਧ ਕਮਿਊਨਿਸਟ ਆਗੂਆਂ ਨੇ ਸ਼ਮੂਲੀਅਤ ਕੀਤੀ। ਕਲਕੱਤੇ ਦੇ ਮਜ਼ਦੂਰਾਂ ਵਿੱਚ ਕੰਮ ਕਰਦਿਆਂ ਉਨ੍ਹਾਂ ਨੂੰ ਕਈ ਵਾਰ ਜੇਲ੍ਹ ਯਾਤਰਾ ਕਰਨੀ ਪਈ। ਅੰਤਲੀ ਵਾਰ ਉਨ੍ਹਾਂ ਨੂੰ ਪੰਡਿਤ ਨਹਿਰੂ ਦੇ ਨਾਲ 1930 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਡੇਢ ਸਾਲ ਕੈਦ ਦੀ ਸਜ਼ਾ ਹੋਈ। ਕੈਦ ਪੂਰੀ ਹੋਣ 'ਤੇ ਬੰਗਾਲ ਸਰਕਾਰ ਨੇ ਉਨ੍ਹਾਂ ਨੂੰ ਬੰਗਾਲ ਵਿੱਚੋਂ ਨਿਕਲ ਜਾਣ ਦਾ ਹੁਕਮ ਸੁਣਾਇਆ ਤਾਂ ਉਹ ਮੁੜ ਕੇ ਆਪਣੇ ਪਿੰਡ ਦੌਧਰ ਆ ਗਏ ਪਰ ਇੱਥੇ ਪੁਲੀਸ ਦੁਆਰਾ ਉਨ੍ਹਾਂ ਦੀ ਨਿਗਰਾਨੀ ਰੱਖੀ ਜਾਂਦੀ ਰਹੀ। ਪਿੰਡ ਆ ਕੇ ਉਨ੍ਹਾਂ ਨੇ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਕਿਰਤੀ ਕਿਸਾਨ ਪਾਰਟੀ ਬਣਾਈ, ਪਰ ਉਹ ਛੇਤੀ ਹੀ ਮੁੜ ਕਲਕੱਤੇ ਚਲੇ ਗਏ। 1932 ਦੇ ਮਈ ਦਿਵਸ ਮੌਕੇ ਕਲਕੱਤਾ ਪੁਲੀਸ ਨੇ ਇੱਕ ਵਾਰ ਫਿਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਸਾਲ 1933 ਵਿੱਚ ਪੰਜਾਬ 'ਚ ਪਏ ਭਾਰੇ ਮੀਂਹ ਕਾਰਨ ਉਨ੍ਹਾਂ ਦਾ ਜੱਦੀ ਘਰ ਢਹਿ ਗਿਆ ਤਾਂ ਮਜਬੂਰਨ ਉਨ੍ਹਾਂ ਨੂੰ ਮੁੜ ਪਿੰਡ ਆਉਣਾ ਪਿਆ ਤਾਂ ਉਨ੍ਹਾਂ ਮੁੜ ਕਿਰਤੀ ਕਿਸਾਨ ਪਾਰਟੀ ਵਿੱਚ ਕੰਮ ਕਰਨਾ ਸ਼ੁਰੂ ਕੀਤਾ। 1937 ਦੀਆਂ ਅਸੈਂਬਲੀ ਚੋਣਾਂ ਦੌਰਾਨ ਕਿਰਤੀ ਕਿਸਾਨ ਪਾਰਟੀ ਨੇ ਫ਼ਿਰੋਜ਼ਪੁਰ ਤੋਂ ਬਾਬਾ ਰੂੜ ਸਿੰਘ ਚੂਹੜਚੱਕ ਨੂੰ ਆਪਣਾ ਨੁਮਾਇੰਦਾ ਬਣਾਇਆ ਅਤੇ ਬਾਬਾ ਗੇਂਦਾ ਸਿੰਘ ਨੂੰ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਬਣਾਇਆ। ਬਾਬਾ ਰੂੜ ਸਿੰਗ ਦੀ ਬਿਨਾਂ ਮੁਕਾਬਲਾ ਜਿੱਤ ਵਿੱਚ ਬਾਬਾ ਗੇਂਦਾ ਸਿੰਘ ਦਾ ਮਹੱਤਵਪੂਰਨ ਯੋਗਦਾਨ ਰਿਹਾ।

1939 ਵਿੱਚ ਰਿਆਸਤ ਕਲਸੀਆ ਦੇ ਨਗਰ ਚੜਿੱਕ ਵਿੱਚ ਲੱਗੇ ਕਿਸਾਨ ਮੋਰਚੇ 'ਚ ਉਨ੍ਹਾਂ ਨੇ ਮੋਹਰੀਆਂ ਵਾਲਾ ਰੋਲ ਨਿਭਾਇਆ। ਸਿੱਟੇ ਵਜੋਂ ਉਨ੍ਹਾਂ ਨੂੰ ਗ੍ਰਿਫ਼ਤਾਰੀ ਉਪਰੰਤ ਲਾਹੌਰ ਦੇ ਕਿਲ੍ਹੇ ਵਿੱਚ ਲਿਜਾ ਕੇ ਘੋਰ ਤਸੀਹੇ ਦਿੱਤੇ ਗਏ ਪਰ ਉਹ ਆਪਣੇ ਰਾਹ ਉੱਤੇ ਅਡਿੱਗ ਰਹੇ। 1941 ਵਿੱਚ ਕਿਸਾਨ ਸਭਾ ਦੇ ਆਗੂਆਂ ਉੱਤੇ ਆਤੰਕ ਦਾ ਦੌਰ ਸ਼ੁਰੂ ਹੋਇਆ ਤਾਂ ਇਸ ਬਿਖੜੇ ਸਮੇਂ ਉਨ੍ਹਾਂ ਨੇ ਕਿਸਾਨ ਸਭਾ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੰਭਾਲੀ। ਫਲਸਰੂਪ ਉਨ੍ਹਾਂ ਨੂੰ ਇੱਕ ਵਾਰ ਫਿਰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ। ਇਸ ਸਮੇਂ ਉਹ ਡੇਢ ਸਾਲ ਜੇਲ੍ਹ ਵਿੱਚ ਰਹੇ।

1941 ਵਿੱਚ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਮੋਗੇ ਨੇੜੇ ਫਤਿਹਗੜ੍ਹ ਕੋਰੋਟਾਨਾ ਪਿੰਡ ਵਿੱਚ ਕਿਸਾਨ ਸਭਾ ਦੀ ਕਾਨਫਰੰਸ ਕਰਵਾਉਣ ਦਾ ਫ਼ੈਸਲਾ ਹੋਇਆ। ਇਹ ਇਲਾਕਾ ਬਾਬਾ ਗੇਂਦਾ ਸਿੰਘ ਦਾ ਹੋਣ ਕਾਰਨ ਕਾਨਫਰੰਸ ਦੀ ਸਫ਼ਲਤਾ ਦਾ ਬਹੁਤਾ ਬੋਝ ਉਨ੍ਹਾਂ ਦੇ ਮੋਢਿਆਂ ਉੱਤੇ ਹੀ ਸੀ ਪਰ ਪੁਲੀਸ ਦਾ ਯਤਨ ਸੀ ਕਿ ਕਿਸੇ ਵੀ ਤਰ੍ਹਾਂ ਇਹ ਕਾਨਫਰੰਸ ਨਾ ਹੋਣ ਦਿੱਤੀ ਜਾਵੇ। ਇਸ ਲਈ ਇੱਕ ਵਾਰ ਫਿਰ ਉਨ੍ਹਾਂ ਨੂੰ ਜੇਲ੍ਹ ਦੀ ਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ।

ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਬਣੀ ਤਾਂ ਬਾਬਾ ਗੇਂਦਾ ਸਿੰਘ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ। 1946 ਵਿੱਚ ਮੋਗੇ ਤੋਂ ਅਸੈਂਬਲੀ ਦੀ ਜ਼ਿਮਨੀ ਚੋਣ ਵਿੱਚ ਉਨ੍ਹਾਂ ਬਾਬਾ ਨਿਧਾਨ ਸਿੰਘ ਮਹੇਸਰੀ ਲਈ ਜਾਨ ਤੋੜ ਕੰਮ ਕੀਤਾ ਭਾਵੇਂ ਇਸ ਵਾਰ ਸਫ਼ਲਤਾ ਨਾ ਮਿਲੀ ਪਰ ਆਜ਼ਾਦੀ ਉਪਰੰਤ 1952 ਵਿੱਚ ਹੋਈਆਂ ਆਮ ਚੋਣਾਂ ਦੌਰਾਨ ਬਾਬਾ ਨਿਧਾਨ ਸਿੰਘ ਮਹੇਸਰੀ ਨਿਹਾਲ ਸਿੰਘ ਵਾਲਾ ਹਲਕੇ ਤੋਂ ਅਸੈਂਬਲੀ ਮੈਂਬਰ ਚੁਣੇ ਗਏ।

ਸੁਤੰਤਰਤਾ ਪ੍ਰਾਪਤੀ ਉਪਰੰਤ ਕਮਿਊਨਿਸਟਾਂ ਦੀ ਫੜੋ-ਫੜੀ ਸ਼ੁਰੂ ਹੋਈ ਤਾਂ ਬਾਬਾ ਗੇਂਦਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਮੇਂ ਉਨ੍ਹਾਂ ਨੇ ਚਾਰ ਸਾਲ ਆਜ਼ਾਦ ਭਾਰਤ ਦੀ ਜੇਲ੍ਹ ਵਿੱਚ ਗੁਜ਼ਾਰੇ। ਜੇਲ੍ਹ ਤੋਂ ਰਿਹਾਈ ਉਪਰੰਤ ਵੀ ਉਹ ਲਗਪਗ ਸਾਢੇ ਤਿੰਨ ਦਹਾਕੇ ਜਨਤਕ ਘੋਲਾਂ ਵਿੱਚ ਸਰਗਰਮ ਭਾਗ ਲੈਂਦੇ ਰਹੇ। ਅੰਤ ਜਨਹਿਤੂ ਸ਼ਕਤੀਆਂ ਦੀ ਚੜ੍ਹਤ ਦੀ ਆਸ ਮਨ ਵਿੱਚ ਲੈ ਕੇ ਉਹ ਆਪਣੇ ਪਿੰਡ ਵਿੱਚ ਹੀ 12 ਦਸੰਬਰ 1982 ਨੂੰ ਚੜ੍ਹਾਈ ਕਰ ਗਏ। ਉਨ੍ਹਾਂ ਦੇ ਸ਼ੋਕ ਸਮਾਗਮ ਵਿੱਚ ਪੰਡਤ ਕਿਸ਼ੋਰੀ ਲਾਲ, ਬਾਬਾ ਭਗਤ ਸਿੰਘ ਬਿਲਗਾ, ਸੁਸ਼ੀਲਾ ਚੈਨ ਅਤੇ ਹੋਰ ਆਗੂਆਂ ਨੇ ਸ਼ਾਮਲ ਹੋ ਕੇ ਕਮਿਊਨਿਸਟ ਲਹਿਰ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦਿੱਤੀ।

ਬਾਬਾ ਜੀ ਨੂੰ ਕਿਸੇ ਵਿਅਕਤੀ ਦੇ ਸ਼ਖਸੀ ਗੁਣਾਂ ਦੀ ਪਛਾਣ ਕਰਨ ਦੀ ਡੂੰਘੀ ਸੂਝ ਸੀ ਇਸ ਦਾ ਪ੍ਰਮਾਣ ਇਸ ਤੱਥ ਤੋਂ ਮਿਲਦਾ ਹੈ ਕਿ ਬਾਬਾ ਜੀ ਵੱਲੋਂ ਪਿੰਡ ਵਿੱਚ ਗਠਿਤ ਕੀਤੀ ਨੌਜਵਾਨ ਸਭਾ ਦਾ ਪ੍ਰਧਾਨ ਜਿਸ ਨੌਜਵਾਨ ਸੁਖਦੇਵ ਸਿੰਘ ਨੂੰ ਥਾਪਿਆ ਗਿਆ, ਉਹ ਅਗੋਂ ਜਾ ਕੇ ਪਹਿਲਾਂ ਵਿਦਿਆਰਥੀ ਲਹਿਰ ਦਾ ਸਰਕਰਦਾ ਆਗੂ ਅਤੇ ਪਿੱਛੋਂ ਸੁਖਦੇਵ ਸਿੰਘ ਸਰਸਾ ਦੇ ਨਾਉਂ ਨਾਲ ਪ੍ਰਾਈਵੇਟ ਕਾਲਜ ਅਧਿਆਪਕ ਜਥੇਬੰਦੀ ਵਿੱਚ ਮੋਹਰੀ ਬਣਿਆ ਅਤੇ ਵਰਤਮਾਨ ਸਮੇਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾ ਰਿਹਾ ਹੈ। ਸੰਪਰਕ: 94170-49417



ਬਲਜਿੰਦਰ ਸੰਘਾ ਕੈਨੇਡਾ ਦੇ ਸ਼ਹਿਰ ਕੈਲਗਰੀ ਦਾ ਇੱਕ ਅਗਾਂਹਵਧੂ ਸੋਚ ਦਾ ਲੇਖਕ ਹੈ। ਜਿਸ ਉਮਰ ਵਿਚ ਨਵੇਂ ਕਵੀ ਰੁਮਾਂਟਿਕ ਕਵਿਤਾ ਲਿਖਦੇ ਹਨ ਉਸ ਉਮਰ ਵਿਚ ਇਸਨੇ ਯਥਾਰਥਵਾਦੀ ਅਤੇ ਅਗਾਂਹਵਧੂ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਉਹਨਾਂ ਦੀ ਪਹਿਲੀ ਕਿਤਾਬ 'ਕਵਿਤਾ ਮੈਨੂੰ ਮੁਆਫ਼ ਕਰੀਂ' ਇਸਦਾ ਪ੍ਰਤੱਖ ਪ੍ਰਮਾਣ ਹੈ। ਦੂਸਰੀ ਅਲੋਚਨਾ ਦੀ ਪੁਸਤਕ 'ਪੰਜਾਬੀ ਸਾਹਿਤ ਪਰਖ ਤੇ ਪੜਚੋਲ' ਉਸਦੀ ਪੰਜਾਬੀ ਸਾਹਿਤ ਪ੍ਰਤੀ ਸਮਝ ਅਤੇ ਡੂੰਘੀ ਸੋਚ ਦਾ ਸਬੂਤ ਹੈ। ਉਸਦੇ ਘਰ ਵਿਚ ਕਿਤਾਬਾਂ ਇਸ ਤਰਾਂ ਹਰ ਕੋਨੇ ਵਿਚ ਮਿਲਦੀਆਂ ਹਨ ਜਿਵੇਂ ਇਕ ਸ਼ਰਾਬੀ ਦੇ ਘਰ ਵਿਚ ਸ਼ਰਾਬ ਦੀਆਂ ਬੋਤਲਾਂ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਹਨਾਂ ਕੁ ਸਮਾਂ ਉਹ ਕੈਨੇਡਾ ਦੀ ਭੱਜ-ਦੌੜ ਦੀ ਜ਼ਿੰਦਗੀ ਵਿਚ ਡਾਲਰ ਕਮਾਉਣ ਤੇ ਲਾਉਂਦਾ ਹੋਵੇਗਾ ਉਸਤੋਂ ਕਿਤੇ ਵੱਧ ਸਮਾਂ ਉਹ ਸਾਹਿਤ ਪੜ੍ਹਨ ਵਿਚ ਲਾਉਂਦਾ ਹੈ। ਕੈਲਗਰੀ, ਕੈਨੇਡਾ ਦੀਆਂ ਸਭ ਸਾਹਿਤਕ ਅਤੇ ਸਮਾਜਿਕ ਗਤੀਵਿਧੀਆਂ ਵਿਚ ਉਹ ਉਸ ਸਮੇਂ ਤੋਂ ਹਿੱਸਾ ਲੈਂਦਾ ਹੈ ਜਦੋਂ ਨਵੇਂ ਆਏ ਸਭ ਆਪਣੇ-ਆਪ ਨੂੰ ਡਾਲਰ ਕਮਾਉਣ ਦੀ ਮਸ਼ੀਨ ਵਿਚ ਢਾਲ ਲੈਂਦੇ ਹਨ। ਮੈਨੂੰ ਉਸਤੋਂ ਕਾਫ਼ੀ ਵੱਡੀਆਂ ਆਸਾਂ ਹਨ-**ਹਰੀਪਾਲ**

## ਮਜ਼ਦੂਰ

ਅਸੀਂ 'ਸਨ ਬਾਥ' ਨਹੀਂ ਕਰਦੇ
ਬਲਕਿ
ਹਰ ਸਮੇਂ ਕੰਮ ਕਰਦਿਆਂ
ਧੁੱਪ ਤੋਂ ਬਚਣ ਲਈ
ਸਾਡੇ ਪਾਟੇ ਕੁੜਤੇ 'ਤੇ
ਇਕ ਟਾਕੀ ਹੋਰ ਵਧ ਜਾਂਦੀ ਹੈ।

ਸਾਡੇ 'ਬਲੱਡ ਪਰੈਸ਼ਰ' ਕਦੇ ਵੀ
ਹਾਈ ਨਹੀਂ ਹੁੰਦੇ
ਬਲਕਿ
'ਪਿੱਤ ਦੇ ਫੋੜੇ' ਹੀ
ਨਿਕਲਦੇ ਹਨ,
ਜੋ ਮੱਛੀ ਦੇ ਪੱਥਰ ਨਾਲ
ਟਕਰਾਉਣ ਵਾਂਗ
ਆਪਣੇ-ਆਪ ਹਰ ਜਾਂਦੇ ਨੇ।

ਸਾਡੇ ਬੱਚੇ 'ਵੀਡੀਓ ਗੇਮ, ਨਹੀਂ
ਬਲਕਿ
ਭੁੱਖ ਨਾਲ ਖੇਡਦੇ ਹਨ
'ਤੇ ਇਸੇ ਖੇਡ ਰਹੇ ਹਨ
ਕਈ ਸਦੀਆਂ ਬੀਤ ਗਈਆਂ ਨੇ

ਸਾਡੇ ਘਰਾਂ ਵਿਚ 'ਫੈਮਲੀ ਡਾਕਟਰ'
ਨਹੀਂ ਆਉਂਦੇ
ਹਰ ਹਫ਼ਤੇ 'ਹਾਰਟ ਬੀਟ' ਚੈਕ ਕਰਨ ਲਈ
ਬਲਕਿ
ਪੰਜ ਸਾਲਾਂ ਬਾਅਦ
ਮੰਗਤੇ ਆਉਂਦੇ ਨੇ
'ਤੇ ਵੋਟਾਂ ਲੈ ਕੇ
ਵਾਪਸ ਚਲੇ ਜਾਂਦੇ ਨੇ।

ਅਸੀਂ 'ਬਲੈਕ ਮਨੀ' ਨਾਲ
ਐਸ਼ ਨਹੀਂ ਕਰਦੇ
ਬਲਕਿ
ਮਾਣ ਮਹਿਸੂਸ ਕਦੇ ਹਾਂ
ਆਪਣੇ ਹੱਥਾਂ 'ਤੇ
ਜੋ ਕਰਦੇ ਨੇ ਸੱਚੀ-ਸੁੱਚੀ ਕਿਰਤ
ਬਾਬੇ ਨਾਨਕ ਵਾਲੀ ਕਿਰਤ
ਮੀਡੀਆ
ਦੰਗੇ ਹੁੰਦੇ ਰਹਿੰਦੇ ਨੇ
ਖ਼ਬਰਾਂ ਸੁਣਦੇ ਹਾਂ
ਖ਼ਬਰਾਂ ਪੜ੍ਹਦੇ ਹਾਂ
ਹਰ ਇਕ
ਦੂਸਰੇ ਤੋਂ
ਵਧ-ਚੜ੍ਹ ਕੇ ਆਖਦਾ ਹੈ
ਕਿ ਮੁਸਲਮਾਨਾਂ ਨੇ ਹਿੰਦੂ
ਮਾਰ ਦਿੱਤੇ
ਕਿ
ਹਿੰਦੂਆਂ ਨੇ ਮੁਸਲਮਾਨ ਮਾਰ ਦਿੱਤੇ
ਕਿ
ਸਿੱਖਾਂ ਨੇ ਹਿੰਦੂ ਮਾਰ ਦਿੱਤੇ
ਕਿ
ਹਿੰਦੂਆਂ ਨੇ ਸਿੱਖ ਮਾਰ ਦਿੱਤੇ
ਪਰ
ਕੋਈ ਨਹੀਂ ਕਹਿੰਦਾ
ਕਿ ਮਨੁੱਖਾਂ ਨੇ ਮਨੁੱਖ
ਮਾਰ ਦਿੱਤੇ
'ਤੇ ਸ਼ਾਇਦ ਇਸੇ ਕਰਕੇ
ਦੰਗੇ ਹੁੰਦੇ ਰਹਿੰਦੇ ਨੇ...

ਡਰੱਗ ਡੀਲਰਾਂ ਦੇ ਨਾਂ
ਜਿਸ ਤਰ੍ਹਾਂ
ਨਕਲਾਂ ਮਾਰ ਕੇ
ਕੀਤੀ ਪੜ੍ਹਾਈ
ਪੜ੍ਹਾਈ ਨਹੀਂ ਹੁੰਦੀ।
ਉਸੇ ਤਰ੍ਹਾਂ
ਜ਼ਿੰਦਗੀਆਂ
ਗਾਲ ਕੇ ਕੀਤੀ ਕਮਾਈ
ਕਮਾਈ ਨਹੀਂ ਹੁੰਦੀ।
ਕਿਸੇ ਮਾਂ ਦੇ
ਇਕਲੌਤੇ ਪੁੱਤ ਨੂੰ
ਗੁੰਮਰਾਹ ਕਰਕੇ
ਨਸ਼ੇ ਤੇ ਲਾ ਦੇਣਾ।
ਤੇ ਉਸਨੂੰ
ਇਸ ਦਾ ਗੁਲਾਮ ਬਣਾਕੇ
ਹਰ
ਜ਼ਿੰਦਗੀਆਂ ਤਬਾਹ ਕਰਨਾ।
ਇਕ ਇਨਸਾਨ ਦਾ ਕੰਮ
ਨਹੀਂ ਹੋ ਸਕਦਾ।
ਤੁਹਾਡੇ ਨਾਲੋਂ ਤਾਂ
ਉਹ ਸਿਖ਼ਰ ਦੁਪਹਿਰੇ
ਬੱਜਰੀ ਕੁੱਟਦੀਆਂ
ਪੈਰਾਂ ਤੋਂ ਨੰਗੀਆਂ
ਬਜ਼ੁਰਗ ਔਰਤਾਂ ਚੰਗੀਆ ਨੇ।
ਜੋ ਸਿਰਫ਼
ਢਿੱਡ ਭਰਨ ਜੋਗੇ ਪੈਸੇ ਲੈ ਕੇ
ਕਿਸੇ ਲਈ
ਰਾਹ ਬਣਾਉਂਦੀਆਂ ਨੇ।
ਅੱਗੇ ਵੱਲ
ਵੱਧਣ ਦਾ ਰਾਹ।
'ਤੇ ਤੁਸੀਂ
ਕਿਸੇ
ਮਾਪਿਆਂ ਦੇ ਰਾਹ ਨੂੰ
ਬੰਦ ਕਰਕੇ
ਉਸ ਵਿਚ
ਕੰਡੇ ਖਿਲਾਰਦੇ ਹੋ।
ਤੁਸੀਂ ਇਨਸਾਨ ਨਹੀਂ ਹੋ ਸਕਦੇ
'ਤੇ ਤੁਹਾਡੀ ਕਮਾਈ
ਕਮਾਈ ਨਹੀ ਹੋ ਸਕਦੀ।
ਤੁਸੀਂ ਇਨਸਾਨ ਨਹੀ ਹੋ ਸਕਦੇ
'ਤੇ ਤੁਹਾਡੀ ਕਮਾਈ
ਕਮਾਈ ਨਹੀਂ ਹੋ ਸਕਦੀ।
ਮੈਂ ਤੇ ਉਹ
ਮੈਂ ਤੇ ਉਹ
ਇੱਕਠੇ ਤੁਰੇ ਸਾਂ
ਇਕੋ ਜਗ੍ਹਾ ਤੋਂ
ਇਕੋ ਸਮੇਂ
ਉਸਦਾ ਮੂੰਹ
ਹਨੇਰਿਆਂ ਵੱਲ ਸੀ
ਤੇ ਮੇਰਾ ਮੂੰਹ
ਚਾਨਣਾਂ ਵੱਲ
ਉਹ ਜਿਧਰੋਂ ਵੀ ਲੰਘਿਆਂ
ਲੋਕਾਂ ਦਾ ਹਜੂਮ
ਉਸ ਨਾਲ ਜੁੜਦਾ ਗਿਆ
ਮੈਂ ਜਿਧਰੋਂ ਵੀ ਲੰਘਿਆ
ਇਕੱਲਾ ਹੀ ਤੁਰਦਾ ਗਿਆ
ਅੱਜ ਉਹ ਕੁਰਸੀ ਉੱਪਰ
ਬਿਰਾਜਮਾਨ ਸੀ
ਤੇ ਮੈਂ ਕਾਲ-ਕੋਠੜੀ ਵਿਚ..
ਜ਼ਿੰਦਗੀ
ਲਹਿਰਾਂ ਸੰਗ ਗੋਤੇ
ਖਾਣ ਦਾ ਨਾ ਜ਼ਿੰਦਗੀ ਹੈ
ਫੁੱਲਾਂ ਵਾਂਗ ਕੰਡਿਆਂ ਵਿਚ
ਮੁਸਕਾਣ ਦਾ ਨਾ ਜ਼ਿੰਦਗੀ ਹੈ
ਡਿੱਗਣ ਦੇ ਡਰੋਂ ਪੌੜੀ ਨਾ
ਚੜ੍ਹਨਾ ਜ਼ਿੰਦਗੀ ਨਹੀਂ ਹੁੰਦਾ
ਡੁੱਬਣ ਦੇ ਡਰੋਂ ਕਿਨਾਰੇ ਤੇ
ਖੜ੍ਹਨਾ ਜ਼ਿੰਦਗੀ ਨਹੀਂ ਹੁੰਦਾ
ਨਾ ਹੀ ਜ਼ਿੰਦਗੀ ਹੁੰਦਾ ਹੈ
ਪਾਣੀ ਵਾਂਗ ਸਮਤਲ ਵਹਿਣਾ
'ਤੇ ਨਾ ਹੀ ਜ਼ਿੰਦਗੀ ਹੁੰਦਾ ਹੈ
ਸਿਰਫ਼ ਆਪਣੇ ਲਈ ਜੀਂਦੇ ਰਹਿਣਾ
ਅਸੀਂ ਜਾਗਾਂਗੇ
(ਦੁਨੀਆਂ ਭਰ ਦੇ ਬੰਧੂਆਂ ਮਜ਼ਦੂਰਾਂ ਦੇ ਨਾਮ)
ਹਾਂ
ਇਕ ਦਿਨ ਆਵੇਗਾ
ਅਸੀਂ ਜਾਗਾਂਗੇ
ਸਾਰੇ ਦੇ ਸਾਰੇ
ਦੁਨੀਆਂ ਦੇ ਇਕ ਕੋਨੇ ਤੋਂ
ਦੂਸਰੇ ਕੋਨੇ ਤੱਕ
ਫਿਰ ਸੂਰਜ ਵੀ ਸਾਡਾ
ਕਹਿਣਾ ਮੰਨੇਗਾ
'ਤੇ ਸਾਡੀਆਂ ਖੁੱਗਾਂ ਤੋਂ
ਸਲ੍ਹਾਬੀਆਂ ਝੁੱਗੀਆਂ ਉੱਤੇ
ਨਿੱਘੀ ਧੁੱਪ ਸਿੱਟੇਗਾ
ਤੁਸੀਂ ਘਬਰਾਕੇ
ਸਾਨੂੰ ਜੇਲ੍ਹਾਂ ਵਿਚ ਡੱਕੋਗੇ
ਅਸੀਂ
ਸਲਾਖਾਂ ਨੂੰ
ਅਗਰਬੱਤੀ ਦੇ
ਤੀਲਿਆਂ ਵਾਂਗ ਮਰੋੜ ਦੇਵਾਂਗੇ

ਭਗਤ ਸਿੰਘ ਨੂੰ
ਜਦੋਂ ਵੀ 23 ਮਾਰਚ ਦਾ
ਦਿਨ ਆਉਂਦਾ ਹੈ
ਤਾਂ ਇਕ ਦਮ ਯਾਦ ਆ ਜਾਂਦੀ ਹੈ
ਤੇਰੀ ਜਵਾਨੀ ਜੋ ਹੱਸਕੇ ਮੌਤ ਨੂੰ
ਗਲੇ ਲਗਾ ਗਈ
ਆਪਣਾ ਦੇਸ ਅਜ਼ਾਦ ਕਰਵਾਉਣ ਲਈ
ਦੇਸ ਅਜ਼ਾਦ ਤਾਂ ਹੋਇਆ
ਪਰ
ਉਹ ਸੁਪਨੇ ਅਜੇ ਵੀ ਅਧੂਰੇ ਹਨ
ਜੋ ਤੂੰ ਦੇਖੇ ਸਨ,
ਭਾਰਤ ਦੇਸ ਲਈ,
ਗਰੀਬੀ ਨਾਲ ਘੁਲਦੀ ਜਨਤਾ ਲਈ
ਨਿਆ ਪ੍ਰਣਾਲੀ ਲਈ ਤੇ
ਸੁਚੱਜੇ ਅਤੇ ਇਮਾਨਦਾਰ ਰਾਜ-ਭਾਗ ਲਈ
ਤੇਰੀ ਸੋਚ ਵੱਲ ਦੇਖੀਏ ਤਾਂ
ਦੇਸ ਅਜੇ ਵੀ ਗੁਲਾਮ ਹੈ
ਕਿਉਂਕਿ ਹੱਥੀ ਕੰਮ ਕਰਨ ਵਾਲੇ
ਅੱਜ ਵੀ ਭੁੱਖੇ ਸਾਉਂਦੇ ਨੇ
'ਤੇ ਉਹਨਾਂ ਦੀ ਕਮਾਈ
ਦਫਤਰਾਂ ਵਿਚ ਕੰਮ ਲਟਕਾਉਣ ਵਾਲੇ ਤੇ
ਸਾਰਾਂ ਦਿਨ ਉਬਾਸੀਆਂ ਮਾਰਨ ਵਾਲੇ
ਅਫਸਰਾਂ ਦੇ ਬੈਂਕ ਖਾਤੇ ਸਮੇਟ ਲੈਂਦੇ ਹਨ
ਦੇਸ ਦੀ ਤਰੱਕੀ ਏਨੀ ਹੋ ਗਈ ਹੈ ਕਿ
ਸਾਡੀਆਂ ਸਰਕਾਰਾਂ ਅੱਜ ਵੀ
ਅੰਗਰੇਜਾਂ ਦੇ ਬਣਾਏ ਪੁਲਾਂ ਤੇ ਹੀ
ਸਪੀਡ ਬਰੇਕਰ ਲਾ ਰਹੀਆਂ ਨੇ
ਦੇਸ ਦਾ ਸੋਨਾ ਜੋ ਕਿ ਕਿਸੇ ਦੇਸ ਦੀ
ਮੁਦਰਾ ਦਾ ਅਹਿਮ ਅੰਗ ਹੈ
ਦੇਸ ਦੇ ਗੁਰਦਵਾਰਿਆਂ ਤੇ ਮੰਦਰਾਂ ਦੇ
ਗੁੰਬਦਾਂ ਤੇ ਲੇਪਿਆ
ਸਾਰਾ ਦਿਨ ਧੁੱਪ ਸੇਕਦਾ ਰਹਿੰਦਾ ਹੈ
'ਤੇ ਤੇਰੀ ਸੋਚ ਦੀ ਰਤਾ ਵੀ ਪਰਵਾਹ ਨਹੀਂ ਕਰਦਾ
ਤੇ ਇਸਦੇ ਅਸਲੀ ਹੱਕਦਾਰ ਅੱਜ ਵੀ
ਹੱਥਾਂ ਵਿਚ ਪਿੱਤਲ ਦੇ ਕੜ੍ਹੇ ਪਾਕੇ
ਘੋੜੀ ਚੜ੍ਹਦੇ ਹਨ
ਉਹ ਜਵਾਨੀ ਜਿਸਨੂੰ ਕਦੇ ਤੂੰ
ਦੇਸ਼ ਦੀ ਤਾਕਤ ਆਖਦਾ ਸੀ
ਸਮੇਂ ਦੀ ਸਰਕਾਰ ਸਿਰਫ਼ ਵੋਟਾਂ ਲੈਣ ਲਈ
ਨਸ਼ੇ ਵੱਲ ਧੱਕ ਰਹੀ ਹੈ

• • •

## ਦੇਸ਼ ਗਰੀਬੀ ਵੱਲ ਵੱਧ ਰਿਹਾ ਹੈ

ਤੇ ਇਹ ਤੂੰ ਚੰਗੀ ਤਰ੍ਹਾਂ ਜਾਣਦਾ ਸੀ ਕਿ
ਧਰਮ ਹਮੇਸ਼ਾਂ ਗਰੀਬੀ ਵਿਚ ਹੀ ਪਲਦੇ ਹਨ
ਇਸੇ ਕਰਕੇ ਸਵੇਰ ਵੇਲੇ
ਸੈਂਕੜੇ ਟੀ.ਵੀ. ਚੈਨਲ
ਮਿਹਨਤ ਦੀ ਥਾਂ
ਮੁਕਤੀ ਦਾ ਰਾਹ ਦੱਸਦੇ ਹਨ
ਨੇਤਾ ਲਾਲਚੀ ਬਿਰਤੀ ਵਿਚ ਗ੍ਰਸਤ ਹਨ
ਤੇ ਸਿਰਾਂ ਤੇ ਪੈਸੇ ਦੀਆਂ ਪੰਡਾਂ ਚੁੱਕੀ
ਬੈਕਾਂ ਵੱਲ ਭੱਜ ਰਹੇ ਹਨ
ਜਨਤਾਂ ਨੂੰ ਅਰਦਾਸਾਂ ਕਰਨ ਤੇ
ਰੱਬ ਅੱਗੇ ਹੱਡ-ਗੋਡੇ
ਰਗੜਨ ਤੋਂ ਵਿਹਲ ਨਹੀਂ
ਹੜਤਾਲਾਂ, ਘੁਟਾਲਿਆਂ, ਚੁੰਗੀਆਂ ਤੇ
ਸਪੀਡ ਬਰੇਕਰਾਂ ਨੇ
ਦੇਸ ਦੀ ਰਫਤਾਰ ਬਿਲਕੁਲ ਰੋਕ ਦਿੱਤੀ ਹੈ
'ਤੇ ਇਸੇ ਕਰਕੇ ਤੇਰੀ ਲੋੜ ਅੱਜ ਵੀ ਹੈ
ਦੇਸ ਦੀ ਵਾਗਡੋਰ ਸੰਭਾਲਣ ਲਈ
ਕਿਉਕਿ ਦੇਸ਼ ਦੇ ਰਖਵਾਲੇ
ਹੁਣ
ਆਪਣੇ ਘਰਾਂ ਦੀ ਵਾਗਡੋਰ ਸਭਾਲਣਾਂ ਹੀ
ਆਪਣਾ ਫਰਜ਼ ਸਮਝਦੇ ਹਨ
ਲੋੜ
ਹੁਣ
ਮੈਨੂੰ ਲੋੜ ਨਹੀਂ
ਕੁੱਲੀ, ਗੁੱਲੀ
ਤੇ ਜੁੱਲੀ ਦੀ
ਕਿਉਂਕਿ
ਮੈਂ ਸਿੱਖ ਚੁੱਕਾ ਹਾਂ
ਅਸਮਾਨ ਦੀ ਛੱਤ ਥੱਲੇ
ਭੁੱਖੇ ਪੇਟ
ਤੇ ਨੰਗੇ ਧੜ ਰਹਿਣਾ
ਹੁਣ ਤਾਂ
ਮੈਨੂੰ ਲੋੜ ਹੈ
ਇੱਕ
ਤਿੱਨ ਮੂੰਹੇ ਖੰਜਰ ਦੀ
ਜੋ ਤੁਹਾਡੀ
ਛੱਤ, ਸੱਤਾ ਤੇ ਥਾਲੀ
ਇੱਕ ਸਮੇਂ ਪਾੜ ਸਕੇ
ਤੇ ਅਜ਼ਾਦੀ ਨੂੰ ਮੈਂ ਖੁਦ
ਸਭ ਦੇ
ਘਰ ਦਾ ਬੂਹਾ ਦਿਖਾਵਾ

ਜਾਗਣ ਦੀ ਲੋੜ
ਤੇਰੀ ਪੈਦਾ ਕੀਤੀ ਹੋਈ
ਕਣਕ ਦਾ ਆਟਾ
ਅਸਮਾਨ ਛੂਹ ਰਿਹਾ ਹੈ
ਆਪਣੇ ਮੁੱਲ ਨਾਲ
ਪਰ ਤੇਰੀ ਮੰਡੀ ਵਿਚ ਪਈ ਕਣਕ
ਆੜ੍ਹਤੀਏ ਦਾ ਪਿਛਲਾ ਹਿਸਾਬ ਵੀ
ਬਰਾਬਰ ਨਹੀਂ ਕਰਦੀ
ਤੇਰੀਆਂ ਪੈਦਾ ਕੀਤੀਆਂ
ਦਾਲਾਂ ਤੇ ਸਬਜ਼ੀਆਂ
ਬੇਸ਼ੁਮਾਰ ਪਈਆਂ ਨੇ
ਸਬਜ਼ੀ ਮੰਡੀਆਂ ਵਿਚ
ਪਰ ਤੂੰ ਨੀਵੀਂ ਪਾਕੇ
ਲੰਘਦਾ ਏ ਇਹਨਾਂ ਬਜ਼ਾਰਾਂ ਵਿਚੋਂ
ਖ਼ਾਲੀ ਖੀਸੇ ਵਿਚ ਹੱਥ ਪਾਈ
ਪਿੰਡਾਂ ਵਿਚ ਵੱਡੀਆਂ ਧਰਮਸ਼ਾਲਾ
ਅੱਜ ਵੀ ਨੇ, ਪਰ ਰੀਸੋ-ਰੀਸੀ
ਤੇਰੀਆਂ ਬਰਾਤਾਂ ਵੀ 'ਮੈਰਿਜ ਪੈਲਿਸਾਂ'
ਵੱਲ ਹੀ ਜਾਂਦੀਆਂ ਨੇ
'ਤੇ ਫੋਕੀ ਸ਼ੋਹਰਤ ਦੇ ਖਰਚੇ ਥੱਲੇ ਦੱਬਿਆਂ ਤੂੰ
ਕਈ ਵਾਰ ਸਾਰੀ ਜ਼ਿੰਦਗੀ ਨਹੀਂ ਨਿਕਲਦਾ
ਲੋੜ ਹੈ ਤੇਰੇ ਜਾਗਣ ਦੀ
ਕਿਉਂਕਿ ਇਹ ਵੇਲਾ ਨਹੀਂ
'ਜੱਟਾਂ ਨੇ ਪੀਣੀ ਦਾਰੂ'
ਜਿਹੇ ਫੂਕ ਛਕਾਉਣੇ ਗਾਣਿਆਂ ਤੇ
ਲਲਕਾਰੇ ਮਾਰਨ,
ਬੱਕਰੇ ਬਲਾਉਣ
ਤੇ ਸੌਂ ਜਾਣ ਦਾ...
ਆਤਮਘਾਤੀ
ਆਤਮਘਾਤੀ ਬੰਬ ਚੱਲ ਗਿਆ
ਕਿਸੇ ਦੇ ਮਾਪੇ
ਕਿਸੇ ਦੀ ਡਰੋਗੀ
ਕਿਸੇ ਦੀ ਭੈਣ
ਕਿਸੇ ਦੀ ਰੱਖੜੀ
'ਤੇ ਕਿਸੇ ਦਾ
ਸਭ ਕੁਝ ਲੁੱਟ ਗਿਆ
ਇਹ ਹਤਿਆਰੇ ਤਾਂ
ਏਦਾਂ ਹੀ ਕਰਦੇ ਨੇ
ਪਰ ਮਰਿਆ ਦੇ ਸੰਗ ਤਾਂ
ਕਾਇਰ ਮਰਦੇ ਨੇ
ਚੱਲੋ ਉੱਠੋ
ਹੋਰਾਂ ਦਾ ਭਲਾ ਲੋਚੀਏ
'ਤੇ ਕੱਲ੍ਹ ਬਾਰੇ ਇਕੱਠੇ ਹੋਕੇ
ਕੁਝ ਚੰਗਾ ਸੋਚੀਏ
ਕਿਉਂਕਿ ਸੂਰਜ
ਫਿਰ ਨਿਕਲਣ ਵਾਲਾ ਹੈ
ਪੂਰੇ ਜੋਬਨ ਦੇ ਨਾਲ....
ਪੰਜਾਬਣ
ਤੂੰ ਉਹ ਨਹੀਂ
ਜਿਸਦੇ ਬਾਰੇ
ਇੱਕ ਗੀਤ ਕਹਿੰਦਾ ਹੈ
'ਲੱਕ ਹਿੱਲੇ ਮਜਾਜਣ ਜਾਂਦੀ ਦਾ'
ਕਿਉਂਕਿ ਦੋ-ਦੋ ਸ਼ਿਫਟਾਂ ਦਾ ਝੰਬਿਆ
ਤੇਰਾ ਲੱਕ ਹਿੱਲ ਨਹੀਂ ਸਕਦਾ
ਤੇ ਫੈਮਲੀ ਡਾਕਟਰ ਦੀ ਵੀ
ਤੈਨੂੰ ਸਖ਼ਤ ਹਦਾਇਤ ਹੈ ਕਿ
ਇਸਨੂੰ ਹਿਲਾਉਣਾ ਨਹੀਂ
ਬਲਕਿ ਟਿਕਾਉਣਾ ਹੈ
ਤੂੰ ਉਹ ਨਹੀਂ
ਜਿਸਦੇ ਬਾਰੇ ਇਕ ਗੀਤ ਕਹਿੰਦਾ ਹੈ
'ਤੇਰੇ ਟੂਣੇਹਾਰੇ ਨੈਣ ਕੁੜੇ'
ਕਿਉਂਕਿ ਉਨੀਂਦਰੇ ਦੇ ਡੰਨੇ ਹੋਏ
ਤੇਰੇ ਨੈਣ ਮਟਕ ਨਹੀਂ ਸਕਦੇ
ਤੇ ਸੁੱਜੀਆਂ ਹੋਈਆਂ ਪਲਕਾਂ ਦੀ ਵੀ
ਤੈਨੂੰ ਸਖ਼ਤ ਹਦਾਇਤ ਹੈ ਕਿ
ਇਹਨਾਂ ਨੂੰ ਮਟਕਾਉਣਾ ਨਹੀਂ
ਬਲਕਿ ਸਵਾਉਣਾ ਹੈ
ਤੂੰ ਉਹ ਨਹੀਂ
ਜਿਸਦੇ ਬਾਰੇ ਇਕ ਗੀਤ ਕਹਿੰਦਾ ਹੈ
'ਤੇਰੀ ਗੁੱਤ ਗਿੱਟਿਆ ਵਿਚ ਵੱਜਦੀ'
ਕਿਉਂਕਿ ਮੌਰਗੇਜ਼ਾਂ ਵਿਚ ਉਲਝੇ ਤੇਰੇ ਵਾਲ
ਲੰਬੀ ਗੁੱਤ ਵਿਚ ਨਹੀਂ ਬਦਲ ਸਕਦੇ
'ਤੇ ਪੱਛਮੀ ਸੱਭਿਅਤਾ ਦੀ ਵੀ
ਤੈਨੂੰ ਗੁੱਝੀ ਹਦਾਇਤ ਹੈ ਕਿ
ਇਹਨਾਂ ਨੂੰ ਵਧਾਉਣਾਂ ਨਹੀਂ
ਬਲਕਿ ਕਟਾਉਣਾ ਹੈ
ਸ਼ਾਇਦ
ਇਹ ਫ਼ਰਕ ਇਸੇ ਕਰਕੇ ਹੈ
ਕਿਉਂਕਿ ਤੂੰ ਪੰਜਾਬ ਦੇ
ਕਿਸੇ ਖੁੱਲ੍ਹੇ ਪਿੰਡ ਦੀ ਨਹੀਂ
ਬਲਕਿ ਕੈਨੇਡਾ ਦੀ ਵਸਨੀਕ ਹੈ
ਜਿੱਥੇ ਮਨੁੱਖ ਤੇ ਮਸ਼ੀਨ
ਇੱਕ ਹੀ ਸ਼ੈਅ ਦਾ ਨਾਮ ਹੈ...
ਅੱਗੇ-ਪਿੱਛੇ
ਅਸੀਂ ਅੱਗੇ ਹਾਂ, ਅਸੀਂ ਅੱਗੇ ਹਾਂ
ਅਸੀਂ ਧਰਮ ਯੁੱਧਾਂ ਵਿਚ ਅੱਗੇ ਹਾਂ
ਅਸੀਂ ਪਿੱਛੇ ਹਾਂ, ਅਸੀਂ ਪਿੱਛੇ ਹਾਂ
ਇਨਸਾਨੀਅਤ ਦੀ ਕਦਰ ਵਿਚ ਪਿੱਛੇ ਹਾਂ
ਅਸੀਂ ਆਪ ਬੁਰਾਈਆਂ ਕਰਦੇ ਹਾਂ
ਪਰ ਦੋਸ਼ ਹੋਰਾਂ ਸਿਰ ਧਰਦੇ ਹਾਂ
ਅਸੀਂ ਖ਼ੁਦ ਨੂੰ ਸਮਝਦੇ ਬੰਦੇ ਹਾਂ
ਪਰ ਪਸ਼ੂਆਂ ਨਾਲੋਂ ਗੰਦੇ ਹਾਂ
ਘਰ ਇਕ ਦੂਜੇ ਦਾ ਸਮਝ-ਸਮਝ ਕੇ
ਢਾਹੁੰਣ ਮੰਦਿਰ-ਮਸਜਿਦਾ ਲੱਗੇ ਹਾਂ
ਅਸੀਂ ਅੱਗੇ ਹਾਂ, ਅਸੀਂ ਅੱਗੇ ਹਾਂ
ਅਸੀਂ ਧਰਮ ਯੁੱਧਾਂ ਵਿਚ ਅੱਗੇ ਹਾਂ
ਸਾਡੀ ਬੁੱਧੀ ਘਾਇਲ ਹੈ ਧਰਮਾਂ ਦੀ
ਸਾਡੀ ਹਾਰ ਕਾਇਲ ਹੈ ਕਰਮਾਂ ਦੀ
ਜਦ ਹਾਰ ਜਾਈਏ ਕਿਸੇ ਰੁਸਤਮ ਨੂੰ
ਦੋਸ਼ ਦਿੰਦੇ ਹਾਂ ਕਿਸਮਤ ਨੂੰ
ਅਸੀਂ ਅੱਗੇ ਲਾਇਆ ਜਿਹਨਾਂ ਨੂੰ
ਬੱਸ ਉਹਨਾਂ ਕੋਲੋ ਠੱਗੇ ਹਾਂ
ਅਸੀਂ ਅੱਗੇ ਹਾਂ, ਅਸੀਂ ਅੱਗੇ ਹਾਂ
ਅਸੀਂ ਧਰਮ ਯੁੱਧਾਂ ਵਿਚ ਅੱਗੇ ਹਾਂ
ਸਾਨੂੰ ਨੇਤਾ ਪਾੜਕੇ ਬਹਿ ਜਾਂਦੇ ਨੇ
'ਤੇ ਆਪ ਕੁਰਸੀਆਂ ਲੈ ਜਾਂਦੇ ਨੇ
ਉਹ ਇਕ ਦੂਜੇ ਤੇ ਵਰ੍ਹਦੇ ਨੇ
ਬੱਸ ਕੁਰਸੀ ਖ਼ਾਤਿਰ ਲੜਦੇ ਨੇ
ਅਸੀਂ ਭਾਸ਼ਣ ਸੁਣ ਝੋਲੀ ਚੁੱਕਾ ਦੇ
ਬੱਸ ਰਲ ਜਾਂਦੇ ਫਿਰ ਸੱਗੇ ਹਾਂ
ਅਸੀਂ ਅੱਗੇ ਹਾਂ, ਅਸੀਂ ਅੱਗੇ ਹਾਂ
ਅਸੀਂ ਧਰਮ ਯੁੱਧਾਂ ਵਿਚ ਅੱਗੇ ਹਾਂ
ਕੋਈ ਧਰਮ ਪਾੜਨਾ ਚਾਹੁੰਦਾ ਨਹੀਂ
ਜੋ ਪਾੜੇ ਧਰਮ ਕਹਾਉਂਦਾ ਨਹੀਂ
ਅਸੀਂ ਤੰਗ ਦਿਲਾਂ ਦੇ ਹੋ ਗਏ ਹਾਂ
ਬੱਸ ਵਿਚ ਪਖੰਡਾਂ ਖੋਹ ਗਏ ਹਾਂ
ਅਸੀਂ ਅੰਦਰੋਂ ਕਿਸੇ ਨੂੰ ਤੱਕਦੇ ਨਹੀਂ
ਬੱਸ ਵਿਰਦੇ ਚੋਲੇ-ਝੱਗੇ ਹਾਂ
ਅਸੀਂ ਅੱਗੇ ਹਾਂ, ਅਸੀਂ ਅੱਗੇ ਹਾਂ
ਅਸੀਂ ਧਰਮ ਯੁੱਧਾਂ ਵਿਚ ਅੱਗੇ ਹਾਂ
ਆਓ ਛੱਡੀਏ ਸਭ ਪਖੰਡਾਂ ਨੂੰ
ਆਪਾਂ ਦੂਰ ਭਜਾਈਏ ਵੰਡਾਂ ਨੂੰ
ਨਾ ਹੱਦਾਂ, ਨਾ ਰੱਖੀਏ ਅਸਲੇ
ਬੰਬਾਂ ਕਦੇ ਨਾ ਨਿੱਠੇ ਮਸਲੇ
ਸਾਨੂੰ ਵਹਿਸ਼ੀ ਅੱਗੇ ਲਾਈ ਫਿਰਦੇ
ਕਿਉਂ ਬਣੇ ਉਹਨਾਂ ਦੇ ਢੱਗੇ ਹਾਂ
ਅਸੀਂ ਅੱਗੇ ਹਾਂ, ਅਸੀਂ ਅੱਗੇ ਹਾਂ
ਅਸੀਂ ਧਰਮ ਯੁੱਧਾਂ ਵਿਚ ਅੱਗੇ ਹਾਂ
ਅਸੀਂ ਪਿੱਛੇ ਹਾਂ, ਅਸੀਂ ਪਿੱਛੇ ਹਾਂ
ਇਨਸਾਨੀਅਤ ਦੀ ਕਦਰ ਵਿਚ ਪਿੱਛੇ ਹਾਂ

## ਇਨਸਾਨ

ਨਿੱਜੀ ਤੌਰ
'ਤੇ ਚਾਹੇ
ਸਿੱਖ
ਹਿੰਦੂ
ਜਾਂ
ਮੁਸਲਮਾਨ ਰਹੀਏ
ਪਰ ਹਮੇਸ਼ਾ
ਇਨਸਾਨ ਰਹੀਏ
ਖ਼ੂਨ ਦਾ ਰੰਗ ਤਾਂ
ਇੱਕੋ ਹੈ
ਕਿਉਂ ਨਾਂ
ਇੱਕ ਜਾਨ ਰਹੀਏ

**ਬਲਜਿੰਦਰ ਸੰਘਾ**
(ਫੋਨ: 1403-680-3212)

**ਅਸੀਂ ਜਨਵਰੀ 2018 ਤੋਂ ਇਕ ਕਾਲਮ ਸ਼ੁਰੂ ਕਰ ਰਹੇ ਹਾਂ ਜਿਸ ਵਿਚ ਇਕ ਅਗਾਂਹਵਧੂ ਲੇਖਕ ਦੀਆਂ ਰਚਨਾਵਾਂ ਛਾਪਿਆ ਕਰਾਂਗੇ। ਅਗਲੇ ਮਹੀਨੇ ਫਰਵਰੀ 2018 ਵਿਚ ਵੈਨਕੂਵਰ (ਸਰੀ) ਦੀ ਪ੍ਰਤੀਬੱਧ ਲੇਖਿਕਾ ਪਰਮਿੰਦਰ ਸਵੈਚ ਦੀਆਂ ਰਚਨਾਵਾਂ ਛਪਣਗੀਆਂ। ਅਦਾਰਾ 'ਸਰੋਕਾਰਾਂ ਦੀ ਅਵਾਜ਼'**

## ਪ੍ਰੋ. ਮੋਹਣ ਸਿੰਘ ਔਜਲਾ ਦੀ ਸਾਹਿਤਕ ਪਰਵਾਜ਼

(ਇਕ ਵਿਸ਼ਲੇਸ਼ਣ)

ਹਰੀਪਾਲ

ਸਭ ਤੋਂ ਪਹਿਲਾਂ ਤਾਂ ਮੈਂ ਮੋਹਣ ਸਿੰਘ ਔਜਲਾ ਦੀ ਸ਼ਖਸੀਅਤ ਬਾਰੇ ਗੱਲ ਕਰਨੀ ਚਾਹਾਂਗਾ। ਇਕ ਪੜ੍ਹਿਆ ਲਿਖਿਆ ਬਣ ਠਣ ਕੇ ਰਹਿਣ ਵਾਲਾ ਮੋਹਣ ਸਿੰਘ ਜਿਨਾ ਸ਼ਰੀਫ਼ ਜਿਹਾ ਇਨਸਾਨ ਲੱਗਦਾ ਸੀ ਉਸ ਤੋਂ ਕਿਤੇ ਵੱਧ ਡੂੰਘਾ, ਗੰਭੀਰ, ਸੋਚਵਾਨ ਅਤੇ ਸਮਾਜਿਕ ਮਸਲਿਆਂ ਨਾਲ ਸਰੋਕਾਰ ਰੱਖਣ ਵਾਲਾ ਸੀ। ਬਾਹਰਲੇ ਮੁਲਕਾਂ ਵਿਚ ਆ ਕੇ ਲੋਕ ਆਪਣੇ ਅਤੀਤ ਦੀਆਂ ਡੀਗਾਂ ਮਾਰਦੇ ਹਨ, ਪਰ ਮੋਹਣ ਸਿੰਘ ਚੁੱਪ ਰਿਹਾ। ਫਿਰ ਉਸਦੀ ਜ਼ਿੰਦਗੀ ਵਿਚ ਐਸਾ ਮੋੜ ਆਇਆ ਤਾਂ ਉਸ ਨੇ ਪੰਜਾਬ ਦੀ ਇਨਕਲਾਬੀ ਲਹਿਰ ਵਿਚ, ਜਿਨਾ ਕੁ ਉਸ ਨੇ ਰੋਲ ਕੀਤਾ ਸੀ, ਉਸ ਨੇ ਬੜੇ ਹੀ ਨਿਮਾਣੇ ਜਿਹੇ ਢੰਗ ਨਾਲ ਬਿਆਨ ਕੀਤਾ। ਆਪਦੇ ਆਖਰੀ ਸਮੇਂ ਵੀ ਉਸ ਨੇ ਮਾਸਟਰ ਭਜਨ ਨਾਲ ਮਾਰਕਸਵਾਦੀ, ਮਾਓਵਾਦੀ ਲਹਿਰ ਦੀ ਸਫ਼ਲਤਾ, ਅਸਫ਼ਲਤਾ ਬਾਰੇ ਵਿਚਾਰਾਂ ਕੀਤੀਆਂ। ਇਹੋ ਜਿਹੇ ਟਾਇਮ ਲੋਕ ਵਾਹਿਗੁਰੂ, ਵਾਹਿਗੁਰੂ ਕਰਦੇ ਨਹੀਂ ਥੱਕਦੇ, ਪਰ ਉਸ ਦੇ ਦਿਮਾਗ 'ਤੇ ਮੌਤ ਦਾ ਕੋਈ ਭੈਅ ਨਹੀਂ ਸੀ। ਜਦ ਪੰਜਾਬੀ ਲਿਖਾਰੀ ਸਭਾ ਦੇ ਮੈਂਬਰ ਤਰਲੋਚਨ ਸੈਂਹਬੀ, ਗੁਰਬਚਨ ਬਰਾੜ ਅਤੇ ਹਰੀਪਾਲ ਉਸਦੀ ਖ਼ਬਰ ਨੂੰ ਗਏ ਤਾਂ ਉਸ ਦਾ ਜਵਾਬ ਮੈਂ ਸਾਰੀ ਉਮਰ ਨਹੀਂ ਭੁੱਲ ਸਕਦਾ। ਉਸ ਨੇ ਕਿਹਾ ਸੀ "ਮੈਂ ਤਾਂ ਸਮਾਨ ਬੰਨੀ ਬੈਠਾ ਹਾਂ ਸਟੇਸ਼ਨ 'ਤੇ ਅਤੇ ਗੱਡੀ ਦੀ ਉਡੀਕ ਕਰ ਰਿਹਾ ਹਾਂ।" ਜ਼ਿੰਦਗੀ ਦੇ ਆਖਰੀ ਪਹਿਰ ਉਸਨੇ ਇਕੱਠੀਆਂ ਹੀ ਸੱਤ ਕਿਤਾਬਾਂ ਛਪਵਾਈਆਂ। ਇਹ ਸੱਤੇ ਕਿਤਾਬਾਂ ਮੋਹਣ ਸਿੰਘ ਦੀ ਸ਼ਖਸੀਅਤ ਦੇ ਵੱਖ-ਵੱਖ ਟੁਕੜੇ ਹਨ।

ਗ਼ਜ਼ਲ ਦੀ ਵਿਆਖਿਆ ਕਰਦਿਆਂ ਮੋਹਣ ਸਿੰਘ ਦਾ ਵਿਚਾਰ ਸੀ 'ਗ਼ਜ਼ਲ ਇਕ ਗੁਲਦਸਤਾ ਹੈ ਪਰ ਵਿਚਾਰਧਾਰਾ ਦੇ ਇਕ ਧਾਗੇ ਵਿਚ ਪਰੋਈ ਹੋਈ ਹੈ। ਸਾਹਿਤ ਬਾਰੇ ਉਹ ਕਹਿੰਦਾ ਸੀ ਕਿ ਕੋਈ ਵੀ ਰਚਨਾ ਧੱਕੇ ਨਾਲ ਨਹੀਂ ਲਿਖੀ ਜਾਂਦੀ, ਸਗੋਂ ਇਹ ਤਾਂ ਫੁੱਟ ਕੇ ਬਾਹਰ ਆਉਂਦੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਮੋਹਣ ਸਿੰਘ ਮਹਾਨ ਕਵੀ ਸੀ ਜਾਂ ਮਹਾਨ ਗ਼ਜ਼ਲਕਾਰ ਸੀ ਪਰ ਮੈਂ ਦਾਅਵੇ ਨਾਲ ਇਹ ਕਹਿ ਸਕਦਾ ਕਿ ਮੋਹਣ ਸਿੰਘ ਲੋਕਾਂ ਦਾ ਲੇਖਕ ਸੀ ਅਤੇ ਲੋਕਾਂ ਦੇ ਲੇਖਕ ਕਦੇ ਵੀ ਇਨਾਮਾਂ ਸਨਮਾਨਾਂ ਦੇ ਚੱਕਰ ਵਿਚ ਨਹੀਂ ਪੈਂਦੇ, ਕਿਉਂਕਿ ਉਨ੍ਹਾਂ ਦਾ ਸਨਮਾਨ ਤਾਂ ਲੋਕਾਂ ਦਾ ਹੁੰਗਾਰਾ ਹੁੰਦਾ ਹੈ। ਸਭ ਤੋਂ ਵੱਧ ਖੂਬਸੂਰਤ ਉਹ ਲਿਖਤ ਹੁੰਦੀ ਹੈ ਜੋ ਲੋਕਾਂ ਨੂੰ ਸਮਝ ਆਵੇ ਜਿਸ ਲਿਖਤ ਦੇ ਸੁਨੇਹੇ ਦਾ ਸਿਰਫ਼ ਲੇਖਕ ਨੂੰ ਹੀ ਪਤਾ ਹੋਵੇ ਕਿ ਕਹਿੰਦੀ ਕੀ ਹੈ, ਉਸ ਦਾ ਫਾਇਦਾ ਨਾ ਲੋਕਾਂ ਨੂੰ ਹੁੰਦਾ ਹੈ ਅਤੇ ਨਾ ਹੀ ਲੇਖਕ ਨੂੰ। ਜਿਹੜੇ ਲੇਖਕ ਸ਼ੌਕੀਆ ਹੁੰਦੇ ਹਨ ਉਹ ਬਹੁਤ ਬੁਲਬੁਲੇ ਜਿਹੇ ਹੁੰਦੇ ਹਨ ਪਰ ਲਿਖਣਾ ਜਿਨ੍ਹਾਂ ਦੀ ਤਲਬ ਹੁੰਦੀ ਹੈ ਉਹੀ ਲੇਖਕ ਸਮੇਂ ਦੇ ਹਾਣੀ ਬਣਦੇ ਹਨ ਅਤੇ ਉਨ੍ਹਾਂ ਦੇ ਗਿਆਂ ਤੋਂ ਬਾਅਦ ਵੀ ਪਾਠਕ ਆਲੋਚਕ, ਲਿਖਤ ਦੇ ਰਾਹੀਂ ਲੇਖਕ ਨੂੰ ਮਿਲਦੇ ਰਹਿੰਦੇ ਹਨ। ਜੇਕਰ ਆਪਾਂ ਆਲੋਚਨਾ ਦੀ ਗੱਲ ਕਰੀਏ ਤਾਂ ਚੌਥੀ ਸਦੀ ਵਿਚ ਅਰਸਤੂ ਨੇ Poetic Criticism ਲਿਟਰੇਰੀ ਆਰਟ ਵਰਕ ਤੇ ਲਿਖਿਆ। ਬਿਲਕੁਲ ਇਸੇ ਸਮੇਂ ਭਾਰਤ ਵਿਚ ਭਾਰਤ ਮੁਨੀ ਨੇ ਕੌਟੱਲਿਆ ਸ਼ਾਸਤਰ ਤੇ ਸਾਹਿਤ ਕਰਿਟੀਸਿਜ਼ਮ ਪੁਰਾਣੇ ਭਾਰਤੀ ਸਾਹਿਤ ਅਤੇ ਸੰਸਕ੍ਰਿਤ ਡਰਾਮੇ 'ਤੇ ਲਿਖਿਆ।

ਆਲੋਚਨਾ ਦਾ ਮਤਲਬ ਕਿਸੇ ਰਚਨਾ ਵਿਚ ਸਿਰਫ਼ ਦੋਸ਼ ਲੱਭਣਾ ਹੀ ਨਹੀਂ ਹੁੰਦਾ ਸਗੋਂ ਆਲੋਚਨਾ ਦਾ ਮਤਲਬ ਇਹ ਵੀ ਬਣ ਜਾਂਦਾ ਹੈ ਕਿ ਆਲੋਚਨਾ ਕਿਸੇ ਰਚਨਾ ਨਾਲ ਕਿਸੇ ਹੱਦ ਤੱਕ ਸਹਿਮਤ ਹੈ ਜਾਂ ਨਹੀਂ। ਕਿਉਂਕਿ ਹਰ ਇਕ ਆਲੋਚਕ ਦੀ ਐਨਕ ਦਾ ਨੰਬਰ ਵੱਖ ਵੱਖ ਹੁੰਦਾ ਹੈ ਪਰ ਜਦੋਂ ਪ੍ਰਸ਼ੰਸਾਤਮਕ ਆਲੋਚਨਾ ਕਰਨੀ ਹੋਵੇ ਤਾਂ ਆਲੋਚਨਾ ਨੂੰ ਥੋੜ੍ਹੀ ਬਹੁਤ ਬੰਦਿਸ਼ ਵਿਚੋਂ ਗੁਜ਼ਰਨਾ ਪੈਂਦਾ ਹੈ।

'ਪੰਜਾਬੀ ਸ਼ਬਦ ਸਾਂਝ' ਨੇ ਇਕ ਵੱਖਰੀ ਪ੍ਰਿਤ ਪਾਈ ਹੈ। ਕੈਨੇਡੀਅਨ ਲੇਖਕਾਂ ਦੀਆਂ ਕਿਰਤਾਂ ਦੀ ਪੜਤੋਲ ਅਤੇ ਉਨ੍ਹਾਂ ਦੀ ਸਾਂਭ ਸੰਭਾਈ ਦੀ। ਹੁਣ ਪੰਜਾਬੀ ਪਾਠਕਾਂ ਦਾ ਫਰਜ਼ ਬਣਦਾ ਹੈ ਕਿ ਇਸ ਨਵੇਂ ਉੱਦਮ ਨੂੰ ਭਰਪੂਰ ਹੁੰਗਾਰਾ ਦੇਣ, ਕਿਉਂਕਿ ਕਿਤਾਬਾਂ ਹੀ ਤਬਦੀਲੀ ਦੀਆਂ ਸੂਚਕ ਹਨ ਅਤੇ ਮਨੁੱਖੀ ਜ਼ਿੰਦਗੀ ਨੂੰ ਚੰਗੇਰਾ ਬਣਾਉਣ ਵਿਚ ਇਕ ਕਾਰਗਰ ਹਥਿਆਰ ਹਨ। ਲੇਖਕਾਂ ਨੇ ਕਿਤਾਬਾਂ ਤੇ ਪਰਚੇ ਲਿਖਦਿਆਂ, ਪ੍ਰੋਫੈਸਰ ਮੋਹਣ ਸਿੰਘ ਦੀ ਸ਼ਖਸੀਅਤ ਤੇ ਵੱਖ ਵੱਖ ਸਮੇਂ ਤੇ ਪਏ ਪ੍ਰਭਾਵਾਂ ਨੂੰ ਕਾਗਜ਼ 'ਤੇ ਉਤਾਰ ਦਿੱਤਾ ਹੈ। ਇਹ ਸਾਰੇ ਹੀ ਲੇਖਕ ਮੋਹਣ ਸਿੰਘ ਨੂੰ ਸਮਾਜਵਾਦੀ, ਯਥਾਰਥਵਾਦੀ, ਮਨੁੱਖਵਾਦੀ, ਅਧਿਆਤਮਵਾਦੀ ਗ਼ਜ਼ਲਕਾਰ ਮੰਨਦੇ ਹਨ ਕਿਉਂਕਿ ਮਨੁੱਖਵਾਦੀ ਲੇਖਕ ਲੋਕਾਂ ਦੀ ਭਲਾਈ ਦੀ ਆਸ ਸਮਾਜਵਾਦ ਵਾਲੇ ਪਾਸੇ ਤੋਂ ਕਦੇ ਧਾਰਮਿਕਤਾ ਤੋਂ ਕਰ ਸਕਦਾ ਹੈ। ਅਸਲ ਵਿਚ ਮੋਹਣ ਸਿੰਘ ਦੀ ਜਵਾਨੀ ਕ੍ਰਾਂਤੀਕਾਰੀ ਲਹਿਰ ਦੀ ਚੜ੍ਹਤ ਸੀ ਅਤੇ ਲਹਿਰ ਦੇ ਫੇਲ੍ਹ ਹੋਣ ਨੇ ਜਾਂ ਲਹਿਰ ਦੀ ਚੜ੍ਹਾਈ ਘਟਣ ਕਰਕੇ ਮੋਹਣ ਸਿੰਘ ਬਹੁਤ ਦੁਖੀ ਹੋਇਆ। ਉਸਦੇ ਢਲਦੀ ਉਮਰ ਦੇ ਪੜਾਵਾਂ ਵਿਚ ਧਾਰਮਿਕ ਲਹਿਰ ਦਾ ਉਠਣਾ, ਕ੍ਰਾਂਤੀਕਾਰੀ ਲਹਿਰ ਦਾ ਦਬਣਾ, ਮੋਹਣ ਸਿੰਘ ਦੀ ਲਿਖਤ 'ਤੇ ਡੂੰਘਾ ਪ੍ਰਭਾਵ ਪਾ ਗਿਆ। ਇਸ ਤਰ੍ਹਾਂ ਹੁੰਦਾ ਹੈ ਭਗਤ ਸਿੰਘ ਦੇ ਹਥਿਆਰਬੰਦ ਦਸਤੇ 'ਚ ਕੰਮ ਕਰਨ ਵਾਲਾ 'ਹਰਨਾਮ ਸਿੰਘ 'ਚਮਕ' ਲੋਹਟਬੱਦੀ' ਵੀ ਆਪਦੇ ਮਗਰਲੇ ਟਾਇਮ ਵਿਚ ਬਹੁਤ ਹੀ ਕਨਫਿਊਜ਼ਡ ਹਾਲਤ ਵਿਚ ਫਿਰਦਾ ਮੈਂ ਆਪ ਦੇਖਿਆ ਹੈ। ਸਾਰੇ ਹੀ ਦੋਸਤਾਨਾ ਆਲੋਚਕਾਂ ਨੇ ਉਸਦੇ ਸਮਾਜਵਾਦੀ, ਯਥਾਰਥਵਾਦੀ, ਮਨੁੱਖਵਾਦੀ ਸ਼ੇਅਰਾਂ ਨੂੰ ਜ਼ਰੂਰ ਕੋਟ ਕੀਤਾ ਹੈ।

ਪ੍ਰੋਫੈਸਰ ਹਰਭਜਨ ਢਿੱਲੋਂ ਅਤੇ ਡਾਕਟਰ ਬਲਵਿੰਦਰ ਬਰਾੜ ਨੇ ਉਸਦੇ ਮਨੁੱਖਵਾਦੀ ਪੱਖ ਤੇ ਜ਼ਿਆਦਾ ਜ਼ੋਰ ਦਿੱਤਾ ਹੈ। ਡਾਕਟਰ ਪਰਮਿੰਦਰ ਸਿੰਘ ਦੇ ਲਫ਼ਜ਼ਾਂ ਵਿਚ ਰੂਹਾਨੀਅਤ ਦੇ ਪਹਿਲੂ ਤੋਂ ਉਹ ਧਨ ਕੁਬੇਰਾਂ ਅੱਗੇ ਬੇਨਤੀ ਕਰਦਾ ਹੈ ਜਾਂ ਚਿਤਾਵਨੀ ਦਿੰਦਾ ਹੈ ਕਿ 'ਇਹ ਧਨ ਦੌਲਤ ਨਾਲ ਨਹੀਂ ਜਾਣੀ ਪਰ ਬੇਨਤੀ ਕਰਨਾ ਸਮਾਜਵਾਦੀ ਹੋਣ ਦੇ ਉਲਟ ਹੈ ਇਸ ਕਰਕੇ ਉਹ ਧਨ ਕੁਬੇਰਾਂ ਵੰਗਾਰਦਾ ਵੀ ਹੈ।

'ਮਹਿਲਾਂ ਦੀ ਜਦ ਹੋਂਦ ਮਿਟਾਈ ਜਾਵੇਗੀ

ਫਿਰ ਕੁੱਲੀਆਂ ਵਿਚ ਖੁਸ਼ੀਆਂ ਪਾਉਣਾ ਫੇਰਾ ਏ।'

ਡਾਕਟਰ ਮੁਖਤਿਆਰ ਸਿੰਘ ਅਨੁਸਾਰ ਮੋਹਣ ਸਿੰਘ ਦੀ ਗ਼ਜ਼ਲ ਦੇ ਤਿੰਨ ਰੰਗ ਹਨ 'ਆਸ਼ਕਾਨਾ, ਰਿੰਦਾਨਾ, ਸੂਫੀਆਨਾ'। ਇਜ ਲੱਗਦਾ ਹੈ ਕਿ ਮੋਹਣ ਸਿੰਘ ਕੈਨੇਡਾ ਆ ਕੇ ਪਿੰਜਰੇ 'ਚ ਪਏ ਪੰਛੀ ਵਾਂਗ ਵਾਪਸ ਪਰਤਣ ਲਈ ਤੜਫਦਾ ਰਿਹਾ।


ਡਾਕਟਰ ਲਖਵੀਰ ਸਿੰਘ ਦੀ ਨਜ਼ਰ ਵਿਚ 'ਮਨੁੱਖਵਾਦੀ' ਹੋਣਾ ਜ਼ਿੰਦਗੀ ਦੇ ਮਸਲਿਆਂ ਪ੍ਰਤੀ ਸੁਹਿਰਦਤਾ ਦਾ ਪ੍ਰਗਟਾਵਾ ਤਾਂ ਹੈ ਪਰ ਇਸ ਜਿੱਲਣ 'ਚੋਂ ਨਿਕਲਣ ਦਾ ਕੋਈ ਉਪਾਅ ਜਾਂ ਹੱਲ ਨਹੀਂ ਸੁਝਾਉਂਦਾ।

ਪੰਜਾਬੀ ਸ਼ਬਦ ਸਾਂਝ ਦਾ ਇਹ ਯਤਨ ਬਹੁਤ ਸ਼ਲਾਘਾਯੋਗ ਹੈ ਅਤੇ ਇਹ ਕਿਤਾਬ ਪੜ੍ਹ ਕੇ ਇਕ ਪ੍ਰਭਾਵ ਜ਼ਰੂਰ ਪੈਂਦਾ ਹੈ ਕਿ "ਕਵਿਤਾ, ਗ਼ਜ਼ਲ ਕਹਾਣੀ ਸਿਰਫ਼ ਵਾਹਵਾ ਕਰਾਉਣ ਲਈ ਨਹੀਂ ਹੁੰਦੇ, ਕਿਉਂਕਿ ਹਰ ਰਚਨਾ ਦਾ ਸਮਾਜ ਨਾਲ ਕੋਈ ਸਰੋਕਾਰ ਹੁੰਦਾ ਹੈ। ਕੋਈ ਰਚਨਾ ਸਮਾਜ ਨੂੰ ਬਦਲਣ ਲਈ ਪ੍ਰੇਰਦੀ ਹੈ, ਕੋਈ ਸਥਾਪਤੀ ਦੇ ਗੁਣਗਾਉਂਦੀ ਹੈ ਪਰ ਸਭ ਤੋਂ ਖਤਰਨਾਕ ਉਹ ਰਚਨਾ ਹੁੰਦੀ ਹੈ ਜਿਹੜੀ ਨਿਰਪੱਖ ਕੋਈ ਚੀਜ਼ ਨਹੀਂ ਹੁੰਦੀ ਹਰ ਲੇਖਕ ਲਕੀਰ ਦੇ ਇਸ ਪਾਰ ਹੁੰਦਾ ਜਾਂ ਉਸ ਪਾਰ। ਪਰ ਸਾਨੂੰ ਬਹੁਤ ਖੁਸ਼ੀ ਹੈ ਕਿ ਪ੍ਰੋ. ਮੋਹਣ ਸਿੰਘ ਲੋਕਾਂ ਦੇ ਨਾਲ ਖੜ੍ਹਾ ਰਿਹਾ।

## ਪਹਿਲੀ ਬਰਸੀ ਨੂੰ ਸਮਰਪਿਤ

## ਸੰਘਰਸ਼ਸ਼ੀਲ ਜ਼ਿੰਦਗੀ ਦੀ ਗੌਰਵਮਈ ਗਾਥਾ

# ਮਾਤਾ ਗੁਰਦੇਵ ਕੌਰ



ਸੰਘਰਸ਼ ਤੋਂ ਬਿਨਾਂ ਜ਼ਿੰਦਗੀ ਨੂੰ ਤਸੱਵੁਰ ਨਹੀਂ ਕੀਤਾ ਜਾ ਸਕਦਾ। ਬਦਕਿਸਮਤੀ ਨੂੰ ਜੇਕਰ ਤੁਸੀਂ ਗਰੀਬ ਹੋ, ਉਪਰੋਂ ਦਲਿਤ ਹੋ ਤੇ ਕਹਿਰ ਸਾਈਂ ਦਾ, ਔਰਤ ਵੀ ਹੋ ਤਾਂ ਚੁਣੌਤੀਆਂ ਹੋਰ ਵੀ ਗੰਭੀਰ ਹੋ ਜਾਂਦੀਆਂ ਹਨ। ਇਹੋ ਜਿਹੀ ਹੀ ਕਹਾਣੀ ਹੈ ਮਾਤਾ ਗੁਰਦੇਵ ਕੌਰ ਜਲੂਰ ਦੀ, ਜਿਸ ਦੀਆਂ ਅਪਣੇ ਜਨਮ ਤੋਂ ਹੀ ਔਕੜਾਂ ਤੇ ਮੁਸੀਬਤਾਂ ਨਾਲ ਝੋਲੀਆਂ ਭਰੀਆਂ ਹੋਈਆਂ ਸਨ। 1940 ਦੇ ਕਰੀਬ ਜਨਮੀ ਮਾਤਾ ਗੁਰਦੇਵ ਕੌਰ ਦੇ ਜਨਮ ਵੇਲੇ ਮੁਲਕ ਅੰਗਰੇਜ਼ਾਂ ਦਾ ਗੁਲਾਮ ਸੀ, ਪਰ ਵੱਡੀ ਸਿਤਮਜ਼ਰੀਫ਼ੀ ਤਾਂ ਇਹ ਹੋਈ ਕਿ ਜਨਮ ਉਹਨਾਂ 'ਵਿਹੜੇ' ਵਾਲਿਆਂ ਦੇ ਘਰ ਹੋਇਆ ਸੀ ਜਿਨਾਂ ਦੇ ਪੈਰਾਂ ਨੂੰ 'ਮਨੂੰ' ਹਜ਼ਾਰਾਂ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜਕੜੀ ਬੈਠਾ ਸੀ। ਸਰਦਾਰਾਂ ਦੀਆਂ ਵਗਾਰਾਂ ਕਰਨਾ, ਉਹਨਾਂ ਦੀਆਂ ਖੁਰਲੀਆਂ ਵਿੱਚ ਹੱਥ ਮਾਰਨਾ, ਬਿਗਾਨੇ ਖੇਤਾਂ ਵਿੱਚ ਦਾਤੀ-ਪੱਲੀ ਲੈ ਕੱਖਾਂ ਦੇ ਨਾਲ ਨਾਲ ਬੇਇੱਜ਼ਤੀ, ਗਾਲਾਂ ਦੀ ਪੰਡ ਵੀ ਘਰ ਲਿਆਉਣੀ, ਇਹੀ ਇਹਨਾਂ ਦੀ ਹੋਣੀ ਸੀ। ਇਹੀ ਕੁਝ ਦੇਖਦੀ ਝੱਲਦੀ ਮਾਤਾ ਗੁਰਦੇਵ ਕੌਰ ਦਾ ਵਿਆਹ ਜਲੂਰ ਵਾਸੀ ਲਾਲ ਸਿੰਘ ਨਾਲ ਹੋਇਆ। ਮਾਤਾ ਜੀ ਦੀ ਕੁੱਖੋਂ ਦੋ ਪੁੱਤਰਾਂ ਵੱਡੇ ਬਲਬੀਰ ਤੇ ਛੋਟੇ ਬਲਵਿੰਦਰ ਨੇ ਜਨਮ ਲਿਆ। ਦੋਵੇਂ ਪੁੱਤਰ ਵੀ ਜਾਤੀ ਵਿਵਸਥਾ ਦੇ ਅਮਾਨਵੀਂ ਵਿਵਹਾਰ ਤੇ ਜਮਾਤੀ ਗੈਰ ਬਰਾਬਰੀ ਨੂੰ ਮਹਿਸੂਸਦੇ ਤੇ ਸਮਝਦੇ ਵੱਡੇ ਹੋਏ। ਆਪਣੀਆਂ ਹਾਲਤਾਂ ਨੂੰ ਕਿਸੇ ਰੱਬੀ ਕਰੋਪੀ ਨਾਲ ਨਾ ਜੋੜ ਇਸ ਨੂੰ ਸਮਾਜਿਕ ਆਰਥਿਕ ਪ੍ਰਬੰਧ ਦੁਆਰਾ ਪੈਦਾ ਕੀਤੀਆਂ ਹੋਣ ਬਾਰੇ ਸਮਝ ਲਗਣ ਤੇ ਮਾਤਾ ਦੇ ਦੋਵੇਂ ਪੁੱਤਰ ਪਹਿਲਾਂ ਵੱਡਾ ਬਲਬੀਰ ਸਿਉਂ ਤੇ ਫੇਰ ਛੋਟਾ ਬਲਵਿੰਦਰ ਇਨਕਲਾਬੀ ਜਮਹੂਰੀ ਜੱਥੇਬੰਦੀਆਂ ਵਿੱਚ ਸ਼ਾਮਲ ਹੋ ਕੇ ਉਹਨਾਂ ਭੈੜੀਆਂ ਹਾਲਤਾਂ ਨੂੰ ਬਦਲਣ ਦੇ ਕਾਰਜ ਵਿੱਚ ਜੁਟ ਗਏ ਜਿਨਾਂ ਵਿੱਚ ਉਹਨਾਂ ਸਮੇਤ ਦੇਸ਼ ਦੀ 80 ਫੀਸਦੀ ਅਬਾਦੀ ਨਰਕ ਭੋਗ ਰਹੀ ਸੀ। ਮਾਪਿਆਂ ਨੂੰ ਆਸ ਹੁੰਦੀ ਹੈ ਕਿ ਉਹਨਾਂ ਦੇ ਪੁੱਤਰ ਵੱਡੇ ਹੋ ਉਹਨਾਂ ਦਾ ਸਹਾਰਾ ਬਣਨਗੇ ਪਰ ਮਾਤਾ ਗੁਰਦੇਵ ਕੌਰ ਨੇ ਆਪਣੇ ਦੋਵੇਂ ਪੁੱਤਰਾਂ ਦੇ ਇਸ ਤਰਾਂ ਜੱਥੇਬੰਦੀਆਂ ਵਿੱਚ ਕੰਮ ਉਪਰ ਕਦੇ ਕੋਈ ਝੋਰਾ ਨਹੀਂ ਕੀਤਾ ਸਗੋਂ ਉਹਨਾਂ ਦੇ ਨਾਲ ਹਰ ਪ੍ਰੋਗਰਾਮ ਧਰਨੇ ਮੁਜਾਹਰੇ ਵਿੱਚ ਸ਼ਾਮਲ ਹੁੰਦੀ ਰਹੀ ਸੀ।

ਪਿਛਲੇ ਤਕਰੀਬਨ 4 ਸਾਲਾਂ ਤੋਂ ਸੰਗਰੂਰ ਦੇ ਵੱਖ ਵੱਖ ਪਿੰਡਾਂ ਵਿੱਚ ਦਲਿਤ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਝੰਡੇ ਹੇਠ ਪੰਚਾਇਤੀ ਜ਼ਮੀਨਾਂ ਵਿੱਚੋਂ ਆਪਣੇ ਹਿੱਸੇ ਦੀ ਜ਼ਮੀਨ ਲੈਣ ਲਈ ਜ਼ੋਰਦਾਰ ਤਰੀਕੇ ਨਾਲ ਲੜਾਈ ਲੜ ਰਹੇ ਹਨ। ਪਿੰਡਾਂ ਦੇ ਚੌਧਰੀਆਂ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਹਾਕਮ ਜਮਾਤਾਂ ਦੇ ਵਿਰੋਧ, ਜੇਲ੍ਹਾਂ-ਝੂਠੇ ਪਰਚਿਆਂ ਦੇ ਬਾਵਜੂਦ 40 ਤੋਂ ਵੱਧ ਪਿੰਡਾਂ ਵਿੱਚ ਦਲਿਤ ਆਪਣੇ ਹਿੱਸੇ ਦੀ ਹਜ਼ਾਰਾਂ ਏਕੜ ਜ਼ਮੀਨ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਏ। ਇਸੇ ਘੋਲ ਵਿੱਚੋਂ ਮਾਤਾ ਗੁਰਦੇਵ ਕੌਰ ਦਾ ਛੋਟਾ ਪੁੱਤਰ ਬਲਵਿੰਦਰ ਪ੍ਰਮੁੱਖ ਆਗੂ ਵਜੋਂ ਉਭਰ ਕੇ ਸਾਹਮਣੇ ਆਇਆ। ਜਲੂਰ ਪਿੰਡ ਵਿੱਚ ਵੀ ਪੰਚਾਇਤੀ ਜ਼ਮੀਨ ਦਾ ਮਸਲਾ ਕਾਫੀ ਵੱਡਾ ਸੀ। ਪਿੰਡ ਵਿੱਚ ਕੁੱਲ 90 ਕਿੱਲੇ ਪੰਚਾਇਤੀ ਜ਼ਮੀਨ ਸੀ। ਜਿਸ ਵਿੱਚੋਂ 40 ਕਿੱਲੇ ਪਹਿਲਾਂ ਹੀ ਪਿੰਡ ਦੇ ਚੌਧਰੀਆਂ ਨੇ ਦੱਬੀ ਹੋਈ ਸੀ, ਬਾਕੀ ਬਚਦੀ 50 ਕਿਲੇ ਜ਼ਮੀਨ ਵਿੱਚੋਂ ਦਲਿਤਾਂ ਦਾ ਬਣਦਾ ਤੀਜਾ ਹਿੱਸਾ ਫਰਜੀ ਬੋਲੀ ਰਾਹੀਂ ਪਿੰਡ ਦੇ ਇੱਕ ਹੋਰ ਉਚ ਜਾਤੀ ਜਿਮੀਂਦਾਰ ਨੂੰ ਦੇ ਦਿੱਤਾ ਗਿਆ। ਪਿੰਡ ਦੇ ਦਲਿਤਾਂ ਨੇ ਇਸ ਦਾ ਵਿਰੋਧ ਕੀਤਾ। ਮਾਤਾ ਗੁਰਦੇਵ ਕੌਰ ਦਾ ਪੂਰਾ ਪਰਿਵਾਰ ਇਸ ਵਿਰੋਧ ਵਿੱਚ ਸ਼ਾਮਲ ਹੋਇਆ। ਪਹਿਲਾਂ ਜ਼ਮੀਨ 'ਤੇ ਕਬਜਾ ਕੀਤਾ ਗਿਆ, ਜੋ ਪੁਲਿਸ ਨੇ ਚਕਵਾ ਦਿੱਤਾ, ਫ਼ੇਰ ਜੀਰੀ ਪੁੱਟੀ ਗਈ। ਪੁਲਿਸ ਨੇ ਪਰਚੇ ਦਰਜ ਕੀਤੇ। ਮਾਤਾ ਦੇ ਦੋਵੇਂ ਮੁੰਡਿਆਂ 'ਤੇ ਵੀ ਪਰਚੇ ਹੋਏ। ਧਨਾਢਾਂ ਨੇ ਫੇਰ ਫ਼ਸਲ ਬੀਜੀ। ਜੱਥੇਬੰਦੀ ਦੀ ਅਗਵਾਈ ਵਿੱਚ ਲੋਕਾਂ ਨੇ ਫੈਸਲਾ ਕੀਤਾ ਕਿ ਜ਼ਮੀਨ ਉਹਨਾਂ ਦੀ ਹੈ, ਫ਼ਸਲ ਵੀ ਉਹੀ ਵੱਢਣਗੇ। ਅੰਤ ਫ਼ਸਲ ਵੱਢ ਲਈ ਗਈ। ਇਹ ਚੌਧਰੀਆਂ ਦੀ ਚੌਧਰ ਨੂੰ ਸਿੱਧੀ ਟੱਕਰ ਸੀ। ਉਹ ਇਸ ਹਮਾਕਤ ਨੂੰ ਕਿੱਦਾਂ ਝੱਲ ਸਕਦੇ ਸਨ। ਇਸ ਲੁਟੇਰੇ ਪ੍ਰਬੰਧ ਦੀ ਰਾਖੀ ਕਰਦੀ ਪੂਰੀ 'ਸਟੇਟ' ਵੀ ਚੌਧਰੀਆਂ ਦੀ ਪਿੱਠ 'ਤੇ ਆ ਗਈ। ਸਾਜਿਸ਼ ਬੁਣੀ ਗਈ ਤੇ ਲਹਿਰਾਗਾਗੇ ਤੋਂ ਸ਼ਾਂਤਮਈ ਧਰਨਾ ਦੇ ਕੇ ਪਰਤ ਰਹੇ ਦਲਿਤਾਂ 'ਤੇ ਵਹਿਸ਼ੀਆਨਾ ਹਮਲਾ ਕਰ ਦਿੱਤਾ ਗਿਆ। ਬੰਦਿਆਂ ਦੀ ਵੱਢ-ਟੁੱਕ ਕੀਤੀ, ਘਰ ਢਾਹੇ ਗਏ, ਪਾਣੀ ਵਾਲੀਆਂ ਟੈਂਕੀਆਂ ਭੰਨ ਦਿੱਤੀਆਂ ਗਈਆਂ, ਔਰਤਾਂ ਮੂਹਰੇ ਨੰਗੇ ਹੋ ਖੜ੍ਹਿਆ ਗਿਆ। ਇਸ ਹਮਲੇ ਵਿੱਚ ਸਭ ਤੋਂ ਵੱਧ ਨਿਸ਼ਾਨਾ ਮਾਤਾ ਦੇ ਪਰਿਵਾਰ ਨੂੰ ਬਣਾਇਆ ਗਿਆ। ਪਰਿਵਾਰ ਦੀ ਛੋਟੀ ਜਿਹੀ ਪ੍ਰਚੂਨ ਦੀ ਦੁਕਾਨ ਲੁੱਟਮਾਰ ਕਰ ਭੰਨ ਦਿੱਤੀ ਗਈ। ਘਰ ਦੇ ਦਰਵਾਜੇ ਤੋੜ ਦਿੱਤੇ ਗਏ, ਕੰਧਾਂ ਢਾਹ ਦਿੱਤੀਆਂ ਗਈਆਂ। ਘਰ ਵਿੱਚ ਉਸ ਸਮੇਂ ਇਕੱਲੀ ਮਾਤਾ ਗੁਰਦੇਵ ਕੌਰ ਸੀ। ਜਾਬਰਾਂ ਨੇ ਜ਼ੁਲਮ ਦੀਆਂ ਹੱਦਾਂ ਟੱਪਦਿਆਂ ਬਿਰਧ ਮਾਤਾ ਦੀ ਗੰਡਾਸੇ ਨਾਲ ਲੱਤ ਵੱਢ ਦਿੱਤੀ। ਬਲਵਿੰਦਰ ਵਰਗੇ ਨਾਬਰ ਨੂੰ ਜੰਮਣ ਦੀ ਸਜ਼ਾ ਚੌਧਰੀਆਂ ਨੇ ਮਾਤਾ ਨੂੰ ਦਿੱਤੀ। ਮੌਕੇ 'ਤੇ ਆਇਆ ਪੁਲਿਸ ਤੇ ਸਿਵਲ ਪ੍ਰਸ਼ਾਸਨ ਹਮਲਾਵਰਾਂ ਨੂੰ ਰੋਕਣ ਦੀ ਬਜਾਏ ਉਲਟਾ ਦਲਿਤਾਂ ਨੂੰ ਗ੍ਰਿਫਤਾਰ ਕਰਨ ਲੱਗਿਆ। ਮਾਤਾ ਦੇ ਵੱਡੇ ਪੁੱਤਰ ਬਲਬੀਰ ਅਤੇ 80 ਸਾਲਾਂ ਤੋਂ ਵੀ ਵੱਧ ਉਮਰ ਦੇ ਪਤੀ ਲਾਲ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ, ਛੋਟੇ ਬਲਵਿੰਦਰ ਨੂੰ ਅੰਡਰਗਰਾਊਂਡ ਹੋਣਾ ਪਿਆ।

ਓਧਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਕਾਰਨ ਮਾਤਾ ਜੀ ਨੂੰ ਪੀ79 ਦਾਖਲ ਕਰਵਾਇਆ ਗਿਆ। ਦੂਜੇ ਪਾਸੇ ਇਸ ਵਹਿਸ਼ੀ ਹਮਲੇ ਖ਼ਿਲਾਫ਼ ਪੰਜਾਬ ਦੀਆਂ ਵੱਖ-ਵੱਖ ਇਨਕਲਾਬੀ ਜਮਹੂਰੀ ਜਨਤਕ ਜੱਥੇਬੰਦੀਆਂ ਨੇ ਸਾਂਝੀ ਐਕਸ਼ਨ ਕਮੇਟੀ ਬਣਾ ਸੰਘਰਸ਼ ਦਾ ਐਲਾਨ ਕਰ ਦਿੱਤਾ। 22 ਅਕਤੂਬਰ ਨੂੰ ਲਹਿਰਗੇਗਾ ਹੋਏ ਮੁਜਾਹਰੇ ਸਮੇਂ ਮਾਤਾ ਜੀ ਦੀ ਹਾਲਤ ਕੁਝ ਠੀਕ ਹੋਈ ਤਾਂ ਉਹਨਾਂ ਇਸ ਮੁਜਾਹਰੇ ਵਿੱਚ ਸ਼ਾਮਲ ਹੋਣ ਦੀ ਇਛਾ ਪ੍ਰਗਟਾਈ। ਐਂਬੂਲੈਂਸ ਵਿੱਚ ਮਾਤਾ ਜੀ ਨੂੰ ਇਸ ਧਰਨੇ ਵਿੱਚ ਲਿਆਂਦਾ ਗਿਆ। ਸਦੀਆਂ ਤੋਂ ਚੱਲੀ ਆ ਰਹੀ ਗੁਲਾਮੀ ਨੂੰ ਤੋੜਨ ਦਾ ਸਿਦਕ ਹੀ ਮਾਤਾ ਨੂੰ ਇਸ ਮੁਜਾਹਰੇ ਵਿੱਚ ਖਿੱਚ ਲਿਆਇਆ ਸੀ। ਇਸ ਤੋਂ ਬਾਅਦ ਮਾਤਾ ਦੀ ਹਾਲਤ ਫੇਰ ਖਰਾਬ ਹੋਣ ਲੱਗੀ। ਫੇਰ ਪੀ79 ਦਾਖਲ ਕਰਵਾਇਆ ਗਿਆ ਪਰ ਹਾਲਤ ਜਿਆਦਾ ਗੰਭੀਰ ਸੀ। ਡਾਕਟਰਾਂ ਦੀ ਬਹੁਤ ਕੋਸ਼ਿਸ਼ ਦੇ ਬਾਵਜੂਦ 11 ਨਵੰਬਰ ਨੂੰ ਮਾਤਾ ਜੀ ਦੀ ਸੰਘਰਸ਼ਮਈ ਜ਼ਿੰਦਗੀ ਦਾ ਅੰਤ ਹੋ ਗਿਆ ਪਰ ਇਹ ਸ਼ਹਾਦਤ ਪਰਬਤੋਂ ਭਾਰੀ ਸੀ। ਲੜੇ ਜਾ ਰਹੇ ਜ਼ਮੀਨ ਪ੍ਰਾਪਤੀ ਦੇ ਸੰਘਰਸ਼ ਦੇ ਅਗਲੇ ਪੜਾਹ ਦਾ ਆਗਾਜ਼ ਸੀ। ਸੰਘਰਸ਼ਸ਼ੀਲ ਜੱਥੇਬੰਦੀਆਂ ਵੱਲੋਂ ਸੰਗਰੂਰ ਵਿੱਚ ਪਹਿਲਾਂ ਡੀ.ਸੀ. ਦਫ਼ਤਰ ਫੇਰ ਅਕਾਲੀ ਮੰਤਰੀ ਢੀਂਡਸੇ ਦੇ ਘਰ ਦਾ ਘਿਰਾਓ ਸ਼ੁਰੂ ਕਰ ਦਿੱਤਾ ਗਿਆ, ਜੋ ਗ੍ਰਿਫਤਾਰ ਕੀਤੇ ਮਜ਼ਦੂਰਾਂ ਨੂੰ ਰਿਹਾਅ ਕਰਵਾਉਣ ਤੇ ਮਾਤਾ ਦੇ ਕਾਤਲਾਂ 'ਤੇ ਪਰਚਾ ਦਰਜ ਕਰ ਉਹਨਾਂ ਵਿੱਚੋਂ 5 ਨੂੰ ਗ੍ਰਿਫਤਾਰ ਕਰ ਲੈਣ ਤੱਕ ਜਾਰੀ ਰਿਹਾ। ਪਰ ਬਾਕੀ ਕਾਤਲ ਅੱਜ ਵੀ ਸ਼ਰੇਆਮ ਘੁੰਮ ਰਹੇ ਹਨ ਤੇ ਉਹਨਾਂ ਨੂੰ ਗ੍ਰਿਫਤਾਰ ਕਰਵਾਉਣ ਲਈ ਸੰਘਰਸ਼ ਅੱਜ ਵੀ ਜਾਰੀ ਹੈ। ਹੁਣ ਜਦੋਂ ਮਾਤਾ ਦੀ ਪਹਿਲੀ ਬਰਸੀ ਮਨਾਈ ਜਾ ਰਹੀ ਹੈ ਤਾਂ ਇੱਕ ਪਾਸੇ ਜਿੱਥੇ ਮਾਤਾ ਦੇ ਸੰਘਰਸ਼ਸ਼ੀਲ ਜੀਵਨ ਨੂੰ ਸਲਾਮ ਕਰਨਾ ਚਾਹੀਦਾ ਉਥੇ ਹੀ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਸੰਘਰਸ਼ ਨੂੰ ਅਗੇ ਵਧਾਉਣਾ ਚਾਹੀਦਾ ਹੈ।

ਹੌਕਿਆਂ ਵਰਗੀ ਜੂਨ ਹੰਢਾਉਂਦੇ,
ਮਜਬੂਰੀ ਵਿੱਚ ਘਿਰੇ ਲੋਕ।
ਠੰਡੇ ਚੁਲਿਆਂ ਵਰਗੇ ਲਗਦੇ,
ਸਦੀਆਂ ਤੋ ਨੇ ਘੇਰੇ ਲੋਕ ।

ਧਰਤੀ ਮਾਂ ਦੀ ਕੁੱਖ ਵਿਚੋਂ ਵੀ
ਆਪਣੀ ਜਿੰਦ ਕੰਗਾਲ ਹੋਈ।
ਆਪਣਾ ਕੁੱਝ ਨਹੀਂ ਇਸ ਧਰਤੀ ਤੇ
ਜਿੰਦਗੀ ਹਾਲ ਬੇਹਾਲ ਹੋਈ।
ਜਿੰਦਗੀ ਜਿਊਣ ਦੀ ਚਾਹਤ ਵੇ ਅੜਿਆ
ਲੱਭਦੇ ਪਏ ਸਵੇਰੇ ਲੋਕ ।

ਅੱਲੜ ਉਮਰੇ ਗ਼ਮ ਦੇ ਗੋਲੇ ,
ਜਿੰਦਗੀ ਬੋਝ ਹੈ ਧਰਤ ਉਤੇ ।
ਕੱਧਾਂ ਵਰਗੇ ਹਾਕਮ ਬੋਲੇ
ਸੜਦੇ ਲੋਕ ਉਹ ਰਹੇ ਸੁੱਤੇ ।
ਸਿਵਿਆਂ ਵਰਗੀ ਜਿੰਦਗੀ ਅੜਿਆ
ਵਾਂਗ ਗਲੋਟੇ ਟੇਰੇ ਲੋਕ।

ਜਿਨਸਾਂ ਵਰਗੀ ਜਿੰਦਗੀ ਅੜਿਆ
ਮੰਡੀ ਮੁੱਲ ਨਾ ਧੇਲਾ ਵੇ।
ਗਮਲਿਆਂ ਦੇ ਵਿੱਚ ਕੈਦ ਨੇ ਸੁਪਨੇ
ਦੱਖ ਨਾ ਦਿੰਦਾ ਮੇਲਾ ਵੇ ।
ਮੱਸਿਆ ਵਰਗੀ ਉਮਰ ਲੰਮੇਰੀ
ਪਰਬਤ ਵਰਗੇ ਜੇਰੇ ਲੋਕ ।

ਜਾਗੋ ਲੋਕੋ ਜਿਊਣ ਜੋਗਿਓ
ਸੁਤਿਆ ਹੀ ਯੁੱਗ ਬੀਤ ਗਏ ।
ਅੰਨੀ ਪੀਹਦੀ ਕੁੱਤੇ ਚੱਟਦੇ,
ਹੋਠਾਂ ਉਤੋਂ ਗੀਤ ਗਏ।
ਮੁਕਤੀ ਦਾ ਰਾਹ ਉਦੋਂ ਖੁੱਲਦਾ
ਜਦ ਹਾਕਮ ਨੂੰ ਘੇਰੇ ਲੋਕ ।

(ਜਗਸੀਰ ਜੀਦਾ)

# 33 ਸਾਲ ਪਹਿਲਾਂ ਵਾਪਰੇ ਭੋਪਾਲ ਕਾਂਡ ਦੀ ਦਾਸਤਾਨ

ਅੱਜ ਤੋਂ 33 ਸਾਲ ਪਹਿਲਾਂ 2-3 ਦਸੰਬਰ 1984 ਦੀ ਵਿਚਕਾਰਲੀ ਰਾਤ ਨੂੰ ਅਮਰੀਕੀ ਕੰਪਨੀ ਯੂਨੀਅਨ ਕਾਰਬਾਈਡ ਦੀ ਭੋਪਾਲ ਸਥਿਤ ਕੀਟਨਾਸ਼ਕ ਫੈਕਟਰੀ ਤੋਂ ਨਿਕਲੀਆਂ 40 ਟਨ ਜ਼ਹਿਰੀਲੀਆਂ ਗੈਸਾਂ ਨੇ ਦਿਨ ਭਰ ਦੀ ਮਿਹਨਤ ਨਾਲ ਥੱਕੇ ਕੇ ਸੌਂ ਰਹੇ ਰਹੇ ਮਜ਼ਦੂਰਾਂ ਦੀ ਬਸਤੀ ਨੂੰ ਘੇਰ ਲਿਆ। ਗੈਸ ਦਾ ਅਸਰ ਇੰਨਾ ਤੇਜ਼ ਸੀ ਕਿ ਚੰਦ ਪਲਾਂ ਅੰਦਰ ਹੀ ਸੈਂਕੜੇ ਲੋਕਾਂ ਦੀ ਦਮ ਘੁਟਣ ਨਾਲ ਮੌਤ ਹੋ ਗਈ, ਹਜ਼ਾਰਾਂ ਲੋਕ ਅੰਨ੍ਹੇ ਹੋ ਗਏ, ਬਹੁਤ ਸਾਰੀਆਂ ਇਸਤਰੀਆਂ ਦਾ ਗਰਭਪਾਤ ਹੋ ਗਿਆ, ਹਜ਼ਾਰਾਂ ਲੋਕ ਫੇਫੜੇ, ਲੀਵਰ, ਗੁਰਦੇ ਜਾਂ ਦਿਮਾਗ ਕੰਮ ਕਰਨਾ ਬੰਦ ਹੋਣ ਕਾਰਨ ਮਰ ਗਏ ਜਾਂ ਅੱਧਮਰੇ ਜਿਹੇ ਹੋ ਗਏ। ਬੱਚਿਆਂ, ਬਿਮਾਰਾਂ ਅਤੇ ਬੁੱਢਿਆਂ ਨੂੰ ਤਾਂ ਘਰ ਤੋਂ ਨਿਕਲਣ ਤੱਕ ਦਾ ਮੌਕਾ ਨਹੀਂ ਮਿਲਿਆ। ਕੁੱਲ 20,000 ਲੋਕ ਮਰੇ ਤੇ ਕਰੀਬ 6 ਲੱਖ ਲੋਕ ਅੱਜ ਤੱਕ ਅਪਾਹਜਪੁਣੇ ਅਤੇ ਬਿਮਾਰੀਆਂ ਨਾਲ਼ ਜੂਝ ਰਹੇ ਹਨ। ਇਹ ਗੈਸ ਇੰਨੀ ਜ਼ਹਿਰੀਲੀ ਸੀ ਕਿ ਪੰਜਾਹ ਵਰਗ ਕਿਲੋਮੀਟਰ ਦੇ ਦਾਇਰੇ 'ਚ ਪੰਛੀ ਤੱਕ ਮਰ ਗਏ ਅਤੇ ਜ਼ਮੀਨ ਅਤੇ ਪਾਣੀ ਤੱਕ 'ਚ ਇਸ ਦਾ ਜ਼ਹਿਰ ਫੈਲ ਗਿਆ ਜੋ ਅਜੇ ਤੱਕ ਮੌਜੂਦ ਹੈ। ਇੱਕ ਅਮਰੀਕੀ ਅਤੇ 8 ਭਾਰਤੀ ਸਰਮਾਏਦਾਰਾਂ ਦੀ ਸਾਂਝ ਵਾਲ਼ੇ ਇਸ ਕਾਰਖ਼ਾਨੇ ਨੂੰ ਪਹਿਲਾਂ ਪਛੜੀ ਤਕਨੀਕ ਦੇ ਬਾਵਜੂਦ ਮਨਜੂਰੀ ਮਿਲ਼ੀ, ਜਿਸ ਚ ਜਹਿਰੀਲੀ ਗੈਸ ਮਿੱਥੀ ਮਾਤਰਾ ਨਾਲ਼ੋਂ ਕਈ ਗੁਣਾ ਜਿਆਦਾ ਭੰਡਾਰ ਕਰਕੇ ਰੱਖੀ ਜਾਣ ਲੱਗੀ। ਪੈਸੇ ਬਚਾਉਣ ਲਈ ਗੈਸ ਨੂੰ ਠੰਡਾ ਰੱਖਣ ਲਈ ਅਤੀ ਲੋੜੀਂਦੀ ਪ੍ਰਣਾਲੀ ਬੰਦ ਕਰ ਦਿੱਤੀ ਅਤੇ ਦੁਰਘਟਨਾ ਦੀ ਸੂਰਤ ਵਿੱਚ ਸੂਚਨਾ ਦੇਣ ਵਾਲ਼ਾ ਹੂਟਰ ਵੀ ਬੰਦ ਕਰ ਦਿੱਤਾ ਤੇ ਮੁਨਾਫ਼ੇ ਦੀ ਇਸ ਹਵਸ ਦਾ ਨਤੀਜਾ ਹੋਇਆ ਕਿ ਰਾਤੋ-ਰਾਤ 20,000 ਧੜਕਦੇ ਮਨੁੱਖੀ ਦਿਲ ਸ਼ਾਂਤ ਕਰ ਦਿੱਤੇ ਗਏ।

ਜਦੋਂ ਭੁਪਾਲ ਦੀਆਂ ਸੜਕਾਂ ਲਾਸ਼ਾਂ ਨਾਲ਼ ਤੇ ਹਸਪਤਾਲ ਫੱਟੜਾਂ ਨਾਲ਼ ਭਰੇ ਪਏ ਸਨ ਤਾਂ ਭਾਰਤੀ ਸਰਕਾਰ ਯੂਨੀਅਨ ਕਾਰਬਾਈਡ ਦੇ ਮੁਖੀ ਵਾਰਨ ਐਂਡਰਸਨ ਨੂੰ



ਬੇਸ਼ਰਮੀ ਨਾਲ਼ ਇੱਕ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਉਸਨੂੰ ਭੋਪਾਲ ਤੋਂ ਦਿੱਲੀ ਲੈ ਕੇ ਗਈ ਤੇ ਉੱਤੋਂ ਉਸਨੂੰ ਅਮਰੀਕਾ ਭਜਾ ਦਿੱਤਾ ਗਿਆ। ਉਸ ਮਗਰੋਂ ਉਹ ਕਦੇ ਅਦਾਲਤ ਵਿੱਚ ਹਾਜ਼ਰ ਹੀ ਨਹੀਂ ਹੋਇਆ। ਐਂਡਰਸਨ ਮੁੜ ਕਦੇ ਭਾਰਤ ਸਰਕਾਰ ਦੇ ਹੱਥ ਵੀ ਨਹੀਂ ਆਇਆ ਤੇ ਉਹ ਇਸ ਕਤਲੇਆਮ ਤੋਂ ਮਗਰੋਂ 30 ਸਾਲ ਅੱਯਾਸ਼ੀ ਭਰੀ ਜ਼ਿੰਦਗੀ ਜਿਉਣ ਤੋਂ ਬਾਅਦ ਇਸ ਵਰ੍ਹੇ ਚੱਲ ਵਸਿਆ। ਉਸਦੇ 8 ਭਾਈਵਾਲ਼ ਭਾਰਤੀ ਸਰਮਾਏਦਾਰਾਂ ਨੂੰ 26 ਵਰ੍ਹੇ ਮਗਰੋਂ ਜੂਨ 2010 ਵਿੱਚ ਭੁਪਾਲ ਦੀ ਇੱਕ ਅਦਾਲਤ ਨੇ ਸਿਰਫ ਦੋ-ਦੋ ਵਰ੍ਹੇ ਦੀ ਸਜ਼ਾ ਸੁਣਾ ਕੇ ਛੱਡ ਦਿੱਤਾ ਤੇ ਉੱਤੋਂ ਦੋ ਘੰਟਿਆਂ ਅੰਦਰ ਹੀ ਉਹਨਾਂ ਦੀ ਜ਼ਮਾਨਤ ਵੀ ਹੋ ਗਈ ਅਤੇ ਉਹ ਹੱਸਦੇ ਹੋਏ ਘਰ ਚਲੇ ਗਏ। ਇਹ ਸਰਮਾਏਦਾਰਾ ਜਮਹੂਰੀਅਤ ਦਾ ਮਜ਼ਦੂਰਾਂ-ਕਿਰਤੀਆਂ ਲਈ ਇਨਸਾਫ਼ ਹੈ!!!

10 ਅਰਬ ਡਾਲਰ ਦੀ ਮਾਲਕੀ ਵਾਲ਼ੇ ਕਾਰਖ਼ਾਨੇ ਵਿੱਚ ਕੁੱਝ ਰੁਪਏ ਬਚਾਉਣ ਲਈ ਕੀਤੇ ਇਸ ਕਤਲੇਆਮ ਲਈ ਜਦੋਂ ਮਜ਼ਦੂਰ ਇਨਸਾਫ਼ ਮੰਗ ਰਹੇ ਸਨ ਤਾਂ ਉਸ ਵੇਲ਼ੇ ਮਦਰ ਟੈਰੇਸਾ ਉੱਥੇ "ਸੇਵਾ" ਲਈ ਪਹੁੰਚੀ ਤੇ ਪੀੜਤਾਂ ਨੂੰ ਕਹਿੰਦੀ ਰਹੀ, ਇਹ ਇੱਕ ਦੁਰਘਟਨਾ ਹੈ। ਇਸ ਲਈ ਮਾਫ ਕਰਨਾ ਜਰੂਰੀ ਹੈ। ਮਾਫ ਕਰਨ ਨਾਲ਼ ਦਿਲ ਹਲਕਾ ਹੋ ਜਾਂਦਾ ਹੈ ਅਤੇ ਮਾਫ ਕਰਨ ਤੋਂ ਬਾਅਦ ਲੋਕ ਹਜ਼ਾਰ ਗੁਣਾ ਬਿਹਤਰ ਮਹਿਸੂਸ ਕਰਦੇ ਹਨ।

ਇਹ ਹੈ ਪੁੰਨ-ਦਾਨ, ਸੇਵਾ ਤੇ ਸਮਾਜ-ਭਲਾਈ ਕਰਨ ਵਾਲ਼ੀਆਂ ਸੰਸਥਾਵਾਂ ਦਾ ਅਸਲ ਕੰਮ!!!

ਭੋਪਾਲ ਕਤਲੇਆਮ ਵਾਂਗ ਸਮਾਜ ਦੀਆਂ ਲੋੜਾਂ, ਸਹੂਲਤਾਂ ਤੇ ਅੱਯਾਸ਼ੀ ਦੀਆਂ ਸਭ ਚੀਜ਼ਾਂ ਪੈਦਾ ਕਰਨ ਵਾਲ਼ੇ ਸੱਨਅਤੀ ਮਜ਼ਦੂਰਾਂ ਤੋਂ ਲੈ ਕੇ ਹਰ ਤਰ੍ਹਾਂ ਦੇ ਕਾਮੇ, ਕਿਰਤੀ, ਅਰਧ ਮਜ਼ਦੂਰਾਂ ਭਿਆਨਕ ਲੁੱਟ ਅਤੇ ਦਾਬੇ ਦਾ ਸ਼ਿਕਾਰ ਹਨ। ਕੰਮ ਦੀਆਂ ਥਾਵਾਂ ਉੱਤੇ ਸੁਰੱਖਿਆ ਪ੍ਰਬੰਧਾਂ ਦੀ ਕਮੀਂ, ਹਾਦਸੇ ਹੋਣਾ, ਮਜ਼ਦੂਰਾਂ ਦਾ ਅਪਾਹਿਜ ਹੋਣਾ ਜਾਂ ਜਾਨ ਗਵਾ ਬਹਿਣਾ ਅਜੇ ਵੀ ਆਮ ਵਰਤਾਰਾ ਹਨ, ਜਿਨ੍ਹਾਂ ਵਿੱਚ ਨਾ ਕੋਈ ਮੁਆਵਜ਼ਾ ਮਿਲ਼ਦਾ ਹੈ ਨਾ ਸਰਕਾਰੀ ਦਰਬਾਰੇ ਕੋਈ ਸੁਣਵਾਈ ਹੁੰਦੀ ਹੈ। ਨਾਲ਼ ਹੀ ਰੱਜਵੀਂ ਰੋਟੀ, ਚੰਗੀ ਰਿਹਾਇਸ਼, ਸਾਫ਼ ਪਾਣੀ, ਸਫਾਈ, ਸੀਵਰੇਜ, ਸਿਹਤ, ਸਿੱਖਿਆ ਜਿਹੀਆਂ ਬੁਨਿਆਦੀ ਸਹੂਲਤਾਂ ਵੀ ਇਹਨਾਂ ਲਈ ਅਜੇ ਵੀ ਸੁਪਨਾ ਹਨ। ਇਹ ਸਭ ਚੀਖ਼ ਕੇ ਇਹ ਕਹਿ ਰਿਹਾ ਹੈ ਕਿ ਅੱਜ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨ' ਵਾਲ਼ਾ ਇੱਕ ਇਨਕਲਾਬ ਮਨੁੱਖਤਾ ਦੀ ਅਟੱਲ ਲੋੜ ਹੈ। ਇਸ ਲੋੜ ਤੋਂ ਇਨਕਾਰੀ ਹੋਣਾ ਜਾਂ ਸਿਰਫ਼ ਸੁਧਾਰਵਾਦੀ ਸਮਾਜ-ਭਲਾਈ, ਪੁੰਨ-ਦਾਨ ਤੱਕ ਸੀਮਤ ਰਹਿਣਾ ਮਨੁੱਖਤਾ ਨਾਲ਼ ਧ੍ਰੋਹ ਹੈ, ਇਹ ਕਿਰਤੀਆਂ ਦੇ ਲਹੂ 'ਤੇ ਪਲ਼ਦੇ ਵਾਰਨ ਐਂਡਰਸਨ ਵਰਗੇ ਬਘਿਆੜਾਂ ਦਾ ਪੱਖ ਪੂਰਨਾ ਹੈ।

# ਨਿਊਜ਼ੀਲੈਂਡ ਨੂੰ ਦੁਨੀਆਂ ਦੇ ਭ੍ਰਿਸ਼ਟਾਚਾਰ ਮੁਕਤ ਦੇਸ਼ਾਂ ਵਿਚ ਸਿਖਰ 'ਤੇ ਰੱਖਿਆ

*ਬ੍ਰਾਇਨ ਇਸ ਦੇਸ਼ ਦੇ ਇੱਕ ਲੇਖਕ ਹਨ। ਉਹਨਾਂ ਨੇ "ਭਾਰਤ ਵਿਚ ਭ੍ਰਿਸ਼ਟਾਚਾਰ" ਵਿਸ਼ੇ ਤੇ ਇਕ ਤੱਥ ਭਰਪੂਰ ਲੇਖ ਲਿਖਿਆ ਹੈ ਜੋ ਸੋਸ਼ਲ ਮੀਡੀਆ ਤੇ ਕਾਫ਼ੀ ਛਾਇਆ ਹੋਇਆ ਹੈ। ਲੇਖ ਦੀ ਮਕਬੂਲੀਅਤ ਅਤੇ ਅਸਰ ਨੂੰ ਵੇਖਦੇ ਹੋਏ ਪੰਜਾਬੀ ਪਾਠਕਾਂ ਲਈ ਇਸਦਾ ਤਰਜਮਾ ਕੀਤਾ ਗਿਆ ਹੈ:-*

- ਭਾਰਤੀ ਲੋਕ ਹੋਬਜ਼ (ਬੇਕਾਬੂ, ਮਾੜੀ ਤੇ ਖ਼ੁਦਗਰਜ਼ ਤਹਿਜ਼ੀਬ) ਵੀਚਾਰਧਾਰਾ ਵਾਲ਼ੇ ਹਨ।
- ਭਾਰਤ ਵਿੱਚ ਭ੍ਰਿਸ਼ਟਾਚਾਰ ਦਾ ਇਕ ਤਹਿਜ਼ੀਬੀ ਪੱਖ ਵੀ ਹੈ। ਭਾਰਤੀ ਲੋਕ ਭ੍ਰਿਸ਼ਟਾਚਾਰ ਕਰਨ ਵੇਲ਼ੇ ਜਰਾ ਵੀ ਨਹੀਂ ਝਿਜਕਦੇ। ਭ੍ਰਿਸ਼ਟਾਚਾਰ ਇੱਥੇ ਬਹੁਤ ਵੱਡੇ ਪੱਧਰ 'ਤੇ ਫੈਲਿਆ ਹੋਇਆ ਹੈ।
- ਭਾਰਤੀ ਲੋਕ ਭ੍ਰਿਸ਼ਟ ਵਿਅਕਤੀ ਦਾ ਵਿਰੋਧ ਕਰਨ ਦੀ ਬਜਾਏ, ਉਸਨੂੰ ਬਰਦਾਸ਼ਤ ਕਰਨ ਦੇ ਆਦੀ ਹਨ। ਕੋਈ ਹੋਰ ਮਨੁੱਖੀ ਨਸਲ ਜਮਾਂਦਰੂ ਇਤਨੀ ਭ੍ਰਿਸ਼ਟ ਨਹੀਂ ਹੈ।
- ਇਹ ਪਤਾ ਲਗਾਉਣ ਲਈ ਕਿ ਭਾਰਤੀ ਲੋਕ ਇੰਨੇ ਭ੍ਰਿਸ਼ਟ ਕਿਉਂ ਹਨ, ਜ਼ਰਾ ਉਹਨਾਂ ਦੀ ਜੀਵਨ ਜਾਂਚ ਅਤੇ ਰਵਾਇਤਾਂ ਵੱਲ ਝਾਤੀ ਮਾਰੋ।
- ਭਾਰਤ ਵਿਚ ਧਰਮ ਵੀ ਕਾਰੋਬਾਰੀ ਲੈਣ ਦੇਣ ਵਰਗਾ ਇਕ ਕਾਰੋਬਾਰ ਹੀ ਹੈ। ਭਾਰਤੀ ਲੋਕ ਇਸ ਆਸ ਨਾਲ਼ ਪਰਮੇਸ਼ਰ ਨੂੰ ਪੈਸਾ ਚੜ੍ਹਾਉਂਦੇ ਹਨ ਕਿ ਇਸਦਾ ਫਲ਼ ਦੇਣ ਵੇਲ਼ੇ ਉਹ ਦੂਸਰਿਆਂ ਨਾਲੋਂ ਉਹਨਾਂ ਨੂੰ ਤਰਜੀਹ ਦੇਵੇਗਾ। ਇਹ ਦਲੀਲ ਇਸ ਸੋਚ ਨੂੰ ਪੱਕਿਆਂ ਕਰਦੀ ਹੈ ਕਿ ਲੋੜਵੰਦ ਲੋਕਾਂ ਨੂੰ ਲੋੜੀਂਦੀਆਂ ਚੀਜ਼ਾਂ ਪ੍ਰਾਪਤ ਕਰਨ ਲਈ ਪਰਮਾਤਮਾ ਨੂੰ ਕੁਝ ਨਾ ਕੁਝ ਦੇਣਾ ਹੀ ਪੈਣਾ ਹੈ। ਮੰਦਰ ਦੀ ਵਲ਼ਗਣ ਤੋਂ ਬਾਹਰ ਅਸੀਂ ਅਜਿਹੇ ਲੈਣ ਦੇਣ ਨੂੰ ਭ੍ਰਿਸ਼ਟਾਚਾਰ ਆਖਦੇ ਹਾਂ।
- ਅਮੀਰ ਭਾਰਤੀ ਵਿਅਕਤੀ ਨਕਦੀ ਦੀ ਬਜਾਏ ਸੋਨਾ, ਚਾਂਦੀ ਅਤੇ ਹੋਰ ਗਹਿਣੇ ਪਰਮਾਤਮਾ ਦੇ ਨਾਂ ਤੇ ਦਾਨ ਕਰਦਾ ਹੈ। ਉਹ ਦਾਨ ਗ਼ਰੀਬਾਂ ਨੂੰ ਨਹੀਂ ਸਗੋਂ ਪਰਮੇਸ਼ਰ ਨੂੰ ਦਿੰਦਾ ਹੈ। ਉਹ ਸੋਚਦਾ ਹੈ ਕਿ ਕਿਸੇ ਲੋੜਵੰਦ ਨੂੰ ਦੇਣ ਨਾਲ਼ ਪੈਸਾ ਬਰਬਾਦ ਹੋ ਜਾਵੇਗਾ।
- ਜੂਨ 2009 ਵਿੱਚ, "ਦਿ ਹਿੰਦੂ" ਅਖ਼ਬਾਰ ਨੇ ਕਰਨਾਟਕ ਦੇ ਮੰਤਰੀ ਜੀ ਜਨਾਰਦਨ ਰੈਡੀ ਵੱਲੋਂ ਤਿਰੂਪਤੀ ਮੰਦਰ ਨੂੰ 45 ਕਰੋੜ ਰੁਪਏ ਦਾ ਸੋਨਾ ਅਤੇ ਹੀਰੇ ਜਵਾਹਰਾਤ ਦਾਨ ਕਰਨ ਦੀ ਖ਼ਬਰ ਛਾਪੀ ਸੀ। ਭਾਰਤ ਦੇ ਮੰਦਰਾਂ ਨੂੰ ਇੰਨਾ ਜ਼ਿਆਦਾ ਪੈਸਾ ਮਿਲਦਾ ਹੈ ਕਿ ਉਨ੍ਹਾਂ ਨੂੰ ਸਮਝ ਨਹੀਂ ਲੱਗਦੀ ਕਿ ਇਸ ਧਨ ਦਾ ਕੀ ਕੀਤਾ ਜਾਵੇ। ਅਰਬਾਂ ਦੀ ਜਾਇਦਾਦ ਮੰਦਰਾਂ ਕੋਲ਼ ਬੇਕਾਰ ਤੇ ਅਣਵਰਤੀ ਹੀ ਪਈ ਹੋਈ ਹੈ।
- ਜਦੋਂ ਯੂਰਪੀਅਨ ਲੋਕ ਭਾਰਤ ਆਏ ਸਨ ਤਾਂ ਉਹਨਾਂ ਨੇ ਇੱਥੇ ਸਕੂਲ ਬਣਾਏ ਪਰ ਇਸਦੇ ਉਲ਼ਟ ਜਦੋਂ ਭਾਰਤੀ ਲੋਕ ਯੂਰਪ ਅਤੇ ਅਮਰੀਕਾ ਗਏ ਤਾਂ ਉਹਨਾਂ ਉਥੇ ਸਭ ਤੋਂ ਪਹਿਲਾਂ ਮੰਦਰ ਬਣਾਏ।
- ਭਾਰਤੀਆਂ ਦੀ ਸੋਚ ਅਜਿਹੀ ਬਣਾ ਦਿੱਤੀ ਗਈ ਹੈ ਕਿ ਰੱਬ ਕੋਈ ਦਾਤ ਦੇਣ ਲਈ ਉਹਨਾਂ ਤੋਂ ਕੁਝ ਨਾ ਕੁਝ ਭੇਟਾ ਲੈਣ ਦਾ ਹਮੇਸ਼ਾ ਚਾਹਵਾਨ ਹੁੰਦਾ ਹੈ ਇਸ ਲਈ ਦਾਨ ਪੁੰਨ ਕਰਨ ਵਿਚ ਕੁਝ ਵੀ ਗਲ਼ਤ ਨਹੀਂ ਹੈ। ਇਸੇ ਮਾਨਸਿਕਤਾ ਕਾਰਨ ਭਾਰਤੀ ਇੰਨੀ ਆਸਾਨੀ ਨਾਲ ਭ੍ਰਿਸ਼ਟ ਹੋ ਜਾਂਦੇ ਹਨ।
- ਭਾਰਤੀ ਤਹਿਜ਼ੀਬ ਰੱਬ ਨਾਲ਼ ਅਜਿਹਾ ਲੈਣ ਦੇਣ ਕਰਨ ਵਾਲ਼ੇ ਵਰਤੋਂ ਵਿਹਾਰ ਨੂੰ ਸੌਖਿਆਂ ਹੀ ਆਪਣੇ ਅੰਦਰ ਸਮੋਅ ਲੈਂਦੀ ਹੈ। ਕਿਉਂਕਿ:-

1) ਇਸ ਨਾਲ਼ ਕੋਈ ਇਖ਼ਲਾਕੀ ਦਾਗ ਨਹੀਂ ਲਗਦਾ। ਸਬੂਤ ਵਜੋਂ ਤਾਮਿਲ ਆਗੂ ਜੈਲਲਿਤਾ ਖਿਲਾਫ ਭ੍ਰਿਸ਼ਟਾਚਾਰ ਦੇ ਕਈ ਮਾਮਲੇ ਚਲਦੇ ਹੋਣ ਦੇ ਬਾਵਜੂਦ ਲੋਕਾਂ ਵੱਲੋਂ ਉਸਨੂੰ ਮੁੜ ਹਾਕਮ ਥਾਪ ਦਿੱਤਾ ਗਿਆ, ਪੱਛਮੀ ਮੁਲਕਾਂ ਵਿੱਚ ਅਜਿਹਾ ਕਦੀ ਸੋਚਿਆ ਵੀ ਨਹੀਂ ਜਾ ਸਕਦਾ।

2) ਭਾਰਤੀਆਂ ਦੀ ਰਿਸ਼ਵਤਖੋਰੀ ਵਾਲ਼ੀ ਸ਼ੱਕੀ ਹਾਲਤ ਇਤਿਹਾਸ ਵਿਚੋਂ ਬਾਖ਼ੂਬੀ ਝਲਕਦੀ ਹੈ। ਭਾਰਤੀ ਇਤਿਹਾਸ ਦੱਸਦਾ ਹੈ ਕਿ ਕਈ ਦਵਾਰਪਾਲਾਂ ਕੋਲ਼ੋਂ ਸ਼ਹਿਰਾਂ ਅਤੇ ਰਾਜਧਾਨੀਆਂ ਦੇ ਦਰਵਾਜ਼ੇ ਖੁਲਵਾਉਣ ਲਈ ਅਤੇ ਫ਼ੌਜਦਾਰਾਂ ਤੋਂ ਹਥਿਆਰ ਸੁਟਵਾਉਣ ਬਦਲੇ ਰਿਸ਼ਵਤਾਂ ਦੇ ਕੇ ਸੌਖੀਆਂ ਜਿੱਤਾਂ ਹਾਸਲ ਕੀਤੀਆਂ ਗਈਆਂ ਸਨ। ਅਜਿਹਾ ਸਿਰਫ਼ ਭਾਰਤ ਵਿਚ ਹੀ ਹੁੰਦਾ ਹੈ ਅਤੇ ਇਸੇ ਕਾਰਨ ਭਾਰਤ ਨੂੰ ਜੈ ਚੰਦਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ।

- ਭਾਰਤੀਆਂ ਦੇ ਭ੍ਰਿਸ਼ਟ ਵਰਤਾਓ ਕਾਰਨ ਹੀ ਭਾਰਤੀ ਉਪ-ਮਹਾਂਦੀਪ ਵਿਚ ਪੁਰਾਤਨ ਯੂਨਾਨ ਅਤੇ ਅਜੋਕੇ ਯੂਰਪ ਮੁਕਾਬਲੇ ਬਹੁਤ ਘੱਟ ਜੰਗਾਂ ਹੋਈਆਂ ਹਨ। ਇਹ ਤੱਥ ਹੈਰਾਨੀਜਨਕ ਹੈ ਕਿ ਨਾਦਿਰ ਸ਼ਾਹ ਦੀ ਤੁਰਕਾਂ ਨਾਲ਼ ਹੋਈ ਲੜਾਈ ਬਹੁਤ ਤੇਜ਼ ਰਫ਼ਤਾਰ ਵਾਲ਼ੀ ਸੀ ਜੋ ਆਖਰੀ ਸਾਹਾਂ ਤੱਕ ਲੜੀ ਗਈ ਸੀ। ਦੂਜੇ ਪਾਸੇ ਭਾਰਤ ਵਿੱਚ ਤਾਂ ਲੜਾਈ ਦੀ ਕੋਈ ਲੋੜ ਹੀ ਨਹੀਂ ਸੀ। ਭਾਰਤੀ ਫ਼ੌਜ ਨੂੰ ਰਸਤੇ ਵਿਚੋਂ ਹਟਾਉਣ ਲਈ ਰਿਸ਼ਵਤ ਦੇ ਦੇਣੀ ਹੀ ਕਾਫ਼ੀ ਸੀ। ਕੋਈ ਵੀ ਹਮਲਾਵਰ, ਜੋ ਪੈਸੇ ਖ਼ਰਚ ਕਰ ਸਕਦਾ ਸੀ, ਉਹ ਭਾਰਤੀ ਰਾਜੇ ਜਾਂ ਉਸਦੀ ਲੱਖਾਂ ਸਿਪਾਹੀਆਂ ਵਾਲ਼ੀ ਫ਼ੌਜ ਨੂੰ ਸਹਿਜੇ ਹੀ ਆਪਣੇ ਰਸਤੇ ਵਿਚੋਂ ਹਟਾਅ ਸਕਦਾ ਸੀ।
- ਪਲਾਸੀ ਦੀ ਲੜਾਈ ਦੌਰਾਨ ਭਾਰਤੀ ਫੌਜੀ ਮੁਸ਼ਕਿਲ ਨਾਲ ਹੀ ਕੋਈ ਮੁਕਾਬਲਾ ਕਰ ਸਕੇ ਸਨ। ਜਿੱਤਣ ਲਈ ਕਲਾਈਵ ਨੇ ਮੀਰ ਜਾਫ਼ਰ ਨੂੰ ਪੈਸੇ ਦੇ ਦਿੱਤੇ ਅਤੇ ਬੰਗਾਲੀ ਫ਼ੌਜ ਦੀ ਨਫ਼ਰੀ ਘਟਕੇ 3000 ਸਿਪਾਹੀਆਂ ਤੱਕ ਸੁੰਗੜਾਅ ਦਿੱਤੀ ਗਈ।
- ਭਾਰਤੀ ਕਿਲਿਆਂ ਨੂੰ ਜਿੱਤਣ ਲਈ ਹਮੇਸ਼ਾ ਧਨ ਦੌਲ਼ਤ ਦੀ ਵਰਤੋਂ ਬਤੌਰ ਰਿਸ਼ਵਤ ਕੀਤੀ ਜਾਂਦੀ ਸੀ। ਸੰਨ 1686 ਵਿੱਚ ਗੋਲਕੁੰਡਾ ਦਾ ਕਿਲਾ ਵੀ ਪਿਛਵਾੜੇ ਦਾ ਗੁਪਤ ਦਰਵਾਜ਼ਾ ਖੁਲ੍ਹਵਾਕੇ ਜਿੱਤਿਆ ਗਿਆ ਸੀ। ਮੁਗ਼ਲਾਂ ਨੇ ਅਸਲ ਵਿੱਚ ਮਰਾਠਿਆਂ ਅਤੇ ਰਾਜਪੂਤਾਂ ਨੂੰ ਰਿਸ਼ਵਤ ਦੇ ਹਥਿਆਰ ਨਾਲ਼ ਹੀ ਜਿੱਤਿਆ ਸੀ।
- ਸ੍ਰੀ ਨਗਰ ਦੇ ਰਾਜੇ ਨੇ ਔਰੰਗਜੇਬ ਕੋਲ਼ੋਂ ਰਿਸ਼ਵਤ ਲੈਕੇ ਦਾਰਾ ਸ਼ਿਕੋਹ ਦਾ ਪੁੱਤਰ ਸੁਲੇਮਾਨ ਉਸਨੂੰ ਸੌਂਪ ਦਿੱਤਾ। ਅਜਿਹੇ ਬਹੁਤ ਸਾਰੇ ਮਾਮਲੇ ਹਨ, ਜਿੱਥੇ ਭਾਰਤੀਆਂ ਨੇ ਰਿਸ਼ਵਤ ਦਾ ਪੈਸਾ ਹਾਸਲ ਕਰਨ ਲਈ ਵੱਡੀਆਂ-ਵੱਡੀਆਂ ਗੱਦਾਰੀਆਂ ਕੀਤੀਆਂ ਸਨ।
- ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਭਾਰਤੀਆਂ ਵਿਚ ਸੌਦੇਬਾਜ਼ੀ ਦਾ ਇਹ ਸਭਿਆਚਾਰ ਕਿਉਂ ਹੈ, ਜਦਕਿ ਬਹੁਤ ਸਾਰੇ ਸਭਿਅਕ ਦੇਸ਼ਾਂ ਵਿਚ ਇਹ ਸੌਦੇਬਾਜ਼ੀ ਵਾਲ਼ਾ ਭੈੜਾ ਸਭਿਆਚਾਰ ਹੁੰਦਾ ਹੀ ਨਹੀਂ।

3) ਭਾਰਤੀ ਇਸ ਸਿਧਾਂਤ ਵਿਚ ਯਕੀਨ ਨਹੀਂ ਰੱਖਦੇ ਕਿ ਜੇਕਰ ਉਹ ਚੰਗੇ ਇਖ਼ਲਾਕ ਵਾਲ਼ਾ ਵਰਤੋਂ ਵਿਹਾਰ ਕਰਨਗੇ ਤਾਂ ਸਾਰੇ ਲੋਕ ਤਰੱਕੀ ਕਰਨਗੇ ਕਿਉਂਕਿ ਉਨ੍ਹਾਂ ਦਾ "ਵਿਸ਼ਵਾਸ/ਧਰਮ" ਇਹ ਸਿੱਖਿਆ ਦੇਂਦਾ ਹੀ ਨਹੀਂ।

- ਉਹਨਾਂ ਦਾ ਜਾਤਪਾਤ ਵਾਲ਼ਾ ਢਾਂਚਾ ਉਨ੍ਹਾਂ ਨੂੰ ਆਪਸ ਵਿੱਚ ਵੰਡਦਾ ਹੈ। ਉਹ ਮਨੁੱਖੀ ਬਰਾਬਰੀ ਦੇ ਸਿਧਾਂਤ ਵਿੱਚ ਯਕੀਨ ਨਹੀਂ ਕਰਦੇ। ਇਹੋ ਕਾਰਨ ਹੈ ਕਿ ਉਹ ਜਾਤਪਾਤ ਕਾਰਨ ਆਪਸ ਵਿੱਚ ਅਤੇ ਈਸ਼ਵਰ, ਅੱਲਾਹ, ਗਾੱਡ ਦੇ ਨਾਂ ਤੇ ਵੱਖ ਵੱਖ ਧਰਮਾਂ ਵਿੱਚ ਵੰਡੇ ਗਏ ਹਨ।
- ਬਹੁਤ ਸਾਰੇ ਭਾਰਤੀਆਂ ਨੇ ਸਿੱਖ, ਜੈਨ ਜਾਂ ਬੁੱਧ ਅਤੇ ਕਈਆਂ ਨੇ ਈਸਾਈ ਅਤੇ ਇਸਲਾਮ ਧਰਮ ਨੂੰ ਅਪਣਾਇਆ। ਇਸ ਖਿਲਾਰੇ ਦਾ ਨਤੀਜਾ ਇਹ ਨਿਕਲ਼ਿਆ ਕਿ ਹੁਣ ਭਾਰਤੀ ਇਕ ਦੂਜੇ ਤੇ ਭਰੋਸਾ ਹੀ ਨਹੀਂ ਕਰਦੇ। ਭਾਰਤ ਵਿਚ ਕੋਈ ਵੀ ਭਾਰਤੀ ਨਹੀਂ ਹੈ, ਉਹ ਹਿੰਦੂ, ਕ੍ਰਿਸ਼ਚਿਅਨ ਜਾਂ ਮੁਸਲਮਾਨ ਵਗੈਰਾ ਦੇ ਨਜਰੀਏ ਤੋਂ ਆਪਣੇ ਆਪ ਨੂੰ ਵੇਖਦੇ ਹਨ। ਭਾਰਤੀ ਭੁੱਲ ਗਏ ਹਨ ਕਿ ਉਹ 1400 ਸਾਲ ਪਹਿਲਾਂ ਇਕੋ ਧਰਮ ਦੇ ਪੈਰੋਕਾਰ ਸਨ। ਇਸ ਵਰਨ ਵੰਡ ਨੇ ਇਕ ਬੀਮਾਰ ਸਭਿਆਚਾਰਕ ਮਾਨਸਿਕਤਾ ਨੂੰ ਜਨਮ ਦਿੱਤਾ ਹੈ।
- ਇਹ ਸਾਮਾਜਕ ਨਾਬਰਾਬਰੀ ਇਕ ਭ੍ਰਿਸ਼ਟ ਸੋਚ ਦਾ ਨਤੀਜਾ ਹੈ ਜਿਸ ਵਿੱਚ ਹਰ ਭਾਰਤੀ ਦੂਜੇ ਦੇ ਖਿਲਾਫ਼ ਹੈ ਸਿਵਾਏ ਪ੍ਰਮਾਤਮਾ ਦੇ ਜਿਸ ਬਾਰੇ ਵੀ ਉਹਨਾਂ ਦਾ ਵਿਸ਼ਵਾਸ ਹੈ ਕਿ ਉਹ ਬਿਨਾਂ ਰਿਸ਼ਵਤ (ਦਾਨ, ਪੁੰਨ, ਚੜ੍ਹਾਵਾ) ਲਏ ਕੁਝ ਨਹੀਂ ਦੇਂਦਾ।

**ਬ੍ਰਾਇਨ ਗਾਡਜ਼ੋਨ, ਨਿਊਜ਼ੀਲੈਂਡ**

# ਆਸ ਦੀ ਕਿਰਨ, ਇੱਕ ਰੁਝਾਨ ਇਹ ਵੀ...





ਅੱਜ ਸ਼ਹੀਦ ਭਗਤ ਸਿੰਘ ਪੁਸਤਕ ਸੱਥ, ਦੀਵਾਨਾ ਵੱਲੋਂ ਮੂੰਮ ਸਕੂਲ ਵਿੱਚ ਪੁਸਤਕ ਪ੍ਰਦਰਸ਼ਨੀ ਤੇ ਗ਼ਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਸਮੇਤ ਸੰਖੇਪ ਜੀਵਨ ਬਿਉਰੇ ਦੇ ਲਾਈ ਗਈ। ਜਿਸ ਵਿੱਚ ਇਲਾਕੇ ਦੇ ਚਾਰ ਸਕੂਲਾਂ ਦੇ ਅਧਿਆਪਕਾਂ ਨੇ ਸਮੂਲੀਅਤ ਕੀਤੀ। ਪ੍ਰਦਰਸ਼ਨੀ ਵਿੱਚ ਪੰਜਾਬ, ਦਿੱਲੀ ਦੇ ਚੰਗੇ ਪ੍ਰਕਾਸ਼ਕਾਂ ਦੀਆਂ 1000 ਤੋਂ ਵੱਧ ਤਰ੍ਹਾਂ ਦੀਆਂ ਪੁਸਤਕਾਂ ਸ਼ਾਮਿਲ ਸਨ। ਬਾਲ ਸਾਹਿਤ ਵਿਸ਼ੇਸ਼ ਤੌਰ 'ਤੇ ਪ੍ਰਦਰਸ਼ਿਤ ਕੀਤੀ ਗਿਆ। ਸਕੂਲ ਦੇ ਬੱਚਿਆਂ ਦੀ ਇਕੱਲੀ-ਇਕੱਲੀ ਜਮਾਤ ਨੂੰ ਪ੍ਰਦਰਸ਼ਨੀ ਵਿਖਾਈ ਗਈ। ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਪੁਸਤਕਾਂ ਨੂੰ ਵੇਖਿਆ, ਆਪਣੇ ਹੱਥਾਂ ਵਿੱਚ ਲਈਆਂ, ਪੜ੍ਹੀਆਂ ਤੇ ਆਪਣੇ ਸਕੂਲ ਦੀ ਲਾਇਬਰੇਰੀ ਲਈ ਪੁਸਤਕਾਂ ਦੀ ਚੋਣ ਅਧਿਆਪਕਾਂ ਨਾਲ ਮਿਲ ਕੇ ਕੀਤੀ। ਕਈ ਬੱਚਿਆਂ ਨੇ ਪੁਸਤਕਾਂ ਲੈ ਥੋੜਾ ਪਾਸੇ ਹੋ ਪੜਨੀਆਂ ਸ਼ੁਰੂ ਕਰ ਦਿੱਤੀਆਂ, ਕਈਆਂ ਨੇ ਅੰਮ੍ਰਿਤਾ ਪ੍ਰੀਤਮ, ਬੁੱਲੇ ਸ਼ਾਹ ਦੀਆਂ ਪੁਸਤਕਾਂ ਦੀ ਆਪ ਮੰਗ ਕੀਤੀ। ਲਗਭਗ 30-35 ਦੇ ਕਰੀਬ ਬੱਚਿਆਂ ਨੇ ਨਿੱਜੀ ਤੌਰ 'ਤੇ ਇੱਕ ਤੋਂ ਲੈ ਪੰਜ ਪੁਸਤਕਾਂ ਖਰੀਦੀਆਂ। ਬੱਚਿਆਂ ਦੀ ਪੁਸਤਕਾਂ ਵੱਲ ਰੁਚੀ ਚੰਗੇ ਸਾਹਿਤ ਪ੍ਰੇਮੀ ਅਧਿਆਪਕਾਂ ਦੀ ਦੇਣ ਹੈ। ਨਾਲ ਇਹ ਗੱਲ ਵੀ ਝੂਠੀ ਪੈਂਦੀ ਹੈ ਕਿ ਬੱਚੇ ਤਾਂ ਸਾਹਿਤਕ ਪੁਸਤਕਾਂ ਵੱਲ ਵੇਖਦੇ ਵੀ ਨਹੀਂ।

ਇਸ ਦੇ ਨਾਲ ਹੀ ਸਕੂਲ ਦੇ ਅਧਿਆਪਕਾਂ ਨੇ ਆਪਣੇ-ਆਪਣੇ ਵਿਸ਼ਿਆਂ ਨਾਲ ਸਬੰਧਿਤ ਪੁਸਤਕਾਂ ਦੀ ਚੋਣ ਕੀਤੀ। ਅਧਿਆਪਕ ਹਰਜਿੰਦਰ ਸਿੰਘ ਬੱਚਿਆਂ ਦੀ ਚੰਗੀਆਂ ਪੁਸਤਕਾਂ ਖਰੀਦਣ ਵਿੱਚ ਸਹਾਇਤਾ ਕਰਦੇ ਰਹੇ, ਅਮਰੀਕ ਸਿੰਘ, ਬਲਜਿੰਦਰ ਪ੍ਰਭੂ, ਬਬਲਜੀਤ ਸਿੰਘ ਅਤੇ ਹੋਰ ਅਧਿਆਪਕਾਂ ਨੇ ਆਪਣੀ ਨਿੱਜੀ ਲਾਇਬਰੇਰੀ ਲਈ ਪੁਸਤਕਾਂ ਦੀ ਚੋਣ ਕੀਤੀ। ਲਾਇਬਰੇਰੀ ਹਾਲ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਰੰਗ ਬਿਰੰਗੀਆਂ, ਰੌਚਿਕ ਨਾਵਾਂ ਵਾਲੀਆਂ ਪੁਸਤਕਾਂ ਨਾਲ ਭਰੇ ਟੇਬਲ ਹਰ ਬੱਚੇ ਨੂੰ ਆਪਣੇ ਵੱਲ ਖਿੱਚ ਲੈਂਦੇ ਤੇ ਬੱਚੇ ਕੋਈ ਨਾ ਕੋਈ ਪੁਸਤਕ ਚੁੱਕ ਆਪਣੇ ਸਾਥੀਆਂ ਬੱਚਿਆਂ ਨਾਲ ਪੁਸਤਕ ਬਾਰੇ ਚੁੰਝ ਚਰਚਾ ਕਰਦੇ। ਚੰਗੀਆਂ ਪੁਸਤਕਾਂ ਦੇ ਬੱਚਿਆਂ ਨੂੰ ਸਵੇਰ ਦੀ ਪ੍ਰਾਰਥਨਾ ਵਿੱਚ ਰਿਵਿਉ ਕਰਨ ਲਈ ਉਤਸ਼ਾਹਿਤ ਕਰ ਅਸੀਂ ਬੱਚਿਆਂ ਵਿੱਚ ਸਾਹਿਤ ਪੜਨ ਦੀ ਰੁਚੀ ਪੈਂਦਾ ਕਰ ਸਕਦੇ ਹਾਂ। ਹੋਰਨਾਂ ਸਕੂਲਾਂ ਦੇ ਅਧਿਆਪਕਾਂ ਨੇ ਵੀ ਲੋੜ ਮੁਤਾਬਿਕ ਆਪਣੇ-ਆਪਣੇ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪੁਸਤਕਾਂ ਦੀ ਚੋਣ ਕੀਤੀ ਤੇ ਆਪਣੀਆਂ ਨਿੱਜੀ ਲਾਇਬਰੇਰੀਆਂ ਲਈ ਪੁਸਤਕਾਂ ਖਰੀਦੀਆਂ। ਇਸ ਤਰ੍ਹਾਂ ਦੀਆਂ ਪੁਸਤਕ ਪ੍ਰਦਰਸ਼ਨੀਆਂ ਕਿਸੇ ਨਾ ਕਿਸੇ ਨੂੰ ਪੁਸਤਕਾਂ ਨਾਲ ਜੋੜਨ ਵਿੱਚ ਸਹਾਇਤਾ ਕਰ ਸਕਦੀਆਂ ਹਨ, ਚਲ ਰਹੇ ਮਾੜੇ ਦੌਰ ਵਿੱਚ ਇੱਕ ਬਦਲ ਦੇ ਸਕਦੀਆਂ ਹਨ।

ਇਸ ਪੁਸਤਕ ਪ੍ਰਦਰਸ਼ਨੀ ਲਵਾਉਣ ਵਿੱਚ ਪ੍ਰਿੰਸੀਪਲ ਸਾਹਿਬ, ਬਲਜਿੰਦਰ ਪ੍ਰਭੂ ਜੀ ਦੇ ਵਿਸ਼ੇਸ਼ ਸਹਿਯੋਗ ਸਮੇਤ ਇਸ ਸਮੁੱਚੇ ਸਕੂਲ ਤੇ ਭਾਗ ਲੈਣ ਵਾਲੇ ਸਕੂਲਾਂ ਦਾ ਪੂਰਾ ਸਹਿਯੋਗ ਰਿਹਾ।

ਇਹ ਸਾਰਾ ਮਾਹੌਲ ਇੱਕ ਆਸ ਦੀ ਕਿਰਨ ਹੈ, ਚੰਗਾ ਰੁਝਾਨ ਹੈ ਪੁਸਤਕ ਸੱਭਿਆਚਾਰ ਲਈ।

ਤੁਸੀਂ ਵੀ ਆਪਣੇ ਨੇੜਲੇ 5-7 ਸਕੂਲਾਂ ਨੂੰ ਆਪਣੇ ਸਕੂਲ ਸੱਦ ਚੰਗੀਆਂ ਪੁਸਤਕਾਂ ਦੀ ਚੋਣ ਕਰ ਸਕਦੇ ਹੋ।

ਸੰਪਰਕ ਕਰ ਸਕਦੇ ਹੋ -

**ਸ਼ਹੀਦ ਭਗਤ ਸਿੰਘ ਪੁਸਤਕ ਸੱਥ, ਦੀਵਾਨਾ**
**99880-71233, 98151-19592**
**ਪੀਪਲਜ਼ ਫੋਰਮ, ਬਰਗਾੜੀ**
**98729-89313333333**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਢੰਡਾਰੀ ਅਗਵਾ, ਬਲਾਤਕਾਰ ਅਤੇ ਕਤਲ ਕਾਂਡ-2014 ਦੀ ਪੀੜਤ ਸ਼ਹਿਨਾਜ਼ ਦੀ ਤੀਜੀ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ



**ਲੁਧਿਆਣਾ/ਰਾਜਵਿੰਦਰ/ਲਖਵਿੰਦਰ**

ਢੰਡਾਰੀ ਅਗਵਾ, ਸਮੂਹਿਕ ਬਲਾਤਕਾਰ ਅਤੇ ਕਤਲ ਕਾਂਡ ਦੀ ਪੀੜਤ ...ਸ਼ਹਿਨਾਜ਼ ਦੀ ਤੀਜੀ ਬਰਸੀ ’ਤੇ ਅੱਜ ਢੰਡਾਰੀ ਬਲਾਤਕਾਰ ਅਤੇ ਕਤਲ ਕਾਂਡ ਵਿਰੋਧੀ ਸੰਘਰਸ਼ ਕਮੇਟੀ ਵੱਲੋਂ ਅੱਜ ਢੰਡਾਰੀ, ਲੁਧਿਆਣਾ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਸ਼ਹਿਨਾਜ਼ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ। ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਲੋਕਾਂ ਨੇ ਸ਼ਹਿਨਾਜ਼ ਨੂੰ ਇਨਸਾਫ਼ ਦੁਆਉਣ ਲਈ ਸੰਘਰਸ਼ ਜ਼ਾਰੀ ਰੱਖਣ ਦਾ ਅਹਿਦ ਲਿਆ। ਸ਼ਰਧਾਂਜਲੀ ਸਮਾਗਮ ਨੂੰ ਵੱਖ-ਵੱਖ ਲੋਕ ਆਗੂਆਂ ਤੇ ਸ਼ਹਿਨਾਜ਼ ਦੇ ਮਾਪਿਆਂ ਨੇ ਸੰਬੋਧਿਤ ਕੀਤਾ। ਬੁਲਾਰਿਆਂ ਨੇ ਕਿਹਾ ਕਿ ਸ਼ਹਿਨਾਜ਼ ਦੀ ਬਲਾਤਕਾਰੀ ਗੁੰਡਾ ਗਿਰੋਹ ਖਿਲਾਫ਼ ਇਨਸਾਫ਼ ਦੀ ਲੜਾਈ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਨਕਲਾਬੀ ਸੱਭਿਆਚਾਰਕ ਮੰਚ ‘ਦਸਤਕ’ ਵੱਲੋਂ ਜੂਝਾਰੂ ਗੀਤ ਪੇਸ਼ ਕੀਤੇ ਗਏ।

ਕਾਰਖਾਨਾ ਮਜ਼ਦੂਰ ਯੂਨੀਅਨ ਪੰਜਾਬ, ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ, ਪੰਜਾਬ ਇਸਤਰੀ ਮਜ਼ਦੂਰ ਸੰਗਠਨ, ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ), ਨੌਜਵਾਨ ਭਾਰਤ ਸਭਾ ਅਤੇ ਬਿਗੁਲ ਮਜ਼ਦੂਰ ਦਸਤਾ ਜੱਥੇਬੰਦੀਆਂ ਦੀ ‘ਢੰਡਾਰੀ ਬਲਾਤਕਾਰ ਅਤੇ ਕਤਲ ਕਾਂਡ ਵਿਰੋਧੀ ਸੰਘਰਸ਼ ਕਮੇਟੀ’ ਵੱਲੋਂ ਆਯੋਜਿਤ ਇਸ ਸ਼ਰਧਾਂਜਲੀ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਸ਼ਹਿਨਾਜ਼ ਜ਼ਬਰ-ਜ਼ੁਲਮ ਦਾ ਸ਼ਿਕਾਰ ਸਭਨਾਂ ਔਰਤਾਂ ਅਤੇ ਆਮ ਲੋਕਾਂ ਸਾਹਮਣੇ ਸੰਘਰਸ਼ ਦਾ ਇੱਕ ਪ੍ਰਤੀਕ ਹੈ। ਬਲਾਤਕਾਰ, ਅਗਵਾ, ਛੇੜਛਾੜ ਜਿਹੇ ਜੁਲਮਾਂ ਦਾ ਸ਼ਿਕਾਰ ਜਿਆਦਾਤਰ ਔਰਤਾਂ ਅਤੇ ਉਹਨਾਂ ਦੇ ਪਰਿਵਾਰ ਇਹਨਾਂ ਘਟਨਾਵਾਂ ਨੂੰ ਸਮਾਜਕ ਬਦਨਾਮੀ, ਮਾਰਕੁੱਟ, ਜਾਨ ਤੋਂ ਮਾਰੇ ਜਾਣ, ਨਿਆਂ ਮਿਲਣ ਦੀ ਨਾਉਮੀਦੀ ਆਦਿ ਕਾਰਨਾਂ ਕਰਕੇ ਛੁਪਾ ਜਾਂਦੇ ਹਨ। ਪਰ ਬਹਾਦਰ ਸ਼ਹਿਨਾਜ਼ ਅਤੇ ਉਸਦੇ ਪਰਿਵਾਰ ਨੇ ਅਜਿਹਾ ਨਹੀਂ ਕੀਤਾ। ਸ਼ਹਿਨਾਜ਼ ਨੇ ਲੜਾਈ ਲੜੀ ਅਤੇ ਲੜਦੀ-ਲੜਦੀ ਮੌਤ ਨੂੰ ਗਲੇ ਲਗਾ ਗਈ। ਉਹ ਜੁਲਮ ਅੱਗੇ ਗੋਡੇ ਨਾ ਟੇਕਣ ਦੀ ਮਿਸਾਲ ਕਾਇਮ ਕਰਕੇ ਗਈ ਹੈ। ਉਸਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਬੁਲਾਰਿਆਂ ਨੇ ਕਿਹਾ ਕਿ ਔਰਤਾਂ ਨੂੰ ਭਿਆਨਕ ਜੁਲਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਔਰਤਾਂ ਨੂੰ ਇਸ ਖਿਲਾਫ਼ ਇੱਕਮੁੱਠ ਹੋਣਾ ਹੋਵੇਗਾ। ਹਰ ਇਨਸਾਫ਼ਪਸੰਦ ਵਿਅਕਤੀ ਨੂੰ ਔਰਤਾਂ ਦੇ ਹੱਕਾਂ ਲਈ ਸੰਘਰਸ਼ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਲੋਕਾਂ ਨੂੰ ਔਰਤਾਂ ਸਮੇਤ ਸਭਨਾਂ ਆਮ ਲੋਕਾਂ ਦੀ ਸੁਰੱਖਿਆ, ਜ਼ਬਰ-ਜੁਲਮ ਤੋਂ ਛੁਟਕਾਰੇ ਲਈ ਸਰਕਾਰੀ ਪ੍ਰਬੰਧ ਤੋਂ ਆਸ ਛੱਡ ਕੇ ਇਕਮੁੱਠ ਹੋਣਾ ਪਵੇਗਾ। ਉਹਨਾਂ ਕਿਹਾ ਕਿ ਲੋਕਾਂ ਨੂੰ ਗੁੰਡਾ-ਪੁਲਿਸ-ਸਿਆਸੀ ਨਾਪਾਕ ਗਠਜੋੜ ਖਿਲਾਫ਼ ਜੁਝਾਰੂ ਲੋਕ ਲਹਿਰ ਜੱਥੇਬੰਦ ਕਰਨੀ ਪਵੇਗੀ।

ਸੰਘਰਸ਼ ਕਮੇਟੀ ਦੇ ਕਨਵੀਨਰ ਲਖਵਿੰਦਰ ਨੇ ਦੱਸਿਆ ਕਿ ਸ਼ਹਿਨਾਜ਼ ਨੂੰ 4 ਦਸੰਬਰ 2014 ਨੂੰ ਇੱਕ ਗੁੰਡਾ ਗਿਰੋਹ ਨੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਕੇ ਸਾੜ ਦਿੱਤਾ ਸੀ। ਚਾਰ ਦਿਨ ਬਾਅਦ ਉਸਦੀ ਮੌਤ ਹੋ ਗਈ ਸੀ। ਸ਼ਹਿਨਾਜ ਨੂੰ 25 ਅਕਤੂਬਰ ਨੂੰ ਅਗਵਾ ਕਰਕੇ ਦੋ ਦਿਨ ਤੱਕ ਸਮੂਹਕ ਬਲਾਤਕਾਰ ਕੀਤਾ ਗਿਆ ਸੀ। ਸਿਆਸੀ ਸਰਪ੍ਰਸਤੀ ਹੇਠ ਪਲ਼ਣ ਵਾਲ਼ੇ ਇਸ ਗੁੰਡਾ ਗਿਰੋਹ ਖਿਲਾਫ਼ ਕਾਰਵਾਈ ਕਰਨ ਵਿੱਚ ਪੁਲੀਸ ਨੇ ਬੇਹੱਦ ਢਿੱਲ ਵਰਤੀ, ਪੀੜਤਾਂ ਦੀ ਢੰਗ ਸੁਣਵਾਈ ਨਹੀਂ ਕੀਤੀ ਗਈ, ਰਿਪੋਰਟ ਲਿਖਣ ਅਤੇ ਮੈਡੀਕਲ ਕਰਾਉਣ ਵਿੱਚ ਦੇਰੀ ਕੀਤੀ ਗਈ। ਬਲਾਤਕਾਰ ਅਤੇ ਅਗਵਾ ਕਰਨ ਦੇ ਦੋਸ਼ੀ 18 ਦਿਨ ਬਾਅਦ ਜਮਾਨਤ ਕਰਾਉਣ ਵਿੱਚ ਕਾਮਯਾਬ ਹੋ ਗਏ। ਗੁੰਡਾ ਗਿਰੋਹ ਨੇ ਸ਼ਹਿਨਾਜ਼ ਅਤੇ ਉਸਦੇ ਪਰਿਵਾਰ ਨੂੰ ਕੇਸ ਵਾਪਿਸ ਲੈਣ ਲਈ ਡਰਾਇਆ, ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀ। 4 ਦਸੰਬਰ ਨੂੰ ਦਿਨ-ਦਿਹਾੜੇ ਸੱਤ ਗੁੰਡਿਆਂ ਨੇ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। 9 ਦਸੰਬਰ 2014 ਨੂੰ ਉਸਦੀ ਮੌਤ ਹੋ ਗਈ ਸੀ। ਗੁੰਡਾ ਗੋਰਹ ਦੇ ਇਸ ਕਾਰੇ ਅਤੇ ਗੁੰਡਾ-ਸਿਆਸੀ-ਪੁਲੀਸ ਨਾਪਾਕ ਗਠਜੋੜ ਖਿਲਾਫ਼ ਹਜ਼ਾਰਾਂ ਲੋਕਾਂ ਵੱਲ਼ੋਂ ‘ਸੰਘਰਸ਼ ਕਮੇਟੀ’ ਦੀ ਅਗਵਾਈ ਵਿੱਚ ਵਿਸ਼ਾਲ ਜੁਝਾਰੂ ਘੋਲ਼ ਲੜਿਆ ਗਿਆ ਸੀ। ਲੋਕ ਘੋਲ਼ ਦੇ ਦਬਾਅ ਹੇਠ ਦੋਸ਼ੀਆਂ ਨੂੰ ਸਜ਼ਾਵਾਂ ਦੀ ਆਸ ਬੱਝੀ ਹੋਈ ਹੈ। ਕਤਲ ਕਾਂਡ ਦੇ ਸੱਤ ਦੋਸ਼ੀ ਜੇਲ੍ਹ ਵਿੱਚ ਹਨ। ਪੁਲੀਸ ਵੱਲ਼ੋਂ ਐਫ.ਆਈ.ਆਰ. ਦਰਜ਼ ਕਰਨ ਵਿੱਚ ਕੀਤੀਆਂ ਗਈਆਂ ਗੜਬੜਾਂ ਕਾਰਨ ਅਗਵਾ ਤੇ ਬਲਾਤਕਾਰ ਦਾ ਇੱਕ ਦੋਸ਼ੀ ਜਮਾਨਤ ’ਤੇ ਅਜ਼ਾਦ ਘੁੰਮ ਰਿਹਾ ਹੈ। ਲਖਵਿੰਦਰ ਨੇ ਕਿਹਾ ਕਿ ਬਲਾਤਕਾਰੀਆਂ-ਕਾਤਲਾਂ ਨੂੰ ਫਾਹੇ ਲਵਾਉਣ ਲਈ ਸੰਘਰਸ਼ ਜਾਰੀ ਰਹੇਗਾ। ਸ਼ਰਧਾਂਜਲੀ ਸਮਾਗਮ ਨੂੰ ਕਾਰਖਾਨਾ ਮਜ਼ਦੂਰ ਯੂਨੀਅਨ, ਪੰਜਾਬ ਦੇ ਪ੍ਰਧਾਨ ਲਖਵਿੰਦਰ; ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ, ਪੰਜਾਬ ਦੇ ਪ੍ਰਧਾਨ ਰਾਜਵਿੰਦਰ; ਇਸਤਰੀ ਮਜ਼ਦੂਰ ਸੰਗਠਨ ਦੀ ਆਗੂ ਬਲਜੀਤ; ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਦੇ ਆਗੂ ਹਰਜਿੰਦਰ ਸਿੰਘ, ਨੌਜਵਾਨ ਭਾਰਤ ਸਭਾ ਦੇ ਆਗੂ ਸਤਪਾਲ ਅਤੇ ਕਰਮਜੀਤ ਕੋਟਕਪੁਰਾ, ਮਜ਼ਦੂਰ ਅਧਿਕਾਰ ਸੰਘਰਸ਼ ਅਭਿਆਨ ਦੇ ਆਗੂ ਸੁਰਿੰਦਰ ਸਿੰਘ, ਡੈਮੋਕ੍ਰੇਟਿਕ ਲਾਇਰਜ਼ ਐਸੋਸਿਏਸ਼ਨ ਦੇ ਆਗੂ ਐਡਵੋਕੇਟ ਹਰਪ੍ਰੀਤ ਜੀਰਖ, ਸ਼ਹਿਨਾਜ਼ ਦੇ ਪਿਤਾ ਮੁਹੰਮਦ ਇਲੀਆਸ, ਪੀਪਲਜ ਮੀਡੀਆ ਲਿੰਕ ਦੇ ਰੈਕਟਰ ਕਥੂਰੀਆ ਆਦਿ ਨੇ ਸੰਬੋਧਿਤ ਕੀਤਾ।

ਇਸ ਮੌਕੇ ਜਨਚੇਤਨਾ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।

## ਸਰਕਾਰੀ ਥਰਮਲ ਪਲਾਂਟਾਂ ਨੂੰ ਬੰਦ ਕਰਨ ਬਾਰੇ ਪੇਸ਼ ਸਰਕਾਰੀ ਅੰਕੜੇ ਅਤੇ ਦਲੀਲਾਂ ਥੋਥੀਆਂ ਕਿਵੇਂ?

**ਡਾ. ਅਜੀਤਪਾਲ ਸਿੰਘ ਬਠਿੰਡਾ**

ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਖੁੱਲ੍ਹ ਕੇ ਥਰਮਲ ਪਲਾਂਟ ਨੂੰ ਬੰਦ ਕਰਨ ਦੇ ਫ਼ੈਸਲੇ ਵਿਰੁੱਧ ਲੜ ਰਹੀਆਂ ਜਥੇਬੰਦੀਆਂ ਦੇ ਸੰਘਰਸ਼ ਵਿੱਚ ਸਾਹਮਣੇ ਆ ਗਈ ਹੈ। ਅੱਜ ਬਠਿੰਡਾ ਥਰਮਲ ਪਲਾਂਟ ਦੇ ਗੇਟ ਤੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਥਰਮਲ ਕਾਮਿਆਂ ਤੇ ਹੋਰ ਜਮਹੂਰੀਅਤ ਪਸੰਦ ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਵਿੱਤ ਸਕੱਤਰ ਸੰਤੋਖ ਸਿੰਘ ਮੱਲਣ ਅਤੇ ਪ੍ਰੈੱਸ ਸਕੱਤਰ ਡਾ ਅਜੀਤਪਾਲ ਸਿੰਘ ਐੱਮ. ਡੀ. ਨੇ ਕਿਹਾ ਕਿ ਵਿੱਤ ਮੰਤਰੀ ਵੱਲੋਂ ਦਿੱਤਾ ਇਹ ਬਿਆਨ ਕਿ ਬਠਿੰਡਾ ਥਰਮਲ ਪੁਰਾਣਾ ਹੋਣ ਕਰਕੇ, ਇੱਥੋਂ ਪੈਦਾ ਹੁੰਦੀ ਬਿਜਲੀ ਸਾਡੇ ਗਿਆਰਾਂ ਰੁਪਏ ਪ੍ਰਤੀ ਯੂਨਿਟ ਪੈਂਦੀ ਹੈ ਅਤੇ ਇਸ ਨਾਲ ਸਰਕਾਰ ਨੂੰ 1300 ਕਰੋੜ ਰੁਪਏ ਮਾਸਿਕ ਘਾਟਾ ਪੈਂਦਾ ਹੈ। ਇਹ ਇੱਕ ਗੁੰਮਰਾਹਕੁੰਨ ਬਿਆਨ ਹੈ ਤੇ ਇਹ ਵਿੱਚ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਪਹਿਲਾਂ ਮਨ ਬਣਾ ਚੁੱਕੀ ਹੈ ਕਿ ਜਨਤਕ ਭਾਵ ਸਰਕਾਰੀ ਖੇਤਰ ਦੇ ਥਰਮਲ ਪਲਾਂਟਾਂ ਨੂੰ ਬੰਦ ਕਰਕੇ ਮਹਿੰਗੀ ਬਿਜਲੀ ਨਿੱਜੀ ਖੇਤਰ ਦੇ ਥਰਮਲ ਪਲਾਂਟਾਂ ਤੋਂ ਖਰੀਦਣੀ ਜਾਰੀ ਰੱਖਣੀ ਹੈ। ਪਿਛਲੇ ਸਾਲ ਪੰਦਰਾਂ ਹਜ਼ਾਰ ਕਰੋੜ ਰੁਪਏ ਦੀ ਬਿਜਲੀ ਨਿੱਜੀ ਥਰਮਲ ਪਲਾਂਟਾਂ ਤੋਂ ਖਰੀਦੀ ਗਈ ਜਦ ਕਿ ਇਸ ਸਾਲ ਸਤਾਰਾਂ ਹਜ਼ਾਰ ਕਰੋੜ ਰੁਪਏ ਦੀ ਬਿਜਲੀ ਨਿੱਜੀ ਥਰਮਲ ਪਲਾਂਟ ਤੋਂ ਖਰੀਦੀ ਗਈ ਹੈ। ਬਠਿੰਡਾ ਅਤੇ ਰੋਪੜ ਦੇ ਥਰਮਲ ਬੰਦ ਕਰਨ ਨਾਲ ਹੁਣ ਪਾਵਰਕਾਮ ਪੂਰੀ ਤਰ੍ਹਾਂ ਨਿੱਜੀ ਖੇਤਰ ਦੀ ਬਿਜਲੀ ਖ਼ਰੀਦ ਤੇ ਨਿਰਭਰ ਹੋ ਗਿਆ ਹੈ। ਪਹਿਲਾਂ ਵੀ ਕੁਝ ਸਮੇਂ ਤੋਂ ਤਿੰਨ ਥਰਮਲ ਪਲਾਂਟਾਂ ਦੀਆਂ 14 ਯੂਨਿਟਾਂ ਇਨ੍ਹਾਂ ਨੇ ਬੰਦ ਕਰਕੇ ਰੱਖੀਆਂ ਹੋਈਆਂ ਸਨ। ਪਹਿਲਾਂ ਵੀ ਮੁੱਲ ਦੀ ਬਿਜਲੀ ਚੱਲ ਰਹੀ ਸੀ। ਜਮਹੂਰੀ ਅਧਿਕਾਰ ਸਭਾ ਦੇ ਆਗੂਆਂ ਨੇ ਕਿਹਾ ਕਿ ਥਰਮਲ ਪਲਾਂਟ ਬਠਿੰਡਾ 2300 ਏਕੜ ਜ਼ਮੀਨ ਤੇ ਬਣਿਆ ਹੋਇਆ ਹੈ। ਇਹ ਜ਼ਮੀਨ ਲੋਕਾਂ ਤੋਂ ਸਸਤੇ ਭਾਅ 1969 ਵਿੱਚ ਹਾਸਲ ਕੀਤੀ ਗਈ ਸੀ। ਇਸ ਜ਼ਮੀਨ ਤੇ ਹੱਕ ਲੋਕਾਂ ਦਾ ਹੀ ਹੈ ਅਤੇ ਥਰਮਲ ਵੀ ਲੋਕਾਂ ਦੀ ਜ਼ਮੀਨ ਤੇ ਹੀ ਉਸਾਰਿਆ ਗਿਆ ਹੈ। ਇਸ ਨੂੰ ਬੰਦ ਕਰਕੇ ਵੇਚਣ ਵੱਟਣ ਦਾ ਅਧਿਕਾਰ ਕਿਸੇ ਵੀ ਸਰਕਾਰ ਨੂੰ ਦਿੱਤਾ ਨਹੀਂ ਜਾ ਸਕਦਾ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਪ੍ਰਾਈਵੇਟ ਨਿੱਜੀ ਥਰਮਲ ਪਲਾਂਟਾਂ ਨਾਲ ਅਜਿਹੇ ਸਮਝੌਤੇ ਕੀਤੇ ਹਨ ਕਿ ਬਿਜਲੀ ਨਾ ਖ਼ਰੀਦਣ ਦੀ ਸੂਰਤ ਵਿੱਚ ਵੀ 2500 ਕਰੋੜ ਰੁਪਏ ਸਾਲਾਨਾ ਇਨ੍ਹਾਂ ਨੂੰ ਦੇਣੇ ਹੀ ਪੈਂਦੇ ਹਨ। ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਬਿਜਲੀ ਅਥਾਰਟੀ ਵੱਲੋਂ ਇਸ ਬਠਿੰਡਾ ਥਰਮਲ ਪਲਾਂਟ ਨੂੰ ਬੰਦ ਕਰਨ ਦੀ ਕੋਈ ਹਦਾਇਤ ਜਾਰੀ ਨਹੀਂ ਹੋਈ ਹੈ। ਜੇ ਬਠਿੰਡਾ ਥਰਮਲ ਪਲਾਂਟ ਨੂੰ 460 ਮੈਗਾਵਾਟ ਦੀ ਪੂਰੀ ਸਮਰੱਥਾ ਨਾਲ ਚਲਾਇਆ ਜਾਵੇ ਤਾਂ ਇਸ ਦੀ ਬਿਜਲੀ ਪੈਦਾ ਕਰਨ ਦੀ ਲਾਗਤ ਸਿਰਫ਼ ਸਾਢੇ ਚਾਰ ਰੁਪਏ ਆਉਂਦੀ ਹੈ ਅਤੇ ਪਹਿਲਾਂ ਇਸ ਥਰਮਲ ਪਲਾਂਟ ਦੀ ਰੈਨੋਵੇਸ਼ਨ ਤੇ ਸੱਤ ਸੌ ਪੰਦਰਾਂ ਕਰੋੜ ਰੁਪਏ ਜੋ ਖਰਚ ਕੀਤੇ ਜਾ ਚੁੱਕੇ ਹਨ ਉਸ ਨਾਲ ਇਸ ਦੀ ਮਿਆਦ ਦਸ ਸਾਲ ਹੋਰ ਵਧ ਗਈ ਹੈ। ਇਹ ਕਿਸੇ ਵੀ ਹਾਲਤ ਵਿੱਚ ਪੁਰਾਣਾ ਥਰਮਲ ਪਲਾਂਟ ਨਹੀਂ ਕਿਹਾ ਜਾ ਸਕਦਾ। ਜੇ ਲੋਕਾਂ ਨੂੰ ਸਸਤੀ ਬਿਜਲੀ ਦੇਣੀ ਹੈ ਤਾਂ ਸਰਕਾਰੀ ਖੇਤਰ ਦੇ ਥਰਮਲ ਪਲਾਂਟ ਪੂਰੀ ਸਮਰੱਥਾ ਨਾਲ ਚਲਾਏ ਜਾਣ। ਥਰਮਲ ਬੰਦ ਹੋਣ ਦੀ ਸੂਰਤ ਵਿੱਚ ਇਕੱਲੇ ਬਠਿੰਡੇ ਦੇ ਅਠਾਰਾਂ ਸੌ ਮੁਲਾਜ਼ਮ ਕਿਧਰੇ ਵੀ ਅਡਜਸਟ ਹੋ ਨਹੀਂ ਸਕਣਗੇ। ਅਤੇ ਉਹ ਬੇਰੁਜ਼ਗਾਰ ਹੋ ਕੇ ਪੰਜ ਸੌ ਪਰਿਵਾਰਾਂ ਦੀ ਰੋਟੀ ਰੋਜ਼ੀ ਖ਼ਤਰੇ ਵਿੱਚ ਪੈ ਜਾਵੇਗੀ। ਉਨ੍ਹਾਂ ਮੰਗ ਕੀਤੀ ਕਿ ਥਰਮਲ ਪਲਾਂਟ ਨੂੰ ਚਾਲੂ ਰੱਖਿਆ ਜਾਵੇ। ਲੋਕਾਂ ਦੀ ਜ਼ਮੀਨ ਉਸਰੇ ਇਸ ਥਰਮਲ ਨੂੰ ਬੰਦ ਕਰ ਕੇ ਜ਼ਮੀਨ ਕੌਡੀਆਂ ਦੇ ਅਮੀਰਾਂ ਨੂੰ ਸੌਂਪਣ ਤੋਂ ਖਰੀਦ ਕੀਤਾ ਜਾਵੇ।

## 9 ਸਾਲ ਦੀ ਬੱਚੀ ਰਾਣੀ ਨੂੰ ਅਗਵਾ ਕਰਕੇ ਕਤਲ ਕਰਨ ਖਿਲਾਫ਼ ਲੁਧਿਆਣੇ ਦੇ ਕਿਰਤੀਆਂ ਦਾ ਗੁੱਸਾ ਫੁੱਟਿਆ

**ਲੁਧਿਆਣਾ/ਰਾਜਵਿੰਦਰ/ਲਖਵਿੰਦਰ**

ਅੱਜ ਇੱਥੇ ਢੰਡਾਰੀ ਦੀ ਦੁਰਗਾ ਕਲੋਨੀ ਵਿੱਚ ਕਾਰਖਾਨਾ ਮਜ਼ਦੂਰ ਯੂਨੀਅਨ ਅਤੇ ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਦੀ ਅਗਵਾਈ ਵਿੱਚ ਮਜ਼ਦੂਰ ਪਰਿਵਾਰ ਦੀ 9 ਵਰ੍ਹਿਆਂ ਦੀ ਬੱਚੀ ਨੂੰ ਅਗਵਾ ਕਰਕੇ ਕਤਲ ਕਰਨ ਦੀ ਘਟਨਾ ਖਿਲਾਫ਼ ਜੋਰਦਾਰ ਰੈਲੀ-ਮੁਜਾਹਰਾ ਕੀਤਾ ਗਿਆ। ਰਾਣੀ ਨਾਂ ਦੀ ਇੱਕ 9 ਵਰਿਆਂ ਦੀ ਬੱਚੀ ਨੂੰ ਪ੍ਰਿਆ ਤੇ ਰਣਜੀਤ (ਪਤੀ-ਪਤਨ) ਨੇ 16 ਦਸੰਬਰ ਨੂੰ ਅਗਵਾ ਕੀਤਾ ਸੀ। ਮਾਂ-ਬਾਪ ਨੇ ਇਸ ਬਾਰੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਸਪੱਸ਼ਟ ਰੂਪ ਵਿੱਚ ਦੱਸ ਦਿੱਤਾ ਸੀ। ਪਰ ਥਾਣਾ ਸਾਹਨੇਵਾਲ ਪੁਲਿਸ ਨੇ ਜਾਣਬੁੱਝ ਕੇ ਐਫ. ਆਈ. ਆਰ. ਵਿੱਚ ਦੋਸ਼ੀਆਂ ਦਾ ਨਾਂ ਨਹੀਂ ਪਾਇਆ ਅਤੇ ਸਿਰ਼ਫ ਗੁੰਮਸ਼ੁਦਗੀ ਦੀ ਐਫ.ਆਈ.ਆਰ. ਬਣਾ ਦਿੱਤੀ। ਮਾਤਾ-ਪਿਤਾ ਦਾ ਦੋਸ਼ ਹੈ ਹੈ ਕਿ ਇੱਕ ਪੁਲਿਸ ਵਾਲੇ ਨੇ ਉਹਨਾਂ ਉੱਤੇ ਪੈਸਾ ਲੈ ਕੇ ਸਮਝੌਤਾ ਕਰਨ ਦਾ ਦਬਾਅ ਪਾਇਆ ਸੀ। ਉਹਨਾਂ ਦਾ ਕਹਿਣਾ ਹੈ ਪੁਲਿਸ ਦੀ ਦੋਸ਼ੀਆਂ ਨਾਲ਼ ਮਿਲੀਭੁਗਤ ਹੈ। ਹੁਣ ਕੱਲ ਰਾਤ ਬੱਚੀ ਦੀ ਲਾਸ਼ ਇਲਾਕੇ ਦੀ ਇੱਕ ਸੁਨਸਾਨ ਜਗ੍ਹਾ ਤੋਂ ਮਿਲੀ ਹੈ। ਜੇਕਰ ਪੁਲਿਸ ਨੇ ਢੰਗ ਨਾਲ਼ ਦੋਸ਼ੀਆਂ ਖਿਲਾਫ਼ ਕਾਰਵਾਈ ਕੀਤੀ ਹੁੰਦੀ ਤਾਂ ਸ਼ਾਇਦ ਬੱਚੀ ਦੀ ਜਿੰਦਗੀ ਬਚ ਜਾਂਦੀ। ਅੱਜ ਹਜਾਰਾਂ ਕਿਰਤੀਆਂ ਦੇ ਜੋਰਦਾਰ ਸ਼ੰਘਰਸ਼ ਦੇ ਦਬਾਅ ਹੇਠ ਪੁਲਿਸ ਨੂੰ ਮਜ਼ਬੂਰ ਹੋ ਕੇ ਦੋਸ਼ੀਆਂ ਐਫ.ਆਈ.ਆਰ. ਦਰਜ ਕਰਨੀ ਪਈ। ਦੋਨਾਂ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ।



ਜੱਥੇਬੰਦੀਆਂ ਦਾ ਮੰਨਣਾ ਹੈ ਕਿ ਹਾਲੇ ਸੰਘਰਸ਼ ਲੰਮਾ ਚੱਲਣਾ ਹੈ। ਦੋਸ਼ੀਆਂ ਨੂੰ ਬਚਾਉਣ ਲਈ ਪੁਲਿਸ ਵੱਲੋਂ ਸਾਜਿਸ਼ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਰਾਣੀ ਨੂੰ ਅਗਵਾ ਕਰਕੇ ਕਤਲ ਕਰਨ ਦੇ ਦੋਸ਼ੀਆਂ, ਦੋਸ਼ੀ ਪੁਲਿਸ ਅਫਸਰਾਂ ਤੇ ਸਖਤ ਤੋਂ ਸਖਤ ਕਾਰਵਾਈ ਕਰਵਾਉਣ, ਪੀੜਤ ਪਰਿਵਾਰ ਨੂੰ 10 ਲੱਖ ਰੁਪਏ ਮੁਆਵਜਾ ਦਿਲਾਉਣ, ਔਰਤਾਂ ਨਾਲ਼ ਵੱਧਦੇ ਜਾ ਰਹੇ ਅਪਰਾਧਾਂ ਨੂੰ ਨੱਥ ਪਾਉਣ, ਆਦਿ ਮੰਗਾਂ ਹੇਠ ਸੰਘਰਸ਼ ਜਾਰੀ ਰੱਖਣ ਲਈ ਕਾਰਖਾਨਾ ਮਜ਼ਦੂਰ ਯੂਨੀਅਨ ਦੇ ਆਗੂ ਲਖਵਿੰਦਰ, ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ ਦੇ ਆਗੂ ਰਾਜਵਿੰਦਰ, ਨੌਜਵਾਨ ਭਾਰਤ ਸਭਾ ਦੀ ਆਗੂ ਬਿੰਨੀ, ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਦੇ ਆਗੂ ਸਤਪਾਲ ਅਤੇ ਤਿੰਨ ਮੁਹੱਲਾ ਨਿਵਾਸੀਆਂ ਨੂੰ ਲੈ ਕੇ ਦਿਨਕਰ ਕੁਮਾਰ ਪਾਂਡੇ, ਆਸ਼ੂਤੋਸ਼ ਸ਼ਾਹੀ, ਰਮਾਸ਼ੰਕਰ ਸਾਹੂ ‘ਰਾਣੀ ਅਗਵਾ ਤੇ ਕਤਲ ਕਾਂਡ ਵਿਰੋਧੀ ਸੰਘਰਸ਼ ਕਮੇਟੀ, ਢੰਡਾਰੀ, ਲੁਧਿਆਣਾ’ ਦਾ ਗਠਨ ਕੀਤਾ ਗਿਆ ਹੈ। ਅੱਜ ਦੇ ਮੁਜਾਹਰੇ ਵਿੱਚ ਬੁਲਾਰਿਆਂ ਨੇ ਕਿਹਾ ਕਿ ਔਰਤਾਂ ਸਮੇਤ ਸਾਰੇ ਮਜ਼ਦੂਰਾਂ-ਕਿਰਤੀ ਲੋਕਾਂ ਨਾਲ਼ ਵੱਧਦੇ ਜਾ ਰਹੇ ਅਪਰਾਧਾਂ ਦੇ ਅਸਲ ਦੋਸ਼ੀ ਲੋਟੂ ਹਾਕਮ ਹਨ, ਸਰਕਾਰਾਂ ਹਨ, ਪੁਲਿਸ, ਪ੍ਰਸ਼ਾਸ਼ਨ ਹਨ। ਉਹਨਾਂ ਕਿਹਾ ਕਿ ਲੋਕਾਂ ਨੂੰ ਇੱਕਮੁੱਠ ਹੋ ਕੇ ਅਪਰਾਧੀਆਂ, ਪੁਲਿਸ, ਪ੍ਰਸ਼ਾਸਨ ਅਤੇ ਸਿਆਸੀ ਨਾਪਾਕ ਗਠਜੋੜ ਖਿਲਾਫ਼ ਸੰਘਰਸ਼ ਕਰਨ ਲਈ ਅੱਗੇ ਆਉਣਾ ਪਵੇਗਾ। ਉਹਨਾਂ ਕਿਹਾ ਕਿ ਜੇਕਰ ਅੱਜ ਰਾਣੀ ਦੇ ਕਾਤਲਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਇਹ ਸਿਰਫ ਤੇ ਸਿਰਫ ਲੋਕਾਂ ਦੇ ਜੁਝਾਰੂ ਏਕੇ ਦਾ ਨਤੀਜਾ ਹੈ। ਰਾਣੀ ਅਗਵਾ ਤੇ ਕਤਲ ਕਾਂਡ ਵਿਰੋਧੀ ਸੰਘਰਸ਼ ਕਮੇਟੀ, ਢੰਡਾਰੀ, ਲੁਧਿਆਣਾ ਨੇ ਇਨਸਾਫ਼ ਮਿਲਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਰੈਲੀ-ਮੁਜਾਹਰੇ ਨੂੰ ਕਾਰਖਾਨਾ ਮਜਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ, ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ ਦੇ ਪ੍ਰਧਾਨ ਰਾਜਵਿੰਦਰ, ਕ੍ਰਿਸ਼ਨ, ਬਲਜੀਤ, ਘਨਸ਼ਿਆਮ, ਧਰਮਿੰਦਰ, ਗੁਰਦੀਪ, ਬਿੰਦਰਾ, ਕਲਪਨਾ, ਸੰਘਰਸ਼ ਕਮੇਟੀ ਮੈਂਬਰ ਪੱਪੂ, ਰਾਜੀਵ ਗਾਂਧੀ ਕਲੋਨੀ ਉਜਾੜਾ ਵਿਰੋਧੀ ਸੰਘਰਸ਼ ਕਮੇਟੀ ਦੇ ਨਾਰਾਇਣ ਦਾਸ, ਆਦਿ ਨੇ ਸੰਬੋਧਿਤ ਕੀਤਾ। ਸਾਰੇ ਬੁਲਾਰਿਆਂ ਨੇ ਰਾਣੀ ਦ ਮੌਤ ’ਤੇ ਸ਼ੋਕ ਪ੍ਰਗਟ ਕੀਤਾ ਅਤੇ ਕਿਹਾ ਕਿ ਔਰਤਾਂ ਦੀ ਸੁਰੱਖਿਆ ਲਈ ਇੱਕ ਜੋਰਦਾਰ ਤੇ ਵਿਆਪਕ ਲਹਿਰ ਦੀ ਜ਼ਰੂਰਤ ਹੈ।

-ਬੂਟਾ ਸਿੰਘ ਨਵਾਂਸ਼ਹਿਰ
94634-74342

ਗੁਜਰਾਤ ਚੋਣਾਂ

# ਨ.ਫਰਤ ਦੀ ਸਿਆਸਤ ਇਕ ਵਾਰ ਫਿਰ ਜੇਤੂ



ਹਾਲ ਹੀ ਵਿਚ ਹਿਮਾਚਲ ਪ੍ਰਦੇਸ ਅਤੇ ਗੁਜਰਾਤ ਵਿਚ ਵਿਧਾਨ ਸਭਾ ਚੋਣਾਂ ਹੋਈਆਂ ਹਨ। ਹਿਮਾਚਲ ਪ੍ਰਦੇਸ ਵਿਚ ਕਾਂਗਰਸ ਸੱਤਾਧਾਰੀ ਸੀ ਅਤੇ ਗੁਜਰਾਤ ਵਿਚ 22 ਸਾਲ ਤੋਂ ਭਾਜਪਾ। ਦੋਨਾਂ ਸੂਬਿਆਂ ਵਿਚ ਮੁੱਖ ਤੌਰ 'ਤੇ ਇਹਨਾਂ ਦੋਨੋਂ ਹਾਕਮ ਜਮਾਤੀ ਪਾਰਟੀਆਂ ਦਰਮਿਆਨ ਇਕ ਦੂਜੀ ਤੋਂ ਸੱਤਾ ਖੋਹਣ ਲਈ ਮੁਕਾਬਲਾ ਸੀ। ਦੋਨੋਂ ਪਾਰਟੀਆਂ ਹੀ ਲੋਟੂ ਜਮਾਤਾਂ ਦੀਆਂ ਨੁਮਾਇੰਦਾ ਅਤੇ ਲੋਕ ਦੁਸ਼ਮਣ ਹਨ ਇਸ ਕਾਰਨ ਬਾਕੀ ਮੁਲਕ ਦੀ ਤਰਾਂ ਇਹਨਾਂ ਸੂਬਿਆਂ ਦੇ ਲੋਕ ਵੀ ਵਾਰੋ ਵਾਰੀ ਇਹਨਾਂ ਦੇ ਰਾਜ ਵਿਚ ਘੋਰ ਲੁੱਟ ਅਤੇ ਦਾਬੇ ਦਾ ਸ਼ਿਕਾਰ ਰਹੇ ਅਤੇ ਦੋਨਾਂ ਦੇ ਰਾਜ ਵਿਚ ਅਵਾਮ ਦੀ ਜ਼ਿੰਦਗੀ ਹੋਰ ਜ਼ਿਆਦਾ ਦੁੱਭਰ ਹੀ ਹੁੰਦੀ ਗਈ।

ਹਿਮਾਚਲ ਪ੍ਰਦੇਸ ਵਿਚ ਕਾਂਗਰਸ ਸਰਕਾਰ ਤੋਂ ਪਹਿਲਾਂ ਭਾਜਪਾ ਦੀ ਸਰਕਾਰ ਸੀ ਅਤੇ ਪਿਛਲੀ ਵਾਰ ਸੱਤਾਧਾਰੀ ਧਿਰ ਤੋਂ ਅਵਾਮ ਦੀ ਬਦਜ਼ਨੀ ਨੂੰ ਆਪਣੇ ਹੱਕ ਵਿਚ ਭੁਗਤਾਕੇ ਕਾਂਗਰਸ ਪਾਰਟੀ ਵੀਰਭੱਦਰ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੋਈ ਸੀ। ਇਸ ਵਾਰ ਭਾਜਪਾ ਵਲੋਂ ਕਾਂਗਰਸ ਰਾਜ ਦੌਰਾਨ ਲੁੱਟਮਾਰ, ਭ੍ਰਿਸ਼ਟਾਚਾਰ, ਮਾਫ਼ੀਆ ਰਾਜ, ਨਸ਼ਿਆਂ ਦੀ ਭਰਮਾਰ ਤੋਂ ਨਿਜ਼ਾਤ ਦੇਣ ਅਤੇ ਵਿਕਾਸ ਦੇ ਨਾਅਰੇ ਨਾਲ ਚੋਣ ਮੁਹਿੰਮ ਚਲਾਈ ਗਈ ਅਤੇ ਸੱਤਾਧਾਰੀ ਕਾਂਗਰਸ ਦੇ ਰਾਜ ਤੋਂ ਨਾਰਾਜ਼ਗੀ ਦਾ ਲਾਹਾ ਲੈਕੇ ਭਾਜਪਾ 44 ਸੀਟਾਂ ਜਿੱਤਕੇ ਮੁੜ ਸੱਤਾ ਵਿਚ ਆ ਗਈ ਹੈ।

ਗੁਜਰਾਤ ਵਿਚ ਮਾਰਚ 1998 ਤੋਂ ਲੈਕੇ ਹਾਲੀਆ ਚੋਣਾਂ ਤਕ ਭਾਜਪਾ ਲਗਾਤਾਰ ਸੱਤਾਧਾਰੀ ਰਹੀ ਹੈ ਅਤੇ 1991 ਦੀਆਂ ਲੋਕ ਸਭਾ ਚੋਣਾਂ ਤੋਂ ਲੈਕੇ ਲਗਾਤਾਰ ਭਾਰੀ ਬਹੁਮੱਤ ਨਾਲ ਚੋਣਾਂ ਜਿੱਤਦੀ ਰਹੀ ਹੈ। ਪ੍ਰਧਾਨ ਮੰਤਰੀ ਬਣਾਏ ਜਾਣ ਤੋਂ ਪਹਿਲਾਂ ਨਰਿੰਦਰ ਮੋਦੀ ਅਕਤੂਬਰ 2001 ਤੋਂ ਲੈਕੇ 22 ਮਈ 2014 ਤਕ ਲਗਾਤਾਰ ਇਸ ਸੂਬੇ ਦਾ ਮੁੱਖ ਮੰਤਰੀ ਰਹਿ ਚੁੱਕਾ ਸੀ। ਗੁਜਰਾਤ ਦੇ ਜਿਸ 'ਵਿਕਾਸ ਮਾਡਲ' ਦੇ ਝੂਠ ਨੂੰ ਪ੍ਰਚਾਰਕੇ ਸੰਘ ਬਰਗੇਡ ਵਲੋਂ ਮਈ 2014 ਵਿਚ ਕੇਂਦਰ ਵਿਚ ਸਰਕਾਰ ਬਣਾਈ ਗਈ ਗੁਜਰਾਤ ਦੇ ਲੋਕ ਉਸ ਅਖਾਉਤੀ ਵਿਕਾਸ ਦਾ ਸੁਆਦ ਇਹਨਾਂ ਸਾਲਾਂ ਦੌਰਾਨ ਵਾਰਵਾ ਚੱਖ ਚੁੱਕੇ ਹਨ। ਹਿੰਦੂਤਵੀ ਏਜੰਡੇ ਦੇ ਹਿੱਸੇ ਵਜੋਂ ਦਲਿਤਾਂ ਅਤੇ ਮੁਸਲਮਾਨਾਂ ਉੱਪਰ ਫਾਸ਼ੀਵਾਦੀ ਹਮਲਿਆਂ ਕਾਰਨ ਇਹ ਦੱਬੇਕੁਚਲੇ ਹਿੱਸੇ ਤਾਂ ਪਹਿਲਾਂ ਹੀ ਸੰਘ ਬਰਗੇਡ ਨੇ ਕੰਨੀ 'ਤੇ ਧੱਕੇ ਹੋਏ ਸਨ। ਨੋਟਬੰਦੀ ਤੇ ਜੀ.ਐਸ.ਟੀ. ਵਰਗੇ ਆਰਥਕ ਹਮਲਿਆਂ ਕਾਰਨ ਭਾਜਪਾ ਦੇ ਰਵਾਇਤੀ ਅਧਾਰ ਵਪਾਰੀ ਤਬਕੇ ਅਤੇ ਛੋਟੇ ਅਤੇ ਦਰਮਿਆਨੇ ਕਾਰੋਬਾਰੀ ਹਿੱਸਿਆਂ ਵਿਚ ਵੀ ਸਰਕਾਰ ਵਿਰੁੱਧ ਵਿਆਪਕ ਗੁੱਸਾ ਸੀ। ਪਾਟੀਦਾਰ, ਦਲਿਤ, ਕਿਸਾਨ, ਪ੍ਰੋਜੈਕਟਾਂ ਦੁਆਰਾ ਉਜਾੜੇ ਗਏ ਆਮ ਲੋਕ, ਮੁਸਲਿਮ ਘੱਟਗਿਣਤੀ, ਮੁਲਾਜ਼ਮ, ਛੋਟੇ ਅਤੇ ਦਰਮਿਆਨੇ ਕੰਮ-ਧੰਦਿਆਂ ਵਾਲੇ ਹਰ ਵਰਗ ਵਿਚ ਡੂੰਘੀ ਬੇਚੈਨੀ ਪਸਰੀ ਹੋਈ ਸੀ ਅਤੇ ਬਹੁਤ ਸਾਰੇ ਹਿੱਸੇ ਆਪੋ ਆਪਣੇ ਮੁੱਦਿਆਂ ਨੂੰ ਲੈਕੇ ਸਰਕਾਰ ਵਿਰੁੱਧ ਸੜਕਾਂ ਉੱਪਰ ਨਿਕਲਦੇ ਆ ਰਹੇ ਸਨ। ਇਹਨਾਂ ਹਾਲਾਤ ਵਿਚ ਇਸ ਵਾਰ ਗੁਜਰਾਤ ਦੀ ਚੋਣ ਮੁਹਿੰਮ ਸੰਘ ਬਰਗੇਡ ਲਈ ਪਹਿਲਾਂ ਦੀ ਤਰਾਂ ਸੌਖੀ ਨਹੀਂ ਸੀ। ਆਪਣੇ ਖ਼ਿਲਾਫ਼ ਬਣੇ ਇਸ ਮਾਹੌਲ ਨੂੰ ਬਦਲਣ ਲਈ ਸੰਘ ਬਰਗੇਡ ਨੇ ਪਾਰਲੀਮੈਂਟ ਦਾ ਸੈਸ਼ਨ ਲੇਟ ਕਰ ਦਿੱਤਾ ਅਤੇ ਸਾਰੇ ਵਸੀਲੇ ਗੁਜਰਾਤ ਵਿਚ ਝੋਕ ਦਿੱਤੇ ਗਏ। ਚੋਣ ਕਮਿਸ਼ਨ ਕੋਲੋਂ ਗੁਜਰਾਤ ਚੋਣਾਂ ਅੱਗੇ ਕਰਵਾ ਦਿੱਤੀਆਂ ਗਈਆਂ। ਇਹ ਦੇਰੀ ਕੇਂਦਰ ਸਰਕਾਰ ਲਈ ਕੁਝ ਚੀਜ਼ਾਂ ਉੱਪਰ ਟੈਕਸ ਦਰਾਂ ਘਟਾਕੇ ਜੀ.ਐਸ.ਟੀ. ਦੇ ਖ਼ਿਲਾਫ਼ ਗੁੱਸੇ ਉੱਪਰ ਠੰਡਾ ਛਿੜਕਣ ਵਿਚ ਸਹਾਈ ਹੋਈ।

ਇਸ ਚੁਣੌਤੀ ਦੇ ਬਾਵਜੂਦ ਸੰਘ ਬਰਗੇਡ ਦੇ "ਮਿਸ਼ਨ 150" ਭਾਵ ਇਸ ਵਾਰ ਗੁਜਰਾਤ ਵਿਚ 150 ਸੀਟਾਂ ਜਿੱਤਣ ਦੇ ਹੰਕਾਰੀ ਦਾਅਵਿਆਂ ਦੀ ਇਕ ਮੁੱਖ ਵਜਾ ਇਹ ਸੀ ਕਿ ਸੂਬੇ ਅੰਦਰ ਪਾਰਲੀਮੈਂਟਰੀ ਵਿਰੋਧੀ ਧਿਰ ਬਹੁਤ ਹੀ ਖਿੰਡੀ-ਪੁੰਡੀ ਹਾਲਤ 'ਚ ਸੀ। ਸਭ ਤੋਂ ਪੁਰਾਣੀ ਹੁਕਮਰਾਨ ਧਿਰ ਕਾਂਗਰਸ ਪਾਰਟੀ ਜੋ ਇਕ ਸਮੇਂ ਲੋਕ ਸਭਾ ਦੀਆਂ ਸਵਾ ਚਾਰ ਸੌ ਸੀਟਾਂ ਜਿੱਤ ਚੁੱਕੀ ਸੀ ਹੁਣ ਖ਼ੁਦ 44 ਸੀਟਾਂ ਤਕ ਸੁੰਗੜ ਚੁੱਕੀ ਸੀ। ਲੇਕਿਨ ਸੱਤਾ ਦੇ ਹੇਰਵੇ ਕਾਰਨ ਅਤੇ ਆਪਣੀ ਖੁਰ ਰਹੀ ਰਾਜਸੀ ਹੋਂਦ ਨੂੰ ਬਚਾਉਣ ਦੀ ਫ਼ਿਕਰਮੰਦੀ ਵਿੱਚੋਂ ਕਾਂਗਰਸ ਹਾਈਕਮਾਨ ਨੇ ਆਪਣੀ ਸਿਆਸੀ ਕਾਰਗੁਜ਼ਾਰੀ ਸੁਧਾਰਨ ਉੱਪਰ ਕੇਂਦਰਤ ਕੀਤਾ ਅਤੇ ਹਾਲੀਆ ਚੋਣਾਂ ਦੌਰਾਨ ਭਗਵੇਂ ਕੈਂਪ ਦੇ ਵਿਰੋਧੀ ਕੁਝ ਸਿਆਸੀ ਧੜਿਆਂ ਨਾਲ ਗੱਠਜੋੜ ਬਣਾਉਣ ਅਤੇ ਆਪਣੀ ਚੋਣ ਮੁਹਿੰਮ ਨੂੰ ਪ੍ਰਭਾਵੀ ਬਣਾਉਣ ਵਿਚ ਕਾਮਯਾਬ ਹੋ ਗਈ।

ਕਾਂਗਰਸ ਅਤੇ ਉਸਦੇ ਹਮਾਇਤੀ ਧੜਿਆਂ ਦੀਆਂ ਚੋਣ ਰੈਲੀਆਂ ਵਿਚ ਹਜੂਮਾਂ ਦੀ ਹਾਜ਼ਰੀ ਦੇਖਕੇ ਸੰਘ ਬਰਗੇਡ ਦਾ ਫ਼ਿਕਰਮੰਦ ਹੋਣਾ ਸੁਭਾਵਿਕ ਸੀ। ਰਾਹੁਲ ਗਾਂਧੀ ਵਲੋਂ ਖੇਡਿਆ ਜਾ ਰਿਹਾ 'ਨਰਮ ਹਿੰਦੂਤਵ' ਦਾ ਪੱਤਾ ਭਗਵੇਂ ਰਾਜ ਪ੍ਰਤੀ ਹਿੰਦੂ ਵੋਟਰਾਂ ਦੀ ਅਸੰਤੁਸ਼ਟੀ ਦਾ ਲਾਹਾ ਲੈਕੇ ਚੋਣ ਸਮੀਕਰਨਾਂ ਉੱਪਰ ਚੋਖਾ ਅਸਰਅੰਦਾਜ਼ ਹੋ ਸਕਦਾ ਸੀ। ਇਥੇ ਪਾਟੀਦਾਰ ਅਨਾਮਤ ਅੰਦੋਲਨ ਸੰਮਤੀ, ਰਾਸ਼ਟਰੀਆ ਦਲਿਤ ਅਧਿਕਾਰ ਮੰਚ, ਐਸ.ਟੀ.-ਐਸ.ਸੀ.-ਓ.ਬੀ.ਸੀ. ਏਕਤਾ ਮੰਚ, ਆਲ ਇੰਡੀਆ ਹਿੰਦੁਸਤਾਨ ਕਾਂਗਰਸ ਪਾਰਟੀ ਵਗੈਰਾ ਨਵੇਂ ਮੰਚ ਪ੍ਰਭਾਵ ਬਣਾ ਚੁੱਕੇ ਸਨ। ਜੋ ਨਾ ਸਿਰਫ਼ ਮੋਦੀ ਦੇ ਅਖਾਉਤੀ ਵਿਕਾਸ ਮਾਡਲ ਦੀ ਕਾਮਯਾਬੀ ਦੇ ਦਾਅਵਿਆਂ ਦੀ ਪੋਲ ਖੋਲ ਰਹੇ ਸਨ ਸਗੋਂ ਰੋਜ਼ਗਾਰ ਅਤੇ ਦਲਿਤਾਂ ਦੇ ਪਿਛੜੇਪਣ ਅਤੇ ਉਹਨਾਂ ਉੱਪਰ ਜ਼ੁਲਮਾਂ ਦੇ ਮੁੱਦੇ ਉਭਾਰਕੇ ਆਪਣੇ ਅੰਦੋਲਨਾਂ ਦੁਆਰਾ ਅਵਾਮ ਨੂੰ ਕਾਫ਼ੀ ਆਕਰਸ਼ਿਤ ਕਰ ਰਹੇ ਸਨ। ਹਾਰਦਿਕ ਪਟੇਲ, ਜਿਗਨੇਸ਼ ਮੇਵਾਨੀ ਆਦਿ ਦੇ ਅੰਦੋਲਨ ਪਾਟੀਦਾਰ ਅਤੇ ਦਲਿਤ ਭਾਈਚਾਰਿਆਂ ਵਿਚ ਚੋਖੀ ਥਾਂ ਬਣਾ ਚੁੱਕੇ ਹੋਣ ਕਾਰਨ ਉਹਨਾਂ ਦਾ ਭਾਜਪਾ ਵਿਰੋਧੀ ਪ੍ਰਚਾਰ ਸੰਘ ਬਰਗੇਡ ਲਈ ਸਿਰਦਰਦੀ ਬਣਿਆ ਹੋਇਆ ਸੀ। ਸੰਘ ਬਰਗੇਡ ਵਲੋਂ ਹਾਰਦਿਕ ਪਟੇਲ ਦੀਆਂ ਅਸ਼ਲੀਲ ਵੀਡੀਓ ਫੈਲਾਕੇ ਉਸਦੀ ਕਿਰਦਾਰਕੁਸ਼ੀ ਕੀਤੀ ਗਈ ਪਰ ਇਸ ਚੋਣ ਪੈਂਤੜੇ ਨੂੰ ਬਹੁਤੀ ਕਾਮਯਾਬੀ ਨਹੀਂ ਮਿਲੀ। ਫੇਰ ਮੋਦੀ-ਅਮਿਤ ਸ਼ਾਹ ਜੁੰਡਲੀ ਆਪਣੇ ਰਵਾਇਤੀ ਵੋਟ ਬੈਂਕ ਨੂੰ ਖੁਰਨ ਤੋਂ ਬਚਾਉਣ ਲਈ ਖੁੱਲੇਆਮ ਫਿਰਕੂ ਨਫ਼ਰਤ ਭੜਕਾਉਣ 'ਤੇ ਉੱਤਰ ਆਈ। ਸੰਘ ਦੀ ਪੂਰੀ ਤਾਕਤ ਚੋਣ ਮੁਹਿੰਮ ਵਿਚ ਜੁੱਟੀ ਹੋਈ ਸੀ। ਮੋਦੀ ਵਲੋਂ 34 ਅਤੇ ਅਮਿਤ ਸ਼ਾਹ ਵਲੋਂ 31 ਰੈਲੀਆਂ ਨੂੰ ਸੰਬੋਧਨ ਕੀਤਾ ਗਿਆ। 30 ਕੈਬਨਿਟ ਮੰਤਰੀ ਅਤੇ ਫਿਰਕੂ ਜ਼ਹਿਰ ਫੈਲਾਉਣ ਦੇ ਮਾਹਰ ਮਹੰਤ ਅਦਿੱਤਿਯਾਨਾਥ ਸਮੇਤ 7 ਮੁੱਖ ਮੰਤਰੀ ਚੋਣ ਮੁਹਿੰਮ ਵਿਚ ਲੱਗੇ ਰਹੇ। ਤਮਾਮ ਹੱਥਕੰਡਿਆਂ ਦੇ ਬਾਵਜੂਦ ਮੋਦੀ ਦੀਆਂ ਰੈਲੀਆਂ ਵਿਚ ਹਜੂਮਾਂ ਦੀ ਘਾਟ ਸਪਸ਼ਟ ਨਜ਼ਰ ਆ ਰਹੀ ਸੀ। ਚੋਣ ਨਤੀਜਿਆਂ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਮੋਦੀ ਦਾ ਤਲਿਸਮੀ ਪ੍ਰਭਾਵ ਫਿੱਕਾ ਪੈਣਾ ਸ਼ੁਰੂ ਹੋ ਚੁੱਕਾ ਹੈ। 150 ਸੀਟਾਂ ਜਿੱਤਣ ਦੇ ਦਾਅਵੇ ਕਰਨ ਵਾਲੇ ਸੰਘ ਬਰਗੇਡ ਦਾ ਚੋਣ ਗ੍ਰਾਫ਼ ਪਿਛਲੀਆਂ ਚੋਣਾਂ ਵਿਚ ਜਿੱਤੀਆਂ 115 ਸੀਟਾਂ ਤੋਂ ਇਸ ਵਾਰ 99 ਸੀਟਾਂ 'ਤੇ ਆ ਗਿਆ ਹੈ। 30 ਸੀਟਾਂ ਉੱਪਰ ਇਸ ਦੀ ਜਿੱਤ ਬਹੁਤ ਥੋੜ੍ਹੇ ਫ਼ਰਕ ਨਾਲ ਹੋਈ ਹੈ। ਬੇਸ਼ੱਕ ਇਸਦਾ ਵੋਟ ਅਧਾਰ ਨਾ ਸਿਰਫ਼ ਬਰਕਰਾਰ ਹੈ ਸਗੋਂ ਥੋੜ੍ਹਾ ਵਧਿਆ ਹੀ ਹੈ। ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਸੰਘ ਬਰਗੇਡ ਨੇ ਗੁਜਰਾਤ ਚੋਣਾਂ ਸੰਘੀ ਧੌਂਸ ਅਤੇ ਦਹਿਸ਼ਤ ਦੇ ਜ਼ੋਰ ਨਾਲ ਵੀ ਜਿੱਤੀਆਂ ਹਨ। ਮੋਦੀ ਕੁਲੀਨ ਹਿੰਦੂਆਂ ਲਈ ਤਾਕਤਵਰ ਆਗੂ ਹੈ ਜਦਕਿ ਸਿਆਸੀ ਵਿਰੋਧੀਆਂ ਅਤੇ ਆਮ ਲੋਕਾਂ ਲਈ ਦਹਿਸ਼ਤ ਦਾ ਚਿੰਨ੍ਹ ਹੈ। ਫਿਰ ਵੀ ਇਸ ਚੋਣ ਨੇ ਇਹ ਸੰਕੇਤ ਦੇ ਦਿੱਤਾ ਹੈ ਕਿ ਸੰਘ ਬਰਗੇਡ ਲਈ 2019 ਦੀਆਂ ਚੋਣਾਂ ਜਿੱਤਣੀਆਂ ਐਨੀਆਂ ਸੌਖੀਆਂ ਨਹੀਂ।

ਵਿਕਾਸ ਦਾ ਪ੍ਰਚਾਰ ਕਾਰਗਰ ਸਾਬਤ ਹੁੰਦਾ ਨਾ ਦੇਖਕੇ ਸੰਘ ਨੇ ਹਿੰਦੂ ਵੋਟਰਾਂ ਨੂੰ ਭਰਮਾਉਣ ਲਈ ਪੁਰਾਣਾ ਫਿਰਕੂ ਪੱਤਾ ਜ਼ੋਰ-ਸ਼ੋਰ ਨਾਲ ਖੇਡਿਆ। ਮੋਦੀ ਨੂੰ ਗੁਜਰਾਤ ਦੇ ਗੌਰਵ ਅਤੇ ਹਿੰਦੂਆਂ ਦੇ ਭਰੋਸੇਯੋਗ ਰਖਵਾਲੇ ਦੇ ਤੌਰ 'ਤੇ ਪੇਸ਼ ਕੀਤਾ ਗਿਆ। 'ਗੁਜਰਾਤ ਗੌਰਵ' ਨੂੰ ਤੂਲ ਦੇਕੇ ਮੁਸਲਿਮ ਭਾਈਚਾਰੇ ਦੇ ਖ਼ਿਲਾਫ਼ ਜ਼ਹਿਰੀਲੀ ਫਿਰਕੂ ਮੁਹਿੰਮ ਚਲਾਈ ਗਈ। ਸਿੱਟੇ ਵਜੋਂ ਸੰਘ ਬਰਗੇਡ ਖ਼ਾਸ ਕਰਕੇ ਗੁਜਰਾਤ ਦੀ ਸ਼ਹਿਰੀ ਤੇ ਨੀਮ-ਸ਼ਹਿਰੀ ਹਿੰਦੂ ਵੋਟ ਨੂੰ ਬਟੋਰਨ ਵਿਚ ਪੂਰਾ ਕਾਮਯਾਬ ਹੋਇਆ ਹੈ। ਭਾਜਪਾ ਨੇ 85ਫ਼ੀਸਦੀ ਸ਼ਹਿਰੀ ਅਤੇ 67ਫ਼ੀਸਦੀ ਅਰਧ-ਸ਼ਹਿਰੀ ਸੀਟਾਂ ਜਿੱਤੀਆਂ ਜਦਕਿ ਪੇਂਡੂ ਖੇਤਰ ਵਿਚ ਇਸ ਨੂੰ ਸਿਰਫ਼ 37ਫ਼ੀਸਦੀ ਹੀ ਮਿਲੀਆਂ। ਇਹ ਗੁਜਰਾਤ ਦੇ ਦੋ ਸਭ ਤੋਂ ਅਹਿਮ ਮੁੱਦਿਆਂ ਦਿਨੋਂਦਿਨ ਵਧ ਰਹੇ ਜ਼ਰੱਈ ਸੰਕਟ ਅਤੇ ਬੇਰੁਜ਼ਗਾਰੀ ਤੋਂ ਅਵਾਮ ਦਾ ਧਿਆਨ ਭਟਕਾਉਣ ਵਿਚ ਕਾਮਯਾਬ ਹੋਈ ਹੈ। ਇਹ ਪੱਖ ਵੀ ਗੌਰਤਲਬ ਹੈ ਕਿ ਟਿਕਟਾਂ ਦਿੱਤੇ ਜਾਣ ਸਮੇਂ ਮੁਸਲਿਮ ਘੱਟਗਿਣਤੀ ਨੂੰ ਬੇਗਾਨੇਪਣ ਦਾ ਅਹਿਸਾਸ ਕਰਾਉਣ ਦਾ ਖ਼ਤਰਨਾਕ ਵਤੀਰਾ ਮੁੜ ਸਾਹਮਣੇ ਆਇਆ। 'ਸਭ ਕਾ ਸਾਥ, ਸਭ ਕਾ ਵਿਕਾਸ' ਦੇ ਦਾਅਵੇ ਕਰਨ ਵਾਲੀ ਭਾਜਪਾ ਵਲੋਂ ਆਪਣੇ ਫਿਰਕੂ ਏਜੰਡੇ ਅਨੁਸਾਰ ਇਕ ਵੀ ਮੁਸਲਿਮ ਨੂੰ ਉਮੀਦਵਾਰ ਨਹੀਂ ਬਣਾਇਆ ਗਿਆ ਕਿਉਂਕਿ ਇਸਦੀ ਸੋਚੀ-ਸਮਝੀ ਟੇਕ ਦੂਰਗਾਮੀ ਨਿਸ਼ਾਨੇ ਤਹਿਤ ਫਿਰਕੂ ਪਾਲਾਬੰਦੀ ਕਰਨ ਉੱਪਰ ਸੀ। ਕਾਂਗਰਸ ਵਲੋਂ ਵੀ ਸਿਰਫ਼ ਛੇ ਮੁਸਲਮਾਨਾਂ ਨੂੰ ਹੀ ਟਿਕਟ ਦਿੱਤੀ ਗਈ ਜਦਕਿ ਮੁਸਲਿਮ ਵਸੋਂ ਕੁਲ ਵਸੋਂ ਦਾ 9.7ਫ਼ੀਸਦੀ ਹੈ।

ਸੰਨ 2002 ਵਿਚ ਮੋਦੀ ਨੇ 'ਗੌਰਵ ਯਾਤਰਾ' ਜ਼ਰੀਏ ਮੁਸਲਿਮ ਭਾਈਚਾਰੇ ਵਿਰੁੱਧ ਘੋਰ ਨਫ਼ਰਤ ਭੜਕਾਕੇ ਚੋਣਾਂ ਜਿੱਤੀਆਂ ਸਨ। ਰੈਲੀਆਂ ਵਿਚ ਮੋਦੀ ਪਾਕਿਸਤਾਨ ਦੇ ਤੱਤਕਾਲੀ ਸਦਰ ਪਰਵੇਜ਼ ਮੁਸ਼ੱਰਫ਼ ਨੂੰ 'ਮੀਆਂ ਮੁਸ਼ੱਰਫ਼' ਵਜੋਂ ਸੰਬੋਧਨ ਕਰਦਿਆਂ 'ਮੀਆਂ' ਲਫ਼ਜ਼ ਨੂੰ ਜਾਣ-ਬੁੱਝਕੇ ਵਾਰ-ਵਾਰ ਦੁਹਰਾਉਂਦਾ ਸੀ ਅਤੇ ਅਸਿੱਧੇ ਤੌਰ 'ਤੇ ਮੁਸਲਿਮ ਭਾਈਚਾਰੇ ਉੱਪਰ ਹਮਲੇ ਕਰਦਾ ਸੀ ਤਾਂ ਜੋ ਉਹਨਾਂ ਦਾ ਅਕਸ 'ਗੁਜਰਾਤ ਗੌਰਵ' ਦੇ ਦੁਸ਼ਮਣਾਂ ਅਤੇ ਪਾਕਿਸਤਾਨ ਦੇ ਏਜੰਟਾਂ ਦਾ ਬਣਾਇਆ ਜਾ ਸਕੇ। ਉਹਨਾਂ ਜ਼ਹਿਰੀਲੀਆਂ ਤਕਰੀਰਾਂ ਦੀਆਂ ਵੀਡੀਓ ਅੱਜ ਵੀ ਇਟਰਨੈੱਟ ਉੱਪਰ ਮੌਜੂਦ ਹਨ। ਹਾਲੀਆ ਚੋਣ ਪ੍ਰਚਾਰ ਵੀ ਜ਼ਿਆਦਾਤਰ 2002 ਵਿਚ ਖੇਡੇ ਫਿਰਕੂ ਪੱਤੇ ਦੀ ਦੁਹਰਾਈ ਹੀ ਸੀ। ਇਸ ਵਾਰ ਫ਼ਰਕ ਇਹ ਸੀ ਕਿ ਹੁਣ ਮੋਦੀ-ਅਮਿਤ ਸ਼ਾਹ ਜੁੰਡਲੀ ਕੇਂਦਰੀ ਸੱਤਾ ਉੱਪਰ ਕਾਬਜ਼ ਸੀ ਅਤੇ ਇਹ ਸ਼ਾਇਦ ਪਹਿਲੀ ਵਾਰ ਸੀ ਕਿ ਕੋਈ ਪ੍ਰਧਾਨ ਮੰਤਰੀ ਬਾਕੀ ਕੰਮਕਾਰ ਛੱਡਕੇ ਨਹਾਇਤ ਬੇਸ਼ਰਮੀ ਨਾਲ ਇਕ ਸੂਬੇ ਦੀਆਂ ਚੋਣਾਂ ਜਿੱਤਣ ਦੀ ਮੁਹਿੰਮ 'ਤੇ ਨਿਕਲਿਆ ਹੋਇਆ ਸੀ।

ਹਿੰਦੂਤਵੀ ਹਾਈ ਕਮਾਨ ਦੀ ਸਿਆਸੀ ਯੁੱਧਨੀਤੀ ਕਾਂਗਰਸ ਦੀ ਕਮਜ਼ੋਰ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਕੇ ਇਸ ਨੂੰ ਸਿਆਸੀ ਤੌਰ 'ਤੇ ਖਾਰਜ ਕਰਨ ਦੀ ਹੈ ਤਾਂ ਜੋ ਇਹ ਭਵਿੱਖ ਵਿਚ ਹੋਰ ਖੇਤਰੀ ਪਾਰਟੀਆਂ ਨੂੰ ਇਕਜੁੱਟ ਕਰਕੇ ਸੰਘ ਬਰਗੇਡ ਨੂੰ ਚੋਣ ਟੱਕਰ ਦੇਣ ਵਾਲੀ ਵਿਰੋਧੀ ਧਿਰ ਖੜੀ ਨਾ ਕਰ ਸਕੇ। ਰਾਹੁਲ ਗਾਂਧੀ ਦੀ ਤਾਜਪੋਸ਼ੀ ਦਾ ਮਜ਼ਾਕ ਉਡਾਉਣ ਲਈ ਵੀ ਮੋਦੀ ਵਲੋਂ 'ਸ਼ਾਹ ਜਹਾਂ' ਅਤੇ 'ਔਰੰਗਜ਼ੇਬ' ਦੇ ਮੁਸਲਿਮ ਪ੍ਰਤੀਕ ਇਸਤੇਮਾਲ ਕੀਤੇ ਗਏ। ਇਹ ਵੀ ਸੱਚ ਸੀ ਕਿ ਦੋਨਾਂ ਪਾਰਟੀਆਂ ਵਲੋਂ ਘਟੀਆ ਕਿਸਮ ਦੀ ਦੂਸ਼ਣਬਾਜ਼ੀ ਦੀ ਇਸ ਹੱਦ ਤਕ ਭਰਮਾਰ ਸੀ ਜਿਵੇਂ ਦੂਸ਼ਣਬਾਜ਼ੀ ਦਾ ਮੁਕਾਬਲਾ ਚੱਲ ਰਿਹਾ ਹੋਵੇ। ਫਿਰ ਮੋਦੀ ਵਲੋਂ ਇਹ ਮੁੱਦਾ ਉਛਾਲਿਆ ਗਿਆ ਕਿ ਕਾਂਗਰਸੀ ਆਗੂ ਮਣੀਸ਼ੰਕਰ ਆਇਰ ਦੇ ਘਰ ਜੋ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ ਗਈ ਸੀ ਉਹ ਦਰਅਸਲ ਪਾਕਿਸਤਾਨ ਦੀ ਕਾਂਗਰਸ ਨੂੰ ਸੱਤਾ ਵਿਚ ਲਿਆਉਣ ਦੀ ਯੋਜਨਾ ਤਹਿਤ ਕੀਤੀ ਗਈ ਸਾਜ਼ਿਸ਼ੀ ਮੀਟਿੰਗ ਸੀ ਜਿਸ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਣ ਸਿੰਘ, ਸਾਬਕਾ ਉੱਪ ਰਾਸ਼ਟਰਪਤੀ ਹਾਮਿਦ ਅੰਸਾਰੀ ਅਤੇ ਪਾਕਿਸਤਾਨ ਦੇ ਸਾਬਕਾ ਬਦੇਸ਼ ਮੰਤਰੀ ਖ਼ੁਰਸ਼ੀਦ ਕਸੂਰੀ ਨਾਲ ਪਾਕਿਸਤਾਨ ਦੇ ਫ਼ੌਜੀ ਅਧਿਕਾਰੀ ਸ਼ਾਮਲ ਹੋਏ। ਬੇਸ਼ੱਕ ਮੋਦੀ ਦਾ ਇਸ ਤਰਾਂ ਦਾ ਭੜਕਾਊ ਸਿਆਸੀ ਹਮਲਾ ਕੋਈ ਅਲੋਕਾਰੀ ਗੱਲ ਤਾਂ ਨਹੀਂ ਸੀ ਲੇਕਿਨ ਇਸਨੇ ਇਹ ਜ਼ਰੂਰ ਦਿਖਾ ਦਿੱਤਾ ਕਿ ਮੁਲਕ ਦੇ

## ਚੋਣਾਂ ਅਤੇ ਐਗਜ਼ਿਟ ਪੋਲ

ਗੁਜਰਾਤ ਵਿਚ ਦੂਜੇ ਗੇੜ ਦੀਆਂ ਵੋਟਾਂ ਪੈਂਦੇ ਸਾਰ ਐਗਜ਼ਿਟ ਪੋਲ ਦੇ ਨਾਂ 'ਤੇ ਮੀਡੀਆ ਹਾਊਸਾਂ ਵਲੋਂ ਜਿੱਤ ਦੀਆਂ ਭਵਿੱਖਬਾਣੀਆਂ ਪੇਸ਼ ਕੀਤੀਆਂ ਗਈਆਂ। ਅੱਠ ਵਿੱਚੋਂ ਸੱਤ ਐਗਜ਼ਿਟ ਪੋਲ ਵਿਚ ਭਾਜਪਾ ਨੂੰ ਗੁਜਰਾਤ ਵਿਚ 100 ਤੋਂ ਵੱਧ ਜਿੱਤਦੀ ਦਿਖਾਇਆ ਗਿਆ ਸੀ। ਸਵਾਲ ਇਹ ਹੈ ਕਿ ਮੀਡੀਆ ਦੀ ਇਸ ਕਾਰਜਕੁਸ਼ਲਤਾ ਦੀ ਪ੍ਰਮਾਣਿਕਤਾ ਕੀ ਹੈ? ਸੀਟਾਂ 5 ਵਜੇ ਵੋਟਿੰਗ ਖ਼ਤਮ ਹੋ ਗਈ, 6 ਵਜੇ ਐਗਜ਼ਿਟ ਪੋਲ ਜਾਰੀ ਹੋ ਗਏ। 1 ਘੰਟੇ ਵਿਚ ਹਰ ਨਗਰ ਖੇੜੇ ਤੋਂ ਡੇਟਾ ਪਹੁੰਚ ਗਿਆ, ਕੰਪਾਈਲ ਹੋ ਗਿਆ, ਐਨਾਲਿਸਿਜ਼ ਵੀ ਹੋ ਗਿਆ ਅਤੇ ਸਲਾਈਡਜ਼ ਵੀ ਬਣ ਗਈ। ਅਤੇ ਇੱਧਰ ਭਾਰਤੀ ਰਿਜ਼ਰਵ ਬੈਂਕ ਹੈ ਜਿਸ ਨੂੰ ਇਕ ਸਾਲ ਹੋ ਗਿਆ ਅਜੇ ਤੱਕ ਨੋਟਬੰਦੀ ਸਮੇਂ ਬੈਂਕਾਂ ਵਿਚ ਜਮਾਂ ਹੋਏ ਨੋਟ ਹੀ ਨਹੀਂ ਗਿਣੇ ਜਾ ਰਹੇ! ਰਿਜ਼ਰਵ ਬੈਂਕ ਫ਼ੁਰਤੀ ਨਾਲ ਨੋਟ ਗਿਣਨ ਲਈ ਮੀਡੀਆ ਸਮੂਹਾਂ ਦੀਆਂ ਸੇਵਾਵਾਂ ਕਿਉਂ ਨਹੀਂ ਲੈ ਲੈਂਦਾ!

## ਸੰਘ ਬਰਗੇਡ ਵਲੋਂ ਫੈਲਾਈ ਨ.ਫਰਤ ਦੇ ਕੁਛ ਨਮੂਨੇ

ਜੋ ਜ਼ਹਿਰ ਹਿੰਦੂਤਵ ਦੇ ਖੁੱਲੇ ਸਿਆਸੀ ਤਰਜ਼ਮਾਨਾਂ ਦੀਆਂ ਜੀਭਾਂ ਉਗਲ ਰਹੀਆਂ ਸਨ ਅਤੇ ਜੋ ਸਰੇਆਮ ਮੀਡੀਆ ਵਿਚ ਸਾਹਮਣੇ ਆ ਰਿਹਾ ਸੀ ਉਹ ਸੰਘ ਬਰਗੇਡ ਦੀ ਫਿਰਕੂ ਮੁਹਿੰਮ ਦਾ ਮਹਿਜ਼ ਇਕ ਹਿੱਸਾ ਸੀ। ਇਸਦੇ ਪਿਛੋਕੜ ਵਿਚ ਚੁੱਪ ਚੁਪੀਤੇ ਸੰਘ ਪਰਿਵਾਰ ਦਾ ਵਿਆਪਕ ਤਾਣਾਬਾਣਾ ਕਾਰਜਸ਼ੀਲ ਸੀ ਜਿਸ ਵਲੋਂ ਜ਼ੁਬਾਨੀ ਅਫ਼ਵਾਹਾਂ ਦੇ ਨਾਲ-ਨਾਲ ਤਰਾਂ-ਤਰਾਂ ਦੇ ਤਰੀਕਿਆਂ ਨਾਲ ਜ਼ਹਿਰੀਲਾ ਪ੍ਰਚਾਰ ਕੀਤਾ ਜਾ ਰਿਹਾ ਸੀ। ਸੰਘ ਬਰਗੇਡ ਦੀ ਫਿਰਕੂ ਪਾਲਾਬੰਦੀ ਦੀ ਮੁਹਿੰਮ ਐਨ ਫਾਸ਼ੀਵਾਦੀ ਲੀਹਾਂ ਉੱਪਰ ਸੀ ਅਤੇ ਮੁਸਲਿਮ ਭਾਈਚਾਰੇ ਨੂੰ ਬਾਕੀ ਵਸੋਂ ਲਈ ਬਹੁਤ ਵੱਡਾ ਖ਼ਤਰਾ ਬਣਾਕੇ ਪੇਸ਼ ਕਰਦੀ ਸੀ। ਚੋਣਾਂ ਦੌਰਾਨ ਗ਼ੈਰਮੁਸਲਿਮ ਵੋਟਰਾਂ ਦੀਆਂ ਵੋਟਾਂ ਬਟੋਰਨ ਲਈ ਵਾਇਰਲ ਕੀਤਾ ਇਕ ਵੀਡੀਓ ਕਲਿੱਪ ਸਾਹਮਣੇ ਆਇਆ। ਵਿਆਪਕ ਪੱਧਰ 'ਤੇ ਫੈਲਾਏ ਇਸ ਵੀਡੀਓ ਉੱਪਰ ਕਿਸੇ ਦਾ ਨਾਂ ਨਹੀਂ ਸੀ। ਸਵਾ ਮਿੰਟ ਦਾ ਇਹ ਵੀਡੀਓ ਕਲਿੱਪ ਇਸ ਵਾਕ ਨਾਲ ਸ਼ੁਰੂ ਹੁੰਦਾ ਹੈ: 'ਸੱਤ ਵਜੇ ਸ਼ਾਮ ਤੋਂ ਬਾਦ ਇਹ ਗੁਜਰਾਤ ਵਿਚ ਵਾਪਰ ਸਕਦਾ ਹੈ'। ਅੱਗੇ ਧੁੰਦਲਕੇ ਚਾਨਣ ਵਿਚ ਇਕ ਸੜਕ ਦਾ ਦ੍ਰਿਸ਼ ਹੈ ਜਿਸ ਉੱਪਰ ਇਕ ਹਿੰਦੂ ਕੁੜੀ ਪੈਦਲ ਜਾ ਰਹੀ ਹੈ। ਪਿਛੋਕੜ ਵਿਚ ਮਸਜਿਦ ਵਿੱਚੋਂ ਅਜ਼ਾਨ ਦੀ ਆਵਾਜ਼ ਸੁਣਾਈ ਦਿੰਦੀ ਹੈ ਤਾਂ ਕੁੜੀ ਭੈਭੀਤ ਹੋ ਜਾਂਦੀ ਹੈ। ਇਸ ਤੋਂ ਅੱਗੇ ਇਕ ਘਰ ਵਿਚ ਇਕ ਹਿੰਦੂ ਜੋੜਾ ਦਿਖਾਇਆ ਗਿਆ ਹੈ : ਮਰਦ ਫ਼ਿਕਰਮੰਦ ਹੈ ਅਤੇ ਔਰਤ ਕ੍ਰਿਸ਼ਨ ਭਗਵਾਨ ਅੱਗੇ ਅਰਦਾਸ ਕਰ ਰਹੀ ਹੈ। ਤੀਜੇ ਦ੍ਰਿਸ਼ ਵਿਚ ਉਹੀ ਔਰਤ ਬੈਠੀ ਹੈ ਅਤੇ ਬੁਰੀ ਤਰਾਂ ਫ਼ਿਕਰਮੰਦ ਮਰਦ ਡਰਾਇੰਗ ਰੂਮ ਵਿਚ ਤਰਲੋਮੱਛੀ ਹੋ ਰਿਹਾ ਹੈ। ਠੀਕ ਇਸੇ ਵਕਤ ਕੋਈ ਦਰਵਾਜ਼ੇ ਦੀ ਘੰਟੀ ਵਜਾਉਂਦਾ ਹੈ। ਨੌਜਵਾਨ ਕੁੜੀ ਘਰ ਵਿਚ ਦਾਖ਼ਲ ਹੁੰਦੀ ਹੈ ਅਤੇ ਔਰਤ ਨੂੰ ਚਿੰਬੜ ਜਾਂਦੀ ਹੈ। ਜੋੜਾ ਕੁੜੀ ਦੇ ਬਗਲ ਵਿਚ ਬੈਠਕੇ ਉਸਦਾ ਸਿਰ ਪਲੋਸਦਾ ਹੈ, ਇਓਂ ਜਾਪਦਾ ਹੈ ਜਿਵੇਂ ਸਾਰਿਆਂ ਨੇ ਕੁੜੀ ਦੇ ਸਹੀ-ਸਲਾਮਤ ਘਰ ਮੁੜਨ 'ਤੇ ਮਸਾਂ ਸੁੱਖ ਦਾ ਸਾਹ ਲਿਆ ਹੋਵੇ। ਔਰਤ ਕੈਮਰੇ ਵੱਲ ਮੂੰਹ ਕਰਕੇ ਕਹਿੰਦੀ ਹੈ: "ਇਕ ਮਿੰਟ, ਕੀ ਤੁਸੀਂ ਹੈਰਾਨ ਹੋ ਕਿ ਇਹ ਗੁਜਰਾਤ ਦਾ ਵਾਕਿਆ ਹੈ?" ਮਰਦ ਕਹਿੰਦਾ ਹੈ, "ਬਾਈ ਸਾਲ ਪਹਿਲਾਂ ਇਹ ਗੁਜਰਾਤ ਵਿਚ ਵਾਪਰਿਆ ਕਰਦਾ ਸੀ, ਜੇ ਉਹ ਵਾਪਸ ਆ ਜਾਂਦੇ ਹਨ ਤਾਂ ਇਹ ਮੁੜ ਵਾਪਰ ਸਕਦਾ ਹੈ।" ਕੁੜੀ ਕਹਿੰਦੀ ਹੈ: "ਪਰ ਫ਼ਿਕਰ ਨਾ ਕਰੋ, ਕੋਈ ਵਾਪਸ ਨਹੀਂ ਆਵੇਗਾ ਕਿਉਂਕਿ ਨਰਿੰਦਰ ਮੋਦੀ ਹੈ ਨਾ।" ਵੀਡੀਓ ਕਲਿੱਪ ਭਗਵੇਂ ਰੰਗ ਵਿਚ ਉੱਕਰੀ ਇਸ ਗੁਜਰਾਤੀ ਇਬਾਰਤ ਨਾਲ ਖ਼ਤਮ ਹੁੰਦਾ ਹੈ "ਅਪਨੋ ਵੋਟ, ਅਪਨੀ ਸੁਰੱਕਸ਼ਾ।"

ਭਾਜਪਾ ਦੀਆਂ ਬੂਥ ਮੀਟਿੰਗਾਂ ਵਿਚ ਕਾਰਕੁੰਨਾਂ ਨੂੰ ਕਿਸ ਤਰਾਂ ਤਿਆਰ ਕੀਤਾ ਜਾ ਰਿਹਾ ਸੀ ਇਸ ਬਾਰੇ ਭਾਜਪਾ ਦਾ ਇਕ ਮੈਂਬਰ ਮਾਨਿਕ ਭਾਈ ਖ਼ੁਲਾਸਾ ਕਰਦਾ ਹੈ: "ਲੋਗੋਂ ਕੋ ਬਤਾਨਾ ਹੈ ਕੀ ਹਰ ਮੁਸਲਿਮ ਇਸ ਤਾਕ ਮੇਂ ਬੈਠਾ ਹੈ ਕੀ ਕਾਂਗਰਸ ਦੀ ਸਰਕਰ ਆਏ ਔਰ ਵੋਹ ਦੰਗੋਂ ਕਾ ਬਦਲਾ ਲੇ ਸਕੇਂ।'

ਆਮ ਹਿੰਦੂਆਂ ਦੀ ਜ਼ਿਹਨੀਅਤ ਉੱਪਰ ਸੰਘ ਬਰਗੇਡ ਦੇ ਫਿਰਕੂ ਪ੍ਰਚਾਰ ਦਾ ਕਿੰਨਾ ਡੂੰਘਾ ਅਸਰ ਹੈ ਇਸਦਾ ਮਿਸਾਲ ਜੁਹਾਪੁਰਾ ਹੈ। ਇਹ ਮਹਾਂਨਗਰ ਅਹਿਮਦਾਬਾਦ ਦਾ ਬਾਹਰੀ ਇਲਾਕਾ ਹੈ ਜਿਥੇ 2002 ਦੇ ਕਤਲੇਆਮ ਤੋਂ ਬਾਦ ਮੁਸਲਿਮ ਫਿਰਕੇ ਦੇ ਲੋਕ ਆਪਣੀ ਸੁਰੱਖਿਆ ਲਈ ਇਕ ਥਾਂ ਵਸ ਗਏ ਸਨ। ਗੈਰਮੁਸਲਿਮ, ਖ਼ਾਸ ਕਰਕੇ ਉੱਚਜਾਤੀ ਹਿੰਦੂ ਹਿੱਸੇ ਜੁਹਾਪੁਰਾ ਨੂੰ 'ਪਾਕਿਸਤਾਨ' ਕਹਿੰਦੇ ਹਨ ਅਤੇ ਇਸ ਇਲਾਕੇ ਬਾਰੇ ਐਨੀ ਨਫ਼ਰਤ ਭੜਕਾ ਦਿੱਤੀ ਗਈ ਹੈ ਕਿ ਹਿੰਦੂ ਆਟੋ ਵਾਲੇ ਜਾਂ ਟੈਕਸੀ ਵਾਲੇ ਇਸ ਬਸਤੀ ਵਿਚ ਸਵਾਰੀ ਛੱਡਣ ਜਾਣ ਜਾਂ ਉੱਥੋਂ ਸਵਾਰੀ ਚੁੱਕਣ ਤੋਂ ਸਾਫ਼ ਨਾਂਹ ਕਰ ਦਿੰਦੇ ਹਨ।

ਰਾਜਸੀ ਮੁਖੀ ਦੇ ਅਹੁਦੇ ਉੱਪਰ ਬੈਠੇ ਸ਼ਖਸ ਦੀ ਸਿਆਸੀ ਬੁੱਧੀ ਕਿਹੋ ਜਹੀ ਹੈ। ਜਦੋਂ ਸੀਨੀਅਰ ਕਾਂਗਰਸੀ ਆਗੂ ਮਣੀਸ਼ੰਕਰ ਆਇਰ ਨੇ ਮੋਦੀ ਨੂੰ 'ਨੀਚ' ਆਦਮੀ ਕਹਿ ਦਿੱਤਾ ਤਾਂ ਸੰਘ ਬਰਗੇਡ ਨੇ ਇਸ ਨੂੰ ਵੀ ਚਲਾਕੀ ਨਾਲ ਜਾਤਪਾਤੀ ਮੁੱਦਾ ਬਣਾਕੇ ਕਾਂਗਰਸ ਨੂੰ ਭੰਡਣਾ ਸ਼ੁਰੂ ਕਰ ਦਿੱਤਾ। ਜਦਕਿ ਸੰਘੀ ਖ਼ੇਮੇ ਵਲੋਂ ਫਿਰਕੂ ਪਾਲਾਬੰਦੀ ਲਈ ਜਿਸ ਤਰਾਂ ਦੀ ਖ਼ਤਰਨਾਕ ਫਿਰਕੂ ਮੁਹਿੰਮ ਚਲਾਈ ਜਾ ਰਹੀ ਸੀ/ਹੈ ਉਸਦੇ ਮੁਕਾਬਲੇ ਇਹ ਬਿਆਨ ਕੁਝ ਵੀ ਨਹੀਂ ਸੀ।

ਕਿਉਂਕਿ ਕਾਂਗਰਸ ਪਾਰਟੀ ਖ਼ੁਦ ਇਹਨਾਂ ਚੋਣਾਂ ਵਿਚ ਨਰਮ ਹਿੰਦੂਤਵ ਦਾ ਪੱਤਾ ਇਸਤੇਮਾਲ ਕਰਕੇ ਗੁਜਰਾਤ ਦੇ ਗ਼ੈਰਮੁਸਲਿਮ ਵੋਟਰਾਂ ਨੂੰ ਭਰਮਾਉਣ ਲਈ ਸਿਰਤੋੜ ਯਤਨ ਕਰ ਰਹੀ ਸੀ, ਇਸ ਚੋਣ ਯੁੱਧਨੀਤੀ ਤਹਿਤ ਰਾਹੁਲ ਗਾਂਧੀ ਨੇ ਆਪਣੀ ਚੋਣ ਮੁਹਿੰਮ ਦੌਰਾਨ 12 ਹਿੰਦੂ ਮੰਦਰਾਂ ਵਿਚ ਜਾਕੇ ਉਚੇਚਾ ਮੱਥਾ ਟੇਕਿਆ। ਭਾਜਪਾ ਦੇ ਰਾਜ ਤੋਂ ਅਵਾਮ ਦੀ ਅਸੰਤੁਸ਼ਟੀ ਦਾ ਇਸ ਨੂੰ ਚੋਖਾ ਲਾਹਾ ਮਿਲਿਆ ਅਤੇ ਇਸਨੇ 77 ਸੀਟਾਂ ਹਾਸਲ ਕਰ ਲਈਆਂ ਜਦਕਿ ਪਿਛਲੀਆਂ ਚੋਣਾਂ ਵਿਚ ਇਸ ਨੂੰ 61 ਸੀਟਾਂ ਹੀ ਹਾਸਲ ਹੋਈਆਂ ਸਨ। ਕਾਂਗਰਸ ਨੂੰ ਕੁਲ 98 ਪੇਂਡੂ ਸੀਟਾਂ ਵਿੱਚੋਂ 57 ਸੀਟਾਂ ਮਿਲੀਆਂ ਹਨ। ਇਸ ਨੂੰ ਸਭ ਤੋਂ ਵੱਧ ਸੀਟਾਂ ਸੌਰਾਸ਼ਟਰ ਖੇਤਰ ਵਿਚ ਮਿਲੀਆਂ ਜੋ ਖੇਤੀ ਸੰਕਟ ਦੀ ਸਭ ਤੋਂ ਵਧੇਰੇ ਲਪੇਟ ਵਿਚ ਹੈ। ਇਹ ਖੇਤੀ ਆਰਥਿਕਤਾ ਨਾਲ ਜੁੜੀ ਵਸੋਂ ਵਲੋਂ ਮੋਦੀ ਮਾਡਲ ਨੂੰ ਰੱਦ ਕੀਤੇ ਜਾਣ ਦਾ ਸੂਚਕ ਹੈ। ਆਮ ਆਦਮੀ ਪਾਰਟੀ ਦੇ ਸਾਰੇ ਦੇ ਸਾਰੇ 27 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਣ ਤੋਂ ਸਪਸ਼ਟ ਹੋ ਗਿਆ ਕਿ ਗੁਜਰਾਤ ਦੇ ਲੋਕਾਂ ਨੇ ਇਸ ਪਾਰਟੀ ਦੀ ਸਿਆਸਤ ਨੂੰ ਪ੍ਰਵਾਨ ਨਹੀਂ ਕੀਤਾ। 1.8 ਫ਼ੀਸਦੀ ਵੋਟਾਂ ਨੋਟਾ ਨੂੰ ਪਾਏ ਜਾਣ ਤੋਂ ਇਹ ਵੀ ਜ਼ਾਹਿਰ ਹੈ ਕਿ ਭਾਜਪਾ ਤੋਂ ਅਸੰਤੁਸ਼ਟ ਇਹ ਵੋਟਰ ਕਾਂਗਰਸ ਤੋਂ ਵੀ ਪ੍ਰਭਾਵਿਤ ਨਹੀਂ ਸਨ। ਅਤੇ ਪੋਲਿੰਗ ਫ਼ੀਸਦੀ ਦਾ 71.8 ਤੋਂ ਘੱਟਕੇ 68.5 ਫ਼ੀਸਦੀ 'ਤੇ ਆ ਜਾਣਾ ਚੋਣਾਂ ਵਿਚ ਰੁਚੀ ਘਟਣ ਦਾ ਸੰਕੇਤ ਵੀ ਹੈ।

ਇਸ ਤਰਾਂ ਦੋਨਾਂ ਸੂਬਿਆਂ ਦੀਆਂ ਚੋਣਾਂ ਵਿਚ ਸੰਘ ਬਰਗੇਡ ਦੀ ਜਿੱਤ ਇਸਦੇ ਵਿਕਾਸ ਮਾਡਲ ਜਾਂ ਮੋਦੀ ਦੀ ਹਰਮਨਪਿਆਰਤਾ ਦੀ ਜਿੱਤ ਨਹੀਂ ਜਿਵੇਂ ਕਿ ਸੰਘ ਬਰਗੇਡ ਆਪਣੀ ਪਿੱਠ ਆਪ ਹੀ ਥਾਪੜ ਰਿਹਾ ਹੈ। ਦਰਅਸਲ ਇਹ ਨਫ਼ਰਤ ਦੀ ਸਿਆਸਤ ਹੈ ਜੋ ਹਿੰਦੂ ਵੋਟਰਾਂ ਦੇ ਫਿਰਕੂ ਜਜ਼ਬਾਤ ਭੜਕਾਕੇ ਮੋਦੀ ਦੇ ਸਿਰ ਉੱਪਰ ਜਿੱਤ ਦਾ ਮੁਕਟ ਸਜਾਉਣ ਦਾ ਮੁੱਖ ਸਾਧਨ ਰਹੀ ਹੈ। ਇਹ ਵੀ ਸਪਸ਼ਟ ਹੈ ਕਿ ਜਿਉਂ ਜਿਉਂ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਜਾਣਗੀਆਂ ਅਤੇ ਸੰਘ ਬਰਗੇਡ ਦੀਆਂ ਲੋਕ ਦੁਸ਼ਮਣ ਨੀਤੀਆਂ ਕਾਰਨ ਲੋਕਾਂ ਵਲੋਂ ਵਿਰੋਧ ਵੱਧਦਾ ਜਾਵੇਗਾ ਇਹਨਾਂ ਵਲੋਂ ਫਿਰਕੂ ਜ਼ਹਿਰ ਫੈਲਾਉਣ ਦਾ ਸਿਲਸਿਲਾ ਵੀ ਤੇਜ਼ ਹੁੰਦਾ ਜਾਵੇਗਾ। ਸੰਘ ਬਰਗੇਡ ਦੀ ਫਿਰਕੂ ਨਫ਼ਰਤ ਅਤੇ ਦਹਿਸ਼ਤ ਦੀ ਸਿਆਸਤ ਦੇ ਖ਼ਿਲਾਫ਼ ਗੁਜਰਾਤ ਦੇ ਵੋਟਰਾਂ ਵਲੋਂ ਕੋਈ ਮਜ਼ਬੂਤ ਪ੍ਰਤੀਕਰਮ ਨਾ ਦਿਖਾਉਣਾ ਅਤੇ ਸਿਰਫ਼ ਭਾਜਪਾ ਸਰਕਾਰ ਦੀ ਆਰਥਕ ਕਾਰਗੁਜ਼ਾਰੀ ਤੋਂ ਅਸੰਤੁਸ਼ਟੀ ਵਿਚੋਂ ਹੀ ਵੋਟਰਾਂ ਦੇ ਇਕ ਹਿੱਸੇ ਵਲੋਂ ਭਾਜਪਾ ਨੂੰ ਨਕਾਰਨਾ ਭਵਿੱਖ ਲਈ ਸਿਹਤਮੰਦ ਸਿਆਸੀ ਸੰਕੇਤ ਨਹੀਂ ਹੈ। ਦੂਜੇ ਪਾਸੇ, ਜੇ ਲੋਕ ਦੁਸ਼ਮਣ ਕਾਂਗਰਸ ਬਹੁਮੱਤ ਨਾਲ ਜਿੱਤ ਵੀ ਜਾਂਦੀ ਆਮ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਬਹੁਤਾ ਫ਼ਰਕ ਨਹੀਂ ਪੈਣਾ ਸੀ। ਲਿਹਾਜ਼ਾ, ਇਹਨਾਂ ਚੋਣਾਂ ਨੇ ਇਕ ਵਾਰ ਫਿਰ ਦਿਖਾ ਦਿੱਤਾ ਹੈ ਕਿ ਚੋਣਾਂ ਲੋਕਾਂ ਦੀ ਮੁਕਤੀ ਦਾ ਸਾਧਨ ਨਹੀਂ ਬਣ ਸਕਦੀਆਂ। ਚੋਣਾਂ ਲੋਟੂ ਜਮਾਤਾਂ ਵਲੋਂ ਮਹਿਜ਼ ਇਹ ਫ਼ੈਸਲਾ ਕਰਨ ਲਈ ਕਰਵਾਈਆਂ ਜਾਂਦੀਆਂ ਹਨ ਅਗਲੇ ਪੰਜ ਸਾਲ ਲਈ ਲੋਟੂ ਢਾਂਚੇ ਦੀ ਰਾਜਸੀ ਵਾਗਡੋਰ ਹੁਕਮਰਾਨਾਂ ਦੇ ਕਿਸ ਧੜੇ ਦੇ ਹੱਥਾਂ ਵਿਚ ਦਿੱਤੀ ਜਾਵੇਗੀ। ਹਿੰਦੂਤਵੀ ਫਾਸ਼ੀਵਾਦ ਦੇ ਦਨਦਨਾ ਰਹੇ ਰੱਥ ਦਾ ਡੱਟਵਾਂ ਮੁਕਾਬਲਾ ਇਸ ਲੋਕਦੁਸ਼ਮਣ ਪ੍ਰਬੰਧ ਨੂੰ ਵਹਿਢੇਰੀ ਕਰਨ ਦੇ ਇਨਕਲਾਬੀ ਨਿਸ਼ਾਨੇ ਵਾਲਾ ਸੱਚਾ ਬਦਲ, ਇਨਕਲਾਬੀ ਸਿਆਸੀ ਬਦਲ, ਹੀ ਕਰ ਸਕਦਾ ਹੈ। ਇਨਕਲਾਬੀ ਜਮਹੂਰੀ ਤਾਕਤਾਂ ਨੂੰ ਇਸ ਸਿਆਸੀ ਖ਼ਲਾਅ ਨੂੰ ਭਰਨ ਲਈ ਧੜੱਲੇ ਨਾਲ ਯਤਨ ਜੁਟਾਉਣੇ ਚਾਹੀਦੇ ਹਨ।

# ਲੋਕ ਵਿਰੋਧੀ ਹੁੰਦੀ ਜਾ ਰਹੀ ਹੈ ਦੇਸ਼ ਦੀ ਰਾਜਨੀਤਕ ਵਿਵਸਥਾ



ਗੁਰਚਰਨ ਨੂਰਪੁਰ
9855051099



ਅਸੀਂ ਰਾਜਨੀਤਕ ਪੱਖੋਂ ਜਿਸ ਮੁਕਾਮ ਤੱਕ ਪਹੁੰਚ ਗਏ ਹਾਂ ਇੱਥੇ ਲੋਕਾਂ ਦੇ ਮੁੱਦੇ ਵਿਚਾਰੇ ਨਹੀਂ ਜਾਂਦੇ ਸਗੋਂ ਲੋਕਾਂ ਨੂੰ ਮੁੱਦੇ ਬਖਸ਼ੇ ਜਾਂਦੇ ਹਨ। ਇਹ ਮੁੱਦਾ ਨਹੀਂ ਕਿ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਸਰਕਾਰੀ ਨੌਕਰੀਆਂ 'ਤੇ ਲਗਾਤਾਰ ਲੀਕ ਫੇਰੀ ਜਾ ਰਹੀ ਹੈ ਬਲਕਿ ਇਹ ਮੁੱਦਾ ਹੈ ਕਿ ਕਿਸ ਫ਼ਿਲਮ ਤੋਂ ਭਾਰਤੀ ਸੰਸਕ੍ਰਿਤੀ ਨੂੰ ਖਤਰਾ ਹੈ। ਇਹ ਮੁੱਦਾ ਨਹੀਂ ਕਿ ਨਵੇਂ ਭਰਤੀ ਹੋਣ ਵਾਲੇ ਸਰਕਾਰੀ ਮੁਲਾਜ਼ਮਾਂ ਨੂੰ ਪੈਨਸ਼ਨ ਕਿਉਂ ਨਹੀਂ? ਮੁੱਦਾ ਇਹ ਹੈ ਤਾਜ ਮਹਿਲ ਨੂੰ ਹੁਣ ਕਿਸ ਨਜ਼ਰੀਏ ਨਾਲ ਵੇਖਿਆ ਜਾਵੇ ਤਾਂ ਦੇਸ਼ ਭਗਤੀ ਹੈ। ਇਹ ਮੁੱਦਾ ਨਹੀਂ ਕਿ ਗ਼ਰੀਬੀ ਤੋਂ ਤੰਗ ਲੋਕ ਖ਼ੁਦਕੁਸ਼ੀਆਂ ਕਰ ਰਹੇ ਹਨ ਬਲਕਿ ਮੁੱਦਾ ਇਹ ਹੈ ਕਿ ਮੰਦਰ ਬਣਾਉਣ ਵਿਚ ਕਿਹੜੀ ਧਿਰ ਵਿਚੋਲਗੀ ਕਰ ਰਹੀ ਹੈ। ਲੋਕ ਦਵਾਈਆਂ ਅਤੇ ਚੰਗੀਆਂ ਸਿਹਤ ਸਹੂਲਤਾਂ ਨਾ ਮਿਲਣ ਖੁਣੋਂ ਰੋਜ਼ ਮਰਦੇ ਹਨ, ਸੋਕਾ ਪਵੇ ਤਾਂ ਪਿਆਸੇ ਮਰਦੇ ਲੋਕ ਪਿੰਡਾਂ 'ਚੋਂ ਹਿਜਰਤ ਕਰਨ ਲਈ ਮਜਬੂਰ, ਹਰ ਸਾਲ ਹੜ੍ਹ ਆਉਣ ਨਾਲ ਸੈਂਕੜੇ ਜਾਨਾਂ ਜਾਂਦੀਆਂ ਹਨ, ਇਹ ਮੁੱਦੇ ਨਹੀਂ ਹਨ ਇਸ ਦੇਸ਼ ਵਿਚ। ਇੱਥੇ ਤੱਕ ਕਿ ਨਿੱਕੇ ਨਿੱਕੇ ਮਾਸੂਮ ਬੱਚੇ ਇੰਨੀ ਵੱਡੀ ਗਿਣਤੀ ਵਿਚ ਇਲਾਜ ਖੁਣੋਂ ਮਰ ਜਾਂਦੇ ਹਨ ਕਿ ਸੁਣ ਕੇ ਰੂਹ ਕੰਬ ਉਠਦੀ ਹੈ। ਉਨ੍ਹਾਂ ਦੀਆਂ ਆਤਮਾਵਾਂ ਵਿਕਾਸਸ਼ੀਲ ਭਾਰਤ ਦੇ ਕਰਤਿਆਂ ਧਰਤਿਆਂ ਨੂੰ ਸਵਾਲ ਕਰਦੀਆਂ ਹੋਣਗੀਆਂ ਕਿ ਇਹ ਕਿਹੋ ਜਿਹੀ ਅਖੌਤੀ ਵਿਕਾਸਮੁੱਖੀ ਵਿਵਸਥਾ ਸੀ ਤੁਹਾਡੀ ਜਿੱਥੇ ਸਾਡੇ ਲਈ ਸਭ ਦਰਵਾਜ਼ੇ ਬੰਦ ਹੋ ਗਏ? ਬੇਕਾਰ ਦਰ-ਬ-ਦਰ ਦੀ ਖਾਕ ਛਾਣਦੀ ਜਵਾਨੀ ਲਈ ਰੋਜ਼ਗਾਰ ਇਸ ਦੇਸ਼ ਵਿਚ ਵੱਡਾ ਮੁੱਦਾ ਨਹੀਂ ਹੈ ਬਲਕਿ ਵੱਡਾ ਮੁੱਦਾ ਇਹ ਹੈ ਕਿ ਕਿਸ ਥਾਂ 'ਤੇ ਕਿਸ ਦੀ ਮੂਰਤੀ ਸਥਾਪਤ ਹੋਵੇਗੀ?

ਸਕਿੱਲ ਇੰਡੀਆ, ਸਵੱਛ ਭਾਰਤ, ਮੇਕ ਇੰਨ ਇੰਡੀਆ ਅਤੇ ਨਿਊ ਇੰਡੀਆ ਵਰਗੇ ਕਿੰਨੇ ਹੀ ਵਿਕਾਸ ਮੰਤਰ ਹਨ ਜੋ ਭਾਰਤੀ ਲੋਕਾਂ ਨੂੰ ਮੰਤਰ-ਮੁਗਧ ਕਰਨ ਲਈ ਫੂਕੇ ਗਏ ਸਨ ਜੋ ਅਸਫਲ ਰਹੇ। ਸਾਡੇ ਰਾਜਨੀਤਕ ਰਹਿਨੁਮਾਵਾਂ ਦੇ ਜ਼ਿਹਨ ਵਿਚ ਜਿੰਨੀ ਦੇਰ ਲੋਕ ਪੱਖੀ ਵਿਕਾਸ ਦੀ ਸੋਚ ਨਹੀਂ ਪਨਪਦੀ, ਉਨੀ ਦੇਰ ਉਪਰੋਕਤ ਕਿਸਮ ਦੇ ਸਭ ਮੰਤਰ ਅਸਫਲ ਹੁੰਦੇ ਰਹਿਣਗੇ। ਦਹਾਕਿਆਂ ਤੋਂ ਵੱਖ ਵੱਖ ਤਰ੍ਹਾਂ ਦੀਆਂ ਦੁਸ਼ਵਾਰੀਆਂ ਤੋਂ ਪੀੜਤ ਬਹੁਗਿਣਤੀ ਭਾਰਤੀ ਲੋਕ ਦੁੱਖ ਭੋਗਦੇ ਰਹਿਣਗੇ ਅਤੇ ਅਖੀਰ ਇਕ ਦਿਨ ਆਪਣੇ ਹੱਕਾਂ ਲਈ ਸਭ ਤਰ੍ਹਾਂ ਦੇ ਰਾਜਨੀਤਕ ਪ੍ਰਚਾਰਿਆਂ ਦੀ ਝਾਕ ਲਾਹ ਕੇ ਇਨ੍ਹਾਂ ਨੂੰ ਸਮੂਹਿਕ ਰੂਪ ਵਿਚ ਵੱਡੀ ਲੜਾਈ ਲੜਨ ਲਈ ਸੜਕਾਂ 'ਤੇ ਨਿਕਲਣਾ ਪਵੇਗਾ।

ਨੋਟਬੰਦੀ ਅਤੇ ਜੀ. ਐਸ. ਟੀ. ਬਿਲ ਜਿਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਆਪਣੀਆਂ ਵੱਡੀਆਂ ਪ੍ਰਾਪਤੀਆਂ ਮੰਨ ਰਹੀ ਸੀ ਅਤੇ ਇਸ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਸੁਪਰਮੈਨ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ ਅਤੇ ਸਮਝਿਆ ਜਾਂਦਾ ਹੈ ਕਿ ਕੋਈ ਸ੍ਰੀ ਨਰਿੰਦਰ ਮੋਦੀ ਜਿਹਾ ਪ੍ਰਧਾਨ ਮੰਤਰੀ ਹੀ ਅਜਿਹਾ ਕਰ ਸਕਦਾ ਹੈ। ਇਸ ਸਭ ਕੁਝ ਨੂੰ ਹੁਣ ਮਾਣਮੱਤੇ ਢੰਗ ਨਾਲ ਪੇਸ਼ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ। ਬੇਸ਼ੱਕ ਨੋਟਬੰਦੀ ਜਿਹਾ ਬਿਨਾਂ ਸੋਚਿਆਂ ਸਮਝਿਆਂ ਲਾਗੂ ਕੀਤਾ ਗਿਆ ਅਜਿਹਾ ਨਾਦਰਸ਼ਾਹੀ ਫ਼ੁਰਮਾਨ ਸੀ ਜਿਸ ਨਾਲ ਦੇਸ਼ ਦੀ ਅਰਥ-ਵਿਵਸਥਾ ਲੀਹੋਂ ਲਹਿ ਗਈ। ਇਕ ਸਾਲ ਬੀਤ ਜਾਣ 'ਤੇ ਵੀ ਇਹ ਲੀਹੇ ਨਹੀਂ ਪਈ ਅਤੇ ਹੁਣ ਅੰਦਰ ਖਾਤੇ ਕਿਤੇ ਨਾ ਕਿਤੇ ਭਾਜਪਾ ਵਿਚ ਇਹ ਸਮਝਿਆ ਜਾਣ ਲੱਗਿਆ ਹੈ ਕਿ ਇਹ ਇਕ ਬੇਸਮਝੀ ਭਰਿਆ ਕਾਰਨਾਮਾ ਸੀ ਜਿਸ ਨੇ ਅਰਥ-ਵਿਵਸਥਾ ਨੂੰ ਮੰਦੇ ਵੱਲ ਧੱਕ ਦਿੱਤਾ। ਪਿਛਲੇ ਦਿਨੀਂ ਮੂਡੀਜ਼ ਵੱਲੋਂ ਦਿੱਤਾ ਇਹ ਬਿਆਨ ਸਰਕਾਰ ਲਈ ਕੁਝ ਰਾਹਤ ਲੈ ਕੇ ਆਇਆ ਅਤੇ ਇਸ ਨੂੰ ਬੀ. ਜੇ. ਪੀ. ਦੇ ਮਾਅਰਕੇਬਾਜ਼ ਨੇਤਾਵਾਂ ਅਤੇ ਕੁਝ ਸਰਕਾਰ ਪੱਖੀ ਟੀ ਵੀ ਚੈਨਲਾਂ ਨੇ ਸਰਕਾਰ ਦੇ ਪੱਖ ਵਿਚ ਭੁਨਾਉਣ ਦੀ ਸਿਰ-ਤੋੜ ਕੋਸ਼ਿਸ਼ ਕੀਤੀ ਪਰ ਸਾਬਕਾ ਪ੍ਰਧਾਨ ਮੰਤਰੀ ਅਤੇ ਉੱਘੇ ਅਰਥ ਸ਼ਾਸ਼ਤਰੀ ਡਾ: ਮਨਮੋਹਨ ਸਿੰਘ ਵੱਲੋਂ ਇਹ ਕਿਹਾ ਜਾਣਾ ਕਿ ਸਰਕਾਰ ਨੂੰ ਖ਼ੁਸ਼ ਹੋਣ ਦੀ ਲੋੜ ਨਹੀਂ, ਬਹੁਤ ਅਰਥ ਭਰਭੂਰ ਹੈ। ਦੂਜੇ ਪਾਸੇ ਕਿਸੇ ਸੰਸਥਾ ਵੱਲੋਂ ਆਇਆ ਕੋਈ ਬਿਆਨ ਸਾਡੇ ਲਈ ਕੋਈ ਬਹੁਤ ਵੱਡੀ ਉਪਲਬਧੀ ਸਾਬਤ ਨਹੀਂ ਹੋ ਸਕਦਾ ਜਦੋਂ ਕਿ ਘਰੇਲੂ ਸਨਅਤਾਂ ਲਗਾਤਾਰ ਮੰਦੀ ਦਾ ਸ਼ਿਕਾਰ ਹੋ ਰਹੀਆਂ ਹੋਣ ਅਤੇ ਦੇਸ਼ ਵਿਚ ਬੇਰੁਜ਼ਗਾਰੀ ਤੇਜ਼ੀ ਨਾਲ ਵਧ ਰਹੀ ਹੋਵੇ। ਲੋਕ ਨੌਕਰੀਆਂ ਤੋਂ ਕੱਢੇ ਜਾ ਰਹੇ ਹੋਣ, ਕਾਰੋਬਾਰ ਆਰਥਕ ਸੰਕਟ ਨਾਲ ਜੂਝ ਰਹੇ ਹੋਣ ਤਾਂ ਸਾਨੂੰ ਆਪਣੇ ਘਰ ਦੀ ਹਾਲਤ ਦਾ ਅੰਦਾਜ਼ਾ ਆਪਣੇ ਘਰ ਤੋਂ ਲਾਉਣਾ ਚਾਹੀਦਾ ਹੈ ਨਾ ਕਿ ਕਿਸੇ ਹੋਰ ਪਿੰਡ ਦੇ ਕਿਸੇ ਬੰਦੇ ਦਾ ਸਾਡੇ ਘਰ ਬਾਰੇ ਦਿੱਤੇ ਬਿਆਨ ਨਾਲ ਖ਼ੁਸ਼ ਹੋ ਕੇ ਲੁੱਡੀਆਂ ਪਾਉਣੀਆਂ ਚਾਹੀਦੀਆਂ ਹਨ। ਪਿਛਲੇ ਕੁਝ ਅਰਸੇ ਤੋਂ ਵਿਰੋਧੀ ਧਿਰ ਨੂੰ ਜਿਸ ਤਰ੍ਹਾਂ ਦਾ ਰੋਲ ਨਿਭਾਉਣਾ ਚਾਹੀਦਾ ਸੀ, ਉਹ ਕਿਤੇ ਵੀ ਨਜ਼ਰ ਨਹੀਂ ਆਇਆ। ਇਹਦੇ ਉਲਟ ਮਨਮੋਹਨ ਸਿੰਘ ਦੀ ਸਰਕਾਰ ਸਮੇਂ ਜਦੋਂ ਆਰਥਿਕ ਹਾਲਾਤ ਇੰਨੇ ਮਾੜੇ ਨਹੀਂ ਸਨ ਤਾਂ ਵਿਰੋਧੀ ਧਿਰ ਨੇ ਹਰ ਹੀਲਾ ਵਰਤ ਕੇ ਸਰਕਾਰ ਦੇ ਨੱਕ ਵਿਚ ਦਮ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਸੀ ਰਹਿਣ ਦਿੱਤੀ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਪਿਛਲੇ ਕੁਝ ਅਰਸੇ ਤੋਂ ਰਾਜਨੀਤੀ ਦਾ ਚਿਹਰਾ ਮੋਹਰਾ ਤੇਜ਼ੀ ਨਾਲ ਬਦਲਿਆ ਹੈ ਇਸ ਵਿਚ ਵਿਰੋਧੀ ਧਿਰ ਅਤੇ ਲੋਕ ਆਵਾਜ਼ ਨੂੰ ਅਣਗੌਲਿਆਂ ਕਰਨ ਦੀ ਇਕ ਸਾਜਿਸ਼ੀ ਢੰਗ ਨਾਲ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ। ਇਸ ਵਿਚ ਲੋਕ ਮਨਾਂ ਨੂੰ ਹੋਰ ਕਈ ਤਰ੍ਹਾਂ ਦੇ ਮਸਲਿਆਂ ਵਿਚ ਉਲਝਾਅ ਕੇ ਅਸਲ ਮੁੱਦਿਆਂ ਤੋਂ ਉਨ੍ਹਾਂ ਦਾ ਧਿਆਨ ਭਟਕਾਅ ਦਿੱਤਾ ਜਾਂਦਾ ਹੈ।

ਅਸੀਂ ਅੱਜ ਕਹਿ ਸਕਦੇ ਹਾਂ ਸਾਡੇ ਰਾਜਨੀਤਕ ਰਹਿਨੁਮਾਵਾਂ ਨੇ ਹੁਣ ਆਮ ਮਨੁੱਖ ਦੁਆਲੇ ਅਨੇਕਾਂ ਤਰ੍ਹਾਂ ਦੇ ਅਜਿਹੇ ਅਣਦਿੱਖ ਜਾਲ ਬੁਣ ਦਿੱਤੇ ਹਨ ਜਿਨ੍ਹਾਂ ਤੋਂ ਬਾਹਰ ਨਿਕਲਣਾ ਉਸ ਲਈ ਔਖਾ ਹੀ ਨਹੀਂ ਸਗੋਂ ਅਤਿ ਮੁਸ਼ਕਲ ਹੋ ਗਿਆ ਹੈ। ਕਿਸੇ ਇਕ ਪਾਰਟੀ ਦੀ ਗੱਲ ਨਹੀਂ ਹੁਣ ਚੋਣਾਂ ਜਿੱਤਣ ਲਈ ਇਹ ਸਮਝਿਆ ਜਾਣ ਲੱਗਿਆ ਹੈ ਕਿ ਜਿਹੜੀ ਪਾਰਟੀ ਦਾ ਕੋਈ ਵੀ ਆਗੂ ਸਭ ਤੋਂ ਵੱਡਾ ਝੂਠ ਮਾਰਨ ਵਿਚ ਸਫਲ ਹੋ ਗਿਆ, ਉਹ ਸਮਝੋ ਸੱਤਾ ਹਥਿਆ ਲਵੇਗੀ। ਸੱਤਾਧਾਰੀ ਧਿਰ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਭਵਿੱਖ ਦੀਆਂ ਚੋਣਾਂ ਲਈ ਲੋਕਾਂ ਨੂੰ ਸਭ ਅੱਛਾ ਹੋਣ ਦਾ ਅਹਿਸਾਸ ਕਰਾਵੇ ਅਤੇ ਦੂਜੇ ਪਾਸੇ ਵਿਰੋਧੀ ਧਿਰ ਵੀ ਇਸ ਲਈ ਸੱਤਾਧਾਰੀ ਨੇਤਾਵਾਂ ਦੇ ਪੋਤੜੇ ਫਰੋਲਣ ਦੀ ਕੋਸ਼ਿਸ਼ ਕਰਦੀ ਹੈ। ਹੁਣ ਤਾਂ ਇਸ ਤੋਂ ਵੀ ਗੱਲ ਅਗਾਂਹ ਵਧ ਗਈ ਹੈ। ਹੁਣ ਤਾਂ ਇਹ ਪ੍ਰਚਾਰਿਆ ਜਾਣ ਲੱਗਿਆ ਹੈ ਜੇਕਰ ਤੁਸੀਂ ਰਾਸ਼ਟਰਵਾਦੀ ਹੋ ਤਾਂ ਸਾਡੇ ਸਭ ਤਰ੍ਹਾਂ ਦੇ ਕੰਮਾਂ 'ਤੇ ਬਿਨਾਂ ਕਿਸੇ ਤਰ੍ਹਾਂ ਦੀ ਸੋਚ ਵਿਚਾਰ ਕੀਤਿਆਂ ਮੋਹਰ ਲਾਓ, ਕਿੰਤੂ ਕਰਨ ਦੀ ਲੋੜ ਨਹੀਂ। ਇਸ ਦੇ ਉਲਟ ਜੇਕਰ ਤੁਸੀਂ ਸਾਡੇ ਨਾਲ ਸਹਿਮਤ ਨਹੀਂ ਤਾਂ ਤੁਸੀਂ ਰਾਸ਼ਟਰਵਾਦੀ ਹੀ ਨਹੀਂ ਹੋ ਸਕਦੇ। ਪਿਛਲੇ ਦਿਨੀਂ ਪਦਮਾਵਤੀ ਫਿਲਮ ਤੋਂ ਸ਼ੁਰੂ ਹੋਇਆ ਵਿਵਾਦ ਨੱਕ ਕੰਨ ਵੱਢਣ ਅਤੇ ਸਿਰ ਕਲਮ ਕਰਕੇ ਲਿਆਉਣ ਦੀਆਂ ਬਿਆਨਬਾਜ਼ੀਆਂ ਤੱਕ ਪਹੁੰਚ ਗਿਆ।

ਅਸਥਿਰਤਾ ਦੇ ਇਸ ਆਲਮ ਵਿਚ ਲੋਕਾਂ ਦੀ ਮਾਨਸਿਕਤਾ ਇਹ ਬਣਾਈ ਜਾ ਰਹੀ ਹੈ ਕਿ ਉਹ ਸਾਹਮਣੇ ਖੜ੍ਹੇ ਤਿੰਨ ਚਾਰ ਉਮੀਦਵਾਰਾਂ 'ਚੋਂ ਚੰਗਾ ਮਾੜਾ ਚੁਣਨ ਦੀ ਬਜਾਏ ਇਹ ਵੇਖਣ ਕਿ ਤਾਕਤ ਕਿਸ ਕੋਲ ਵਧੇਰੇ ਹੈ? ਭਾਵ ਜਿਸ ਉਮੀਦਵਾਰ ਕੋਲ ਦੂਜਿਆਂ ਨਾਲੋਂ ਵਧੇਰੇ ਨਿੱਗਰ ਅਤੇ ਮੋਟੀ ਡਾਂਗ ਹੈ, ਉਹ ਉਸ ਨਾਲ ਖੜ੍ਹਨ ਵਿਚ ਹੀ ਆਪਣੀ ਭਲਾਈ ਸਮਝਣ। ਇਸ ਤਰ੍ਹਾਂ ਜਨਤਾ ਨੂੰ ਹਾਲਾਤ ਦੇ ਮਾਰੇ ਲੋਕਾਂ ਦਾ ਇਕ ਸਮੂਹ ਬਣਾ ਦਿੱਤਾ ਗਿਆ ਹੈ ਜਿਸ ਨੂੰ ਪੰਜ ਸਾਲ ਇਕ ਧਿਰ ਰੱਜ ਕੇ ਰਗੜੇ ਲਾਉਂਦੀ ਹੈ। ਅਜੇ ਉਹ ਛੱਡਦੀ ਵੀ ਨਹੀਂ ਕਿ ਦੂਜੀ ਧਿਰ ਉਸ ਨਾਲ ਅਜਿਹਾ ਕਰਨ ਲਈ ਤਿਆਰ ਹੁੰਦੀ ਹੈ। ਪਿਛਲੇ ਕੁਝ ਅਰਸੇ ਤੋਂ ਸ਼ੁਰੂ ਹੋਈਆਂ ਉਦਾਰਵਾਦੀ ਨੀਤੀਆਂ ਜਿਨ੍ਹਾਂ ਨਾਲ ਜਨਤਕ ਅਦਾਰਿਆਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇ ਕੇ ਲੋਕਾਂ ਦੀ ਲੰਮੀ ਗੁਲਾਮੀ ਦਾ ਇਕ ਦੌਰ ਸ਼ੁਰੂ ਕੀਤਾ ਜਾ ਰਿਹਾ ਹੈ, ਵਿਚ ਕੁਝ ਖੱਬੇ ਪੱਖੀ ਪਾਰਟੀਆਂ ਨੂੰ ਛੱਡ ਕੇ ਸਭ ਪਾਰਟੀਆਂ ਦਾ ਭਰਪੂਰ ਯੋਗਦਾਨ ਰਿਹਾ ਹੈ ਅਤੇ ਬੇਸ਼ਰਮੀ ਦੀ ਗੱਲ ਇਹ ਹੈ ਕਿ ਇਸ ਨੂੰ ਸਰਕਾਰੀ ਪ੍ਰਾਪਤੀਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਮਨੁੱਖ ਦੀ ਹਰ ਲੋੜ ਨੂੰ ਕਾਰੋਬਾਰ ਵਜੋਂ ਵੇਖਿਆ ਜਾਣ ਲੱਗਿਆ ਹੈ। ਇਹ ਰਾਜਨੀਤਕ ਗਿਰਾਵਟ ਦੀ ਸਿਖਰ ਹੈ। ਲੋਕਾਂ ਦੀਆਂ ਲੋੜਾਂ/ ਮਜਬੂਰੀਆਂ ਤੋਂ ਕਮਾਈਆਂ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਅਸੀਂ ਸਾਰੇ ਜਾਣਦੇ ਹਾਂ ਕਿ ਚੋਣਾਂ 'ਤੇ ਬੇਤਹਾਸ਼ਾ ਖਰਚ ਕੀਤਾ ਜਾਂਦਾ ਹੈ। ਇਸ ਦਾ ਸਿੱਧਾ ਮਤਲਬ ਹੈ 'ਲੋਕਤੰਤਰ ਦੀਆਂ ਜੜ੍ਹਾਂ ਵਿਚ ਭ੍ਰਿਸ਼ਟਾਚਾਰ'। ਹੁਣ ਕੋਈ ਵੀ ਪਾਰਟੀ ਭ੍ਰਿਸ਼ਟਾਚਾਰ ਪ੍ਰਤੀ ਬੋਲਣ ਲਈ ਤਿਆਰ ਨਹੀਂ। ਚੋਣਾਂ ਬੇਤਹਾਸ਼ੇ ਧਨ ਅਤੇ ਤਾਕਤ ਨਾਲ ਲੜੀਆਂ ਜਾਂਦੀਆਂ ਹਨ। ਹੁਣ ਤਾਂ ਬਹੁਤੀਆਂ ਪਾਰਟੀਆਂ ਟਿਕਟ ਦੇਣ ਲੱਗਿਆਂ ਇਹ ਦੇਖਦੀਆਂ ਹਨ ਕਿ ਧਨਾਢ ਬੰਦੇ ਨੂੰ ਹੀ ਟਿਕਟ ਦਿੱਤੀ ਜਾਵੇ ਤਾਂ ਕਿ ਉਹ ਵੱਧ ਤੋਂ ਵੱਧ ਪੈਸਾ ਝੋਕ ਕੇ ਚੋਣ ਜਿੱਤ ਸਕੇ। ਲੋਕਤੰਤਰ 'ਤੇ ਪਏ ਧਨਾਢਤੰਤਰ ਦੇ ਗ਼ਲਬੇ ਨੇ ਇਹ ਹੱਕ ਕੁਝ ਕੁ ਲੋਕਾਂ ਤੱਕ ਸੀਮਤ ਕਰ ਦਿੱਤਾ ਹੈ। ਇਸ ਧਨਾਢਤੰਤਰ ਜਿਸ ਵਿਚ ਕਾਤਲ, ਬਲਾਤਕਾਰੀ ਅਤੇ ਭ੍ਰਿਸ਼ਟਾਚਾਰ ਵਿਚ ਲਿਪਤ ਲੋਕ ਜੇਲ੍ਹਾਂ ਵਿਚ ਬੈਠੇ ਵੀ ਚੋਣਾਂ ਜਿੱਤ ਜਾਂਦੇ ਹਨ ਪਰ ਆਮ ਬੰਦਾ ਭਾਵੇਂ ਸਮਾਜ ਪ੍ਰਤੀ ਕਿੰਨੀ ਵੀ ਚੰਗੀ ਸੋਚ ਰੱਖਦਾ ਹੋਵੇ, ਉਹ ਇਸ ਤੰਤਰ ਦੇ ਨੇੜੇ ਵੀ ਨਹੀਂ ਫਟਕ ਸਕਦਾ ਅਤੇ ਨਾ ਹੀ ਰਾਜਨੀਤਕ (ਖਾਸ ਕਰਕੇ ਪ੍ਰਮੁੱਖ ਪਾਰਟੀਆਂ) ਪਾਰਟੀਆਂ ਅਜਿਹੇ ਕਿਸੇ ਵਿਅਕਤੀ ਨੂੰ ਉਮੀਦਵਾਰ ਬਣਾਉਣ ਦੀ ਜ਼ਹਿਮਤ ਹੀ ਉਠਾਉਂਦੀਆਂ। ਹਰ ਪਾਰਟੀ ਵਿਚ ਪਰਿਵਾਰਵਾਦ ਭਾਰੂ ਹੋ ਰਿਹਾ ਹੈ। ਭ੍ਰਿਸ਼ਟਾਚਾਰ ਨਾਲ ਲਿਬੜੇ ਨੇਤਾਵਾਂ ਦੇ ਭ੍ਰਿਸ਼ਟਾਚਾਰ ਦੀ ਨਿਖੇਧੀ ਕਰਨ ਦੀ ਬਜਾਏ ਉਲਟਾ ਸਬੰਧਤ ਨੇਤਾ ਦਾ ਦਾਮਨ ਬਚਾਉਣ ਲਈ ਪਾਰਟੀਆਂ ਪੱਬਾਂ ਭਾਰ ਹੋ ਜਾਂਦੀਆਂ ਹਨ। ਇਸ ਤਰ੍ਹਾਂ ਅਜੋਕਾ ਰਾਜਤੰਤਰ ਲੋਕਾਂ ਦੀ ਬਜਾਏ ਧਨਾਢਾਂ ਦਾ ਉਹ ਤੰਤਰ ਹੈ ਜਿਸ ਨੂੰ ਉਨ੍ਹਾਂ ਨੇ ਦੇਸ਼ ਦਾ ਸਭ ਤੋਂ ਵੱਡਾ ਵਪਾਰਕ ਅਦਾਰਾ ਬਣਾ ਲਿਆ। ਸ਼ਰਾਬ ਮਿੱਲਾਂ, ਫੈਕਟਰੀਆਂ ਦੇ ਮਾਲਕ, ਸੈਂਕੜੇ ਏਕੜ ਜ਼ਮੀਨਾਂ ਦੇ ਮਾਲਕ, ਬਾਹਰਲੇ ਮੁਲਕਾਂ ਵਿਚ ਜਾਇਦਾਦਾਂ ਖਰੀਦਣ ਵਾਲੇ ਅਤੇ ਸਵਿਸ ਬੈਂਕਾਂ ਵਿਚ ਬੇਤਹਾਸ਼ਾ ਧਨ ਜਮ੍ਹਾਂ ਕਰਾਉਣ ਵਾਲੇ ਅਮੀਰ ਲੋਕ ਜਿਨ੍ਹਾਂ ਦੀ ਪੈਸੇ ਦੀ ਹਵਸ ਕਦੇ ਸ਼ਾਂਤ ਨਹੀਂ ਹੁੰਦੀ, ਉਹ ਲੋਕ ਚੋਣਾਂ ਲੜਦੇ ਹਨ ਅਤੇ ਜਿੱਤਦੇ ਹਨ। ਇਹ ਇਕ ਸੌ ਪੱਚੀ ਕਰੋੜ ਦੀ ਅਬਾਦੀ ਵਾਲੇ ਭਾਰਤ ਦੇਸ਼ ਦੇ 1 ਫ਼ੀਸਦੀ ਤੋਂ ਵੀ ਕਿਤੇ ਘੱਟ ਲੋਕ ਹਨ ਜਿਨ੍ਹਾਂ ਦਾ ਪੂਰੇ ਮੁਲਕ 'ਤੇ ਗ਼ਲਬਾ ਹੈ।

ਸਾਡੀ ਅਜੋਕੀ ਲੋਕਤੰਤਰ ਪ੍ਰਣਾਲੀ ਜ਼ਰਜ਼ਰੀ ਹੋ ਚੁੱਕੀ ਲੋਕ ਪੱਖੀ ਨਹੀਂ ਬਲਕਿ ਲੋਕ ਵਿਰੋਧੀ ਚੋਣ ਪ੍ਰਣਾਲੀ ਹੈ ਜਿਸ ਨੂੰ ਵੱਡੇ ਸੁਧਾਰਾਂ ਦੀ ਜ਼ਰੂਰਤ ਹੈ। ਇਸ ਵਿਚ ਕੀ ਕੀ ਸੁਧਾਰ ਹੋਣ ਇਹ ਵਿਸ਼ਾ ਵੱਡੇ ਵਿਸਥਾਰ ਦੀ ਮੰਗ ਕਰਦਾ ਹੈ। ਜਿੱਥੇ ਅੱਜ ਲੋਕਾਂ ਨੂੰ ਅਜੋਕੀ ਰਾਜਨੀਤਕ ਪ੍ਰਣਾਲੀ ਨੂੰ ਸਮਝਣ ਦੀ ਜ਼ਰੂਰਤ ਹੈ, ਉੱਥੇ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਵੀ ਜਾਗਰੂਕ ਹੋਣ ਦੀ ਜ਼ਰੂਰਤ ਹੈ।

# ਤੁਰੰਤ ਸ਼ੁਰੂ ਹੋਵੇ ਉੱਤਰੀ ਕੋਰੀਆ ਨਾਲ਼ ਗੱਲਬਾਤ



ਮਨਜੀਤ ਇੰਦਰ ਸਿੰਘ ਜੌਹਲ
9814422617





ਉੱਤਰੀ ਕੋਰੀਆ ਚਾਹੁੰਦਾ ਕੀ ਹੈ? ਕਿਮ ਜਾਂਗ ਨੂੰ ਕਿਸੇ ਦੀ ਪਰਵਾਹ ਕਿਉਂ ਨਹੀਂ, ਅਮਰੀਕਾ ਦੀ ਵੀ ਨਹੀਂ? ਕਿਤੇ ਸ਼ੁਮਾਲੀ ਕੋਰੀਆ ਦਾ ਆਪ ਹੁਦਰਾ ਪਨ ਦੁਨੀਆਂ ਦਾ ਵਿਨਾਸ਼ ਤਾਂ ਨਹੀਂ ਕਰੇਗਾ?... ਕੋਰੀਆਈ ਸਾਗਰ ਦੇ ਦੁਆਲੇ ਹਾਲ ਹੀ ਦੀਆਂ ਵਧੀਆ ਹੋਈਆਂ ਕਸ਼ੀਦਗੀਆਂ ਨੇ ਦੁਨੀਆਂ ਭਰ ਵਿੱਚ ਇਹ ਸਵਾਲ ਖੜ੍ਹੇ ਕਰ ਦਿੱਤੇ ਹਨ।

ਉੱਤਰੀ ਕੋਰੀਆ ਦੇ ਅਮਰੀਕਾ ਨਾਲ਼ ਇੱਟ ਖੜਿੱਕੇ ਨੂੰ ਸਮਝਣ ਵਾਸਤੇ ਸਾਨੂੰ ਕੋਰੀਆਈ ਯੁੱਧ ਦੇ ਹਵਾਲੇ ਨਾਲ ਕੁਝ ਤੱਥ ਘੋਖਣੇ ਪੈਣਗੇ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਪੂਰਬੀ ਏਸ਼ੀਆ ਉੱਤੇ ਜਪਾਨ ਦਾ ਦਬਦਬਾ ਸੀ। ਚੀਨ-ਜਪਾਨ ਲੜਾਈ ਤੋਂ ਬਾਦ ਸਾਰਾ ਪੂਰਬੀ ਚੀਨ ਉਸਦੇ ਕਬਜੇ ਹੇਠ ਰਿਹਾ। ਕੋਰੀਆ ਉਪਰ ਜਪਾਨ ਦਾ ਸਾਮਰਾਜ 1910 ਤੋਂ ਬਰਕਰਾਰ ਸੀ ਅਤੇ ਆਲਮੀ ਜੰਗ ਦੇ ਖਾਤਮੇ ਅਤੇ ਜਪਾਨ ਦੀ ਹਾਰ ਤੋਂ ਬਾਅਦ 1945 ਵਿੱਚ ਇਹ ਮਿੱਤਰ ਦੇਸ਼ਾਂ ਦੇ ਅਧੀਨ ਆ ਗਿਆ। ਜਰਮਨੀ ਵਾਂਗ ਕੋਰੀਆ ਨੂੰ ਵੀ ਮਿੱਤਰ ਫੌਜਾਂ ਭਾਵ ਸੋਵੀਅਤ ਯੂਨੀਅਨ ਅਤੇ ਅਮਰੀਕਾ ਨੇ ਵੰਡ ਲਿਆ। ਉੱਤਰੀ ਹਿੱਸੇ ਵਿੱਚ ਕਿਮ ਇਲ ਸੰਗ ਦੇ ਰਾਹੀਂ ਸੋਵੀਅਤਾਂ ਵੱਲੋਂ ਆਪਣੇ ਪ੍ਰਭਾਵ ਵਾਲੀ ਸਾਮਵਾਦੀ ਸਰਕਾਰ ਕਾਇਮ ਕੀਤੀ ਗਈ ਅਤੇ ਦੱਖਣੀ ਕੋਰੀਆ ਵਿੱਚ ਅਮਰੀਕਾ ਨੇ ਆਪਣੀ ਤਰਜ ਵਾਲਾ ਸਾਮਰਾਜੀ ਨਜਾਮ ਸਥਾਪਤ ਕੀਤਾ। ਇਸੇ ਦੌਰਾਨ ਹੀ ਦੁਨੀਆਂ ਦੀਆਂ ਦੋਵੇਂ ਮਹਾਂਸ਼ਕਤੀਆਂ ਵਿੱਚ ਸ਼ੀਤ ਯੁੱਧ ਦੀ ਸ਼ੁਰੂਆਤ ਹੋ ਗਈ ਅਤੇ ਦੋਨੋਂ ਕੋਰੀਆਵਾਂ ਵਿੱਚ ਵੀ ਅਜਿਹੀ ਹੀ ਠੰਢੀ ਜੰਗ ਵਾਲਾ ਮਾਹੌਲ ਬਣਨ ਲੱਗਾ। ਦੋਨੋਂ ਆਪਣੀ ਸਰਕਾਰ ਨੂੰ ਅਸਲ ਅਤੇ ਦੂਜੀ ਨੂੰ ਕਠਪੁਤਲੀ ਦੱਸਦੇ ਅਤੇ ਵਿਚਕਾਰਲੀ ਸਰਹਦ ਨੂੰ ਮੰਨਣ ਤੋਂ ਵੀ ਇਨਕਾਰੀ ਹੋ ਗਏ। ਉੱਤਰੀ ਕੋਰੀਆ ਨੇ ਰੂਸ ਅਤੇ ਚੀਨ ਦੀ ਮਦਦ ਨਾਲ ਆਪਣੀ ਜੰਗੀ ਤਾਕਤ ਵਿੱਚ ਢੇਰ ਇਜ਼ਾਫਾ ਕਰ ਲਿਆ ਸੀ। ਅੰਤ ਜੂਨ 1950 ਵਿੱਚ ਉੱਤਰੀ ਕੋਰੀਆ ਨੇ ਦੱਖਣੀ ਕੋਰੀਆ ਉਪਰ ਜਬਰਦਸਤ ਹਮਲਾ ਕਰ ਦਿੱਤਾ। ਦੱਖਣੀ ਕੋਰੀਆ ਦੀ ਫ਼ੌਜ ਉਸ ਸਾਹਮਣੇ ਨਿਗੁਣੀ ਸਾਬਤ ਹੋਈ। ਦੱਸਣਯੋਗ ਹੈ ਕਿ ਇਹ ਹਮਲਾ ਕਿਮ ਇਲ ਸੰਗ ਨੇ ਸੋਵੀਅਤ ਨੇਤਾ ਜੋਸਫ ਸਟਾਲਿਨ ਦੇ ਥਾਪੜੇ ਅਤੇ ਚੀਨ ਦੀ ਮਦਦ ਦੇ ਵੀ ਭਰੋਸੇ ਮਗਰੋਂ ਹੀ ਕੀਤਾ। ਯਾਦ ਰਹੇ ਜਪਾਨ ਦੀ 1945 ਦੀ ਜੰਗੀ ਹਾਰ ਮਗਰੋਂ ਚੀਨ ਵਿੱਚ ਵੀ ਰਾਸ਼ਟਰਵਾਦੀਆਂ ਅਤੇ ਕਮਿਊਨਿਸਟਾਂ ਵਿੱਚ ਖਾਨਾ ਜੰਗੀ ਚੱਲ ਪਈ ਸੀ ਜੋ 1949 ਵਿੱਚ ਮਾਓ-ਜੇ-ਤੁੰਗ ਦੀ ਰਹਿਨੁਮਾਈ ਵਿੱਚ ਕਮਿਊਨਿਸਟਾਂ ਦੀ ਜਿੱਤ ਦੇ ਰੂਪ ਵਿੱਚ ਖਤਮ ਹੋਈ। ਇਸ ਗ੍ਰਹਿ ਯੁੱਧ ਵਿੱਚ ਉੱਤਰੀ ਕੋਰੀਆ ਵੱਲੋਂ ਮਾਓ ਦੇ ਗੁਰੀਲਿਆਂ ਦੀ ਖੁੱਲ੍ਹ ਕੇ ਮਦਦ ਕੀਤੀ ਗਈ ਅਤੇ 70000 ਫੌਜੀ ਪੂਰੇ ਜੰਗੀ ਅਸਬਾਬ ਨਾਲ ਪੀਪਲਜ ਲਿਬਰੇਸ਼ਨ ਆਰਮੀ ਦੇ ਸੰਗ ਲੜਨ ਵਾਸਤੇ ਘੱਲੇ। ਇਸ ਵਾਸਤੇ ਮਾਓ ਕਿਮ ਦਾ ਅਹਿਸਾਨਮੰਦ ਸੀ ਅਤੇ ਉਹਨੇ ਬਚਨ ਦਿੱਤਾ ਸੀ ਕਿ ਦੱਖਣੀ ਕੋਰੀਆ ਜਾਂ ਅਮਰੀਕਾ ਨਾਲ ਕਿਸੇ ਸੰਭਾਵੀ ਜੰਗ ਵਿੱਚ ਚੀਨ ਹਮੇਸ਼ਾ ਉੱਤਰੀ ਕੋਰੀਆ ਦੇ ਨਾਲ ਖੜ੍ਹੇਗਾ (ਲੱਗਦਾ ਹੈ ਕਿ ਚੀਨ ਅੱਜ ਵੀ ਆਪਣੇ ਬਚਨ ਤੇ ਕਾਇਮ ਹੈ)।

ਖੈਰ ਅਮਰੀਕਾ ਨੇ ਤੁਰੰਤ ਆਪਣੇ ਜੰਗੀ ਬੇੜੇ ਕੋਰੀਆਈ ਗਣਰਾਜ ਦੀ ਮਦਦ ਵਾਸਤੇ ਭੇਜ ਦਿੱਤੇ ਪਰ ਉਦੋਂ ਤੱਕ ਉਤਰ ਦਾ ਸਿਉਲ ਉਤੇ ਕਬਜ਼ਾ ਹੋ ਚੁੱਕਾ ਸੀ। ਰੂਸ, ਚੀਨ ਅਤੇ ਅਮਰੀਕਾ ਦੀਆਂ ਫੌਜਾਂ ਦੇ ਸਿੱਧੇ ਦਖਲ ਕਾਰਨ ਇਹ ਲੜਾਈ ਗਹਿਗੱਚ ਰੂਪ ਅਖਤਿਆਰ ਕਰ ਗਈ। 1951 ਤੋਂ 1953 ਤੱਕ ਚੱਲੇ ਇਸ ਯੁੱਧ ਵਿੱਚ ਚਾਰ ਵਾਰ ਦੋਨੋਂ ਧਿਰਾਂ ਨੇ ਵਿਰੋਧੀ ਖੇਮੇ ਉੱਤੇ ਕਬਜਾ ਕੀਤਾ ਅਤੇ ਚਾਰ ਵਾਰ ਹੀ ਵਾਪਸ ਇਲਾਕਾ ਛੱਡਣਾ ਪਿਆ। ਅੰਤ 1953 ਵਿੱਚ ਦੁਨੀਆਂ ਦੇ ਨਿਰਪੱਖ ਦੇਸ਼ਾਂ ਵੱਲੋਂ ਇੱਕ ਸਮਝੌਤਾ ਕਮਿਸ਼ਨ ਬਣਾਇਆ ਗਿਆ ਜਿਸ ਨੇ ਇਸ ਜੰਗ ਨੂੰ ਰੁਕਵਾਇਆ। ਇਹ ਵੀ ਦਿਲਚਸਪ ਪਹਿਲੂ ਹੈ ਕਿ ਇਸ ਕਮਿਸ਼ਨ ਦੇ ਚੇਅਰਮੈਨ ਭਾਰਤੀ ਜਨਰਲ ਕੇ. ਐਸ. ਥੱਮਈਆ ਸਨ। ਪਰ ਤਕਨੀਕੀ ਤੌਰ 'ਤੇ ਨਾ ਹੀ ਜੰਗ ਖਤਮ ਹੋਈ ਅਤੇ ਨਾ ਹੀ ਕੋਈ ਦੋਨਾਂ ਮੁਲਕਾਂ ਦਾ ਸਮਝੌਤਾ ਹੋਇਆ। ਬਾਰਡਰ ਉੱਤੇ ਇੱਕ ਫੌਜ ਰਹਿਤ ਪੱਟੀ ਬਣਾ ਦਿੱਤੀ ਗਈ ਜਿਸ ਦੀ ਕਿ ਨਿਗਰਾਨੀ ਅੱਜ ਤੱਕ ਸੰਯੁਕਤ ਰਾਸ਼ਟਰ ਅਤੇ ਨਿਰਪੱਖ ਮੁਲਕਾਂ ਦੀ ਫੌਜ ਕਰ ਰਹੀ ਹੈ। ਯੁੱਧ ਦੀ ਭਿਆਨਕਤਾ ਇਸ ਵਿੱਚ ਹੋਈਆਂ ਮੌਤਾਂ ਤੋਂ ਲਾਈ ਜਾ ਸਕਦੀ ਹੈ ਜੋ ਇਸ ਤਰ੍ਹਾਂ ਹੈ:-

ਅਮਰੀਕਾ 33000, ਦੱਖਣੀ ਕੋਰੀਆ 4 ਲੱਖ, ਚੀਨ 1.15 ਲੱਖ, ਉੱਤਰੀ ਕੋਰੀਆ 3 ਲੱਖ ਇਸ ਤੋਂ ਬਿਨਾਂ ਬੇਅੰਤ ਆਮ ਜਨਤਾ ਦਾ ਨੁਕਸਾਨ ਹੋਇਆ। ਇਸ ਯੁੱਧ ਵਿੱਚ ਅਮਰੀਕਾ ਦਾ ਮੁੱਖ ਮਕਸਦ ਪੂਰਬੀ ਏਸ਼ੀਆ ਅਤੇ ਖਾਸ ਕਰ ਜਪਾਨ ਦਾ ਆਪਣੇ ਹੱਥੋਂ ਨਿਕਲ਼ਣ ਦਾ ਡਰ ਸੀ। ਚੀਨ, ਰੂਸ ਅਤੇ ਉੱਤਰੀ ਕੋਰੀਆ ਵਿੱਚ ਸਮਾਜਵਾਦ ਦਾ ਝੰਡਾ ਬੁਲੰਦ ਹੋਣਾ ਵੀ ਉਸ ਵਾਸਤੇ ਫਿਕਰ ਦਾ ਬਾਇਸ ਸੀ।

ਯੁੱਧ ਤੋਂ ਬਾਅਦ ਅਮਰੀਕਾ ਦੀ ਫੌਜ ਦੱਖਣੀ ਕੋਰੀਆ ਅਤੇ ਜਪਾਨ ਵਿੱਚ ਪੱਕੇ ਤੌਰ 'ਤੇ ਅੱਜ ਤਕ ਬੈਠੀ ਹੈ ਅਤੇ ਗਾਹੇ ਬਗਾਹੇ ਜੰਗੀ ਮਸ਼ਕਾਂ ਕਰਦੀ ਰਹਿੰਦੀ ਹੈ। ਜਪਾਨ ਦੀ ਤਾਂ ਅਮਰੀਕਾ ਤੇ ਫੌਜੀ ਨਿਰਭਰਤਾ ਮਜਬੂਰੀ ਹੈ ਕਿਉਂਜੁ ਜਪਾਨ ਦੇ ਸੰਵਿਧਾਨ ਮੁਤਾਬਕ ਉਹ ਫੌਜ ਰੱਖ ਹੀ ਨਹੀਂ ਸਕਦਾ।

ਦੂਜੇ ਬੰਨੇ ਭਾਵੇਂ ਰੂਸ ਅਤੇ ਚੀਨ ਕਦੋਂ ਦੇ ਉੱਤਰੀ ਕੋਰੀਆ ਛੱਡ ਚੁੱਕੇ ਹਨ ਪਰ ਉਹਨਾਂ ਨੂੰ ਵੀ ਆਪਣੇ ਗੁਆਂਢ ਵਿੱਚ ਅਮਰੀਕੀ ਗਤੀਵਿਧੀਆਂ ਨਹੀਂ ਭਾਉਂਦੀਆਂ ਪਰ ਅਮਰੀਕਾ ਚਾਹ ਕੇ ਵੀ ਚੀਨ ਰੂਸ ਨਾਲ ਸਿੱਧਾ ਪੰਗਾ ਨਹੀਂ ਲਵੇਗਾ ਅਤੇ ਨਾ ਹੀ ਲਿਆ ਹੈ। ਨਤੀਜੇ ਵੱਜੋਂ ਸਾਰਾ ਤੋੜਾ ਉੱਤਰੀ ਕੋਰੀਆ ਤੇ ਹੀ ਝੜਦਾ ਰਿਹਾ। ਉਤਰੀ ਕੋਰੀਆ ਵੀ 1950 ਤੋਂ ਲੈ ਕੇ ਅੱਜ ਤੱਕ ਅਮਰੀਕਾ ਨੂੰ ਹੀ ਆਪਣਾ ਸਿੱਧਾ ਦੁਸ਼ਮਣ ਮੰਨਦਾ ਰਿਹਾ ਹੈ ਨਾ ਕਿ ਦੱਖਣੀ ਕੋਰੀਆ ਜਾਂ ਜਪਾਨ ਨੂੰ। ਇਸੇ ਖਤਰੇ ਵਾਸਤੇ ਭਾਵ ਅਮਰੀਕਾ ਨਾਲ ਸਿੱਧੀ ਟੱਕਰ ਵਾਸਤੇ ਹੀ ਉਤਰੀ ਕੋਰੀਆਈ ਲੀਡਰਸ਼ਿਪ ਆਪਣੇ ਮੁਲਕ ਨੂੰ ਤਿਆਰ ਕਰਦੀ ਰਹੀ ਹੈ। ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਭਾਵੇਂ ਦੋਨਾਂ ਕੋਰੀਆ ਵਿੱਚ ਸਿਆਸੀ ਕਸ਼ੀਦਗੀਆਂ ਸਿਖਰ ਤੇ ਹਨ ਪਰ ਦੋਨੋਂ ਦੇਸ਼ਾਂ ਦੇ ਅਵਾਮ ਵਿੱਚ ਨਫਰਤ ਨਹੀਂ ਹੈ। ਇਸ ਦੀ ਬਹੁਤ ਵੱਡੀ ਮਿਸਾਲ ਹੈ ਉਤਰ ਕੋਰੀਆ ਵਿੱਚ ਬਾਰਡਰ ਤੋਂ 10 ਕਿ. ਮੀ. ਅੰਦਰ ਕੇਸਾਂਗ ਨਾਮੀ ਸ਼ਹਿਰ ਵਿੱਚ 2002 ਵਿੱਚ ਸਥਾਪਤ ਵੱਡਾ ਉਦਯੋਗਿਕ ਜੋਨ ਇਸ ਵਿੱਚ ਦੱਖਣੀ ਕੋਰੀਆ ਦੀਆਂ ਕੰਪਨੀਆਂ ਦੇ ਸੈਂਕੜਿਆਂ ਕਾਰਖਾਨੇ ਹਨ ਜਿਹਨਾਂ ਵਿੱਚ 53000 ਉਤਰੀ ਕੋਰੀਆਈ ਕਾਮੇ ਅਤੇ 800 ਦੱਖਣੀ ਕੋਰੀਆਈ ਨਾਗਰਿਕ ਕੰਮ ਕਰਦੇ ਹਨ। ਕੰਪਨੀਆਂ ਨੂੰ ਸਸਤੀ ਲੇਬਰ ਅਤੇ ਉਤਰ ਵਾਲਿਆਂ ਨੂੰ ਵਿਦੇਸ਼ੀ ਕਰੰਸੀ ਮਿਲਦੀ ਹੈ। ਇਹ ਇਹੋ ਜਿਹੀ ਗੱਲ ਹੈ ਜਿਵੇਂ ਭਾਰਤ ਲਾਹੌਰ ਦੇ ਨੇੜੇ ਅਜਿਹਾ ਖਿੱਤਾ ਬਣਾ ਲਵੇ ਅਤੇ ਦੋਨਾਂ ਮੁਲਕਾਂ ਦੇ ਲੋਕ ਉਥੇ ਕੰਮ ਕਰਨ। ਇਹ ਵੱਖਰੀ ਗੱਲ ਹੈ ਕਿ ਦੱਖਣੀ ਕੋਰੀਆ ਵੱਲੋਂ ਇਹ ਇਲਾਕਾ 2016 ਵਿੱਚ ਆਰਜੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਦੋਨੋਂ ਮੁਲਕਾਂ ਦੇ ਏਕੀਕਰਨ ਦੀਆਂ ਗੱਲਾਂ ਅਕਸਰ ਤੁਰਦੀਆਂ ਰਹਿੰਦੀਆਂ ਹਨ ਅਤੇ ਦੋਨੋਂ ਪਾਸੇ ਏਕੀਕਰਨ ਮਨਿਸਟਰੀਆਂ ਵੀ ਹਨ। ਦੱਖਣੀ ਕੋਰੀਆ ਵਿੱਚ ਬਹੁਤ ਜਬਰਦਸਤ ਵਿਦਿਆਰਥੀ ਲਹਿਰਾਂ ਚੱਲ ਹਟੀਆਂ ਹਨ ਜੋ ਕਿ ਦੇਸ਼ ਵਿੱਚ ਅਮਰੀਕੀ ਦਖਲ ਦੇ ਖਿਲਾਫ ਅਤੇ ਏਕੀਕਰਨ ਦੇ ਹੱਕ ਵਿੱਚ ਸਨ। ਕੁੱਝ ਦਿਨ ਪਹਿਲਾਂ ਰਾਸ਼ਟਰਪਤੀ ਟਰੰਪ ਦੇ ਦੌਰੇ ਖਿਲਾਫ ਸਿਓਲ ਵਿੱਚ ਹੋਏ ਮੁਜਾਹਰੇ ਵੀ ਇਸੇ ਕੜੀ ਦਾ ਹਿੱਸਾ ਹਨ।

ਪਰ ਅਮਰੀਕਾ ਸਦਾ ਹੀ ਇਸ ਮੁੱਦੇ ਉੱਤੇ ਆਪਣੇ ਦਖਲ ਨੂੰ ਆਲਮੀ ਸਲਾਮਤੀ ਨਾਲ ਜੋੜ ਕੇ ਸਹੀ ਦੱਸਦਾ ਰਿਹਾ ਹੈ। ਚਾਹੇ ਮੌਜੂਦਾ ਮੁਖੀ ਕਿਮ ਜਾਂਗ ਉਨ ਦੇ ਦਾਦੇ ਕਿਮ ਇਲ ਸੰਗ ਤੋਂ ਲੈ ਕੇ ਕਿਸੇ ਵੀ ਆਗੂ ਨੇ ਅਮਰੀਕਾ ਦੇ ਦਬਕਿਆਂ ਅਤੇ ਪਾਬੰਦੀਆਂ ਦੀ ਪਰਵਾਹ ਨਹੀਂ ਕੀਤੀ ਅਤੇ ਅਸਤਰ ਸ਼ਸਤਰਾਂ ਦੀ ਤਿਆਰੀ ਜਾਰੀ ਰੱਖੀ। ਪਰ ਅਮਰੀਕੀ ਸਰਕਾਰਾਂ ਇਰਾਨ, ਅਫਗਾਨਿਸਤਾਨ, ਸੀਰੀਆ ਜਾਂ ਵੀਅਤਨਾਮ ਵਾਂਗ ਉਸਨੂੰ ਸਿੱਧਾ ਹੱਥ ਪਾਉਣੋਂ ਯਰਕਦੀਆਂ ਰਹੀਆਂ ਹਨ। ਇਸ ਦਾ ਵੱਡਾ ਕਾਰਨ ਸੀ ਉਤਰੀ ਕੋਰੀਆ ਦੀ ਪਿੱਠ ਪਿੱਛੇ ਚੀਨ ਦਾ ਖੁੱਲ੍ਹ ਕੇ ਖੜ੍ਹਨਾ। ਪਹਿਲਾਂ ਅਮਰੀਕਾ ਉਤਰੀ ਕੋਰੀਆ ਦੀਆਂ ਧਮਕੀਆਂ ਨੂੰ ਗਿੱਦੜ ਭਬਕੀਆਂ ਅਤੇ ਉਸ ਵੱਲੋਂ ਛੱਡੀਆਂ ਮਿਜ਼ਾਇਲਾਂ ਅਤੇ ਧਮਾਕਿਆਂ ਨੂੰ ਖਿਡਾਉਣੇ ਦੱਸ ਕੇ ਟਿੱਚਰਾਂ ਕਰ ਛੱਡਦਾ ਸੀ। ਪਰ ਹਾਲ ਹੀ ਵਿੱਚ ਕਿਮ ਦੇ ਹਾਇਡਰੋਜਨ ਬੰਬ ਵੱਲੋਂ ਲਿਆਂਦੇ 6.5 ਰਿਕਟਰ ਸਕੇਲ ਦੇ ਭੂਚਾਲ ਅਤੇ 28 ਨਵੰਬਰ 2017 ਨੂੰ ਛੱਡੀ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜਾਈਲ ਹਵਾਸਾਂਗ-15 ਨੇ ਦੁਨੀਆਂ ਨੂੰ ਉਤਰੀ ਕੋਰੀਆ ਦੀਆਂ ਪ੍ਰਮਾਣੂ ਹਮਲੇ ਦੀਆਂ ਕਾਬਲੀਅਤਾਂ ਬਾਰੇ ਗੰਭੀਰ ਕਰ ਦਿੱਤਾ ਹੈ। ਆਈ. ਸੀ. ਬੀ. ਐਸ. ਮਿਜ਼ਾਈਲ ਇੱਕ ਰਾਕਟ ਵਾਂਗ ਪਹਿਲਾਂ ਪੁਲਾੜ ਵਿੱਚ ਜਾਂਦੀ ਹੈ ਅਤੇ ਖਲਾਅ ਵਿੱਚ ਦੂਰੀ ਤਹਿ ਕਰਕੇ ਫਿਰ ਧਰਤੀ ਦੇ ਵਾਤਾਵਰਨ ਵਿੱਚ ਦਾਖਲ ਹੁੰਦੀ ਹੈ। ਆਜ਼ਾਦ ਵਿਸ਼ਲੇਸ਼ਕਾਂ ਮੁਤਾਬਕ ਇਸ ਮਿਜ਼ਾਈਲ ਦੀ ਸਮਰੱਥਾ 13000 ਕਿਲੋਮੀਟਰ ਹੈ ਭਾਵ ਸਾਰਾ ਅਮਰੀਕਾ ਅਤੇ ਸਾਰਾ ਯੂਰਪ ਤੱਕ ਇਸਦੀ ਪਹੁੰਚ ਹੈ। ਇਸ ਤਾਜ਼ਾ ਤਰੀਨ ਮਿਜ਼ਾਈਲੀ ਅਜਮਾਇਸ਼ ਤੋਂ ਬਾਅਦ ਕਿਮ ਜਾਂਗ ਉਨ ਨੇ ਇਹ ਵੀ ਬਿਆਨ ਦਿੱਤਾ ਹੈ ਕਿ ਸਾਡਾ ਮੁਲਕ ਪ੍ਰਮਾਣੂ ਹਥਿਆਰ ਸਿਰਫ ਆਪਣੀ ਆਤਮ ਰੱਖਿਆ ਵਾਸਤੇ ਅਤੇ ਪੂਰੀ ਜ਼ਿੰਮੇਵਾਰੀ ਨਾਲ ਹੀ ਵਰਤੇਗਾ। ਦੁਨੀਆਂ ਨੂੰ ਇਸ ਤੋਂ ਘਬਰਾਉਣ ਦੀ ਲੋੜ ਨਹੀਂ। ਇਸ ਦਾ ਭਾਵ ਇਹ ਕਿ ਉਸਦੇ ਨਿਸ਼ਾਨੇ ਤੇ ਸਿਰਫ ਅਮਰੀਕਾ ਹੀ ਹੈ। ਦੱਖਣੀ ਕੋਰੀਆ ਨੂੰ ਕਦੇ ਵੀ ਉਤਰ ਨੇ ਆਪਣਾ ਨਿਸ਼ਾਨਾ ਨਹੀਂ ਦੱਸਿਆ। ਮਜੇ ਦੀ ਗੱਲ ਹੈ ਕਿ ਅਮਰੀਕਾ ਵੀ ਦੱਖਣੀ ਕੋਰੀਆ ਦੀ ਕਈ ਵਾਰ ਇਸ ਗੱਲੋਂ ਨੁਕਤਾਚੀਨੀ ਕਰ ਚੁੱਕਾ ਹੈ ਕਿ ਉਹ ਆਪਣੇ ਭਰਾ ਉਤਰੀ ਕੋਰੀਆ ਪ੍ਰਤੀ ਨਰਮ ਰਵੱਈਆ ਰੱਖਦਾ ਹੈ।

ਉਤਰ ਕੋਰੀਆ ਦੇ ਖਿਲਾਫ ਅਮਰੀਕਾ ਵੱਲੋਂ ਇੱਕ ਹੋਰ ਮੁਹਾਜ ਤੇ ਜੰਗ ਚਲਾਈ ਜਾ ਰਹੀ ਹੈ। ਉਹ ਹੈ ਡਿਸ-ਇਨਫਰਮੇਸ਼ਨ ਵਾਰ ਭਾਵ ਪੁੱਠੀ ਜਾਣਕਾਰੀ ਦੀ ਜੰਗ। ਇਸ ਦੀ ਝਲਕ ਦੁਨੀਆਂ ਇਰਾਕ ਜੰਗ ਵੇਲੇ ਵੀ ਵੇਖ ਚੁੱਕੀ ਹੈ। ਦੁਨੀਆਂ ਭਰ ਦੇ ਮੀਡੀਏ ਰਾਹੀਂ ਉਤਰੀ ਕੋਰੀਆ ਦਾ ਅਕਸ ਇੱਕ ਬੇਹੱਦ ਗਰੀਬ, ਫਟੇ ਹਾਲ, ਭੁੱਖੇ ਨੰਗਿਆਂ ਦੇ ਇਲਾਕੇ ਵੱਜੋਂ ਕੀਤਾ ਜਾ ਰਿਹਾ ਹੈ। ਚਾਹੇ ਆਪਣੇ ਬਾਰੇ ਜਾਣਕਾਰੀ ਲਕੋ ਕੇ ਰੱਖਣ ਦੀ ਉਤਰੀ ਕੋਰੀਆ ਦੀ ਰਣਨੀਤੀ ਵੀ ਇਸ ਵਾਸਤੇ ਜ਼ੁੰਮੇਵਾਰ ਹੈ ਪਰ ਧਿਆਨ ਨਾਲ ਵੇਖਣ ਤੇ ਤਸਵੀਰ ਹੋਰ ਦਿਖਦੀ ਹੈ। ਦਹਾਕਿਆਂ ਤੋਂ ਲੱਗੀਆਂ ਲੱਕ ਤੋੜਵੀਆਂ ਪਾਬੰਦੀਆਂ ਦੇ ਬਾਵਜੂਦ ਉਸ ਕੋਲ ਇਸ ਵੇਲੇ ਦੁਨੀਆਂ ਦੀ ਚੌਥੀ ਸਭ ਤੋਂ ਸ਼ਕਤੀਸ਼ਾਲੀ ਫੌਜ ਹੈ, ਇਸ ਸਾਲ 19 ਮਿਜ਼ਾਇਲ ਤਜਰਬੇ ਕਰ ਚੁੱਕਾ ਹੈ, ਉਲੰਪਿਕ ਖੇਡਾਂ ਵਿੱਚ ਹੁਣ ਤੱਕ 56 ਤਗਮੇ ਜਿਨ੍ਹਾਂ 'ਚੋਂ 16 ਸੋਨੇ ਦੇ ਹਨ ਜਿੱਤ ਚੁੱਕਾ ਹੈ। ਪਿਆਂਗ ਆਂਗ ਅਤੇ ਸਿਓਲ ਦੀਆਂ ਤਸਵੀਰਾਂ ਵੇਖੋ ਤਾਂ ਕਿਸੇ ਪੱਖੋਂ ਵੀ ਉਤਰ ਗਰੀਬ ਨਹੀਂ ਦਿਖਦਾ ਬਲਕਿ ਪਿਆਂਗ ਆਂਗ ਵਿੱਚ ਉਤਰ ਕੋਰੀਆ ਨੇ ਦੁਨੀਆਂ ਦਾ ਸਭ ਤੋਂ ਵੱਡਾ 105 ਮੰਜ਼ਿਲਾ ਹੋਟਲ ਵੀ ਤਿਆਰ ਕਰ ਲਿਆ ਹੈ। ਇਹ ਕਿਸੇ ਫਟੇ ਹਾਲ ਮੁਲਕ ਦੀਆਂ ਨਿਸ਼ਾਨੀਆਂ ਨਹੀਂ। ਉਥੋਂ ਦੀ ਲੀਡਰਸ਼ਿਪ ਬਾਰੇ ਵੀ ਬਿਨਾ ਕਿਸੇ ਸਿਰ ਪੈਰ ਦੀਆਂ ਸਰੋਤ ਰਹਿਤ ਅਫਵਾਹਾਂ ਦਾ ਬਜਾਰ ਗਰਮ ਰੱਖਿਆ ਜਾਂਦਾ ਹੈ।

ਪਰ ਇਹਨਾਂ ਸਾਰੇ ਤੱਥਾਂ ਦੇ ਬਾਵਜੂਦ ਇਸ ਵੇਲੇ ਤਮਾਮ ਦੁਨੀਆਂ ਪ੍ਰਮਾਣੂ ਜੰਗ ਦੇ ਸਹਿਮ ਵਿੱਚ ਹੈ ਜਿਸ ਨੂੰ ਕਿ ਦੂਰ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਇਸ ਵਾਸਤੇ ਇੱਕੋ ਇੱਕ ਸਿਆਣਾ ਹੱਲ ਹੈ ਗੱਲਬਾਤ। ਅਸਲ ਵਿੱਚ ਕਿਮ ਜਾਂਗ ਉਨ ਦੀ ਨੀਤੀ ਹੀ ਹੈ ਕਿ ਪ੍ਰਮਾਣੂ ਅਸਲੇ ਦਾ ਦਬਾਅ ਪਾ ਕੇ ਅਮਰੀਕਾ ਨੂੰ ਗੱਲਬਾਤ ਦੇ ਮੇਜ ਤੇ ਲਿਆਂਦਾ ਜਾਵੇ ਅਤੇ ਵੱਧ ਤੋਂ ਵੱਧ ਸ਼ਰਤਾਂ ਮਨਵਾਈਆਂ ਜਾਣ। ਅਮਰੀਕੀ ਲੀਡਰਸ਼ਿਪ ਨੂੰ ਵੀ ਆਲਮੀ ਥਾਣੇਦਾਰ ਵਾਲੀਆਂ ਜੁਰਾਬਾਂ ਲਾਹੁਣੀਆਂ ਪੈਣਗੀਆਂ, ਘੱਟੋ ਘੱਟ ਇਸ ਕੇਸ ਵਿੱਚ। ਇਸ ਗੱਲਬਾਤ ਵਾਸਤੇ ਸਭ ਤੋਂ ਢੁਕਵਾਂ ਰੋਲ ਤਾਂ ਚੀਨ ਹੀ ਨਿਭਾ ਸਕਦਾ ਹੈ ਪਰ ਉਸਦਾ ਹੁੰਗਾਰਾ ਵੀ 'ਮੈਂ ਕੀ ਕਰਾਂ' ਵਾਲਾ ਹੀ ਰਿਹਾ ਹੈ। ਜੋ ਕੁੱਝ ਹੋਰ ਮੁਲਕ ਜਿਹਨਾਂ ਨਾਲ ਉਤਰੀ ਕੋਰੀਆ ਦੀ ਨੇੜਤਾ ਹੈ ਜਿਵੇਂ ਕਿਊਬਾ, ਇਰਾਨ, ਵੈਨਜੁਏਲਾ ਉਹਨਾ ਤੇ ਅਮਰੀਕਾ ਨੇ ਪਹਿਲਾਂ ਹੀ ਲਕੀਰ ਫੇਰੀ ਹੋਈ ਹੈ। ਇਸ ਕੰਮ ਵਾਸਤੇ ਭਾਵ ਕਿਸ ਨਾਲ ਗੱਲਬਾਤ ਤੋਰਨ ਵਾਸਤੇ ਇੱਕ ਬੰਦਾ ਕਾਰਗਰ ਸਾਬਤ ਹੋ ਸਕਦਾ ਹੈ ਅਤੇ ਉਹ ਹੈ ਵੀ ਅਮਰੀਕੀ, ਸਾਬਕਾ ਸਦਰ ਬਿਲ ਕਲਿੰਟਨ।

ਕਈ ਪਾਠਕਾਂ ਨੂੰ ਯਾਦ ਹੋਵੇਗਾ ਅਗਸਤ 2009 ਵਿੱਚ ਉਤਰੀ ਕੋਰੀਆ ਨੇ ਦੋ ਅਮਰੀਕੀ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ ਸੀ ਜਦ ਉਹ ਬਾਰਡਰ ਟੱਪ ਕੇ ਬਿਨਾਂ ਦਸਤਾਵੇਜ਼ਾਂ ਦੇ ਉਹਨਾਂ ਦੇ ਮੁਲਕ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੀਆਂ ਸੀ। ਇਹ ਦੋਨੋਂ ਉਪ ਰਾਸ਼ਟਰਪਤੀ ਅਲਗੋਰੇ ਦੇ ਟੀ ਵੀ ਚੈਨਲ ਦੀਆਂ ਪੱਤਰਕਾਰ ਸਨ ਅਤੇ ਗੁਪਤ ਰੂਪ ਵਿੱਚ ਉਤਰੀ ਕੋਰੀਆ ਸਬੰਧੀ ਦਸਤਾਵੇਜੀ ਫਿਲਮ ਬਣਾਉਣ ਦੇ ਚੱਕਰ ਵਿੱਚ ਸਨ। ਅਮਰੀਕਾ ਸਮੇਤ ਦੁਨੀਆਂ ਭਰ ਵਿੱਚ ਇਸਦਾ ਰੌਲਾ ਪੈਣ ਕਾਰਨ ਪੱਤਰਕਾਰਾਂ ਨੂੰ ਛਡਵਾਉਣ ਵਸਾਤੇ ਚਾਰਾਜੋਈਆਂ ਹੋਣ ਲੱਗੀਆਂ। ਉਸ ਵੇਲੇ ਉਤਰੀ ਕੋਰੀਆ ਨੇ ਹੀ ਮੰਗ ਰੱਖੀ ਸੀ ਕਿ ਉਹਨਾਂ ਨੂੰ ਸਿਰਫ ਬਿਲ ਕਲਿੰਟਨ ਤੇ ਭਰੋਸਾ ਹੈ (ਜੋ ਕਿ ਉਸ ਵੇਲੇ ਰਾਸ਼ਟਰਪਤੀ ਨਹੀਂ ਸਨ) ਅਤੇ ਜੇ ਉਹ ਖੁਦ ਉਤਰ ਕੋਰੀਆ ਆਉਣ ਤਾਂ ਉਹ ਰਿਹਾਈ ਬਾਰੇ ਸੋਚ ਸਕਦੇ ਹਨ। ਤਾਂ ਕਲਿੰਟਨ ਖੁਦ ਨਿੱਜੀ ਜਹਾਜ਼ ਵਿੱਚ ਉਤਰ ਕੋਰੀਆ ਗਏ ਅਤੇ ਉਸ ਵੇਲੇ ਦੇ ਰਾਸ਼ਟਰਪਤੀ ਕਿਮ ਜਾਂਗ ਇਲ ਜੋ ਕਿ ਮੌਜੂਦਾ ਸਦਰ ਦੇ ਪਿਤਾ ਸਨ ਨੂੰ ਮਿਲੇ, ਗਲਬਾਤ ਹੋਈ ਅਤੇ ਕਲਿੰਟਨ ਆਪਣੇ ਨਾਲ ਹੀ ਬੰਦੀ ਪੱਤਰਕਾਰਾਂ ਨੂੰ ਵਾਪਸ ਅਮਰੀਕਾ ਲੈ ਕੇ ਆਏ। ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਵੀ ਦੋ ਵਾਰੀ 1994 ਅਤੇ 2010 ਵਿੱਚ ਅਜਿਹੇ ਹੀ ਗੁਪਤ ਮਿਸ਼ਨਾਂ ਤੇ ਉਤਰੀ ਕੋਰੀਆ ਜਾ ਚੱਕੇ ਹਨ। 91 ਸਾਲਾ ਕਾਰਟਰ ਨੇ ਤਾਂ ਪਿਛਲੇ ਦਿਨੀਂ ਤਣਾਅ ਘਟਾਉਣ ਵਾਸਤੇ ਗੱਲਬਾਤ ਲਈ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਵੀ ਕੀਤੀ ਸੀ ਪਰ ਟਰੰਪ ਪ੍ਰਸ਼ਾਸਨ ਵੱਲੋਂ ਉਹਨਾਂ ਨੂੰ ਚੁੱਪ ਕਰਵਾ ਦਿੱਤਾ ਗਿਆ।

ਚਾਹੇ ਬਿਲ ਕਲਿੰਟਨ ਰਾਹੀਂ ਹੋਵੇ ਜਾਂ ਕਿਸੇ ਹੋਰ ਰਾਹੀਂ ਗੱਲਬਾਤ ਵਾਲਾ ਮਾਹੌਲ ਬਣਾਉਣਾ ਬਹੁਤ ਜ਼ਰੂਰੀ ਹੈ। ਇਹ ਕਹਿਣਾ ਕਿ ਉਤਰ ਕੋਰੀਆ ਨਾਲ ਗੱਲ ਤਾਂ ਹੀ ਹੋ ਸਕਦੀ ਹੈ ਜੇਕਰ ਉਹ ਆਪਣੇ ਹਥਿਆਰ ਨਸ਼ਟ ਕਰੇ, ਵੀ ਸਹੀ ਪਹੁੰਚ ਨਹੀਂ ਹੈ ਆਖਰ ਦੁਨੀਆਂ ਵਿੱਚ ਹੋਰ ਵੀ ਪ੍ਰਮਾਣੂ ਮੁਲਕ ਹਨ (ਭਾਰਤ ਸਮੇਤ) ਜਿਹਨਾਂ ਨਾਲ ਦੁਨੀਆਂ ਵਰਤਦੀ ਹੈ ਤਾਂ ਉਤਰੀ ਕੋਰੀਆ ਨਾਲ ਇਹ ਸਲੂਕ ਕਿਉਂ। ਕੀ ਉਤਰੀ ਕੋਰੀਆ ਹਾਲੇ ਤੱਕ ਆਪਣੇ ਪ੍ਰਮਾਣੂੰ ਹਥਿਆਰਾਂ ਕਰਕੇ ਹੀ ਤਾਂ ਸਲਾਮਤ ਨਹੀਂ? ਨਹੀਂ ਤਾਂ ਹੋ ਸਕਦਾ ਹੈ ਉਸਦਾ ਹਾਲ ਵੀ ਇਰਾਕ, ਲੀਬੀਆ, ਮਿਸਰ ਜਾਂ ਅਫਗਾਨਿਸਤਾਨ ਵਾਲਾ ਹੋ ਜਾਂਦਾ? ਇਹ ਸਤਰਾਂ ਲਿਖਣ ਦੌਰਾਨ ਹੀ ਖਬਰ ਆਈ ਹੈ ਕਿ ਅਮਰੀਕੀ ਖਾਰਜਾ ਮੰਤਰੀ ਰੈਕਸ ਟਿਲਰਸਨ ਨੇ ਬਿਨਾ ਸ਼ਰਤ ਉਤਰ ਕੋਰੀਆ ਨਾਲ਼ ਗਲਬਾਤ ਸ਼ੁਰੂ ਕਰਨ ਦੀ ਗੱਲ ਕਹੀ ਹੈ। ਉਸ ਨੇ ਇੱਥੋਂ ਤੱਕ ਵੀ ਕਿਹਾ ਹੈ ਕਿ ਗੱਲ ਹੋਣੀ ਚਾਹੀਦੀ ਹੈ ਭਾਵੇਂ ਵਿਸ਼ਾ ਕੁਝ ਵੀ ਹੋਵੇ, ਮੌਸਮ ਹੀ ਕਿਉਂ ਨਾ! ਅਮਰੀਕੀ ਰੁਖ ਵਿੱਚ ਇਹ ਤਬਦੀਲੀ ਖੁਸ. ਆਇਨ ਹੈ। ਉਮੀਦ ਹੈ ਦੂਜੇ ਪਾਸਿਓਂ ਵੀ ਉਸਾਰੂ ਹੁੰਗਾਰਾ ਮਿਲ਼ੇਗਾ।

## ਗਰੀਬ ਬੱਚਿਆਂ ਅਤੇ ਮਜ਼ਦੂਰ ਲਾਇਬ੍ਰੇਰੀ ਲਈ ਭੇਜੇ ਫੰਡ ਦਾ ਵੇਰਵੇ

**ਕੈਲਗਰੀ ਤੋਂ ਮਾ. ਭਜਨ ਰਾਹੀਂ ਆਈ ਸਹਾਇਤਾ**

| | |
|---|---|
| 1. ਹਰਚਰਨ ਪਰਹਾਰ | : $ 200 |
| 2. ਹਰੀਪਾਲ | : $ 100 |
| 3. ਡਾ. ਫਤਹਿ ਮੁਹੰਮਦ | : $ 100 |
| 4. ਗੁਰਮੀਤ ਭੱਟੀ | : $ 100 |
| 5. ਮਨਜੀਤ ਸਿੰਘ ਗਿੱਲ | : $ 80 |
| 6. ਕੁਲਵੰਤ ਸਿੰਘ | : $ 50 |
| 7. ਪਰਮਿੰਦਰ ਢੁੱਡੀਕੇ | : $ 50 |
| 8. ਜਰਨੈਲ ਸਿੰਘ ਤੱਗੜ | : $ 50 |
| 9. ਸੁਰਜੀਤ ਸਿੰਘ ਹੇਅਰ | : $ 50 |
| 10. ਮੇਜਰ ਸਿੰਘ ਧਾਲੀਵਾਲ | : $ 20 |
| 11. ਅਮਰ ਸਿੰਘ ਕਿੰਗਰਾ | : $ 20 |
| 12. ਬਲਬੀਰ ਸਿੰਘ ਢਿੱਲੋਂ | : $ 20 |
| 13. ਜਗਦੇਵ ਸਿੰਘ ਸਿੱਧੂ | : $ 30 |
| 14. ਹਰਨੇਕ ਸਿੰਘ ਬੱਧਨੀ | : $ 15 |
| 15. ਗੁਰਚਰਨ ਕੌਰ ਥਿੰਦ | : $ 10 |
| 16. ਸੰਗਰਾਮ ਸੰਧੂ | : $ 10 |
| 17. ਵਿੰਨੀਪੈਗ ਤੋਂ ਕਾ. ਕਮਲ ਰਾਹੀਂ ਆਈ ਸਹਾਇਤਾ | : $ 450 |
| ਕੁੱਲ | : $ 1355 |

# ਅੱਲ੍ਹਾ ਯਾਰ ਖਾਂ ਜੋਗੀ ਦੀ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ

## 'ਸ਼ਹੀਦਾਨਿ-ਵਫ਼ਾ' ਅਰਥਾਤ ਸਾਕਾ ਸਰਹਿੰਦ

ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਮਹਾਨ ਕੁਰਬਾਨੀ ਮਨੁੱਖੀ ਇਤਿਹਾਸ ਵਿੱਚ ਆਪਣਾ ਕੋਈ ਸਾਨੀ ਨਹੀਂ ਰੱਖਦੀ। ਗੁਰੂ ਗੋਬਿੰਦ ਸਿੰਘ ਜੀ ਬਾਰੇ ਭਾਈ ਨੰਦ ਲਾਲ ਨੇ ਆਪਣੀ ਕਲਮ ਨਾਲ, ਉਨ੍ਹਾਂ ਦੀ ਸ਼ਾਨ ਵਿੱਚ ਜੋ ਕੁਝ ਲਿਖਿਆ ਹੈ, ਉਸ ਵਿੱਚ ਉਨ੍ਹਾਂ ਨੂੰ ਹਰ ਕਾਰਜ ਕਰਨ ਦੇ ਸਮਰੱਥ ਅਤੇ 'ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ' ਦੇ ਕਥਨ ਰਾਹੀਂ, ਉਨ੍ਹਾਂ ਨੂੰ ਗ਼ਰੀਬਾਂ ਅਤੇ ਮਜ਼ਲੂਮਾਂ ਨੂੰ ਆਸਰਾ ਦੇਣ ਵਾਲੇ ਰੱਬੀ ਨੂਰ ਵਜੋਂ ਪ੍ਰਵਾਨ ਕੀਤਾ ਹੈ। ਭਾਈ ਨੰਦ ਲਾਲ ਨੇ ਤਾਂ ਗੁਰੂ ਸਾਹਿਬ ਦੀ ਸਿਫ਼ਤ ਵਿੱਚ ਜੋ ਕੁਝ ਕਿਹਾ:

**ਹੱਕ ਖ਼ੁਦ ਵੱਸਾਫ਼ਿ ਗੁਰ ਗੋਬਿੰਦ ਸਿੰਘ**
**ਬਰ ਤਰੀਂ ਔਸਾਫ਼ਿ ਗੁਰ ਗੋਬਿੰਦ ਸਿੰਘ॥**

**(ਭਾਈ ਨੰਦ ਲਾਲ ਗ੍ਰੰਥਵਲੀ, ਪੰਨਾ 156/118)**

ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ ਸਰਸਾ ਨਦੀ ਦੇ ਕੰਢੇ ਆ ਕੇ ਆਪਣੇ ਪਰਿਵਾਰ ਨਾਲੋਂ ਵਿਛੜ ਜਾਂਦੇ ਹਨ। ਗੁਰੂ ਜੀ ਦੀ ਅਗਵਾਈ ਵਿੱਚ ਖ਼ਾਲਸਾ ਫ਼ੌਜ ਦਾ ਇੱਕ ਹਿੱਸਾ ਚਮਕੌਰ ਸਾਹਿਬ ਜਾ ਪਹੁੰਚਦਾ ਹੈ। ਵੱਡੇ ਸਾਹਿਬਜ਼ਾਦੇ ਅਤੇ ਗਿਣਤੀ ਦੇ ਸਿੰਘ ਹੀ ਗੁਰੂ ਸਾਹਿਬ ਨਾਲ ਚਮਕੌਰ ਸਾਹਿਬ ਪਹੁੰਚਦੇ ਹਨ। ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਦੀ ਉਂਗਲ ਫੜ ਸਰਹਿੰਦ ਵਾਲੇ ਪਾਸੇ, ਗੰਗੂ ਬ੍ਰਾਹਮਣ ਦੇ ਪਿੰਡ ਖੇੜੀ ਪਹੁੰਚ ਜਾਂਦੇ ਹਨ। ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਬਹੁਤ ਸਾਰੇ ਕਵੀਆਂ ਨੇ ਛੰਦ, ਕਵੀਸ਼ਰੀਆਂ, ਗੀਤ ਅਤੇ ਪ੍ਰਸੰਗ ਲਿਖੇ ਹਨ ਪਰ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ 'ਗੰਜਿ-ਸ਼ਹੀਦਾਂ' ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸਰਹਿੰਦ ਵਿੱਚ ਨੀਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਹੋਈ ਸ਼ਹਾਦਤ ਬਾਰੇ 'ਸ਼ਹੀਦਾਨਿ ਵਫ਼ਾ' ਦੇ ਦੋ ਮਰਸੀਏ ਜੋ, ਕੌਮੀ ਕਵੀ ਅਲਹ ਯਾਰ ਖਾਂ ਜੋਗੀ ਰਹਿਮਾਨੀ ਨੇ ਆਪਣੀ ਕਲਮ ਨਾਲ ਸ਼ਾਹਕਾਰ ਰੂਪ ਵਿੱਚ ਪੇਸ਼ ਕੀਤੇ ਹਨ, ਇੰਨ੍ਹਾਂ ਦੋਵਾਂ ਪ੍ਰਸੰਗਾਂ ਦਾ ਕੋਈ ਜਵਾਬ ਨਹੀਂ। ਅਲਹ ਯਾਰ ਖਾਂ ਨੇ ਔਰੰਗਜ਼ੇਬੀ ਜ਼ੁਲਮ, ਆਨੰਦਪੁਰ ਦਾ ਕਿਲ੍ਹਾ ਛੱਡਣ ਦੇ ਕਾਰਨ ਅਤੇ ਮੁਗ਼ਲਾਂ ਅਤੇ ਬਾਈਧਾਰ ਦੇ ਰਾਜਪੂਤ ਰਾਜਿਆਂ ਦੇ ਗਠਜੋੜ ਨੂੰ ਆਪਣੇ ਜ਼ਿਹਨ ਵਿੱਚ ਰੱਖਦਿਆਂ ਸਭ ਤੋਂ ਪਹਿਲਾਂ ਸਾਕਾ ਸਰਹਿੰਦ ਭਾਵ 'ਸ਼ਹੀਦਾਨਿ ਵਫ਼ਾ' ਦੀ ਰਚਨਾ ਕੀਤੀ। ਜਦੋਂ ਉਸ ਨੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਲਿਖਣ ਦਾ ਮਨ ਬਣਾਇਆ ਤਾਂ ਚਮਕੌਰ ਵਾਸੀਆਂ ਨੇ ਬਾਬਾ ਵੀਰ ਸਿੰਘ ਦੀ ਅਗਵਾਈ ਵਿੱਚ ਇੱਕ 'ਮੁਰੱਵਤ ਫੰਡ ਕਮੇਟੀ' ਬਣਾ ਕੇ ਅਲਹ ਯਾਰ ਖਾਂ ਨੂੰ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਨਜ਼ਮ ਲਿਖਣ ਲਈ ਬੇਨਤੀ ਕੀਤੀ। 'ਗੰਜਿ ਸ਼ਹੀਦਾਂ' ਮੁਰੱਵਤ ਕਮੇਟੀ ਵੱਲੋਂ ਪਹਿਲੀ ਵਾਰ ਸਾਲ 1913 ਵਿੱਚ ਛਾਪੀ ਗਈ। ਬਾਅਦ ਵਿੱਚ ਇਹ ਦੋਵੇਂ ਨਜ਼ਮਾਂ ਅਮਰ ਸਿੰਘ ਸ਼ੇਰੇ ਪੰਜਾਬ ਵੱਲੋਂ ਲਾਹੌਰ ਤੋਂ ਪ੍ਰਕਾਸ਼ਿਤ ਕੀਤੀਆਂ ਗਈਆਂ। 'ਸ਼ਹੀਦਾਨਿ ਵਫ਼ਾ' ਸਾਲ 1970 ਵਿੱਚ, ਭਾਸ਼ਾ ਵਿਭਾਗ ਪੰਜਾਬ ਵੱਲੋਂ ਛਾਪੀ ਗਈ। ਇਸ ਰਚਨਾ ਦਾ ਮੁਖਬੰਦ ਪ੍ਰਸਿੱਧ ਵਿਦਵਾਨ ਪ੍ਰਿਥੀਪਾਲ ਸਿੰਘ ਕਪੂਰ ਨੇ ਲਿਖਿਆ ਹੈ ਜੋ ਆਪਣੇ-ਆਪ ਵਿੱਚ ਇੱਕ ਖ਼ੂਬਸੂਰਤ ਇਤਿਹਾਸਕ ਅਤੇ ਕਲਾਤਮਕ ਯਤਨ ਹੈ।

ਅੱਲ੍ਹਾ ਯਾਰ ਖਾਂ 'ਜੋਗੀ ਰਹਿਮਾਨੀ' ਦੇ ਨਾਂ ਨਾਲ 'ਹਕੀਮ', 'ਮਿਰਜ਼ਾ' ਅਤੇ ਦੱਖਣੀ ਆਦਿ ਵਿਸ਼ੇਸ਼ਣ ਵੀ ਲੱਗੇ ਮਿਲਦੇ ਹਨ। ਇਸ ਨਾਲ ਉਨ੍ਹਾਂ ਦੇ ਜੀਵਨ ਅਤੇ ਪੇਸ਼ੇ ਬਾਰੇ ਕੁਝ ਗਿਆਨ ਪ੍ਰਾਪਤ ਹੁੰਦਾ ਹੈ।

ਪ੍ਰਿਥੀਪਲ ਸਿੰਘ ਕਪੂਰ ਹੁਰਾਂ ਨੇ ਅੱਲ੍ਹ ਯਾਰ ਖਾਂ ਦੇ ਜੀਵਨ-ਵੇਰਵਿਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ ਕਿ, 'ਅੱਲ੍ਹਾ ਯਾਰ ਖਾਂ ਦੇ ਜਨਮ ਅਤੇ ਦਿਹਾਂਤ ਦੀਆਂ ਤਾਰੀਖ਼ਾਂ ਅਤੇ ਮਾਤਾ ਪਿਤਾ ਸਬੰਧੀ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੈ ਪਰ ਇਹ ਪਤਾ ਲਗਦਾ ਹੈ ਕਿ ਉਸ ਦੇ ਵੱਡੇ-ਵਡੇਰੇ ਦੱਖਣ ਤੋਂ ਪੰਜਾਬ ਆਏ ਅਤੇ ਲਾਹੌਰ ਵਸ ਗਏ। ਉਸ ਦੇ ਨਾਂ ਨਾਲ ਜੋਗੀ ਰਹਿਮਾਨੀ, ਮਿਰਜ਼ਾ, ਹਕੀਮ ਤੋਂ ਛੁੱਟ ਦੱਖਣੀ ਵੀ ਲਿਖਿਆ ਮਿਲਦਾ ਹੈ। ਮਿਰਜ਼ਾ ਅੱਲ੍ਹਾ ਯਾਰ ਖਾਂ ਰਿਸ਼ਟ-ਪੁਸ਼ਟ ਅਤੇ ਸ਼ੌਕੀਨ ਮਿਜ਼ਾਜ਼ ਪੁਰਸ਼ ਸੀ ਅਤੇ ਸ਼ਕਲੋਂ ਸੁਣੱਖਾ ਵੀ ਸੀ। ਉਹ ਧਾਰਮਿਕ ਰੁਚੀਆਂ ਵਾਲਾ, ਚੰਗਾ ਪੜ੍ਹਿਆ-ਲਿਖਿਆ ਸ਼ਾਇਰ ਮੰਨਿਆ ਜਾਂਦਾ ਸੀ। ਉਸ ਦੇ ਦਿਆਲੂ ਸੁਭਾਅ ਕਰ ਕੇ ਉਹ ਰਹਿਮਾਨੀ ਕਰ ਕੇ ਜਾਣਿਆ ਜਾਂਦਾ ਸੀ। ਰਹਿਮਾਨੀ ਦਾ ਸ਼ਾਬਦਿਕ ਅਰਥ ਰੱਬੀ ਜਾਂ ਦਿਆਲੂ ਹੈ। ਉਸ ਦੀ ਧਾਰਨਾ ਸੀ:

**ਹਿੰਦੂ ਹੈਂ ਸਭ ਅੱਛੇ ਨਾ ਮੁਸਲਮਾਨ ਹੈਂ ਅੱਛੇ**
**ਦਿਲ ਨੇਕ ਹੈਂ ਜਿਨ ਕੇ, ਵੋਹੀ ਇਨਸਾਨ ਹੈਂ ਅੱਛੇ**

ਅੱਲ੍ਹਾ ਯਾਰ ਖਾਂ ਸੁਲਾਹ-ਇ-ਕੁਲ ਦੇ ਨਿਯਮ ਦਾ ਪੱਕਾ ਧਾਰਨੀ ਤਾਂ ਹੈ ਹੀ ਸੀ ਪਰ ਉਹ ਸਿੱਖ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਧਰਮ ਯੁੱਧ ਵਿੱਢ ਲੈਣ ਤੋਂ ਬਹੁਤ ਪ੍ਰਭਾਵਿਤ ਸੀ। ਕਈ ਗੱਲਾਂ ਹੈਰਾਨ ਕਰਨ ਵਾਲੀਆਂ ਹੁੰਦੀਆਂ ਹਨ। ਇੱਕ ਨੇਕ ਮੁਸਲਮਾਨ ਹੁੰਦਿਆਂ ਜਿਵੇਂ ਜੋਗੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ, ਚਾਰ ਸਾਹਿਬਜ਼ਾਦਿਆਂ,



ਮਾਤਾ ਗੁਜ਼ਰੀ, ਗੁਰੂ ਤੇਗ਼ ਬਹਾਦਰ ਸਾਹਿਬ, ਸਿੱਖਾਂ ਦੇ ਸਰਬੱਤ ਦੇ ਭਲੇ ਦੀ ਵੱਡੀ ਸੋਚ, ਸਿੱਖ ਇਤਿਹਾਸ, ਸਿੱਖ ਸਿਧਾਂਤ ਅਤੇ ਪਰੰਪਰਾਵਾਂ ਦੇ ਨਾਲ ਨਾਲ ਔਰੰਗਜ਼ੇਬ ਦੀ ਫ਼ਿਰਕਾਪ੍ਰਸਤ ਅਤੇ ਜ਼ਾਲਿਮ ਜ਼ਿਹਨੀਅਤ ਦੇ ਸਮੇਤ, ਉਸ ਵੱਲੋਂ ਆਪਣੇ ਪਿਤਾ ਸ਼ਾਹ ਜਹਾਂ, ਭਰਾ ਦਾਰਾ ਸ਼ਿਕੋਹ ਅਤੇ ਹੋਰ ਭਰਾਵਾਂ ਨਾਲ ਤਖ਼ਤ ਲਈ ਕੀਤੇ ਕਤਲੇਆਮ ਦਾ ਜ਼ਿਕਰ ਕਰ ਕੇ ਆਪਣਾ ਨਾਂ ਮਨੁੱਖਤਾ ਦੇ ਸੱਚੇ ਪਹਿਰੇਦਾਰ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਮਹਾਨ ਕਵੀ ਅਤੇ ਇਤਿਹਾਸਕਾਰ ਦੇ ਤੌਰ 'ਤੇ ਅਮਰ ਕਰ ਲਿਆ ਹੈ। ਉਸ ਦੀ ਰਚਨਾ ਪੜ੍ਹ ਕੇ ਹਿੰਦੂ ਅਤੇ ਇਸਲਾਮ ਧਰਮ ਦੇ ਮਿਥਿਹਾਸ, ਇਤਿਹਾਸ ਅਤੇ ਧਾਰਮਿਕ ਰਹੁ-ਰੀਤਾਂ ਬਾਰੇ ਉਸ ਦੇ ਵਿਸ਼ਾਲ ਗਿਆਨ ਨੂੰ ਇਸ ਰਚਨਾ ਵਿੱਚ ਜਿਵੇਂ ਨਗੀਨਿਆਂ ਵਾਂਗ ਜੜ ਕੇ ਪੇਸ਼ ਕੀਤਾ ਗਿਆ ਹੈ, ਉਹ ਹਰ ਤਰ੍ਹਾਂ ਨਾਲ ਕਾਬਿਲੇ ਤਾਰੀਫ਼ ਹੀ ਨਹੀਂ ਸਗੋਂ ਨਾਕਾਬਿਲੇ ਫ਼ਰਾਮੋਸ਼ ਵੀ ਹੈ। ਕਿੰਨੇ ਕੁ ਸਿੱਖ, ਹਿੰਦੂ ਜਾਂ ਹੋਰ ਧਰਮਾਂ ਨਾਲ ਜੁੜੇ ਸ਼ਾਇਰ ਹਨ ਜਿਨ੍ਹਾਂ ਨੇ, ਕਰਬਲਾ ਦੀ ਜੰਗ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਿਆਂ ਹਸਨ ਅਤੇ ਹੁਸੈਨ ਦੀ ਕੁਰਬਾਨੀ ਨੂੰ ਯਾਦ ਕਰਦਿਆਂ, ਆਪਣੀ ਕਲਮ ਰਾਹੀਂ ਹੰਝੂ ਵਹਾਏ ਹਨ। ਸ਼ਾਇਰ ਹਿੰਦੂ, ਮੁਸਲਮਾਨ ਜਾਂ ਸਿੱਖ ਹੋਣ ਕਰਕੇ ਨਹੀਂ ਸਗੋਂ ਆਪਣੀ ਸ਼ਾਇਰੀ ਕਰਕੇ ਸਤਿਕਾਰੇ ਜਾਂਦੇ ਹਨ। ਅੱਲ੍ਹਾ ਯਾਰ ਖਾਂ ਦੀ ਕਲਮ ਨੇ ਚਾਰੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਆਪਣੀ ਕਲਮ ਨਾਲ ਜੋ ਅੱਥਰੂ ਵਹਾਏ ਹਨ, ਇਨ੍ਹਾਂ ਨਾਲ ਉਨ੍ਹਾਂ ਦਾ ਨਾਂ ਮਨੁੱਖਤਾ ਦੇ ਇਤਿਹਾਸ ਵਿੱਚ ਅਮਰ ਹੋ ਗਿਆ ਹੈ। ਜੋਗੀ ਜੀ ਨੇ ਆਪਣੀ ਕਲਮ ਰਾਹੀਂ ਗੁਰੂ ਸਾਹਿਬ ਦੀ ਜੋ ਸ਼ੋਭਾ ਕੀਤੀ ਹੈ ਉਹ ਕਮਾਲ ਤੋਂ ਵੀ ਅੱਗੇ ਹੈ:

**ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ,**
**ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।**

ਅਤੇ

**ਕਰਤਾਰ ਕੀ ਸੁਗੰਦ ਹੈ, ਨਾਨਕ ਕੀ ਕਸਮ ਹੈ**
**ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼, ਵੁਹ ਕਮ ਹੈ**

**(ਗੰਜਿ ਸ਼ਹੀਦਾਂ, ਬੰਦ 17-18)**

ਸਾਰੀ ਰਚਨਾ ਦੇ ਪਾਠ ਤੋਂ ਬਾਅਦ ਪਾਠਕ ਨੂੰ ਯਕੀਨ ਹੋ ਜਾਂਦਾ ਹੈ ਕਿ ਜਿਵੇਂ ਇਹਿਤਾਸ ਦੀ ਹਰ ਘਟਨਾ ਦਾ ਕਵੀ ਚਸ਼ਮਦੀਦ ਗਵਾਹ ਹੋਵੇ। ਹਰ ਘਟਨਾ ਦਾ ਅਸਰ ਹਰ ਪਾਤਰ ਉੱਤੇ ਕਿਵੇਂ ਹੋਇਆ ਹੋਵੇਗਾ। ਇਸ ਦੀ ਅਮੀਰ ਕਲਪਨਾ ਸਿਰਫ਼ ਜੋਗੀ ਜੀ ਹੀ ਕਰ ਸਕਦੇ ਸਨ। ਇੰਜ ਮਹਿਸੂਸ ਹੁੰਦਾ ਹੈ ਕਿ ਜਿਵੇਂ ਅੱਜ ਦੀ ਭਾਸ਼ਾ ਵਿੱਚ ਅੱਲ੍ਹਾ ਯਾਰ ਖਾਂ ਆਪਣੇ ਕਲਮੀ ਸ਼ਬਦਾਂ ਨਾਲ ਘਟਨਾਵਾ ਦੀ ਮੂਵੀ ਬਣਾ ਰਹੇ ਹੋਣ। ਸਰਸਾ ਦੇ ਕੰਢੇ ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਪਰਿਵਾਰ ਵਿਛੋੜਾ ਸੁਸ਼ੋਭਿਤ ਹੈ ਉੱਥੇ ਗੁਰੂ ਸਾਹਿਬ ਦੇ ਪਰਿਵਾਰ ਦੇ ਵਿਛੋੜੇ ਦਾ ਜ਼ਿਕਰ ਸਟੀਕ ਅਤੇ ਸੰਜਮਮਈ ਹੈ:

**ਹਮਰਾਹ ਰਹਿ ਗਏ, ਗਰਜ਼ ਚੰਦ ਜਾਂ-ਨਿਸਾਰ**
**ਫ਼ਰਜ਼ੰਦੋ ਮੇਂ ਸੇ ਥੇ ਸਾਥ ਅਜੀਤ ਔਰ ਜੁਝਾਰ**
**ਜ਼ੋਰਾਵਰ ਔਰ ਫ਼ਤਹਿ ਜੋ ਦਾਦੀ ਕੇ ਸਾਥ ਥੇ**
**ਦਾਂਇ ਕੀ ਜਗਹ ਚਲ ਦੀਏ ਵੁਹ ਬਾਯੇਂ ਹਾਥ ਥੇ**

**(ਸ਼ਹੀਦਾਨਿ ਵਫ਼ਾ- ਬੰਦ 41)**

ਗੁਰੂ ਗੋਬਿੰਦ ਸਿੰਘ ਜੀ ਕੁਰਬਾਨੀ ਕਰਨ ਲਈ ਆਪਣੇ ਫੌਲਾਦੀ ਨਿਸ਼ਚੇ ਦਾ ਪ੍ਰਗਟਾਵਾ ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ:

**ਪਹਿਲੇ ਪਿਤਾ ਕਟਾਇਆ ਅਬ ਬੇਟੇ ਕਟਾਊਂਗਾ,**
**ਨਾਨਕ ਕਾ ਬਾਗ਼-ਖ਼ੂਨ-ਏ-ਜਿਗਰ ਸੇ ਖਿਲਾਊਂਗਾ।**

(ਬੰਦ-44)

ਆਪਣੇ ਸਿੱਖਾਂ ਨੂੰ ਗੁਰੂ ਜੀ ਕਿੰਨਾ ਪਿਆਰ ਕਰਦੇ ਹਨ ਇਸ ਤੱਥ ਦਾ ਅੰਦਾਜ਼ਾ ਇਸ ਸੱਚ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਬੇਟਿਆਂ ਨੂੰ ਤਾਂ ਖ਼ੁਸ਼ੀ-ਖ਼ੁਸ਼ੀ ਕੁਰਬਾਨ ਕਰਨ ਲਈ ਤਿਆਰ ਬਰ ਤਿਆਰ ਹਨ ਪਰ ਆਪਣੇ ਸਿੱਖਾਂ ਨੂੰ ਅਜਾਈਂ ਸ਼ਹੀਦ ਕਰਵਾਉਣਾ, ਉਹ ਕਦੀ ਸੁਫਨੇ ਵਿੱਚ ਵੀ ਨਹੀਂ ਸੋਚ ਸਕਦੇ ਸਨ। ਗੁਰੂ ਜੀ ਦੀ ਇਸ ਭਾਵਨਾ ਦਾ ਜ਼ਿਕਰ ਸ਼ਾਇਰ ਨੇ ਕਿੰਨੀ ਖ਼ੂਬਸੂਰਤੀ ਅਤੇ ਸਮਝ ਨਾਲ ਕੀਤਾ ਹੈ। ਇਸ ਦਾ ਕਮਾਲ ਇਨ੍ਹਾਂ ਸ਼ਬਦਾਂ ਵਿੱਚ ਵੇਖਿਆ ਜਾ ਸਕਦਾ ਹੈ। ਅਨੰਦਪੁਰ ਛੱਡਣ ਵੇਲੇ ਸਿੱਖ ਲੜ ਕੇ ਸ਼ਹੀਦ ਹੋਣਾ ਚਾਹੁੰਦੇ ਸਨ ਪਰ ਗੁਰੂ ਜੀ ਦੇ ਦਿਲ ਵਿੱਚ ਆਪਣੇ ਮੁਰੀਦਾਂ ਲਈ ਪਿਆਰ ਵੇਖੋ:

**ਸਿਖੋਂ ਕੀ ਆਰਜ਼ੂ ਥੀ ਕਿ ਲੜ ਕਰ ਸ਼ਹੀਦ ਹੋਂ**
**ਸਤਗੁਰ ਯਿਹ ਸੋਚਤੇ ਥੇ ਨਾ ਜ਼ਾਇਅ ਮੁਰੀਦ ਹੋਂ** (ਬੰਦ-2)

**-ਸੁਰਜੀਤ ਸਿੰਘ ਭੱਟੀ**

# ਸਾਕਾ ਸਰਹਿੰਦ ਤੇ ਬਾਬਾ ਬੰਦਾ ਸਿੰਘ ਬਹਾਦਰ

**ਜਗਜੀਵਨ ਸਿੰਘ (ਡਾ.)**

ਮਾਤਾ ਗੁਜਰੀ ਜੀ ਅਤੇ ਦਸਮ ਪਾਤਸ਼ਾਹ ਦੇ ਦੋ ਛੋਟੇ ਲਾਡਲਿਆਂ ਦੀ ਸਰਹਿੰਦ ਵਿਖੇ ਹੋਈ ਸ਼ਹਾਦਤ ਸਿੱਖ, ਪੰਜਾਬ, ਭਾਰਤ ਅਤੇ ਦੁਨੀਆਂ ਦੇ ਇਤਿਹਾਸ ਅੰਦਰ ਵਾਪਰੀ ਕੋਈ ਆਮ ਜਿਹੀ ਘਟਨਾ ਨਹੀਂ ਸੀ। ਸਮੇਂ ਦੀ ਹਿੱਕ 'ਤੇ ਡੂੰਘੀਆਂ ਪੈੜਾਂ ਪਾਉਣ, ਸਮੇਂ ਦੇ ਵੇਗ ਨੂੰ ਇੱਕੋ ਬਲਕਾਰੀ ਝਟਕੇ ਨਾਲ ਨਿਰਣਾਇਕ ਮੋੜਾ ਦੇਣ, ਸਿੱਖ ਹਿਰਦਿਆਂ ਨੂੰ ਬੁਰੀ ਤਾਂ ਝੰਜੋੜ ਕੇ ਰੱਖ ਦੇਣ, ਸਿੱਖ ਵਿਚਾਰਧਾਰਾ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰਨ, ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦੇਣ, ਸਿੱਖ ਰਾਜ ਦੀ ਸਥਾਪਨਾ ਦਾ ਬੀਜ ਬੀਜਣ ਅਤੇ ਦਿੱਲੀ ਦੇ ਜ਼ਾਲਮ ਔਰੰਗਜ਼ੇਬੀ ਤਖ਼ਤ ਦੀਆਂ ਨੀਹਾਂ ਹਿਲਾ ਕੇ ਰੱਖ ਦੇਣ ਵਾਲੀ ਇਹ ਇੱਕ ਵਿਆਪਕ ਪ੍ਰਭਾਵ ਛੱਡਣ ਵਾਲੀ ਬਹੁਤ ਵੱਡੀ ਘਟਨਾ ਸੀ। ਪ੍ਰਭਾਵਾਂ ਅਤੇ ਪ੍ਰਤੀਕਰਮਾਂ ਪੱਖੋਂ ਇਹ ਘਟਨਾ ਬਹੁਤ ਗਹਿਰੀ, ਜ਼ੋਰਾਵਰ, ਬਹੁ-ਪੱਖੀ ਅਤੇ ਬਹੁ-ਦਿਸ਼ਾਵੀ ਸੀ।



ਅੱਜ 310 ਸਾਲ ਬੀਤ ਜਾਣ ਤੋਂ ਬਾਅਦ ਵੀ ਜਦੋਂ ਕੋਈ ਸੰਵੇਦਨਸ਼ੀਲ ਇਨਸਾਨ 'ਸਾਕਾ ਸਰਹਿੰਦ' ਬਾਰੇ ਪੂਰੀ ਸੁਹਿਰਦਤਾ ਨਾਲ ਭਿੱਜ ਕੇ ਕੋਈ ਗੱਲ ਕਰਦਾ, ਸੁਣਦਾ ਜਾਂ ਪੜ੍ਹਦਾ ਹੈ ਤਾਂ ਸੁਭਾਵਕ ਹੀ ਉਸ ਦਾ ਦਿੱਲ ਭਰ-ਭਰ ਆਉਂਦਾ ਹੈ। ਸਭ ਕੁਝ ਰੁਕ ਗਿਆ ਪ੍ਰਤੀਤ ਹੁੰਦਾ ਹੈ:

**'ਜਿੰਦਾਂ ਨਿੱਕੀਆਂ ਸੀ ਦੋ, ਗਈਆਂ ਨੀਂਹਾਂ 'ਚ ਖਲੋ।**
**ਤੱਕ ਜ਼ੁਲਮੀ ਨਜ਼ਾਰਾ, ਇੱਟ-ਇੱਟ ਪਈ ਰੋ।**
**ਕੂਲੇ ਪਿੰਡਿਆਂ 'ਤੇ ਉਸਰੀ ਸੀ ਜਦੋਂ ਖ਼ੂਨੀ ਕੰਧ।**
**ਭਰਪੂਰ ਉਦੋਂ ਰੋਈ ਭੁੱਬਾਂ ਮਾਰ ਸਰਹਿੰਦ।'**

**(ਭਰਪੂਰ ਸਿੰਘ)**

ਅਤੇ

**'ਦੋ ਬੜੀਆਂ ਕੀਮਤੀ ਜਿੰਦਾਂ,**
**ਨੀਂਹਾਂ ਵਿੱਚ ਆਣ ਖਲੋ ਗਈਆਂ**
**ਇਹ ਤੱਕ ਕੇ ਤਸੀਹਾ ਗ਼ਮ ਦਾ,**
**ਕੰਧਾਂ ਵੀ ਪਾਗਲ ਹੋ ਗਈਆਂ।'**

**(ਚਰਨ ਸਿੰਘ ਸਫ਼ਰੀ)**

ਲੋਕ-ਗੀਤ ਬਣਨ ਦੀ ਤੀਬਰ ਸਮਰੱਥਾ ਰੱਖਦੇ ਉਪਰੋਕਤ ਤਿੱਖੇ ਦਰਦ ਭਰੇ ਕਾਵਿ-ਬੋਲਾਂ ਤੋਂ ਜ਼ਾਹਿਰ ਹੈ ਕਿ ਸਰਹਿੰਦ ਦੇ ਸਾਕੇ ਦਾ ਪੰਜਾਬ ਦੇ ਲੋਕ-ਮਨਾਂ 'ਤੇ ਪਿਆ ਪ੍ਰਭਾਵ ਬਹੁਤ ਗਹਿਰਾ ਹੈ। ਤਿੱਖੀ ਅਤੇ ਮਾਰਮਿਕ ਲੋਕ-ਵੇਦਨਾ ਨਾਲ ਲਬਰੇਜ਼ ਇਨ੍ਹਾਂ ਹਿਰਦੇਵੇਧਕ ਬੋਲਾਂ 'ਚੋਂ ਨਿਰਸੰਦੇਹ ਪੰਜਾਬੀਆਂ ਦੇ ਮਨਾਂ ਵਿਚਲੇ ਤੀਬਰ ਦੁੱਖ ਅਤੇ ਰੋਹ ਦਾ ਪ੍ਰਤੱਖ ਦੀਦਾਰ ਹੁੰਦਾ ਹੈ। ਇਹ ਪੀੜਾ, ਰੋਸ ਅਤੇ ਰੋਹ ਹੀ ਬਾਅਦ ਵਿੱਚ ਮੁਗ਼ਲ ਹਕੂਮਤ ਵਿਰੁੱਧ ਉਦੋਂ ਤਕੜੇ ਗੁੱਸੇ ਅਤੇ ਵਿਦਰੋਹ ਦਾ ਪ੍ਰਚੰਡ ਵਕਤੀ ਉਬਾਲ/ਭੂਚਾਲ ਬਣ ਕੇ ਸਾਹਮਣੇ ਆਇਆ ਜਦੋਂ ਦਸਮ ਪਾਤਸ਼ਾਹ ਦੀ ਥਾਪੜਾ ਪ੍ਰਾਪਤ ਉੱਘੇ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਇੱਕਠੀਆਂ ਹੋਈਆਂ ਸਿੱਖ ਫ਼ੌਜਾਂ ਨੇ ਸਰਹਿੰਦ ਉੱਪਰ ਵੱਡਾ ਧਾਵਾ ਬੋਲਿਆ। ਇਸ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਅਤੇ ਇਸ ਦੇ ਜ਼ਾਲਮ ਸੂਬੇਦਾਰ ਵਜ਼ੀਰ ਖ਼ਾਨ ਨੂੰ 'ਹੰਕਾਰਿਆ ਸੋ ਮਾਰਿਆ' ਦੀ ਲੋਕ-ਭਾਵਨਾ ਅਨੁਰੂਪ ਨੱਕ ਵਿੱਚ ਨਕੇਲ ਪਾ ਕੇ ਘੋੜੇ ਪਿੱਛੇ ਬੰਨ੍ਹ ਕੇ ਸੁਹਾਗਾ ਬਣਾ ਕੇ ਬਰਬਾਦ ਹੋਏ ਸਰਹਿੰਦ ਸ਼ਹਿਰ 'ਤੇ ਫ਼ੇਰਦਿਆਂ ਮੌਤ ਦੇ ਘਾਟ ਉਤਾਰ ਦਿੱਤਾ ਸੀ। ਮਾਤਾ ਗੁਜਰੀ ਜੀ ਅਤੇ ਗੁਰੂ ਦੇ ਦੋ ਛੋਟੇ ਲਾਲਾਂ ਦੀ ਸਰਹਿੰਦ ਵਿਖੇ ਹੋਈ 'ਸ਼ਹਾਦਤ' ਜਿੱਥੇ ਸਰਹਿੰਦ ਦੀ ਬਰਬਾਦੀ ਦਾ ਮੂਲ ਕਾਰਨ ਸਾਬਤ ਹੋਈ ਉੱਥੇ ਇਹ ਸਰਹਿੰਦ ਉੱਪਰ ਨਵੇਂ ਇਤਿਹਾਸ ਦੀ ਸਿਰਜਣਾ ਅਰਥਾਤ ਸਿੱਖ/ਲੋਕ ਰਾਜ ਦੀ ਸਥਾਪਨਾ ਦਾ ਨੀਂਹ-ਪੱਥਰ ਵੀ ਸਾਬਤ ਹੋਈ।

ਇੱਥੇ ਹੀ ਬਸ ਨਹੀਂ ਸਰਹਿੰਦ ਦੀਆਂ ਖ਼ੂਨੀ ਦੀਵਾਰਾਂ ਸਿੱਖ ਵਿਚਾਰਧਾਰਾ ਅੰਦਰ ਇੱਕ ਨਵਾਂ ਮੋੜ ਲਿਆਉਣ ਦਾ ਵੱਡਾ ਸਬੱਬ ਵੀ ਬਣੀਆਂ। ਆਨੰਦਪੁਰ ਸਾਹਿਬ ਦਾ ਘੇਰਾ, ਚਮਕੌਰ ਦੀ ਅਦੁੱਤੀ ਜੰਗ ਅਤੇ ਸਾਕਾ ਸਰਹਿੰਦ ਉਹ ਬਲਕਾਰੀ ਇਤਿਹਾਸਕ ਘਟਨਾਵਾਂ ਸਨ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮੱਕਾਰੀ ਅਤੇ ਬਦੀ ਉੱਪਰ ਨੇਕੀ ਦੀ ਜਿੱਤ ਦਾ ਪ੍ਰਤੀਕ 'ਜ਼ਫ਼ਰਨਾਮਾ' ਲਿਖਣ ਲਈ ਪ੍ਰੇਰਿਤ ਕੀਤਾ।

ਜ਼ਫ਼ਰਨਾਮਾ ਲਿਖਣ ਲਈ ਸਾਜ਼ਗਾਰ ਰਚਨਾਤਮਕ ਮਾਹੌਲ ਅਤੇ ਸਿਰਜਣਾਤਮਕ ਤਾਰਕਿਕ ਪਿਛੋਕੜ ਉਦੋਂ ਹੀ ਉਸਰਨਾ ਸ਼ੁਰੂ ਹੋ ਗਿਆ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੀ ਧਰਤੀ ਤੋਂ ਉੱਚ ਕੇ ਪੀਰ ਬਣ ਕੇ ਨਿਕਲਣ ਤੋਂ ਬਾਅਦ ਆਲਮਗੀਰ ਹੁੰਦੇ ਹੋਏ ਮਾਲਵੇ ਦੇ ਇਲਾਕੇ ਅੰਦਰ 'ਜੱਟਪੁਰੇ' ਨਾਂ ਦੇ ਥਾਂ 'ਤੇ ਆਪਣੇ ਇੱਕ ਪਿਆਰੇ ਮੁਰੀਦ ਰਾਇ ਕੱਲੇ ਕੋਲ ਕੁਝ ਦਿਨਾਂ ਲਈ ਠਹਿਰੇ ਹੋਏ ਸਨ। ਰਾਇ ਕੱਲੇ ਕੋਲ ਨਿਵਾਸ ਦੌਰਾਨ ਹੀ ਗੁਰੂ ਸਾਹਿਬ ਨੂੰ ਨੂਰਾ ਮਾਹੀ ਨਾਂ ਦੇ ਵਿਅਕਤੀ (ਜੋ ਕਿ ਰਾਇ ਕੱਲੇ ਦਾ ਜਿਗਰੀ ਯਾਰ ਸੀ) ਕੋਲੋਂ ਸਰਹਿੰਦ ਵਿੱਚ ਵਾਪਰੇ ਭਾਣੇ ਦੀ ਸਾਰੀ ਵਿੱਥਿਆ ਦਾ ਪਤਾ ਲੱਗਾ। ਨੂਰਾ ਮਾਹੀ ਜਦੋਂ ਖ਼ੂਨ ਦੇ ਅੱਥਰੂ ਕੇਰ-ਕੇਰ ਹਟਕੋਰੇ ਲੈਂਦਾ ਹੋਇਆ ਸਰਹਿੰਦ ਵਿੱਚ ਵਾਪਰੇ ਹੌਲਨਾਕ ਬਿਰਤਾਂਤ ਦਾ ਵਰਨਣ ਕਰ ਰਿਹਾ ਸੀ ਤਾਂ ਉਸ ਸਮੇਂ ਗੁਰੂ ਸਾਹਿਬ ਕਿਸੇ ਡੂੰਘੀ ਉਦਾਸੀ ਦੀ ਅਵਸਥਾ ਵਿੱਚ ਮਿੱਟੀ ਦੀ ਇੱਕ ਢਿੱਗ ਉੱਪਰ ਅਡੋਲ ਬੈਠੇ ਸੁਣ ਰਹੇ ਸਨ ਅਤੇ ਨਾਲ ਹੀ ਹੱਥ ਵਿੱਚ ਫੜੇ ਤੀਰ ਦੀ ਨੋਕ ਨਾਲ ਕਾਹੀ ਦੇ ਇੱਕ ਬੂਟੇ ਦੀਆਂ ਜੜ੍ਹਾਂ ਨੂੰ ਅਚੇਤ ਹੀ ਖੋਦਦੇ ਜਾ ਰਹੇ ਸਨ। ਜਦੋਂ ਨੂਰਾ ਮਾਹੀ ਨਿੱਕੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦਾ ਬਿਰਤਾਂਤ ਸੁਣਾ ਚੁੱਕਿਆ ਤਾਂ ਕੁਝ ਪਲਾਂ ਦੀ ਡੂੰਘੀ ਚੁੱਪੀ ਪਿੱਛੋਂ ਗੁਰੂ ਜੀ ਨੇ ਕਾਹੀ ਦੀ ਜੜ੍ਹ ਨੂੰ ਤੀਰ ਉੱਪਰ ਟੰਗ ਅਸਮਾਨ ਵੱਲ ਲਹਿਰਾਉਂਦਿਆਂ ਭਰੀਆਂ ਹੋਈਆਂ ਅੱਖਾਂ ਨਾਲ ਅਤੇ ਬੜੇ ਜ਼ਬਤਮਈ ਨਿਰਣਾਨੁਮਾ ਅੰਦਾਜ਼ ਵਿੱਚ ਵਚਨ ਕੀਤਾ, ਜ਼ਾਲਮਾਂ ਦੀ ਜੜ੍ਹ ਹੁਣ ਇਵੇਂ ਪੁੱਟੀ ਜਾਵੇਗੀ।

ਸਰਹਿੰਦ ਅਤੇ ਦਿੱਲੀ ਦੇ ਜਾਬਰ ਹੁਕਮਰਾਨਾਂ ਦੀ ਸੰਭਾਵੀ ਬਰਬਾਦੀ ਦੇ ਸੂਚਕ ਇਨ੍ਹਾਂ ਭਵਿੱਖਵਾਣੀਨੁਮਾ ਅਤਿ ਸੂਤਰਿਕ ਅਤੇ ਗਹਿਰੇ ਬੋਲਾਂ ਤੋਂ ਜ਼ਾਹਰ ਹੈ ਕਿ ਇਤਿਹਾਸ ਦੇ ਇਸ ਮੋੜ 'ਤੇ ਗੁਰੂ ਸਾਹਿਬ ਨੇ ਮਨ ਹੀ ਮਨ ਪੰਜਾਬ ਅਤੇ ਭਾਰਤ ਦੀ ਧਰਤੀ ਤੋਂ ਹੁਣ ਜ਼ੁਲਮਾਂ ਅਤੇ ਦੁਸ਼ਟਾਂ ਦਾ ਬੀਜ ਨਾਸ਼ ਕਰਨ (ਦੁਸ਼ਟ ਦਮਨ) ਦੀ ਪੱਕੀ ਧਾਰ ਲਈ ਸੀ ਅਤੇ ਇਸ ਮਕਸਦ ਦੀ ਪੂਰਤੀ ਹਿਤ ਅਗਲੀ ਨਵੀਂ ਕਾਰਗਰ ਰਣਨੀਤੀ ਦੀ ਮੁੱਢਲੀ ਵਿਚਾਰਧਾਰਕ ਰੂਪ-ਰੇਖਾ ਵੀ ਮਨ ਹੀ ਮਨ ਉਲੀਕ ਲਈ ਹੋਈ ਸੀ। ਇਸ ਘਟਨਾ ਤੋਂ ਬਾਅਦ ਗੁਰੂ ਸਾਹਿਬ 'ਦੀਨੇ' ਪਿੰਡ ਚਲੇ ਗਏ ਅਤੇ ਫਿਰ ਇੱਥੇ ਠਹਿਰਾਓ ਦੌਰਾਨ ਹੀ ਉਨ੍ਹਾਂ ਨੇ ਔਰੰਗਜ਼ੇਬ ਨੂੰ ਭੇਜੀ ਜਾਣ ਲਈ ਅਹਿਮ ਇਤਿਹਾਸਕ ਚਿੱਠੀ 'ਜ਼ਫ਼ਰਨਾਮਾ' (ਜਿਸ ਨੂੰ ਪੜ੍ਹ ਕੇ ਪੈਦਾ ਹੋਏ ਸਵੈ-ਗਿਲਾਨੀ ਅਤੇ ਸਵੈ-ਫ਼ਿਟਕਾਰ ਦੇ ਤਿੱਖੇ ਭਾਵਾਂ ਦੇ ਅਸਰ ਕਰਨ ਔਰੰਗਜ਼ੇਬ ਬਹੁਤਾ ਸਮਾਂ ਜੀਉਂਦਾ ਨਹੀਂ ਸੀ ਰਹਿ ਸਕਿਆ) ਦੀ ਰਚਨਾ ਕੀਤੀ।

ਜ਼ਫ਼ਰਨਾਮਾ ਲਿਖੇ ਜਾਣ ਤੋਂ ਪਹਿਲਾਂ ਗੁਰੂ ਸਾਹਿਬ ਨੂੰ ਇਸ ਤੱਥ ਦਾ ਸ਼ਿੱਦਤ ਅਹਿਸਾਸ ਹੋ ਚੁੱਕਾ ਸੀ ਕਿ ਲੱਤਾਂ ਦੇ ਭੂਤ ਗੱਲਾਂ-ਬਾਤਾਂ ਨਾਲ ਕਦੋਂ ਮੰਨਦੇ ਹਨ, ਇਹ ਤਾਂ ਸਗੋਂ ਹੋਰ ਭੂਤਰਦੇ ਹਨ। ਇਸ ਲਈ ਵਜ਼ੀਰ ਖ਼ਾਨ ਵਰਗੇ ਅਤਿ ਵਿਗੜੇ ਹੋਏ ਜ਼ਾਲਮਾਂ, ਨੀਚ ਅਤੇ ਦੁਸ਼ਟ ਬੰਦਿਆਂ ਦਾ ਭਾਰ ਧਰਤੀ ਮਾਂ ਦੀ ਹਿੱਕ ਤੋਂ ਘਟਾਉਣ ਲਈ, ਉਨ੍ਹਾਂ ਦੇ ਜ਼ੁਲਮਾਂ ਨੂੰ ਨੱਥ ਪਾਉਣ ਲਈ 'ਪੀਰੀ' ਦੀ (ਸਵੈ-ਸਨਮਾਨ ਅਤੇ ਬਚਾਅ ਲਈ ਉਠਾਈ ਗਈ) ਕਿਰਪਾਨ ਦੇ ਨਾਲ-ਨਾਲ ਹੁਣ 'ਮੀਰੀ' ਦੀ (ਵਿਗੜੇ ਦੁਸ਼ਟਾਂ ਨੂੰ ਕਰਾਰੇ ਹੱਥੀਂ ਟੱਕਰਣ ਅਤੇ ਉਨ੍ਹਾਂ ਨੂੰ ਕੀਤੇ ਕੁਕਰਮਾਂ ਦਾ ਬਣਦਾ ਫ਼ਲ ਭੁਗਤਾਉਣ ਲਈ ਉਠਾਈ ਗਈ) ਤਲਵਾਰ ਦੇ ਮੁੱਠੇ ਨੂੰ ਹੱਥ ਪਾਉਣਾ ਹੀ ਪੈਣਾ ਹੈ। ਅਰਥਾਤ 'ਹੱਥੀ ਬਾਝ ਕਰਾਰਿਆ ਵੈਰੀ ਹੋਇ ਨਾ ਮਿਤੁ' ਦੀ ਲੋਕ-ਨੀਤੀ ਨੂੰ ਆਖ਼ਰੀ ਹਥਿਆਰ ਵਜੋਂ ਅਮਲੀ ਜਾਮਾ ਪਹਿਨਾਉਣਾ ਹੀ ਪੈਣਾ ਹੈ।

ਕੇਵਲ ਆਪਣੇ ਬਚਾਅ ਵਿੱਚ ਜੰਗਾਂ ਲੜਨ ਅਤੇ ਸ਼ਮਸ਼ੀਰ ਉਠਾਉਣ ਨਾਲ ਹੀ ਗੱਲ ਨਹੀਂ ਬਣਨੀ ਸਗੋਂ ਹੁਣ ਸ਼ਮਸ਼ੀਰ ਨੂੰ ਜ਼ਾਲਮਾਂ ਅਤੇ ਦੁਸ਼ਟਾਂ ਉੱਪਰ ਕਰਾਰੇ ਵਾਰ ਵਜੋਂ ਅਰਥਾਤ ਹਮਲਾਵਰ ਵਜੋਂ ਇਸਤੇਮਾਲ ਕਰਨ ਦਾ ਢੁਕਵਾਂ ਸਮਾਂ ਆ ਗਿਆ ਹੈ। ਜ਼ਫ਼ਰਨਾਮਾ ਉਹ ਚਿੱਠੀ ਸੀ ਜਿਸ ਰਾਹੀਂ ਗੁਰੂ ਸਾਹਿਬ ਨੇ ਆਪਣੇ ਉਪਰੋਕਤ ਚਿਤਵੇ ਵਿਚਾਰਾਂ ਨੂੰ ਇੱਕ ਨਿਸ਼ਚਿਤ ਅਤੇ ਨਿਗਰ ਸਿਰਜਣਾਤਮਕ ਸਿਧਾਂਤਕ ਤਰਕ/ਆਧਾਰ ਪ੍ਰਦਾਨ ਕੀਤਾ ਅਤੇ ਫਿਰ ਇਸ ਰਚਨਾ ਦੇ ਮਾਧਿਅਮ ਰਾਹੀਂ ਹੀ ਉਨ੍ਹਾਂ ਨੇ ਸਿੱਖਾਂ ਨੂੰ ਲਲਕਾਰ ਦੇ ਰੂਪ ਵਿੱਚ ਇੱਕ ਨਵੀਂ ਦਾਰਸ਼ਨਿਕ/ ਵਿਚਾਰਧਾਰਕ ਸੇਧ ਵੀ ਪ੍ਰਦਾਨ ਕੀਤੀ।

**'ਚੂੰ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ।**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।'**

**(ਜ਼ਫ਼ਰਨਾਮਾ)**

ਭਾਵ ਜਦੋਂ ਜ਼ੁਲਮਾਂ ਦੀ ਹੱਦ ਹੋ ਜਾਵੇ, ਜਦੋਂ ਪਾਣੀ ਸਿਰ ਉੱਤੋਂ ਲੰਘ ਜਾਏ ਅਤੇ ਜ਼ਾਲਮਾ ਨੂੰ ਨੱਥ ਪਾਉਣ ਦਾ ਜਦੋਂ ਕੋਈ ਹੀਲਾ ਬਾਕੀ ਨਾ ਰਹੇ ਤਾਂ ਤਲਵਾਰ ਉਠਾਉਣਾ ਉਚਿਤ ਹੈ। ਗੁਰੂ ਸਾਹਿਬ ਦੀ ਨਵੀਂ ਸੋਚ ਦਾ ਉਪਰੋਕਤ ਮੁੱਖ ਸੂਤਰ ਉਦੋਂ ਅਮਲੀ ਰੂਪ ਵਿੱਚ ਸਾਡੇ ਸਾਹਮਣੇ ਆਇਆ ਜਦੋਂ ਗੁਰੂ ਸਾਹਿਬ ਦੀ ਥਾਪੜਾ ਪ੍ਰਾਪਤ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਸਿੱਖ ਫ਼ੌਜਾਂ ਨੇ ਦੁਸ਼ਟ ਵਜ਼ੀਦ ਖ਼ਾਨ ਦੇ ਕੀਤੇ ਕੁਕਰਮਾਂ ਦਾ ਫ਼ਲ ਭੁਗਤਾਉਣ ਲਈ ਸਰਹਿੰਦ ਉੱਪਰ ਤਕੜਾ ਹਮਲਾ ਕਰ ਦਿੱਤਾ।

ਪਰਦੇ ਦੀਆਂ ਪਰਤਾਂ-8

# ਹਜ਼ਾਰੋਂ ਖਾਹਿਸ਼ੇ ਐਸੀ ਬਨਾਮ ਭਾਰਤੀ ਸਿਨੇਮਾ ਵਿੱਚ ਸਿਆਸਤ



ਕੁਲਦੀਪ ਕੌਰ
98554-04330


ਭਾਰਤੀ ਸਿਆਸਤ ਬਾਰੇ ਬਣੀਆਂ ਫਿਲਮਾਂ ਵਿੱਚੋਂ ਗੁਲਜ਼ਾਰ ਦੁਆਰਾ ਨਿਰਦੇਸ਼ਤ ਫਿਲਮ 'ਹੂੰ ਤੂੰ ਤੂੰ' ਦਾ ਆਪਣਾ ਖਾਸ ਸਥਾਨ ਹੈ। ਨਾਨਾ ਪਾਟੇਕਰ ਅਤੇ ਤੱਬੂ ਦੀ ਅਦਾਕਾਰੀ ਵਾਲੀ ਇਸ ਫਿਲਮ ਵਿੱਚ ਮੁੱਖ ਨੁਕਤਾ ਸਿਆਸੀ ਪਾਰਟੀਆਂ ਦੀ ਨੈਤਿਕ ਕੰਗਾਲੀ ਅਤੇ ਉਹਨਾਂ ਵਿੱਚ ਪਣਪ ਚੁੱਕੇ ਗੁੰਡਾ-ਸੱਭਿਆਚਾਰ ਨੂੰ ਪਰਦਾਪੇਸ਼ ਕਰਨਾ ਸੀ। ਇਸ ਫਿਲਮ ਦੇ ਨਿਰਦੇਸ਼ਕ ਅਨੁਸਾਰ ਭਾਰਤੀ ਸਿਆਸਤ ਕਬੱਡੀ ਦੀ ਖੇਡ ਵਿੱਚ ਤਬਦੀਲ ਹੋ ਚੁੱਕੀ ਹੈ ਜਿਸ ਵਿੱਚ ਵਿਰੋਧੀ ਨੂੰ ਹਰ ਹੀਲੇ ਚਿੱਤ ਕਰਨਾ ਹੀ ਸਿਆਸੀ ਖਿਡਾਰੀ ਦਾ ਇੱਕਲੌਤਾ ਉਦੇਸ਼ ਬਣ ਚੁੱਕਿਆ ਹੈ। ਇਹਨਾਂ ਦੇ ਇਸ ਆਪਸੀ ਮੰਨੋਰੰਜਕ ਸ਼ੋਅ ਦਾ ਸਾਰਾ ਖਮਿਆਜ਼ਾ ਆਵਾਮ ਭੁਗਤਦੀ ਹੈ। ਇਸ ਫਿਲਮ ਦੇ ਜ਼ਰੀਏ ਨਿਰਦੇਸ਼ਕ ਨੇ ਜਮਹੂਰੀਅਤ ਦੇ ਨਾਮ ਤੇ ਸਿਆਸੀ ਪਾਰਟੀਆਂ ਦੁਆਰਾ ਸੱਤਾ ਦੀ ਦੁਰਵਰਤੋਂ ਦਾ ਮੁੱਦਾ ਵੀ ਚੁੱਕਿਆ ਹੈ।

ਭਾਰਤੀ ਸਿਆਸਤ ਦਾ ਨਿਘਾਰ ਦੋ-ਤਰਫਾ ਹੈ। ਇਸ ਵਿੱਚ ਇੱਕ ਪਾਸੇ ਆਵਾਮ ਦੇ ਮੁੱਦਿਆਂ ਤੇ ਆਧਾਰਿਤ ਚੋਣਾਂ ਦਾ ਪ੍ਰਪੰਚ ਰਚਿਆ ਜਾਦਾ ਹੈ ਜਿਸ ਦੌਰਾਨ ਹਰ ਉਸ ਨੁਕਤੇ ਤੇ ਪ੍ਰਚਾਰ ਤੇ ਚਰਚਾ ਹੁੰਦੀ ਹੈ ਜਿਹੜਾ ਆਵਾਮ ਦੀ ਰੋਜ਼ਮਰ੍ਹਾਂ ਦੀ ਜ਼ਿੰਦਗੀ ਨਾਲ ਜੁੜਿਆ ਹੁੰਦਾ ਹੈ। ਇਸ ਨਾਲ ਜਮਹੂਰੀਅਤ ਦੀ ਇੱਕ ਮਨਸੂਈ ਤੇ ਅਸਥਾਈ ਵਿਚਾਰਧਾਰਾ ਹਰ ਗਲੀ-ਮਹੁੱਲੇ ਵਿੱਚ ਸ਼ੋਰ-ਸ਼ਰਾਬਾ ਪਾਉਂਦੀ ਨਜ਼ਰ ਆਉਂਦੀ ਹੈ। ਆਵਾਮ ਜਿਹੜੀ ਕਿ ਆਪਣੀਆਂ ਸਕੂਲੀ ਕਿਤਾਬਾਂ ਵਿੱਚ ਨੇਤਾਵਾਂ ਦੀ 'ਮਹਾਨਤਾ' ਦੇ ਕਾਰਨਾਮੇ ਪੜ੍ਹ ਪੜ੍ਹ ਵੱਡੀ ਹੋਈ ਹੁੰਦੀ ਹੈ ਜਾਂ ਫਿਰ ਧਾਰਮਿਕ ਸੰਸਥਾਨਾਂ ਦੇ 'ਸਭ ਮੋਹ ਮਾਇਆ ਹੈ ਭਾਈ' ਦੇ ਫਾਰਮੂਲਿਆਂ ਵਿੱਚ ਉਲਝਕੇ ਸਵਾਲ ਕਰਨੇ ਭੁੱਲ ਚੁੱਕੀ ਹੁੰਦੀ ਹੈ, ਉਹ ਸਿਆਸਤ ਦੀ ਪੜਾਈ ਤੋਂ ਉੱਕਾ ਹੀ ਕੋਰੀ ਇਹਨਾਂ ਦਾਅਵਿਆਂ ਅਤੇ ਕੂੜ-ਪ੍ਰਚਾਰ ਤੇ 'ਤਨ-ਮਨ-ਧਨ' ਨਾਲ ਕੁਰਬਾਨ ਹੋ ਜਾਂਦੀ ਹੈ। ਇਹ ਵਰਤਾਰਾ ਸਾਲਾ ਤੋਂ ਨਿਰਵਿਘਣ ਜਾਰੀ ਹੈ। ਦੂਜੇ ਪਾਸੇ ਇਸ 'ਗੈਰ ਜ਼ਿੰਮੇਵਾਰੀ' ਅਤੇ 'ਅਣਮੱਨੁਖੀ ਵਰਤਾਰੇ ਦਾ ਸਭ ਤੋਂ ਬੁਰਾ ਸ਼ਿਕਾਰ ਵੀ ਸਿਆਸੀ ਆਕਾ ਹੀ ਬਣਦੇ ਹਨ। ਆਪਣੀ ਫਿਲਮ 'ਆਂਧੀ' ਵਿੱਚ ਨਿਰਦੇਸ਼ਕ ਗੁਲਜ਼ਾਰ ਇਸ ਦੂਸਰੇ ਪਹਿਲੂ ਦੀ ਪਛਾਣਗੋਈ ਕਰਦੇ ਹਨ। ਫਿਲਮ ਦੀ ਮੁੱਖ ਕਿਰਦਾਰ ਆਰਤੀ ਦੇਵੀ (ਸੁਚਿੱਤਰਾ ਸੇਨ) ਆਪਣੇ ਪਿਤਾ ਦੀਆਂ ਸਿਆਸੀ ਖਾਹਿਸ਼ਾਂ ਦਾ ਮੋਹਰਾ ਬਣਦੀ ਹੈ। ਸਿਆਸਤ ਵਿੱਚ ਆਲਾ ਦਰਜੇ ਦੀ ਨੇਤਾ ਬਣਨ ਲਈ ਉਹ ਆਪਣੇ ਸਭ ਤੋਂ ਅਜ਼ੀਜ਼ ਰਿਸ਼ਤੇ ਦੀ ਬਲੀ ਦੇ ਦਿੰਦੀ ਹੈ। ਆਪਣਾ ਸਾਫ-ਸੁਥਰਾ ਅਕਸ ਘੜਣ ਲਈ ਉਹ ਆਪਣੀ ਖੁਦ ਦੀ ਪਛਾਣ ਗੁਆ ਦਿੰਦੀ ਹੈ।ਉਸ ਲਈ ਮੀਡੀਆਂ ਓਤੇ ਵਿਰੋਧੀ ਧਿਰ ਦੁਆਰਾ ਘੜ੍ਹੀਆਂ ਆਪਣੀਆਂ ਵੱਖੋ-ਵੱਖਰੀਆਂ ਪਛਾਣਾਂ ਵਿੱਚ ਤਾਲਮੇਲ ਬਿਠਾਉਣਾ ਹੀ ਜ਼ਿੰਦਗੀ ਦਾ ਆਖਰੀ ਮਕਸਦ ਹੋ ਜਾਦਾ ਹੈ। ਸਿਆਸਤ ਵਿੱਚ ਅਜਿਹੀਆਂ ਉਦਾਹਰਣਾਂ ਬੇ-ਸ਼ੁਮਾਰ ਹਨ। ਇੱਥੇ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਕਿੰਨੇ ਨੇਤਾ ਹਨ ਜੋ ਆਪਣੀ ਅਜਿਹੇ ਦਵੰਦਾਂ ਅਤੇ ਸਿਆਸਤ ਦੀਆਂ ਅਹੁਦਰੀਆਂ ਮੰਗਾਂ ਵਿਚਕਾਰ ਤਾਲਮੇਲ ਬਿਠਾ ਪਾਉਣ ਵਿੱਚ ਕਾਮਯਾਬ ਹੁੰਦੇ ਹਨ? ਇਹਨਾਂ ਦੀ ਅਜਿਹੀ ਕਸ਼ਮਕਸ਼ ਦਾ ਆਵਾਮ ਪ੍ਰਤੀ ਵਤੀਰੇ ਅਤੇ ਨੀਤੀਆਂ ਤੇ ਕੀ ਅਸਰ ਪੈਂਦਾ ਹੈ? ਫਿਲਮ 'ਆਂਧੀ' ਵਿੱਚ ਸੁਚਿੱਤਰਾ ਸੇਨ ਆਪਣੇ ਪਤੀ ਦੇ ਨਾਲ-ਨਾਲ ਆਪਣੇ ਔਰਤਪੁਣੇ ਦੀਆਂ ਖਾਸੀਅਤਾਂ ਨੂੰ ਵੀ ਤਿਆਗ ਦਿੰਦੀ ਹੈ ਅਤੇ ਮਰਦਾਨਾ ਢੰਗ ਦੀ ਸ਼ੋਸ਼ਣਕਾਰੀ ਸੱਤਾ ਦਾ ਸਮਰਥਣ ਕਰਦੀ ਹੈ। ਫਿਲਮ ਵਿੱਚ ਲੱਲੂ ਰਾਮ ਦਾ ਕਿਰਦਾਰ ਸਿਆਸੀ ਦਲਾਲਗਿਰੀ ਦਾ ਕਲਾਸਿਕ ਉਦਾਹਰਣ ਹੈ ਜਿੱਥੇ ਉਹ ਜਿੰਨਾ ਝੂਠ ਸੁਚਿੱਤਰਾ ਸੇਨ ਲਈ ਬੋਲਦਾ ਹੈ ਉਸ ਤੋਂ ਕਈ ਗੁਣਾ ਵੱਧ ਉਹ ਸੁਚਿੱਤਰਾ ਸੇਨ ਦੀਆਂ ਅੱਖਾਂ ਵਿੱਚ ਆਵਾਮ ਬਾਰੇ ਝੂਠ ਬੋਲਕੇ ਧੂੜ ਝੋਕਦਾ ਹੈ।

1981 ਵਿੱਚ ਰਿਲ਼ੀਜ਼ ਹੋਈ ਫਿਲਮ 'ਕਲਯੁੱਗ' ਵਿੱਚ ਨੈਤਕਿਤਾ, ਅਰਧ-ਸੱਚਾਂ





ਅਤੇ ਦੇਹ ਦੀਆਂ ਸਿਆਸੀ ਘੁੰਡੀਆਂ ਨੂੰ ਸੰਬੋਧਿਤ ਹੋਇਆ ਗਿਆ ਹੈ।ਮਹਾਂਭਾਰਤ ਦੇ ਮਹਾਂ-ਕਾਵਿ ਤੇ ਆਧਾਰਿਤ ਇਸ ਫਿਲਮ ਵਿੱਚ 1980 ਦੇ ਦਹਾਕੇ ਦੀ ਸਿਆਸਤ ਦੀਆਂ ਪੇਚਦਗੀਆਂ ਨੂੰ ਦੋ ਬਿਜ਼ਨੈਸਮੈਨ ਪਰਿਵਾਰਾਂ ਦੀ ਆਪਸੀ ਦੁਸ਼ਮਣੀ ਰਾਹੀ ਪਰਦਾਪੇਸ਼ ਕਰਦੀ ਹੈ। ਫਿਲਮ ਵਿੱਚ ਇੱਕ ਪਰਿਵਾਰ ਦੁਆਰਾ ਦੂਜੇ ਦੇ ਮੁੰਡੇ ਦਾ ਗਲਤੀ ਨਾਲ ਹੋਇਆ ਕਤਲ ਕਿਵੇਂ ਦੋਵਾਂ ਪਰਿਵਾਰਾਂ ਦੇ ਆਦਰਸ਼ਾਂ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਖਾਹ ਜਾਂਦਾ ਹੈ,ਇਸ ਦਾ ਜੀਵੰਤ ਬਿਰਤਾਂਤ ਸ਼ਿਆਮ ਬੈਨੇਗਲ ਆਪਣੀ ਇਸ ਫਿਲਮ ਵਿੱਚ ਪੇਸ਼ ਕਰਦੇ ਹਨ। ਇਸ ਫਿਲਮ ਵਿੱਚ ਭਾਰਤੀ ਸਿਆਸਤ ਦੇ ਸਬੰਧ ਵਿੱਚ ਕੁਨਬਾਪ੍ਰਸਤੀ ਦੀ ਗੈਰ-ਜਮਹੂਰੀ ਪ੍ਰਵਿਰਤੀ ਅਤੇ 'ਇੱਕ ਨੇਤਾ ਦੀ ਤਾਨਾਸ਼ਾਹੀ' ਨੂੰ ਬਰਕਰਾਰ ਰੱਖਣ ਦੇ ਰੁਝਾਣ ਦੇ ਮਾਰੂ ਨਤੀਜਿਆਂ ਨੂੰ ਕਲਾਤਮਿਕ ਢੰਗ ਨਾਲ ਫਿਲਮਾਇਆ ਗਿਆ ਹੈ। ਅਜਿਹੇ ਮਾਹੌਲ ਵਿੱਚ ਜਮਹੂਰੀਅਤ ਕਿਵੇਂ ਜ਼ਿੰਦਾ ਰਹਿੰਦੀ ਹੈ? ਇਸ ਸਵਾਲ ਦਾ ਜਵਾਬ ਰਾਮ ਗੋਪਾਲ ਵਰਮਾ ਦੁਆਰਾ ਨਿਰਦੇਸ਼ਤ ਫਿਲਮ 'ਸ਼ੂਲ' ਵਿੱਚ ਮਿਲਦਾ ਹੈ। 1999 ਵਿੱਚ ਰਿਲੀਜ਼ ਹੋਈ ਇਸ ਫਿਲਮ ਨੂੰ ਆਲੋਚਕਾਂ ਅਤੇ ਦਰਸ਼ਕਾਂ ਨੇ ਇੱਕੋ ਜਿਹਾ ਪਸੰਦ ਕੀਤਾ।ਇਸ ਫਿਲਮ ਦੀ ਪਟਕਥਾ ਬਿਹਾਰ ਦੀ ਸਿਆਸਤ ਦੇ ਅਪਰਾਧੀਕਰਣ ਤੇ ਆਧਾਰਿਤ ਸੀ। ਫਿਲਮ ਦੀ ਕਹਾਣੀ ਮੁਤਾਬਿਕ ਇੱਕ ਇਮਾਨਦਾਰ ਪੁਲਿਸ ਅਫਸਰ ਜਦੋਂ ਬਿਹਾਰ ਦੇ ਇੱਕ ਸਭ ਤੋਂ ਵੱਧ ਭ੍ਰਿਸ਼ਟ ਥਾਣੇ ਵਿੱਚ ਡਿਊਟੀ ਤੇ ਹਾਜ਼ਿਰ ਹੁੰਦਾ ਹੈ ਤਾਂ ਇਹ ਦੇਖਕੇ ਹੈਰਾਨ ਹੋ ਜਾਂਦਾ ਹੈ ਕਿ ਉੱਥੇ ਸਰਕਾਰੀ ਹੁਕਮਾਂ ਦੀ ਬਿਜਾਏ ਬੱਚੂ ਯਾਦਵ ਦਾ ਰਾਜ ਚੱਲਦਾ ਹੈ ਜਿਸ ਨੇ ਆਪਣੀ ਗੁੰਡਾਗਰਦੀ ਦੇ ਦਮ ਤੇ ਇੱਕ ਸਮਾਂਨਤਰ ਸਰਕਾਰ ਖੜ੍ਹੀ ਕਰ ਰੱਖੀ ਹੈ। ਫਿਲਮ ਦਾ ਮੁੱਖ ਨੁਕਤਾ ਇਹ ਸੀ ਕਿ ਕਿਵੇਂ ਸਿਆਸਤੀ ਭ੍ਰਿਸ਼ਟਾਚਾਰ ਹੌਲੀ-ਹੌਲੀ ਰਾਜ-ਪ੍ਰਬੰਧ ਦੇ ਸਾਰੇ ਅਦਾਰਿਆਂ ਅਤੇ ਇਕਾਈਆਂ ਨੂੰ ਆਪਣੀ ਜਕੜ ਵਿੱਚ ਲੈ ਲੈਂਦਾ ਹੈ। ਫਿਲਮ ਵਿੱਚ ਪੁਲਿਸ ਦੇ ਅਦਾਰੇ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ।ਫਿਲਮ ਦੇਖਣ ਤੋਂ ਬਾਅਦ ਇਹ ਵੀ ਸਮਝ ਵਿੱਚ ਆਉਣ ਲੱਗ ਜਾਂਦਾ ਹੈ ਕਿ ਪੁਲਿਸ ਤੋਂ ਬਿਨਾਂ ਸਿੱਖਿਆ ਸੰਸਥਾਵਾਂ, ਪ੍ਰਾਸ਼ਸ਼ਕੀ ਇਕਾਈਆਂ, ਕਾਨੂੰਨੀ ਹਲਕਿਆਂ ਜਾਂ ਰੋਜ਼ਾਨਾ ਕਾਰ-ਵਿਹਾਰ ਦੇ ਅਦਾਰਿਆਂ ਵਿੱਚ ਸਿਆਸਤ ਆਪਣੇ ਮੱਠ ਕਾਇਮ ਕਰ ਲਵੇ ਤਾਂ ਸਿਉਂਕ ਦੀ ਤਰ੍ਹਾਂ ਇਹਨਾਂ ਦੀ ਇਮਾਨਦਾਰੀ ਅਤੇ ਕਾਰਗੁਜ਼ਾਰੀ ਨੂੰ ਚੱਟ ਜਾਂਦੀ ਹੈ। ਆਵਾਮ ਇਹਨਾਂ ਮੱਠਾਂ ਰਾਹੀ ਠੱਗਿਆਂ ਜਾਂਦਾ ਹੈ ਅਤੇ ਅੰਤ ਜਮਹੂਰੀ ਮੁੱਲਾਂ ਸਬੰਧੀ ਇੱਕ ਨਿਰਾਸ਼ਵਾਦੀ ਸੋਚ ਦਾ ਸ਼ਿਕਾਰ ਹੋ ਜਾਂਦਾ ਹੈ। ਇੱਥੇ ਇਹ ਤੱਥ ਮਹਤੱਵਪੂਰਣ




ਹੈ ਕਿ ਅਸਲ ਵਿੱਚ ਇਹ ਅਦਾਰੇ ਅਤੇ ਇਕਾਈਆਂ ਹੀ ਜਮਹੂਰੀਅਤ ਦਾ ਅਸਲ ਚਿਹਰਾ ਹਨ। ਆਮ ਨਾਗਰਿਕ ਦੀਆਂ ਆਮ ਜ਼ਰੂਰਤਾਂ ਪੂਰੀਆਂ ਨਾ ਕਰਣ ਵਾਲਾ ਨਿਜ਼ਾਮ ਕਾਗਜ਼ਾਂ ਵਿੱਚ ਜਿੰਨਾ ਮਰਜ਼ੀ ਉਦਾਰਵਾਦੀ ਤੇ ਆਦਰਸ਼ਵਾਦੀ ਹੋਵੇ,ਉਸਦਾ ਢਹਿਣਾ ਤੈਅ ਹੈ।

2003 ਵਿੱਚ ਰਿਲੀਜ਼ ਹੋਈ ਫਿਲਮ 'ਸੱਟਾ' ਸਿਆਸਤ ਦੇ ਮਾਫੀਆਂ ਅਤੇ ਕੰਪਨੀਆਂ ਨਾਲ ਗੱਠਜੋੜਾਂ ਬਾਰੇ ਇੱਕ ਜ਼ੋਰਦਾਰ ਟਿੱਪਣੀ ਕਰਦੀ ਹੈ। ਭਾਰਤੀ ਸਿਆਸਤ ਦਾ ਮੌਜੂਦਾ ਰੁਝਾਨ ਇਸ ਦਾ ਕਾਰਪੋਰੇਟ ਅਦਾਰਿਆਂ ਦੀ ਚਾਕਰੀ ਕਰਨ ਅਤੇ ਜਨਤਕ ਸਾਧਨਾਂ ਨੂੰ ਸਸਤੇ ਮੁੱਲਾਂ ਤੇ ਇਹਨਾਂ ਵਪਾਰੀਆਂ ਦੇ ਹੱਥਾਂ ਵਿੱਚ ਵੇਚਣ ਦਾ ਹੈ ਜਿਸ ਵਿੱਚ ਸਾਰੀਆਂ ਪਾਰਟੀਆਂ ਆਪਣੇ ਹੱਥ ਰੰਗ ਰਹੀਆਂ ਹਨ। ਫਿਲਮ 'ਸੱਟਾ' ਵਿੱਚ ਇਸ ਤੱਥ ਦੀ ਤਸਦੀਕ ਕੀਤੀ ਗਈ ਹੈ। ਫਿਲਮ ਵਿੱਚ ਰਵੀਨਾ ਟੰਡਨ ਦੀ ਭੂਮਿਕਾ ਯਾਦਗਾਰੀ ਹੋ ਨਿਬੜੀ ਹੈ ਜਿਸ




ਨੇ ਇੱਕ ਅਜਿਹੀ ਔਰਤ ਦਾ ਕਿਰਦਾਰ ਅਦਾ ਕੀਤਾ ਹੈ ਜਿਹੜੀ ਆਪਣੇ ਪਤੀ ਦੇ ਨਜ਼ਾਇਜ਼ ਸਿਆਸੀ ਸਾਮਰਾਜ ਨੂੰ ਚਲਾਉਣ ਦੀ ਸਫਲ ਕੋਸ਼ਿਸ ਕਰਦੀ ਹੈ।

2004 ਵਿੱਚ ਆਈ ਫਿਲਮ ਭਾਰਤੀ ਸਿਆਸਤ ਦੀ ਇੱਕ ਹੋਰ ਮਾੜੀ ਰਗ ਦੀ ਨਿਸ਼ਾਨਦੇਹੀ ਕਰਦੀ ਹੈ। 1991 ਤੋਂ ਬਾਅਦ ਸਰਕਾਰੀ ਨੀਤੀਆਂ ਦੀ ਲਗਾਤਾਰ ਅਸਫਲਤਾ ਨਾਲ ਬੇਰੁਜ਼ਗਾਰੀ, ਆਰਥਿਕ ਅਸਮਾਨਤਾ ਅਤੇ ਖੇਤੀਬਾੜੀ-ਸਨਅਤੀ ਖੇਤਰਾਂ ਵਿੱਚ ਲਗਾਤਾਰ ਖੜੋਤ ਦਾ ਰੁਝਾਣ ਪਾਇਆ ਜਾ ਰਿਹਾ ਹੈ। ਇਸ ਦੇ ਚੱਲਦਿਆਂ ਭਾਰਤ ਦੇ ਦਿਹਾਤੀ ਖੇਤਰਾਂ ਤੋਂ ਕਸਬਿਆਂ-ਸ਼ਹਿਰਾਂ ਵੱਲ ਹਿਜਰਤ ਵਧੀ ਹੈ। ਦੂਜੇ ਪਾਸੇ ਸ਼ਹਿਰ ਵੀ ਇਹਨਾਂ ਦਾ ਭਾਰ ਝੱਲਣ ਤੋਂ



ਅਸਮਰੱਥ ਨਜ਼ਰ ਆ ਰਹੇ ਹਨ। ਅਜਿਹੀ ਹਾਲਤ ਵਿੱਚ ਨੌਜਵਾਨੀ ਦਾ ਇੱਕ ਵੱਡਾ ਵਰਗ ਸਿਆਸੀ ਦਲਾਂ ਲਈ ਸਸਤਾ ਚਾਰਾ ਬਣ ਚੁੱਕਿਆ ਹੈ। ਫਿਲਮ 'ਯੁਵਾ' ਅਜਿਹੇ ਹੀ ਤਿੰਨ ਨੌਜਵਾਨਾਂ ਦੀ ਕਹਾਣੀ ਹੈ ਜਿਹੜੇ ਅਜਿਹੀ ਸਿਆਸਤ ਵਿੱਚ ਉਲਝਕੇ ਰਹਿ ਜਾਂਦੇ ਹਨ। ਮਣੀ ਰਤਨਮ ਨੇ ਇਸ ਫਿਲਮ ਰਾਹੀ ਨੌਜਵਾਨਾਂ ਨੂੰ ਨੇਤਾਵਾਂ ਲਈ ਮੋਹਰੇ ਬਣਨ ਦੀ ਥਾਂ ਤੇ ਖੁਦ ਸਿਆਸਤ ਵਿੱਚ ਉੱਤਰਕੇ ਇਸ ਨੂੰ ਲੋਕ-ਪੱਖੀ ਬਣਾਉਣ ਦੇ ਸੁਨੇਹੇ ਤੇ ਆਪਣੀ ਫਿਲਮ ਦਾ ਅੰਤ ਕੀਤਾ ਹੈ।

ਅਨੁਰਾਗ ਕਸ਼ਅਪ ਦੀ ਫਿਲਮ 'ਗੁਲਾਲ' ਵੀ ਨੌਜਵਾਨੀ ਦੇ ਇਰਦ-ਗਿਰਦ ਹੀ ਘੁੰਮਦੀ ਹੈ ਪਰ ਇਸ ਵਿੱਚ ਉਹ ਸਿਆਸੀ ਮੁੱਦਿਆਂ ਦੇ ਪਿੱਛੇ ਕੰਮ ਕਰਦੀ ਮਾਨਸਿਕਤਾ ਨੂੰ ਫੜਣ ਦਾ ਯਤਨ ਕਰਦਾ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਭਾਰਤ ਵਿੱਚ ਸਿਆਸਤ ਖੇਤਰਵਾਦੀ, ਜਾਤੀਵਾਦੀ, ਧਰਮ-ਆਧਾਰਿਤ ਅਤੇ ਕਬੀਲਾਈ ਕਿਸਮ ਦੀ ਹੈ।ਅਨੁਰਾਗ ਅਨੁਸਾਰ ਵੱਡੇ ਪੱਧਰ ਤੇ ਕਿਸੇ ਖਾਸ ਖਿੱਤੇ,ਜਾਤੀ,ਧਰਮ ਜਾਂ ਕਿਸੇ ਖਾਸ ਧਿਰ ਦਾ ਮਸੀਹਾ ਬਣਨ ਵਾਲੇ ਸੌੜੀ ਸੋਚ ਵਾਲੇ ਨੇਤਾ ਹੀ ਇਸ ਦਾ ਸਭ ਤੋਂ ਵੱਧ ਨੁਕਸਾਨ ਕਰਦੇ ਹਨ। ਉਹ ਆਪਣੀ ਸੱਤਾ ਦੀ ਲਾਲਸਾ ਲਈ ਆਵਾਮ ਦਾ ਇਹਨਾਂ ਨੁਕਤਿਆਂ ਤੇ ਭਵਨਾਤਮਿਕ ਸ਼ੋਸ਼ਣ ਕਰਦੇ ਹਨ। ਅਜਿਹਾ ਪੀੜ੍ਹੀ ਦਰ ਪੀੜ੍ਹੀ ਚੱਲਦਾ ਰਹਿੰਦਾ ਹੈ। ਫਿਲਮ 'ਗੁਲਾਲ' ਸੱਤਾ ਪ੍ਰਾਪਤੀ ਲਈ ਨੇਤਾਵਾਂ ਵੱਲੋਂ ਕੀਤੀ ਜਾਂਦੀ ਲੁਪਤ ਹਿੰਸਾ ਤੋਂ ਵੀ ਪਰਦਾ ਚੁੱਕਦੀ ਜਿਸ ਵਿੱਚ ਸਭ ਤੋਂ ਵੱਡਾ ਹਥਿਆਰ 'ਚਰਿੱਤਰ-ਹਨਨ' ਦਾ ਵਰਤਿਆ ਜਾਂਦਾ ਹੈ।

ਰਾਮ ਗੋਪਾਲ ਵਰਮਾ ਦੁਆਰਾ ਨਿਰਦੇਸ਼ਤ ਫਿਲਮ 'ਰਨ' (2010) ਸਿਆਸਤ ਅਤੇ ਮੀਡੀਆ ਦੇ ਆਪਸੀ ਸਬੰਧਾਂ ਤੇ ਆਧਾਰਿਤ ਹੈ ਜਿਸ ਵਿੱਚ ਮੁੱਖ ਕਿਰਦਾਰ ਅਮਿਤਾਬ ਬੱਚਨ, ਪਰੇਸ਼ ਰਾਵਲ ਅਤੇ ਰਿਤੇਸ਼ ਦੇਸ਼ਮੁੱਖ ਨੇ ਅਦਾ ਕੀਤੇ ਹਨ। ਇਸ ਫਿਲਮ ਦਾ ਮੁੱਖ ਥੀਮ ਮੌਜੂਦਾ ਦੌਰ ਵਿੱਚ ਟੀ.ਵੀ. ਦੀਆਂ ਖਬਰਾਂ ਵਿੱਚ ਸਿਆਸਤ ਅਤੇ ਕਾਰਪੋਰੇਟ ਘਰਾਣਿਆਂ ਦੇ ਦਖਲ ਦੇ ਇਰਦ-ਗਿਰਦ ਬੁਣੀ ਗਈ ਹੈ। ਫਿਲਮ ਵਿੱਚ ਪੱਤਰਕਾਰੀ ਦੇ ਗਿਰ ਰਹੇ ਮਿਆਰਾਂ ਵਿਚਕਾਰ ਕੰਮ ਕਰ ਰਹੇ ਇਮਾਨਦਾਰ ਪੱਤਰਕਾਰਾਂ ਦੀ ਜੱਦੋ-ਜਹਿਦ ਨੂੰ ਦਰਸਾਇਆ ਗਿਆ ਹੈ। ਮੀਡੀਆ ਦੇ ਸਰਕਾਰੀ ਪਾਰਟੀਆਂ ਦਾ ਪਿੱਠ-ਠੋਕਾ ਬਣਨ ਦਾ ਖਮਿਆਜ਼ਾ ਆਮ ਲੋਕਾਈ ਨੂੰ ਗੁੰਮਰਾਹ ਕਰਨ ਵਿੱਚ ਨਿਕਲਦਾ ਹੈ ਜਿਸ ਨਾਲ ਉਹ ਬਹੁਤ ਵਾਰ ਗਲਤ ਉਮੀਦਵਾਰ ਦੇ ਹੱਕ ਵਿੱਚ ਭੁਗਤ ਜਾਂਦੇ ਹਨ।

ਭਾਰਤੀ ਸਿਆਸਤ ਬਾਰੇ ਬਣੀਆਂ ਫਿਲਮਾਂ ਵਿੱਚੋਂ 'ਕਿੱਸਾ ਕੁਰਸੀ ਕਾ' ਬਾਰੇ ਵੱਡੀ ਪੱਧਰ ਤੇ ਲਿਖਿਆ ਜਾ ਚੁੱਕਿਆ ਹੈ। ਸੁਧੀਰ ਮਿਸ਼ਰਾ ਦੀ ਫਿਲਮ 'ਹਜ਼ਾਰੋਂ ਖਾਹਿਸ਼ੇ ਐਸੀ' ਇਕਲੌਤੀ ਅਜਿਹੀ ਫਿਲਮ ਹੈ ਜਿਹੜੀ ਭਾਰਤੀ ਸਿਆਸਤ ਦੇ ਕਥਾਰਸਿਸ ਵਿੱਚ ਦਿਲਚਸਪੀ ਲੈਂਦੀ ਹੈ ਅਤੇ 'ਬਦਲਵੀ ਸਿਆਸਤ' ਦੀ ਸਪੇਸ ਤਲਾਸ਼ਣ ਦੀ ਕੋਸ਼ਿਸ ਕਰਦੀ ਹੈ। ਇਸ ਫਿਲਮ ਨੂੰ ਇਸ ਲਈ ਵੀ ਕਈ ਵਾਰ ਦੇਖਣਾ ਚਾਹੀਦਾ ਹੈ ਕਿ ਇਹ ਭਾਰਤੀ ਸਿਆਸਤ ਅਤੇ ਵਿਚਾਰਧਾਰਾ ਦੇ ਆਪਸੀ ਸਬੰਧਾਂ ਬਾਰੇ ਇੱਕ ਪ੍ਰਪੱਕ ਨਜ਼ਰੀਆਂ ਪੇਸ਼ ਕਰਦੀ ਹੈ।



# ਫੇਲ੍ਹ ਕਿਉਂ ਹੋ ਜਾਂਦਾ ਹੈ ਜਿਗਰ ਭਾਵ ਕੀ ਹੈ ਸਿਰੋਸਿਸ ਦਾ ਰੋਗ ?




ਡਾ. ਅਜੀਤਪਾਲ ਸਿੰਘ ਬਠਿੰਡਾ
98156-29301

ਜਿਗਰ ਦੀ ਇਸ ਖਤਰਨਾਕ ਬੀਮਾਰੀ ਨੂੰ ਸਿਰੋਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ। ਇਸ ਰੋਗ ਦਾ ਸਭ ਤੋਂ ਪ੍ਰਮੁੱਖ ਕਾਰਨ ਹੈ ਲੰਮੇ ਸਮੇਂ ਤੱਕ ਸ਼ਰਾਬ ਦੀ ਭਾਰੀ ਵਰਤੋਂ ਕਰਦੇ ਰਹਿਣਾ। ਸਾਡੇ ਦੇਸ਼ ਵਿੱਚ ਸ਼ਰਾਬ ਦੀ ਵਰਤੋਂ ਨਾਲ ਨਾਲ ਹੁੰਦੇ ਜਿਗਰ ਫੇਲ੍ਹ ਭਾਵ ਸਿਰੋਸਿਸ ਦੇ ਰੋਗ ਨਾਲ ਮਰਨ ਵਾਲਿਆਂ ਦੀ ਗਿਣਤੀ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਛੋਟੀ ਉਮਰ ਵਿੱਚ ਇਸ ਰੋਗ ਨਾਲ ਮੌਤਾਂ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਵਿੱਚ ਵੀ ਹੁੰਦੀਆਂ ਹਨ। ਸ਼ਰਾਬ ਤੋਂ ਇਲਾਵਾ ਜਿਗਰ ਦੀ ਪੁਰਾਣੀ ਸੋਜ ਵੀ ਇਸ ਬਿਮਾਰੀ ਦਾ ਮੁੱਖ ਕਾਰਨ ਬਣਦੀ ਹੈ। ਇਸ ਤੋਂ ਇਲਾਵਾ ਪਿੱਤੇ ਦਾ ਸਿਰੋਸਿਸ ਵੀ ਇਸ ਦਾ ਮੁੱਖ ਕਾਰਨ ਬਣਦਾ ਹੈ। ਜੇ ਪਿੱਤੇ ਜਾਂ ਪਿੱਤ ਨਾਲੀਆਂ ਚ ਪੱਥਰੀ ਹੋਵੇ ਜਾਂ ਫਿਰ ਇਹ ਪਿੱਤ ਨਾਲੀਆਂ ਕਿਸੇ ਕਾਰਨ ਭੀੜੀਆਂ ਹੋ ਜਾਣ ਤਾਂ ਵੀ ਇਹ ਰੋਗ ਹੋ ਜਾਂਦਾ ਹੈ।

**ਵਿਲਸਨ ਬੀਮਾਰੀ ਨਾਲ ਹੁੰਦਾ ਸਿਰੋਸਿਸ** : ਇਹ ਬੀਮਾਰੀ ਵੀ ਜਿਗਰ ਫੇਲ੍ਹ ਹੋਣ ਦਾ ਕਾਰਨ ਬਣਦੀ ਹੈ। ਵੱਖ ਵੱਖ ਤਰ੍ਹਾਂ ਦੀ ਜਿਗਰ ਦੀ ਸੋਜ ਜਾਂ ਹੈਪੇਟਾਈਟਿਸ ਜਿਵੇਂ ਹੈ ਹੈਪੇਟਾਈਟਸ-ਬੀ ਅਤੇ ਹੈਪੇਟਾਇਟਿਸ-ਸੀ ਆਦਿ ਕਾਰਨ ਲਿਵਰ ਦੇ ਸਿਰੋਸਿਸ ਦਾ ਕਾਰਨ ਬਣਦੇ ਹਨ। ਅਲਫਾ-ਐਂਟੀਟ੍ਰਿਪ ਨਾਮਕ ਪਦਾਰਥ ਦੀ ਘਾਟ ਨਾਲ ਵੀ ਸਿਰੋਸਿਸ ਵਰਗਾ ਰੋਗ ਹੋ ਜਾਂਦਾ ਹੈ । ਨਾਲ ਹੀ ਜੇ ਕੁਝ ਦਵਾਈਆਂ ਲਗਾਤਾਰ ਵੱਧ ਸਮੇਂ ਤੱਕ ਖਾਧੀਆਂ ਜਾਣ ਤਾਂ ਵੀ ਸਿਰੋਸਿਸ ਰੋਗ ਸ਼ੁਰੂ ਹੋ ਜਾਂਦਾ ਹੈ ਜਾਂ ਫਿਰ ਲੰਮੇ ਸਮੇਂ ਤੱਕ ਗਰਭ ਨਿਰੋਧਕ ਗੋਲੀਆਂ ਲੈਣ ਨਾਲ ਲੀਵਰ ਦਾ ਸਿਰੋਸਿਸ ਹੋ ਸਕਦਾ ਹੈ। ਆਰਸੈਨਿਕ ਪਦਾਰਥ ਨਾਲ ਵੀ ਇਹ ਰੋਗ ਹੁੰਦਾ ਹੈ ।

**ਲਿਵਰ ਸਿਰੋਸਿਸ ਦੇ ਮੁੱਖ ਕਾਰਨ :-** ਸ਼ਰਾਬ ਦੀ ਲੰਮਾ ਸਮਾਂ ਵਰਤੋਂ ਨਾਲ ਅਲਕੋਹਲਿਕ ਸਿਰੋਸਿਸ ਹੁੰਦਾ ਹੈ। ਲਿਵਰ ਦੀ ਪੁਰਾਣੀ ਸੋਜ ਜਿਸ ਨੂੰ ਕ੍ਰੋਨਿਕ ਹੈਪੇਟਾਈਟਿਸ ਕਹਿੰਦੇ ਹਨ। ਬਿੱਲਹਰੀ ਸਿਰੋਸਿਸ ਪਿੱਤੇ ਦੀ ਪੱਥਰੀ ਹੇਮੋਕਰੋਮਾਟੋਸਿਸ ਨਾਂ ਦੀ ਬੀਮਾਰੀ ਵਿਲਸਿੰਗ ਰੋਗ ਅਲਫਾ ਐਂਟੀ ਟ੍ਰਿਪਸ ਦੀ ਕਮੀ ਦਵਾਈਆਂ ਗਰਭ ਨਿਰੋਧਕ ਗੋਲੀਆਂ, ਅਲਕਲਾਇਡ ਦਿਲ ਦੇ ਲੰਮੇ ਸਮੇਂ ਦੇ ਰੋਗ ਮਿਸਾਲ ਵਜੋਂ ਕੰਜਸਟੀਵ ਕਾਰਡੀਅਕ ਫੇਲੀਅਰ ਜਾਂ ਇਸ ਨੂੰ ਕਾਰਡਿਕ ਸਿਰੋਸਿਸ ਕਿਹਾ ਜਾਂਦਾ ਹੈ। ਕੀ ਹੁੰਦਾ ਹੈ ਇਸ ਰੋਗ ਵਿੱਚ।

**ਜਿਗਰ ਫੇਲ੍ਹ ਭਾਵ ਸਿਰੋਸਿਸ ਰੋਗ ਵਿੱਚ ਜਿਗਰ ਦੇ ਵਿਗਾੜ** : ਇਸ ਰੋਗ ਵਿੱਚ ਪੂਰੇ ਦਾ ਪੂਰਾ ਜਿਗਰ ਅਸਰਅੰਦਾਜ਼ ਹੋ ਜਾਂਦਾ ਹੈ। ਪੂਰੇ ਜਿਗਰ ਦੇ ਸੈੱਲ ਹੌਲੀ ਹੌਲੀ ਮਰਨੇ ਸ਼ੁਰੂ ਹੋ ਜਾਂਦੇ ਹਨ ਅਤੇ ਜਿਗਰ ਵਿਚ ਸੋਜ ਆ ਜਾਂਦੀ ਹੈ। ਨਾਲ ਹੀ ਜਿਗਰ ਵਿੱਚ ਫਾਈਬਰੋਸਿਸ ਵੀ ਹੁੰਦਾ ਹੈ। ਇਸ ਕਾਰਨ ਜਿਗਰ ਦੀ ਆਮ ਬਣਤਰ ਵਿੱਚ ਤਬਦੀਲੀ ਆ ਜਾਂਦੀ ਹੈ। ਆਮ ਤਾਣਾਬਾਣਾ ਨਸ਼ਟ ਹੋਣ ਨਾਲ ਜਿਗਰ ਵਿੱਚ ਮੌਜੂਦ ਖ਼ੂਨ ਨਲਕਾਵਾਂ ਖ਼ੂਨ ਦੀ ਸਪਲਾਈ ਜਾਰੀ ਰੱਖਣ ਵਿੱਚ ਨਾਕਾਮ ਹੋ ਜਾਂਦੀਆਂ ਹਨ ਅਤੇ ਨਿਯਮਤ ਰੂਪ ਨਾਲ ਫੈਲ ਜਾਂਦੀਆਂ ਹਨ




ਅਤੇ ਜਿਗਰ ਵਿੱਚ ਵੱਡੀ ਗਿਣਤੀ ਵਿੱਚ ਗੰਢਾਂ ਬਣ ਜਾਂਦੀਆਂ ਹਨ। ਇਹ ਗੰਢਾਂ ਹੈਪੇਟਾਈਟਿਸ ਦੇ ਅਸਧਾਰਨ ਤਬਦੀਲੀ ਕਾਰਨ ਬਣਦੀਆਂ ਹਨ। ਸ਼ੁਰੂ ਸ਼ੁਰੂ ਵਿੱਚ ਇਹ ਗੰਢਾਂ ਛੋਟੀਆਂ ਹੁੰਦੀਆਂ ਹਨ ਪਰ ਪਿੱਛੋਂ ਇਹ ਗੰਢਾਂ ਸਾਈਜ਼ ਵਿੱਚ ਵਧ ਜਾਂਦੀਆਂ ਹਨ। ਇਸ ਤਰ੍ਹਾਂ ਦੀ ਤਬਦੀਲੀ ਕਾਰਨ ਜਿਗਰ ਦੇ ਮੁੱਖ ਕੰਮ ਬੁਰੀ ਤਰ੍ਹਾਂ ਅਸਰ ਅੰਦਾਜ਼ ਹੋ ਜਾਂਦੇ ਹਨ।

**ਜਿਗਰ ਦੇ ਇਸ ਰੋਗ ਦੇ ਲੱਛਣ:-** ਬਹੁਤੇ ਮਾਮਲਿਆਂ ਵਿੱਚ ਰੋਗ ਦੇ ਸ਼ੁਰੂ ਵਿੱਚ ਸਿਰੋਸਿਸ ਰੋਗ ਦੇ ਲੱਛਣ ਸਪਸ਼ਟ ਨਹੀਂ ਮਿਲਦੇ। ਹਾਂ ਰੋਗ ਵਿੱਚ ਲਿਵਰ ਦਾ ਸਾਈਜ਼ ਵਧ ਜਾਂਦਾ ਹੈ ਤੇ ਪੇਟ ਦੀ ਬਦਹਜ਼ਮੀ ਵਰਗੇ ਲੱਛਣ ਜਿਵੇਂ ਭੁੱਖ ਨਾ ਲੱਗਣੀ, ਉਲਟੀ ਦੀ ਇੱਛਾ ਹੋਣੀ ਜਾਂ ਉਲਟੀਆਂ ਲੱਗ ਜਾਣੀਆਂ, ਪੇਟ ਫੁੱਲਣਾ ਆਦਿ ਲੱਛਣ ਹੋ ਸਕਦੇ ਹਨ। ਇਹ ਲੱਛਣ ਪੇਟ ਸਬੰਧੀ ਹੋਰਾਂ ਰੋਗਾਂ ਵਿੱਚ ਵੀ ਮਿਲ ਸਕਦੇ ਹਨ। ਇਸ ਲਈ ਡਾਕਟਰ ਦਾ ਧਿਆਨ ਅਕਸਰ ਲਿਵਰ ਦੇ ਸਿਰੋਸਿਸ ਵੱਲ ਧਿਆਨ ਨਹੀਂ ਜਾਂਦਾ ਤੇ ਰੋਗ ਵਧਦਾ ਜਾਂਦਾ ਹੈ। ਇਸ ਰੋਗ ਦੇ ਕੁਝ ਹੋਰ ਲੱਛਣ ਵੀ ਹੁੰਦੇ ਹਨ ਜਿਵੇਂ ਕਿ ਰੋਗੀ ਨੂੰ ਕਮਜ਼ੋਰੀ ਮਹਿਸੂਸ ਹੋਣੀ। ਥੋੜ੍ਹਾ ਜਿੰਨਾ ਕੰਮ ਕਰਨ ਤੇ ਵੀ ਥੱਕ ਜਾਣਾ। ਪੱਠਿਆਂ ਵਿੱਚ ਦਰਦ ਹੋਣਾ। ਵਜ਼ਨ ਘਟਨਾ ਆਦਿ ਸਿਰੋਸਿਸ ਦੇ ਸ਼ੁਰੂ ਵਿੱਚ ਲਿਵਰ ਦਾ ਸਾਈਜ਼ ਵੱਡਾ ਹੁੰਦਾ ਜਾਂਦਾ ਹੈ। ਫਿਰ ਕਰਮਵਾਰ ਜਿਗਰ ਦੇ ਸੈੱਲ ਨਸ਼ਟ ਹੋਣ ਕਰਕੇ ਜਿਗਰ ਹੌਲੀ ਹੌਲੀ ਸੁੰਗੜਦਾ ਜਾਂਦਾ ਹੈ। ਭਾਵ ਉਸ ਦਾ ਸਾਈਜ਼ ਛੋਟਾ ਹੁੰਦਾ ਜਾਂਦਾ ਹੈ ਅਤੇ ਉਹ ਸਖ਼ਤ ਤੇ ਖੁਰਦਰਾ ਹੋ ਜਾਂਦਾ ਹੈ ਪਰ ਜਿਗਰ ਵਿੱਚ ਦਰਦ ਕੋਈ ਨਹੀਂ ਹੁੰਦਾ। ਪੀਲੀਆ ਇਸ ਰੋਗ ਦਾ ਇੱਕ ਹੋਰ ਲੱਛਣ ਹੈ। ਰੋਗ ਦੇ ਸ਼ੁਰੂ ਵਿੱਚ ਹਲਕਾ ਪੀਲੀਆ ਹੁੰਦਾ ਹੈ। ਇਹ ਜਿਗਰ ਵੱਲੋਂ ਬਿਲੀਰੂਬਿਨ ਦੀ ਮਾਤਰਾ ਪੈਦਾ ਨਾ ਕਰਨ ਕਰਕੇ ਹੁੰਦਾ ਹੈ। ਕੁਝ ਮਾਤਰਾ 'ਚ ਲਾਲ ਰਕਤ ਸੈੱਲ ਵੀ ਨਸ਼ਟ ਹੋ ਜਾਂਦੇ ਹਨ। ਪਰ ਇਹ ਪੀਲੀਆ ਇਸ ਕਾਰਨ ਨਹੀਂ ਹੁੰਦਾ। ਰੋਗੀ ਦੀਆਂ ਹਥੇਲੀਆਂ 'ਚ ਲਾਲ ਦਾਇਰੇ ਵੀ ਦਿੱਸ ਜਾਂਦੇ ਹਨ ਪਰ ਰੋਗ ਦੀ ਪਹਿਚਾਨ ਵਿੱਚ ਇਨ੍ਹਾਂ ਦਾ ਸੀਮਤ ਮਹੱਤਵ ਹੀ ਹੁੰਦਾ ਹੈ। ਇਸ ਤੋਂ ਇਲਾਵਾ ਛੋਟੀ ਰਕਤ ਵਹਿਣੀਆਂ 'ਚ ਸੋਜ ਕਾਰਨ ਕਿਤੇ ਕਿਤੇ ਇਹ ਚਮੜੀ ਉੱਪਰ ਮੱਕੜੀ ਦੇ ਆਕਾਰ ਦੀਆਂ ਦਿੱਸਦੀਆਂ ਹਨ। ਜਿਸ ਨੂੰ ਸਪਾਈਡਰ ਜ਼ਿੰਕਟੇਸੀਆਂ ਕਹਿੰਦੇ ਹਨ। ਇਨ੍ਹਾਂ ਦਾ ਸਾਈਜ਼ ਦੋ ਮਿਲੀਮੀਟਰ ਤੋਂ ਲੈ ਕੇ ਦੋ ਸੈਂਟੀਮੀਟਰ ਤੱਕ ਹੋ ਜਾਂਦਾ ਹੈ। ਇਹ ਛਾਤੀਆਂ ਦੀ ਨਿੱਪਲ ਉੱਪਰ ਮੌਜੂਦ ਹੁੰਦੇ ਹਨ ਅਤੇ ਰੋਗ ਦੀ ਦਿਸ਼ਾ ਵਿੱਚ ਹੀ ਮਿਲਦੇ ਹਨ। ਜੇ ਔਰਤ ਗਰਭਵਤੀ ਨਹੀਂ ਹੈ ਅਤੇ ਇਹ ਸਪਾਈਡਰ ਪਾਏ ਜਾਂਦੇ ਹਨ ਜੋ ਸਿਰੋਸਿਸ ਦੀ ਸੰਭਾਵਨਾ ਬਣਦੀ ਹੈ। ਸ਼ਰਾਬ ਜਾਂ ਅਲਕੋਹਲ ਨਾਲ ਪੈਦਾ ਹੋਈ ਸਿਰੋਸਿਸ ਵਿੱਚ ਜਬਾੜੇ ਦੇ ਹੇਠਾਂ ਦੀ ਪੈਰਾਥਰਡ ਗ੍ਰੰਥੀ ਵਿੱਚ ਸੋਜ ਤੇ ਮਰਦਾਂ 'ਚ ਔਰਤਾਂ ਵਰਗੇ ਲੱਛਣ ਦਿੱਸਦੇ ਹਨ। ਹੇਮੋਕਰੋਮਾਟੋਸਿਸ ਕਾਰਨ ਪੈਂਦਾ ਸਿਰੋਸਿਸ ਵਿੱਚ ਛੋਟੇ ਰੰਗੀਨ ਧੱਬੇ ਦਿਸਦੇ ਹਨ। ਬਾਅਦ ਦੀ ਅਵਸਥਾ ਚ ਆਕਸੀਜਨ ਦੀ ਘਾਟ ਕਰਕੇ ਸਰੀਰ ਦੇ ਅੰਗ ਨੀਲੇ ਹੋ ਸਕਦੇ ਹਨ। ਇਸ ਰੋਗ ਦੇ ਹੋਰ ਕਈ ਲੱਛਣ ਤੇ ਸਰੀਰਕ ਤਬਦੀਲੀਆਂ ਵੀ ਹੁੰਦੀਆਂ ਹਨ। ਸੱਤਰਵੀ ਗ੍ਰੰਥੀਆਂ ਦੀਆਂ ਤਬਦੀਲੀਆਂ ਕਾਰਨ ਮਰਦਾਂ ਚ ਜਿਵੇਂ ਕਿ ਦੱਸਿਆ ਗਿਆ ਹੈ ਯੌਨ ਅੰਗਾਂ ਦੇ ਵਾਲ ਚੜ੍ਹ ਜਾਂਦੇ ਹਨ। ਨੱਕ ਵਿੱਚੋਂ ਖ਼ੂਨ ਵੀ ਵਗ ਸਕਦਾ ਹੈ। ਇਹ ਕਈ ਵਾਰ ਗੰਭੀਰ ਰੂਪ ਵੀ ਲੈ ਲੈਂਦਾ ਹੈ। ਸਪਲੀਨ ਦਾ ਸਾਈਜ਼ ਵੀ ਵਧ ਜਾਂਦਾ ਹੈ। ਪੋਰਟਲ ਰਕਤ ਵਿੰਨੀਆਂ ਦਾ ਦਬਾਅ ਵੱਧ ਜਾਂਦਾ ਹੈ। ਇਸ ਕਾਰਨ ਰੋਗੀ ਨੂੰ ਆਮ ਤੌਰ 'ਤੇ ਬਵਾਸੀਰ ਦੀ ਸ਼ਿਕਾਇਤ ਰਹਿੰਦੀ ਹੈ। ਪੋਰਟਲ ਹਾਈਪਰਟੈਸ਼ਨ ਤੇ ਜਿਗਰ ਦੇ ਠੀਕ ਤਰ੍ਹਾਂ ਕੰਮ ਨਾ ਕਰਨ ਕਰਕੇ ਪੇਟ 'ਚ ਪਾਣੀ ਭਰਨ ਲੱਗਦਾ ਹੈ। ਇਹ ਸਥਿਤੀ ਰੋਗ ਦੇ ਵਧੇ ਹੋਏ ਪੜ੍ਹਾ ਵਿੱਚ ਹੁੰਦੀ ਹੈ। ਇਸ ਦਿਸ਼ਾ ਵਿੱਚ ਰੋਗੀ ਦੇ ਦਿਮਾਗ ਵਿੱਚ ਰੋਗ ਦਾ ਅਸਰ ਹੋਣ ਲੱਗਦਾ ਹੈ। ਇਸ ਕਾਰਨ ਉਹ ਨੀਮ ਬੇਹੋਸ਼ੀ ਦੀ ਹਾਲਤ ਵਿਚ ਜਾ ਸਕਦਾ ਹੈ ਜਾਂ ਫਿਰ ਉਹ ਪੂਰੀ ਤਰ੍ਹਾਂ ਬੇਹੋਸ਼ ਹੋ ਜਾਂਦਾ ਹੈ। ਇਸ ਨੂੰ ਹੇਪੈਟਿਕ ਇਨਕਫੈਲੋਪੈਥੀ ਕਹਿੰਦੇ ਹਨ। ਹੱਥਾਂ ਪੈਰਾਂ ਦੀਆਂ ਉਂਗਲੀਆਂ ਦੇ ਮੂਹਰਲੇ ਭਾਗ ਮੋਟੇ ਹੋ ਜਾਂਦੇ ਹਨ। ਔਰਤਾਂ 'ਚ ਮਾਹਵਾਰੀ ਵਧ ਜਾਂਦੀ ਹੈ। ਮਰਦ ਦੇ ਦਾ ਸਾਈਜ਼ ਘੱਟ ਹੋਣ ਲੱਗਦਾ ਹੈ ਤੇ ਨਿਪੁੰਸਕਤਾ ਆ ਜਾਂਦੀ ਹੈ। ਇਸ ਦੇ ਕਾਰਨ ਉਹ ਮੁਕਦਰ ਦੇ ਵਰਗੀਆਂ ਦਿਸਦੀਆਂ ਹਨ। ਇਨ੍ਹਾਂ ਸਾਰੇ ਲੱਛਣਾਂ ਤੋਂ ਇਲਾਵਾ ਰੋਗੀ ਨੂੰ ਹਲਕਾ ਬੁਖਾਰ ਵੀ ਹੋ ਸਕਦਾ ਹੈ ।

**ਰੋਗ ਦੀ ਪਹਿਚਾਣ ਲਈ ਜਾਂਚ :-** ਰੋਗ ਦੀ ਸਥਿਤੀ ਪਤਾ ਕਰਨੀ ਅਜਕਲ ਬਹੁਤ ਟੈਸਟ ਮੁਹੱਈਆ ਹਨ। ਜਿਸ ਨੂੰ ਡਾਕਟਰ ਦੀ ਸਲਾਹ ਮੁਤਾਬਕ ਕਰਵਾਇਆ ਜਾ ਸਕਦਾ ਹੈ।

ਸਭ ਤੋਂ ਪਹਿਲੀ ਮਹੱਤਵਪੂਰਨ ਜਾਂਚ ਹੈ ਕੰਪਿਊਟਰਰਾਈਜ਼ਡ ਸੀਟੀ ਸਕੈਨ ਕਿਹਾ ਜਾਂਦਾ ਹੈ। ਇਸ ਨਾਲ ਜਿਗਰ ਤੇ ਪੇਟ ਤੇ ਅੰਗਾਂ ਦੀ ਅਸਮਾਨਤਾ ਜਾਂ ਤਬਦੀਲੀ ਦਾ ਪਤਾ ਲੱਗਦਾ ਹੈ। ਪਰ ਇਹ ਜਾਂਚ ਕੁਝ ਮਹਿੰਗੀ ਅਤੇ ਵੱਡੇ ਸ਼ਹਿਰਾਂ ਵਿੱਚ ਹੀ ਮਾਇਆ ਹੈ। ਦੂਜੀ ਇੱਕ ਹੋਰ ਜਾਂਚ ਹੈ।

ਅਲਟਰਾਸੋਨੋਗ੍ਰਾਫੀ ਜਿਗਰ ਤੇ ਪੇਟ ਦੇ ਹੋਰਨਾਂ ਅੰਗਾਂ ਦੀ ਜਾਂਚ ਕਰਕੇ ਮਾਹਿਰ ਡਾਕਟਰ ਇਸ ਰੋਗ ਪਤਾ ਕਰ ਸਕਦੇ ਹਨ। ਇਹ ਜਾਂਚ ਮੁਕਾਬਲੇ ਤੋਂ ਸਸਤੀ ਹੈ ਅਤੇ ਹਰ ਥਾਂ ਤੇ ਮਿਲ ਜਾਂਦੀ ਹੈ। ਇਸ ਨਾਲ ਪੇਟ 'ਚ ਭਰੇ ਪਾਣੀ ਦਾ ਵੀ ਪਤਾ ਲੱਗ ਜਾਂਦਾ ਹੈ। ਤੀਸਰੀ ਇਕ ਹੋਰ ਜਾਂਚ ਹੈ ਇੰਡੋਸਕੋਪੀ। ਇਸੇ ਪੇਟ ਦੇ ਉਪਰਲੇ ਤੇ ਹੇਠਲੇ ਹਿੱਸਿਆਂ ਦੀ ਜਾਂਚ ਸ਼ਾਮਲ ਹੈ। ਚੌਥੀ ਹੈ ਖ਼ੂਨ ਦੀ ਬਾਇਓ ਕੈਮੀਕਲ ਜਾਂਚ ਇਨ੍ਹਾਂ ਬਲੱਡ ਟੈਸਟ ਨਾਲ ਜਿਗਰ ਦੇ ਕੰਮ ਦੀ ਸਥਿਤੀ ਤੇ ਉਸ ਦੀਆਂ ਬਹੁਤ ਸਾਰੀਆਂ ਗੜਬੜਾਂ ਦਾ ਪਤਾ ਲੱਗ ਜਾਂਦਾ ਹੈ। ਇਸ ਨੂੰ ਲੀਵਰ ਟੈੱਸਟ (ਐੱਲ ਐੱਫ ਟੀ) ਵੀ ਕਹਿੰਦੇ ਹਨ। ਹੇਠ ਲਿਖੀਆਂ ਜਾਂਚਾਂ ਇਸ ਵਿਚ ਸ਼ਾਮਲ ਹੁੰਦੀਆਂ ਹਨ :- ਪੀਲੀਏ ਨਹੀਂ ਸੀਰਮ ਬਿਲੀਰੂਬਿਨ ਦੀ ਜਾਂਚ ਕੀਤੀ ਜਾਂਦੀ ਹੈ। ਸੀਰਮ ਪ੍ਰੋਟੀਨ ਜਿਵੇਂ ਕਿ ਐਲਬਿਊਮਿਨ ਗਲੋਬੂਲਿਨ ਅਨੁਪਾਤ ਇਸ ਨਾਲ ਖ਼ੂਨ 'ਚ ਪ੍ਰੋਟੀਨ ਦੀ ਮਾਤਰਾ ਦਾ ਪਤਾ ਕੀਤਾ ਜਾਂਦਾ ਹੈ। ਇੱਕ ਹੋਰ ਜਾਂਚ ਹੈ ਪੀਟੀਆਈ। ਇਹ ਜਾਂਚ ਖ਼ੂਨ ਜਮਾਉਣ ਵਾਲੇ ਫੈਕਟਰਾਂ ਦੀ ਪਰਖ ਲਈ ਕੀਤੀ ਜਾਂਦੀ ਹੈ। ਇਸ ਤੋਂ ਵੀ ਅਗਲੀ ਜਾਂਚ ਹੈ। ਸੀਰਮ ਅਲਕੇਲਾਈਨ ਫਾਸਫੇਟ। ਜਿਗਰ ਦੀ ਹਾਲਤ ਪਤਾ ਕਰਨ ਲਈ ਇਹ ਜਾਂਚ ਵੀ ਬਹੁਤ ਜਰੂਰੀ ਹੈ। ਐੱਸਜੀਓਟੀ ਅਤੇ ਐੱਸਜੀਪੀਟੀ ਇਸ ਜਾਂਚ ਨਾਲ ਲਿਵਰ ਦੀ ਕਾਰਜ ਸਮਰੱਥਾ ਵੇਖੀ ਜਾਂਦੀ ਹੈ। ਇੱਕ ਹੋਰ ਟੈਸਟ ਵੀ ਆਪਸੀ ਵੀ ਹੈ ਜਿਸ ਵਿੱਚ ਜਿਗਰ ਦਾ ਟੁਕੜਾ ਲੈ ਕੇ ਉਸ ਦੀ ਜਾਂਚ ਕੀਤੀ ਜਾਂਦੀ ਹੈ। ਇਸ ਦੇ ਨਾਲ ਵੀ ਰੋਗ ਦਾ ਪਤਾ ਲੱਗ ਜਾਂਦਾ ਹੈ। ਰੋਗ ਦਾ ਇਲਾਜ ਰੋਗ ਠੀਕ ਕਰਨ ਜਾਂ ਅੱਗੇ ਵਧਣ ਤੋਂ ਰੋਕਣ ਲਈ ਸਿਰੋਸਿਸ ਹੋਣ ਦੇ ਕਾਰਨ ਨੂੰ ਦੂਰ ਕਰਨ ਲਈ ਉਪਰਾਲੇ ਕੀਤੇ ਜਾਂਦੇ ਹਨ। ਮਿਸਾਲ ਵਜੋਂ ਮਰੀਜ਼ ਦੀ ਸ਼ਰਾਬ ਛੁਡਾਈ ਜਾਂਦੀ ਹੈ। ਸ਼ਰਾਬ ਦੀ ਵਰਤੋਂ ਬੰਦ ਕਰਨ ਲਈ ਮਰੀਜ਼ ਤੇ ਦਬਾਅ .ਪਾਇਆ ਜਾਂਦਾ ਹੈ। ਉਸ ਨੂੰ ਸਮਝਾਇਆ ਜਾਂਦਾ ਹੈ। ਇਸ ਤੋਂ ਇਲਾਵਾ ਪੌਸ਼ਟਿਕ ਆਹਾਰ (ਪ੍ਰੋਟੀਨ ਭਰਪੂਰ) ਆਹਾਰ ਦਿੱਤੇ ਜਾਂਦੇ ਹਨ। ਨਾਲ ਹੀ ਇਸ ਰੋਗ ਨਾਲ ਪੈਦਾ ਹੋਈਆਂ ਗੁੰਝਲਾਂ ਦਾ ਵੀ ਸਹੀ ਇਲਾਜ ਕੀਤਾ ਜਾਂਦਾ ਹੈ। ਰੋਗੀ ਨੂੰ ਹਸਪਤਾਲ 'ਚ ਭਰਤੀ ਕਰਨ ਦੀ ਵੀ ਲੋੜ ਹੁੰਦੀ ਹੈ। ਖਾਸ ਕਰਕੇ ਜਦੋਂ ਪੀਲੀਆ ਹੋਵੇ ਅਤੇ ਪੇਟ 'ਚ ਪਾਣੀ ਭਰਨ ਦੀ ਸ਼ਿਕਾਇਤ ਵੀ ਹੋ ਜਾਵੇ ਫਿਰ ਇਲਾਜ 'ਚ ਅੱਛੇ ਮਾਹਰ ਡਾਕਟਰ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਰੋਗ ਦੀ ਵਧੀ ਹੋਈ ਹਾਲਤ ਚ ਰੋਗੀ ਦੇ ਠੀਕ ਹੋਣ ਦੀ ਘੱਟ ਸੰਭਾਵਨਾ ਹੁੰਦੀ ਹੈ। ਅਜਿਹੀ ਹਾਲਤ ਵਿੱਚ ਜਿਗਰ ਬਦਲਣ ਦੀ ਲੋੜ ਪੈ ਸਕਦੀ ਹੈ। ਜਦੋਂ ਹੋਰ ਉਪਾਵਾਂ ਤੇ ਇਲਾਜ ਨਾਲ ਸਫਲਤਾ ਨਹੀਂ ਮਿਲਦੀ ਤਾਂ ਜਿਗਰ ਬਦਲਣ ਵਾਲੇ ਡਾਕਟਰ ਦੀ ਸਲਾਹ ਲਈ ਜਾਂਦੀ ਹੈ। ਅੱਜਕਲ੍ਹ ਦਿੱਲੀ ਵਰਗੇ ਵੱਡੇ ਸ਼ਹਿਰਾਂ ਚ ਲਿਵਰ ਬਦਲੇ ਜਾਣ ਲੱਗੇ ਹਨ। ਇਸ ਲਈ ਸਹੀ ਲਿਵਰ ਦਾਨ ਕਰਦਾ ਹੋਣਾ ਚਾਹੀਦਾ ਹੈ ਆਪ੍ਰੇਸ਼ਨ ਦੌਰਾਨ ਪੂਰਾ ਜਿਗਰ ਨਹੀਂ ਬਦਲਿਆ ਜਾਂਦਾ ਬਲਕਿ ਇਸ ਦਾ ਇੱਕ ਟੋਟਾ ਹੀ ਲਿਆ ਜਾਂਦਾ ਹੈ। ਤਾਂ ਕਿ ਦਾਨਦਾਤਾ ਨੂੰ ਵੀ ਕੋਈ ਸਿਹਤ ਸਮੱਸਿਆ ਨਾ ਹੋਵੇ । ਇਹ ਦਾ ਖਰਚਾ ਚਾਲੀ ਲੱਖ ਰੁਪਏ ਤੋਂ ਉੱਪਰ ਆ ਜਾਂਦਾ ਹੈ। ਚੰਗੀ ਗੱਲ ਤਾਂ ਇਹੀ ਹੈ ਕਿ ਲੋਕ ਆਪਣੇ ਜਿਗਰ ਨੂੰ ਬਚਾ ਕੇ ਰੱਖਣ ਅਜਿਹੇ ਪਦਾਰਥਾਂ ਜਾਂ ਦਵਾਈਆਂ ਦੀ ਵਰਤੋਂ ਨਾ ਕਰਨ ਜਿਹੜੀਆਂ ਜਿਗਰ ਨੂੰ ਨੁਕਸਾਨ ਪਹੁੰਚਾਉਂਦੀਆਂ ਹੋਣ। ਜਿਗਰ ਦੀ ਬਿਮਾਰੀ ਤੋਂ ਬਚਾਅ ਦੇ ਉਪਾਅ ਸ਼ਰਾਬ ਦੀ ਵਰਤੋਂ ਨਾ ਕਰੋ। ਡਾਕਟਰ ਤੋਂ ਪੁੱਛੇ ਬਿਨਾਂ ਦਵਾਈ ਨਹੀਂ ਲੈਣੀ ਚਾਹੀਦੀ। ਵੱਧ ਮਾਤਰਾ ਵਿੱਚ ਕੋਈ ਦਵਾਈ ਨਾ ਲਵੋ। ਹੈਪੇਟਾਈਟਿਸ-ਬੀ ਦੀ ਵੈਕਸੀਨ ਜ਼ਰੂਰ ਲਾਓ। ਵਿਟਾਮਿਨ-ਏ ਤੇ ਡੀ ਦੀ ਵਰਤੋਂ ਵੱਧ ਕਰੋ। ਖ਼ੂਨ ਦਾਨ ਕਰਨ ਜਾਂ ਖ਼ੂਨ ਲੈਣ ਸਮੇਂ ਸਾਵਧਾਨੀ ਵਰਤੋਂ। ਕੋਈ ਦੂਸ਼ਿਤ ਖ਼ੂਨ ਨਾਲ ਲਵੋ। ਕੁਦਰਤੀ ਭੋਜਨ ਹੀ ਵਰਤੋਂ ਤਾਜੇ ਫੁੱਲ ਅਤੇ ਹਰੀਆਂ ਸਬਜ਼ੀਆਂ ਦੁੱਧ ਪਦਾਰਥ ਦੀ ਵਰਤੋਂ ਕਰੋ। ਹੈਪੇਟਾਇਟਿਸ ਤੋਂ ਬਚਣ ਲਈ ਯੌਨ ਸਬੰਧਾਂ ਤੇ ਵੀ ਧਿਆਨ ਦਿਓ। ਫੇਰ ਹੀ ਜਿਗਰ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

## Home Life silver city Christmas Party



A massive congregation on 2017 was fabulous, Thanks to my own brother Ajit Garcha, Baljit Garcha and all HL Silvercity Team members, Our staff, Ruhi Sood and each one who made last night HL Silvercity Christmas Party and Awards Night Memorable. Best of Luck for 2018. Congratulations to All Award winners. Heartily Thanks to All community leaders, political personalities, Media,Friends and Team Members who gave us opportunity to Enjoy this delightful evening. Very special Thanks to Homelife CEO Andrew Cimerman, Director Ed Pupulin, our own Parminder Mangat, Baljinder Sandhu and everyone. Very wonderful events for children who really loved it.



CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com

# ਇੱਕ ਔਰਤਾਂ ਦੀ ਮੰਡੀ ਹੋਰ ਲੱਗਿਆ ਕਰਦੀ ਸੀ ਜਿਸ ਨੂੰ ਅੱਜ ਤੀਆਂ ਕਹਿੰਦੇ ਹਨ

ਇੱਕ ਔਰਤਾਂ ਦੀ ਮੰਡੀ ਹੋਰ ਲੱਗਿਆ ਕਰਦੀ ਸੀ ਜਿਸ ਨੂੰ ਅੱਜ ਤੀਆਂ ਕਹਿੰਦੇ ਹਨ। ਜਗੀਰਦਾਰ ਲੋਕ ਤੀਆਂ ਦੇ ਨਾਂ ਤੇ ਔਰਤਾਂ ਦੀ ਮੰਡੀ ਲਾਇਆ ਕਰਦੇ ਸਨ ਤਾਂ ਕਿ ਉਸ ਮੰਡੀ ਵਿਚੋਂ ਅਪਣੇ ਪਸੰਦ ਦੀ ਔਰਤ ਚੁਣੀ ਜਾ ਸਕੇ। ਹੁਣ ਘਰ ਘਰ ਕਿਹੜਾ ਜਾ ਕੇ ਦੇਖੇ ਕਿ ਕਿਸ ਘਰ ਵਿਚ ਸੋਹਣੀ ਔਰਤ ਹੈ ਤੇ ਇਸ ਦਾ ਸੌਖਾ ਰਾਹ ਤੀਆਂ ਸਨ। ਪਰ ਜਿਵੇਂ ਔਰਤ ਨੇ ਅਪਣੇ ਨੱਕ ਦੀ ਨਕੇਲ ਨੂੰ ਕੋਕੇ ਵਿਚ ਅਤੇ ਕੰਨਾ ਵਿਚ ਪਾਈ ਨੱਥ ਵਰਗੀ ਸ਼ੈਅ ਨੂੰ ਕਾਂਟੇ-ਵਾਲੀਆਂ ਵਿਚ ਅਤੇ ਪੈਰੀਂ ਪਾਈਆਂ ਬੇੜੀਆਂ ਨੂੰ ਝਾਝਰਾਂ ਵਿਚ ਬਦਲ ਕੇ ਸ਼ਿੰਗਾਰ ਦਾ ਰੂਪ ਦੇ ਲਿਆ ਹੈ ਉਵੇਂ ਹੀ ਮੰਡੀਆਂ ਵਿਚ ਲਾਈਆਂ ਜਾਂਦੀਆਂ ਨੁਮਾਇਸ਼ਾਂ ਨੂੰ ਹੁਣ ਤੀਆਂ ਦਾ 'ਫੈਸ਼ਨ' ਬਣਾ ਲਿਆ ਗਿਆ ਹੈ ਤੇ ਜਿਸ ਵਿਚ ਗਾਇਕਾਂ ਦੇ ਨਾਂ ਤੇ ਪੰਜਾਬ ਤੋਂ ਆਏ ਮੁਸ਼ਟੰਡੇ ਵੀ ਨੱਚਦੇ ਹਨ।

ਬੰਦਾ 'ਸਿਆਣਾ' ਬੜਾ ਹੋ ਗਿਆ ਉਸ ਇਕ ਹੋਰ ਮੰਡੀ ਦੀ ਕਾਢ ਕੱਢੀ। ਉਹ ਸੀ ਫੈਸ਼ਨ ਸ਼ੌਅ! ਫੈਸ਼ਨ ਸ਼ੋਅ ਦੇ ਨਾਂ ਤੇ ਔਰਤ ਆਉਂਦੀ ਹੈ, ਅਪਣੇ ਜਿਸਮ ਦੀ ਨੁਮਾਇਸ਼ ਲਾਉਂਦੀ ਹੈ, ਅਪਣੀ ਦੇਹ ਨੂੰ ਅੱਧ ਨੰਗਿਆਂ ਕਰ ਵਿੱਕਣ ਲਈ ਤਿਆਰ ਖੜੀ ਦਿੱਸਦੀ ਹੈ। ਤੇ ਉਨ੍ਹਾਂ ਫੈਸ਼ਨ ਸ਼ੌਆਂ ਵਿਚ ਔਰਤ ਨੂੰ ਖਰੀਦਣ ਵਾਲੇ ਅਮੀਰ ਘਰਾਣਿਆਂ ਦੇ ਲੁੱਚੇ ਲੋਕ ਆਉਂਦੇ ਹਨ। ਅੰਦਰਾਖਾਤੇ ਪਸੰਦ ਆਈ ਔਰਤ ਦੀ ਵਧ ਚੜ੍ਹ ਕੇ ਬੋਲੀ ਲੱਗਦੀ ਹੈ ਅਤੇ ਉਸ ਮੰਡੀ ਵਿਚੋਂ ਅਪਣੇ ਪਸੰਦ ਦੀ ਔਰਤ ਅਮੀਰ ਲੋਕਾਂ ਦੀਆਂ ਰਾਤਾਂ ਦਾ ਸ਼ਿੰਗਾਰ ਬਣਦੀ ਹੈ। ਇਹ ਮੰਡੀ ਕਿਉਂਕਿ ਆਮ ਲੋਕਾਂ ਲਈ ਨਹੀਂ ਹੁੰਦੀ ਇਸ ਲਈ ਅਵਾਮ ਤੱਕ ਇਸ ਦੀ ਜਾਣਕਾਰੀ ਵੀ ਬਹੁਤੀ ਨਹੀਂ ਪਹੁੰਚਦੀ ਪਰ ਇਸ ਦੇ ਪਿੱਛੇ ਕਾਰਨ ਔਰਤ ਨੂੰ ਮੰਡੀ ਵਿਚ ਵੇਚਣਾ ਹੀ ਹੁੰਦਾ ਹੈ। ਵਿੱਕੀ ਹੋਈ ਔਰਤ ਨੂੰ ਵਪਾਰੀ ਬੰਦਾ ਫਿਰ ਦੁਬਾਰਾ ਬਦਲਵੇਂ ਰੂਪ ਵਿਚ ਵੇਚਦਾ ਹੈ ਯਾਨੀ ਇਸ਼ਤਿਹਾਰ-ਬਾਜੀ ਕਰਕੇ! ਉਸ ਦੇ ਅੱਧ-ਨੰਗੇ ਜਿਸਮ ਨੂੰ ਉਹ ਅਪਣੇ ਵਪਾਰ ਦੇ ਇਸ਼ਤਿਹਾਰਾਂ ਵਿਚ ਬਾਖ਼ੂਬ ਵੇਚਦਾ ਹੈ। ਯਾਨੀ ਔਰਤ ਹੀ ਇਕ ਅਜਿਹੀ ਸ਼ੈਅ ਬਣਾ ਦਿੱਤੀ ਗਈ ਹੈ ਕਿ ਉਸ ਨੂੰ ਵਿਕੀ ਹੋਈ ਨੂੰ ਵੀ ਦੁਬਾਰਾ ਦੁਬਾਰਾ ਵੇਚੀ ਤੁਰਿਆ ਜਾਂਦਾ ਹੈ ਬੰਦਾ।

ਇਕ ਮੰਡੀ ਹੋਰ ਲੱਭੀ ਸ਼ੈਤਾਨ ਅਤੇ ਲੁੱਚੇ ਕਿਸਮ ਦੇ ਬੰਦੇ ਨੇ। ਉਹ ਮੰਡੀ ਹੈ 'ਮਿੱਸਾਂ' ਦੀ। ਆਹ ਮਿੱਸ ਯੂਨੀਵਰਸ, ਆਹ ਮਿੱਸ ਅਮਰੀਕਾ, ਆਹ ਮਿਸ ਕਨੇਡਾ, ਆਹ ਮਿਸ ਇੰਡੀਆਂ ਤੇ ਹੁਣ ਆਹ ਲਓ ਮਿੱਸ ਪੰਜਾਬਣ? ਗੱਲ ਬਣੀ ਨਹੀਂ।

ਲੁੱਚੇ ਲੋਕਾਂ ਨਾਲ ਤਾਂ ਦੁਨੀਆਂ ਭਰੀ ਪਈ ਹੁਣ ਬਾਕੀ ਕਿਧਰ ਜਾਣ। ਉਨ੍ਹਾਂ ਦੀ ਪਹੁੰਚ ਵੱਡੀਆਂ ਮੰਡੀਆਂ ਗੋਚਰੀ ਤਾਂ ਹੈ ਨਹੀਂ ਸੀ ਉਨ੍ਹਾਂ ਸ਼ਹਿਰਾਂ ਦੇ ਨਾਂ ਤੇ ਛੋਟੀਆਂ ਮੰਡੀਆਂ ਲਾਉਂਣੀਆਂ ਸ਼ੁਰੂ ਕਰ ਦਿੱਤੀਆਂ। ਲੋਕਲ! ਮਿਸ ਟਰੰਟੋ? ਗੱਲ ਰੁਕੀ ਥੋੜੋਂ ਹਾਲੇ। ਹਵਸੀ ਅਤੇ ਵਪਾਰੀ ਮਨੁੱਖ ਹੁਣ ਗੱਲ ਨੂੰ ਹੋਰ ਅਗੇ ਲੈ ਗਿਆ ਹੈ। ਹੁਣ ਪੰਜਾਬ ਵਿਚ ਕੀ ਏ ਅਖੇ 'ਮਿਸ ਕਰਵਾਚੌਥ'? ਇਹ ਨਵੀ ਕੱਢ ਮਾਰੀ 'ਮਿਸ ਕਰਵਾਚੌਥ'! ਕਰਵਾਚੌਥ ਦਾ ਮਿਸ ਹੋਣ ਨਾਲ ਦੂਰ ਦਾ ਵੀ ਵਾਸਤਾ ਨਹੀਂ। ਪਰ ਵਾਸਤੇ ਨੂੰ ਮੋਇਆ ਕਿਸ ਪੁੱਛਣਾ। ਗੱਲ ਚਲ ਜਾਣੀ ਹੈ ਤੇ 'ਮਿਸ ਕਰਵਾਚੌਥ' ਵੀ ਵਪਾਰ ਕਰਕੇ ਦੇਵੇਗੀ। ਤੁਹਾਨੂੰ ਪਤੈ ਇਸ ਵਾਰੀ ਪੰਜ ਹਜਾਰ ਕ੍ਰੋੜ ਰੁਪਏ ਦਾ ਵਪਾਰ ਹੋਇਆ ਇਸ ਕਰਵਾਚੌਥ ਉਪਰ! ਤੇ ਜਦ ਅਗਲੀ ਵਾਰੀ ਥਾਂ ਥਾਂ ਮਿਸ ਕਰਵਾਚੌਥ ਹੋਣਗੀਆਂ ਤਾਂ ਉਸ ਦਾ ਵਪਾਰ? ਕੋਈ ਵੱਡੀ ਗੱਲ ਨਹੀਂ ਕਿ ਕੱਲ ਨੂੰ ਮਿਸ ਦੀਵਾਲੀ, ਫਿਰ ਮਿਸ ਦੁਸਹਿਰਾ, ਫਿਰ ਮਿਸ ਲੋਹੜੀ, ਫਿਰ ਮਿਸ ਵਿਸਾਖੀ, ਮਿਸ ਹੋਲੀ, ਮਿਸ ਦਸਮੀ ਵਲ ਵੀ ਮਨੁੱਖ ਵਧ ਤੁਰੇ। ਜਦ ਬੰਦੇ ਸ਼ਰਮ ਹੀ ਸਾਰੀ ਲਾਹ ਮਾਰੀ ਤੇ ਉਸ ਨੂੰ ਰੋਕਣ-ਟੋਕਣ ਵਾਲਾ ਵੀ ਕੋਈ ਨਾ ਰਿਹਾ ਤਾਂ ਉਹ ਕੱਲ ਨੂੰ ਅਲਫ ਨੰਗੀ ਔਰਤ ਦੀ ਮੰਡੀ ਵੀ ਲਾ ਸਕਦਾ। ਉਸ ਨੂੰ ਤਾਂ ਬਹਾਨਾ ਚਾਹੀਦਾ ਔਰਤ ਨੂੰ ਮੰਡੀ ਵਿਚ ਵੇਚ ਕੇ ਅਪਣੀ ਹਵਸ ਪੂਰੀ ਕਰਨ ਦਾ! ਨਹੀਂ?

ਆਹ ਹੁਣੇ ਜਿਹੇ ਮਿਸ ਟਰੰਟੋ ਹੋ ਹਟੀ ਹੈ। ਉਸ ਵਿਚ ਪੰਜਾਬ ਦੇ 'ਸ਼ੇਰ' ਵੀ ਕਿਉਂ ਪਿੱਛੇ ਰਹਿਣ ਉਨ੍ਹਾਂ ਕੀ ਕੀਤਾ? ਉਨ੍ਹਾ ਵੀ ਪੰਜਾਬ ਦੀਆਂ ਧੀਆਂ-ਭੈਣਾਂ ਦੀਆਂ ਮੰਡੀਆਂ ਲਾਉਂਣੀਆਂ ਸ਼ੁਰੂ ਕਰ ਦਿੱਤੀਆਂ ਤੇ ਇਹ ਕੀ ਏ! ਅਖੇ ਸਭਿਆਚਾਰ? ਕੋਈ ਬਾਂਹ ਖੜੀ ਕਰਕੇ ਦੱਸੇ ਕਿ ਪੰਜਾਬ ਨੇ ਅਪਣੀਆਂ ਧੀਆਂ-ਭੈਣਾਂ ਦੀ ਲੱਗੀ ਮੰਡੀ ਨੂੰ ਪੰਜਾਬ ਦਾ ਸਭਿਆਚਾਰ ਮੰਨਿਆ ਹੋਵੇ! ਕਿਹੜੇ ਸਭਿਆਚਾਰ ਦੀ ਗੱਲ ਕਰਦੇ ਨੇ ਇਹ ਬੇਸ਼ਰਮ ਲੋਕ! ਮੰਡੀ ਕਿਸਦੀ ਲੱਗਦੀ ਹੈ? ਵਿਕਾਊ ਚੀਜ ਦੀ! ਤੁਸੀਂ ਰੂਪ ਜੋ ਮਰਜੀ ਦੇ ਲਓ, ਪਰ ਤੁਸੀਂ ਦੌੜ ਨਹੀਂ ਸਕਦੇ ਇਸ ਗੱਲ ਤੋਂ ਕਿ ਅਜਿਹੇ ਸ਼ੋਅ ਮੰਡੀਆਂ ਤੋਂ ਸਿਵਾਏ ਕੁਝ ਨਹੀ।

**- ਜਪਲੀਨ ਕੌਰ**

# ਛਾਪਿਆਂ ਦੀ ਸਿਆਸਤ



ਪਿਛਲੇ 10-12 ਦਿਨਾਂ ਵਿੱਚ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਸ੍ਰੀ ਗੁਰਜੀਤ ਸਿੰਘ ਔਜਲਾ ਨੇ ਇੱਥੋਂ ਦੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਉੱਤੋ-ਉੱਤੀ ਦੋ ਛਾਪੇ ਮਾਰ ਕੇ ਚੰਗੀ ਵਾਹ-ਵਾਹ ਖੱਟੀ ਹੈ। ਲੁਧਿਆਣਾ ਤੋ ਵਿਧਾਇਕ ਸਿਮਰਜੀਤ ਬੈਂਸ ਵੀ ਪਿਛਲੇ ਕਈ ਮਹੀਨਿਆਂ ਤੋਂ ਸਰਕਾਰੀ ਹਸਪਤਾਲ ਤੋਂ ਵਾਇਆ ਪਾਸਪੋਰਟ ਦਫ਼ਤਰ ਹੁੰਦੇ ਹੋਏ ਪਟਵਾਰੀਆਂ ਉੱਤੇ ਛਾਪੇਮਾਰ ਮੁਹਿੰਮ ਵਿੱਚ ਰੁੱਝੇ ਹੋਏ ਹਨ। ਸਰਕਾਰੀ ਦਫ਼ਤਰਾਂ, ਸਕੂਲਾਂ, ਕਾਲਜਾਂ, ਹਸਪਤਾਲਾਂ ਆਦਿ ਵਿੱਚ ਪਹਿਲਾਂ ਵੀ ਸਮੇਂ-ਸਮੇਂ ਉੱਚ-ਅਧਿਕਾਰੀਆਂ, ਸਿਆਸੀ ਆਗੂਆਂ, ਮੰਤਰੀਆਂ ਆਦਿ ਵੱਲੋਂ ਚੈਕਿੰਗ ਕਰਨ ਦਾ ਆਉਣ-ਜਾਣ ਹੁੰਦਾ ਰਹਿੰਦਾ ਹੈ, ਪਰ ਇਹ ਛਾਪਿਆਂ ਦੀ ਮੁਹਿੰਮ ਕੁਝ ਹੱਦ ਇੱਕ ਨਵੀਂ ਚੀਜ਼ ਹੈ। ਛਾਪਿਆਂ ਦੀ ਸਿਆਸਤ ਤੋਂ ਸ਼ੁਰੂ ਕਰ ਕੇ ਜੇਨੇਰਿਕ ਦਵਾਈਆਂ ਦਾ ਮਸਲਾ, ਅਤੇ ਸਮੁੱਚੇ ਰੂਪ ਵਿੱਚ ਖਸਤਾ ਹਾਲ ਹੋ ਚੁੱਕੇ ਸਿਹਤ ਢਾਂਚੇ ਬਾਰੇ ਅਸੀਂ ਕੁਝ ਲੜੀਵਾਰ ਪੋਸਟਾਂ ਪਾਵਾਂਗੇ, ਅਤੇ ਨਾਲ ਹੀ ਹੁਣ ਤੱਕ ਸਿਆਸੀ ਪਾਰਟੀਆਂ ਦੀ ਭੂਮਿਕਾ ਬਾਰੇ ਗੱਲ ਕਰਾਂਗੇ ਤਾਂ ਕਿ ਅੰਨਾ ਹਜ਼ਾਰੇ ਦੇ ਢਿੱਡੋਂ ਜਨਮੇ ਨਵੇਂ-ਨਵੇਂ ਮਸੀਹਿਆਂ ਦੀ ਸਿਆਸਤ ਦੀ ਅਸਲੀਅਤ ਲੋਕਾਂ ਸਾਹਮਣੇ ਆਵੇ।

ਅੰਮ੍ਰਿਤਸਰ ਮੈਡੀਕਲ ਕਾਲਜ ਤਾਂ ਇੱਕ ਪਾਸੇ ਰਿਹਾ, ਸਮੁੱਚੇ ਸਰਕਾਰੀ ਸਿਹਤ ਢਾਂਚੇ ਦੀ ਹੀ ਕੀ ਹਾਲਤ ਹੈ, ਇਹ ਕਿਸੇ ਤੋਂ ਲੁਕਿਆ ਨਹੀਂ ਹੈ। ਸਭ ਤਰ੍ਹਾਂ ਦੇ ਸਟਾਫ਼ ਦੀ ਘਾਟ, ਸਾਜੋਸਮਾਨ ਦੀ ਘਾਟ, ਬੈੱਡਾਂ ਦੀ ਘਾਟ, ਦਵਾਈਆਂ ਦੀ ਘਾਟ, ਬਿਲਡਿੰਗਾਂ ਦੀ ਘਾਟ (ਕਈ ਥਾਂਵਾਂ ਉੱਤੇ ਉਲਟਾ, ਨਵੀਆਂ ਪਰ ਭੂਤਾਂ ਦਾ ਡੇਰਾ ਬਣੀਆਂ ਇਮਾਰਤਾਂ), ਗੱਲ ਕੀ ਉਹ ਕਿਹੜੀ ਬਿਮਾਰੀ ਹੈ ਜਿਹੜੀ ਸਰਕਾਰੀ ਹਸਪਤਾਲਾਂ ਨੂੰ ਨਹੀਂ ਲੱਗੀ ਹੋਈ। ਸਰਕਾਰੀ ਮੈਡੀਕਲ ਕਾਲਜਾਂ ਵਿੱਚ ਅਧਿਆਪਕ ਡਾਕਟਰਾਂ ਦੀ ਘਾਟ ਬਾਰੇ ਅਜੇ ਆਮ ਲੋਕਾਂ ਨੂੰ ਬਹੁਤਾ ਪਤਾ ਨਹੀਂ ਹੈ, ਪਰ ਹਾਲਤ ਭਿਅੰਕਰ ਹੈ। ਹਾਲ ਇਹ ਹੈ ਕਿ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਦੇ ਮੈਡੀਸਨ ਵਿਭਾਗ ਵਿੱਚ ਜੇ ਕੁਝ ਬੰਦੋਬਸਤ ਨਾ ਹੋਇਆ ਤਾਂ ਅਗਲੇ 7-8 ਮਹੀਨਿਆਂ ਬਾਅਦ ਸੀਨੀਅਰ ਡਾਕਟਰਾਂ ਦੀਆਂ 12 ਪੋਸਟਾਂ ਵਿੱਚੋਂ 10 ਖਾਲੀ ਹੋਣਗੀਆਂ। ਖੈਰ, ਡਾਕਟਰਾਂ ਅਤੇ ਹਸਪਤਾਲ ਦੇ ਬਾਕੀ ਸਟਾਫ਼ ਵਿੱਚ ਭ੍ਰਿਸ਼ਟਾਚਾਰ ਨਹੀਂ ਹੈ, ਅਜਿਹਾ ਵੀ ਨਹੀਂ ਹੈ, ਉੱਥੇ ਵੀ ਹਾਲਤਾਂ ਭਿਅੰਕਰ ਹਨ। ਪਰ ਇਹ ਵੀ ਸੱਚਾਈ ਹੈ ਕਿ ਇਸ ਭ੍ਰਿਸ਼ਟਾਚਾਰ ਦੀ ਜੜ੍ਹ ਵੀ ਅਸਲ ਵਿੱਚ ਸਿਹਤ ਢਾਂਚੇ ਨੂੰ ਲੱਗੀਆਂ ਉਪਰੋਕਤ ਬਿਮਾਰੀਆਂ ਹੀ ਹਨ, ਜਿਹਨਾਂ ਕਰਕੇ ਡਾਕਟਰਾਂ (ਬੇਸ਼ੱਕ ਸਾਰੇ ਡਾਕਟਰ ਅਜਿਹੇ ਨਹੀਂ ਹਨ) ਨੂੰ ਮੌਕਾ ਮਿਲਿਆ ਕਿ ਉਹ ਕਮਿਸ਼ਨ ਖਾ ਸਕਣ।

ਹੁਣ ਛਾਪਿਆਂ ਦੀ ਸਿਆਸਤ ਵੱਲ ਵਾਪਿਸ ਆਈਏ। ਕੀ ਇਹ ਛਾਪੇ ਸਿਹਤ ਢਾਂਚੇ ਨੂੰ, ਜਾਂ ਸਮੁੱਚੇ ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਜਾਂ ਲੋਕ-ਪੱਖੀ ਬਣਾਉਣ ਲਈ ਵੱਜ ਰਹੇ ਹਨ, ਬਿਲਕੁਲ ਵੀ ਨਹੀਂ। ਇਹਨਾਂ ਛਾਪਿਆਂ ਦਾ ਅਸਲ ਮਕਸਦ ਸਿਹਤ ਢਾਂਚੇ ਦੀ ਖਸਤਾ ਹਾਲਤ ਦੇ ਅਸਲੀ ਜ਼ਿੰਮੇਦਾਰ ਤੋਂ ਲੋਕਾਂ ਦਾ ਧਿਆਨ ਹਟਾਉਣਾ ਹੈ, ਜੋ ਕਿ ਅਜ਼ਾਦੀ ਤੋਂ ਬਾਅਦ ਅੱਜ ਤੱਕ ਦੀਆਂ ਸਰਕਾਰਾਂ ਹਨ, ਤੇ ਇਹ ਸਰਕਾਰਾਂ ਚਾਹੇ ਸ਼੍ਰੀ ਔਜਲਾ ਦੀ ਕਾਂਗਰਸ ਪਾਰਟੀ ਦੀਆਂ ਰਹੀਆਂ ਹੋਣ, ਜਾਂ ਦੂਜੀਆਂ ਸਿਆਸੀ ਪਾਰਟੀਆਂ ਦੀਆਂ। ਕੁਲ ਬਜਟ ਦਾ ਮਸਾਂ 1% ਹਿੱਸਾ ਵੀ ਸਿਹਤ ਸਹੂਲਤਾਂ ਲਈ ਨਾ ਰੱਖਣ ਤੋਂ ਬਾਅਦ ਇਹਨਾਂ ਸਿਆਸੀ ਲੋਕਾਂ ਨੂੰ ਵੀ ਚੰਗੀ ਤਰ੍ਹਾਂ ਪਤਾ ਹੁੰਦਾ ਹੈ ਕਿ ਸਿਹਤ ਢਾਂਚੇ ਉੱਤੇ ਕੀ ਬੀਤਣ ਵਾਲੀ ਹੈ, ਪਰ ਲੋਕਾਂ ਨੂੰ ਕੀ ਮੂੰਹ ਦਿਖਾਉਣ! ਲੋਕਾਂ ਨੂੰ ਮੂਰਖ ਬਣਾਉਣ ਲਈ ਹੁਣ ਇਹਨਾਂ ਨੇ ਇਹ ਨਵੀਂ ਸਕੀਮ ਖੇਡੀ ਹੈ, ਛਾਪੇ ਮਾਰੋ, ਫੇਸਬੁੱਕ ਉੱਤੇ ਲਾਈਵ ਹੋਵੋ ਅਤੇ ਮਸੀਹੇ ਬਣ ਜਾਵੋ।

1991 ਦੀਆਂ ਨਵੀਆਂ ਆਰਥਿਕ ਨੀਤੀਆਂ ਤੋਂ ਬਾਅਦ, ਲਗਾਤਾਰ ਨਿੱਜੀਕਰਨ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਸਿਹਤ ਸੈਕਟਰ ਵਿੱਚ ਵੀ ਇਹੀ ਹਾਲ ਹੈ। 1991 ਤੋਂ ਬਾਅਦ ਸਰਕਾਰੀ ਸਿਹਤ ਢਾਂਚੇ ਨੂੰ ਕਿਸ ਤਰ੍ਹਾਂ ਯੋਜਨਾਬੱਧ ਢੰਗ ਨਾਲ ਬਰਬਾਦ ਕੀਤਾ ਗਿਆ ਹੈ, ਇਸ ਬਾਰੇ ਵੀ ਅਸੀਂ ਅੰਕੜਿਆਂ ਸਹਿਤ ਪੋਸਟਾਂ ਪਾਵਾਂਗੇ। ਨਵੀਂ ਕੌਮੀ ਸਿਹਤ ਨੀਤੀ, 2017 ਅਨੁਸਾਰ ਜ਼ਿਲ੍ਹਾ ਹਸਪਤਾਲਾਂ ਦੇ ਅੱਧੇ ਤੋਂ ਵੱਧ ਹਿੱਸੇ ਨੂੰ ਕਾਰਪੋਰੇਟ ਹਸਪਤਾਲਾਂ ਨੂੰ ਵੇਚਣ ਦੀਆਂ ਸਕੀਮਾਂ ਬਣ ਚੁੱਕੀਆਂ ਹਨ, ਇਸ ਬਾਰੇ ਸਾਰੀਆਂ ਸਿਆਸੀ ਪਾਰਟੀਆਂ ਸਹਿਮਤ ਹਨ, ਕਿਸੇ ਨੇ ਵੀ ਅਜੇ ਤੱਕ ਚੂੰ ਨਹੀਂ ਕੀਤੀ ਹੈ!


ਇਹਨਾਂ ਦੀ ਇੱਛਾ ਹੈ ਕਿ ਜੇ ਸਿਹਤ ਢਾਂਚਾ ਬਰਬਾਦ ਹੋ ਰਿਹਾ ਹੈ ਤਾਂ ਲੋਕ ਕਹਿਣ ਕਿ ਡਾਕਟਰਾਂ ਨੇ ਬਰਬਾਦ ਕੀਤਾ ਹੈ, ਲੀਡਰਾਂ ਨੇ ਤਾਂ ਵਿਚਾਰਿਆਂ ਨੇ ਬਹੁਤ ਜ਼ੋਰ ਲਾਇਆ! ਬੇਸ਼ੱਕ ਡਾਕਟਰ ਵੀ ਇਸ ਬਰਬਾਦੀ ਦੇ ਹਿੱਸੇਦਾਰ ਹਨ, ਪਰ ਇਹਨਾਂ ਅਰਥਾਂ ਵਿੱਚ ਹੀ ਕਿ ਉਹ ਇਸ ਬਰਬਾਦੀ ਵਿੱਚੋਂ ਆਪਣੇ ਨੋਟ ਕਮਾਉਣ ਵਿੱਚ ਲੱਗੇ ਰਹੇ, ਜਦੋਂ ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਆਉਣੀਆਂ ਬੰਦ ਹੋਈਆਂ, ਟੈਸਟ ਹੋਣੇ ਬੰਦ ਹੋਏ ਤਾਂ ਉਹਨਾਂ ਨੇ ਕਮਿਸ਼ਨ ਖਾ ਸਕਣ ਦਾ ਮੌਕਾ ਦੇਖਿਆ ਨਾ ਕਿ ਆਮ ਲੋਕਾਂ ਸਾਹਮਣੇ ਸਰਕਾਰਾਂ ਨੂੰ ਨੰਗਾ ਕੀਤਾ। ਪਰ ਅਸਲ ਜ਼ਿੰਮੇਵਾਰ ਸਰਕਾਰਾਂ ਹਨ, ਜਿਹੜਾ ਵੀ ਕੋਈ ਸਿਆਸੀ ਲੀਡਰ, ਸਮਾਜ-ਸੁਧਾਰਕ, ਮਸੀਹਾ ਇਸ ਜ਼ਿੰਮੇਵਾਰੀ ਦੀ ਗੱਲ ਨਹੀਂ ਕਰਦਾ, ਉਹ ਸੁਧਾਰ ਦਾ ਸਿਰਫ਼ ਦਿਖਾਵਾ ਕਰ ਰਿਹਾ ਹੈ, ਚਾਹੇ ਉਸਦੀ ਨੀਅਤ ਕੁਝ ਵੀ ਹੋਵੇ। ਸਿਹਤ ਨੀਤੀਆਂ ਉੱਤੇ ਗੱਲ ਕਰਨ ਦੀ ਥਾਂ, ਸਿਹਤ ਢਾਂਚੇ ਦੀ ਬਰਬਾਦੀ ਵਿੱਚ ਸਿਆਸੀ-ਆਰਥਿਕ ਢਾਂਚੇ ਦੀ ਭੂਮਿਕਾ ਦੀ ਗੱਲ ਕਰਨ ਦੀ ਥਾਂ, ਕਾਰਪੋਰੇਟ ਹਸਪਤਾਲਾਂ ਤੋਂ ਲੈ ਕੇ ਦਵਾ-ਕੰਪਨੀਆਂ ਦੇ ਮੁਨਾਫ਼ਿਆਂ ਨੂੰ ਵਧਾਉਣ ਲਈ ਹੋ ਰਹੇ ਯਤਨਾਂ ਬਾਰੇ ਗੱਲ ਕਰਨ ਦੀ ਥਾਂ ਹੁਣ ਸਿਆਸੀ ਲੀਡਰ ਅਤੇ ਪਾਰਟੀਆਂ ਇਹਨਾਂ ਸਰਕਾਰੀ ਵਿਭਾਗਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਮੁੱਖ ਅਤੇ ਇੱਕੋ-ਇੱਕ ਦੋਸ਼ੀ ਬਣਾ ਕੇ ਆਪ ਬਚ ਨਿਕਲਣਾ ਚਾਹੁੰਦੇ ਹਨ।

ਇਹਨਾਂ ਸਿਆਸੀ ਪਾਰਟੀਆਂ ਤੇ ਲੀਡਰਾਂ ਤੋਂ ਹਿਸਾਬ-ਕਿਤਾਬ ਤਾਂ ਆਮ ਲੋਕ ਇੱਕ ਦਿਨ ਲੈਣਗੇ ਹੀ, ਡਾਕਟਰਾਂ ਅੱਗੇ ਵੀ ਹੁਣ ਸਮਾਂ ਆ ਗਿਆ ਹੈ ਕਿ ਪੱਖ ਚੁਣਨ, ਉਹਨਾਂ ਨੇ ਕਮਿਸ਼ਨਖੋਰੀ ਹੀ ਕਰਨੀ ਹੈ, ਲੀਡਰਾਂ-ਮੰਤਰੀਆਂ ਦੇ ਘਰਾਂ ਅੱਗੇ ਗੋਡੇ ਹੀ ਰਗੜਨੇ ਹਨ, ਜਾਂ ਲੋਕਾਂ ਦੇ ਨਾਲ ਖੜੇ ਹੋ ਕੇ ਉਹਨਾਂ ਨੇ ਇਹਨਾਂ ਸਿਆਸੀ ਪਾਰਟੀਆਂ ਅਤੇ ਇਹਨਾਂ ਦੀਆਂ ਨੀਤੀਆਂ ਨੂੰ ਲੋਕਾਂ ਸਾਹਮਣੇ ਨੰਗਾ ਕਰਨਾ ਹੈ।


**- ਡਾ. ਅੰਮ੍ਰਿਤ**

# ਗਦਰ ਲਹਿਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭੇ ਅਤੇ ਰੂਸੀ ਸਮਾਜਵਾਦੀ ਦਿਹਾੜੇ ਨੂੰ ਸਮਰਪਿਤ ਨਾਟਕ ਮੇਲਾ ਕਰਵਾਇਆ











ਇਨਕਲਾਬ ਦੀ ਸ਼ਤਾਬਦੀ ਨੂੰ ਸਮਰਪਿਤ ਪਿੰਡ ਭੂੰਦੜੀ ਵਿਖੇ ਸ਼ਹੀਦ ਭਗਤ ਸਿੰਘ ਨੌਜਵਾਨ ਵਿਚਾਰ ਮੰਚ, ਪੇਂਡੂ ਮਜਦੂਰ ਯੂਨੀਅਨ (ਮਸ਼ਾਲ) ਅਤੇ ਬੀ.ਕੇ.ਯੂ (ਏਕਤਾ) ਵੱਲੋਂ ਇਲਾਕਾ ਪੱਧਰੀ ਨਾਟਕ ਮੇਲਾ ਕਰਵਾਇਆ ਗਿਆ ਜਿਸ ਵਿੱਚ ਇਲਾਕੇ ਦੇ ਪਿੰਡਾਂ ਵਿੱਚੋਂ ਲੋਕਾਂ ਨੇ ਕਾਫੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਪ੍ਰੋਗਰਾਮ ਦੀ ਸ਼ੁਰੂਆਤ ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਫੋਟੋ ਅੱਗੇ ਫੁੱਲ ਭੇਟ ਕਰਕੇ ਕੀਤੀ ਗਈ। ਪ੍ਰੋਗਰਾਮ ਵਿੱਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ 'ਨਵਾਂ ਜਨਮ' ਅਤੇ 'ਪਾਣ ਪੈੜਾਂ ਜੋ ਪੈਰ' ਜਾਤ-ਪਾਤ ਅਤੇ ਖੁਦਕੁਸ਼ੀਆਂ ਕਰ ਰਹੀ ਕਿਸਾਨੀ ਨੂੰ ਪੇਸ਼ ਕਰਦੇ ਨਾਟਕ ਪੇਸ਼ ਕੀਤੇ ਗਏ ਇਸ ਤੋਂ ਇਲਾਵਾ ਬੱਚਿਆਂ ਅਤੇ ਬੱਚੀਆਂ ਵੱਲੋਂ ਕੋਰਿਓਗ੍ਰਾਫੀਆਂ ਸਰਾਭੇ ਦੇ ਜੀਵਨ ਦੇ ਆਧਾਰ ਤੇ 'ਦੇਸ਼ ਨੂੰ ਚੱਲੋ', ਕਿਰਤੀ ਮਜਦੂਰਾਂ ਨਾਲ ਹੁੰਦੇ ਜਬਰ ਨੂੰ ਪੇਸ਼ ਕਰਦੀ ਕੋਰਿਓਗ੍ਰਾਫੀ 'ਹਮ ਮਿਹਨਤਕਸ਼' ਅਤੇ ਸਹੀਦ ਭਗਤ ਸਿੰਘ ਦੀ 'ਹੁਣ ਮੈਂ ਕਿਸ ਨੂੰ ਵਤਨ ਕਹੂਗਾ' ਆਦਿ ਕੋਰਿਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਨੂੰ ਦਰਸਕਾਂ ਨੇ ਕਾਫੀ ਸਲਾਹਿਆ। ਦਤਸਕ ਮੰਚ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ ਇਸ ਤੋਂ ਇਲਾਵਾ ਵੱਖ-ਵੱਖ ਬੁਲਾਰਿਆਂ ਨੇ ਇਨਕਲਾਬੀ ਕੇਂਦਰ ਪੰਜਾਬ ਦੇ ਕੰਵਲਜੀਤ ਖੰਨਾ, ਟੈਕਸਟਿਲ ਯੂਨੀਅਨ ਦੇ ਰਾਜਵਿੰਦਰ, ਨੌਜਵਾਨ ਭਾਰਤ ਸਭਾ ਦੇ ਬਲਜੀਤ ਕੌਰ ਨੇ ਆਪਣੇ ਵਿਚਾਰ ਪੇਸ਼ ਕੀਤੇ ਸਟੇਜ ਸੈਕਟਰੀ ਦੀ ਭੂਮਿਕਾ ਡਾ. ਸੁਖਦੇਵ ਭੂੰਦੜੀ ਨੇ ਨਿਭਾਈ ਜਿੰਨਾਂ ਨੇ ਅੰਤ ਵਿੱਚ ਪਾਹੁੰਚੇ ਇਲਾਕੇ ਭਰ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲਿਆਂ ਬੱਚਿਆਂ ਨੂੰ ਚੰਗੀਆਂ ਅਤੇ ਗਿਆਨਵਾਨ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਸ਼ਹੀਦ ਭਗਤ ਸਿੰਘ ਨੌਜਵਾਨ ਵਿਚਾਰ ਮੰਚ ਦੇ ਕਨਵੀਨਰ ਹਰਮਨ ਲੀਹਾਂ ਵੱਲੋਂ ਅੱਜ ਦੇ ਨੌਜਵਾਨਾਂ ਨੂੰ ਆਪਸੀ ਲੜਾਈਆਂ-ਝਗੜਿਆਂ ਅਤੇ ਹੋਰ ਬੁਰੀਆਂ ਆਦਤਾਂ ਛੱਡਕੇ ਭਗਤ ਸਿੰਘ ਦੇ ਵਿਚਾਰਾਂ ਨਾਲ ਜੁੜਨ ਲਈ ਸ਼ਹੀਦ ਭਗਤ ਸਿੰਘ ਨੌਜਵਾਨ ਵਿਚਾਰ ਮੰਚ ਦੇ ਮੈਬਰ ਬਣਨ ਲਈ ਸੱਦਾ ਦਿੱਤਾ ਗਿਆ ਇਸ ਮੌਕੇ ਚਿਮਨ ਸਿੰਘ, ਮੇਘ ਸਿੰਘ, ਮੇਜਰ ਸਿੰਘ, ਜਸਵੀਰ ਸਿੰਘ ਸੀਰਾ, ਛਿੰਦਰਪਾਲ ਸਿੰਘ, ਹਰਜਿੰਦਰ ਸਿੰਘ, ਹਰਦੀਪ ਸਿੰਘ, ਪਲਵਿੰਦਰ ਸਿੰਘ, ਗੁਰਮੀਤ ਸਿੰਘ, ਕਰਮ ਸਿੰਘ ਭੁਮਾਲ, ਰਘਵੀਰ ਗੋਰਾਹੂਰ, ਗਗਨਪ੍ਰੀਤ, ਮਨਜੋਤ, ਯੋਗੇਸ਼ ਭੂੰਦੜੀ, ਰਣਵੀਰ, ਅਕਾਸ਼ ਭੁਮਾਲ ਇੰਦਰਜੀਤ ਭੂੰਦੜੀ, ਪਿਰਤਾ ਸਿੰਘ, ਜਗਦੀਸ਼ ਸਿੰਘ, ਨਿੱਕਾ ਅਮ੍ਰਿਤਪਾਲ ਆਦਿ ਸ਼ਾਮਿਲ ਸਨ।

# ਡਾਕੂਮੈਂਟਰੀ ਫ਼ਿਲਮਾਂ ਤੇ ਸਮਾਜਿਕ ਸਰੋਕਾਰ



ਗੁਰਪ੍ਰੀਤ ਸਿੰਘ ਤੂਰ

ਨਸ਼ਿਆਂ ਵਿਰੁੱਧ ਡਾਕੂਮੈਂਟਰੀ ਫ਼ਿਲਮ ਬਣਾਉਣ ਵਾਲੇ ਇੱਕ ਵਿਅਕਤੀ ਨੂੰ ਮੈਂ ਮੋਬਾਈਲ ਫ਼ੋਨ 'ਤੇ ਇੱਕ ਪ੍ਰਭਾਵਸ਼ਾਲੀ ਪ੍ਰੋਡਕਸ਼ਨ ਲਈ ਮੁਬਾਰਕਬਾਦ ਦਿੱਤੀ। ਥੋੜ੍ਹੀ ਦੇਰ ਬਾਅਦ ਉਸ ਦਾ ਫ਼ੋਨ ਆਇਆ, "ਮੈਂ ਤਿੰਨ ਕੁ ਮਿੰਟ ਦੀ ਇੱਕ ਵੀਡਿਓ ਕਲਿੱਪ ਭੇਜੀ ਹੈ, ਤੁਸੀਂ ਜ਼ਰੂਰ ਵੇਖਿਓ।" 'ਲੋਕਾਂ ਨੇ ਮਸ਼ੂਕ ਰੱਖੀ ਹੋਣੀ ਐ, ਪਰ ਮਿੱਤਰਾਂ ਨੇ ਮੁੱਛ ਰੱਖੀ ਆ' ਇਸ ਵੀਡਿਓ ਕਲਿੱਪ ਵਿੱਚ ਇੱਕ ਨੌਜਵਾਨ ਸਵੇਰ ਵੇਲੇ ਤਿਆਰ ਹੁੰਦਿਆਂ ਵਾਰ ਵਾਰ ਇਸ ਲਾਈਨ ਨੂੰ ਗੁਣਗੁਣਾਉਂਦਾ ਰਹਿੰਦਾ ਹੈ। ਉਸ ਦੇ ਮਨ ਵਿੱਚ ਕੋਈ ਲੋਰ ਹੈ, ਉਹ ਵਾਰ ਵਾਰ ਆਪਣੇ ਹੱਥ ਨੂੰ ਮੁੱਛ 'ਤੇ ਵੀ ਫੇਰਦਾ ਹੈ। ਉਸ ਦੀ ਪਤਨੀ ਜਦੋਂ ਪੱਗ ਲਈ ਪੂਣੀ ਕਰਾਉਣ ਲੱਗਦੀ ਹੈ ਤਾਂ ਉਸ ਨੂੰ ਸੰਬੋਧਨ ਹੁੰਦਾ ਵੀ ਉਹ ਇਹੋ ਲਾਈਨ ਬੋਲਦਾ ਹੈ ਤੇ ਇਹੋ ਇਸ਼ਾਰਾ ਕਰਦਾ ਹੈ। ਜਦੋਂ ਉਹ ਪੱਗ ਬੰਨ੍ਹਣ ਲੱਗਦਾ ਹੈ ਤਾਂ ਉਸ ਦੀ ਚਾਰ ਕੁ ਵਰ੍ਹਿਆਂ ਦੀ ਧੀ ਪੱਗ ਦਾ ਲੜ ਫੜ ਕੇ ਪੁੱਛਦੀ ਹੈ, "ਡੈਡੀ, ਮਸ਼ੂਕ ਕੀ ਹੁੰਦੀ ਹੈ।" ਏਡੀ ਕੁ ਅਜਿਹੀ ਇੱਕ ਹੋਰ ਵੀਡਿਓ ਕਲਿੱਪ ਵਿੱਚ ਰਾਤ ਦੇ ਸਮਾਗਮ ਤੋਂ ਵਾਪਸ ਘਰ ਪਹੁੰਚੇ ਇੱਕ ਪਿਤਾ ਤੋਂ ਸੌਣ ਸਮੇਂ ਇੱਕ ਬਾਲੜੀ ਪੁੱਛ ਲੈਂਦੀ ਹੈ, "ਪਾਪਾ, ਪਟੋਲਾ ਕੀ ਹੁੰਦਾ।"

ਆਵਾਜ਼ ਤੇ ਕਲਮ ਤੋਂ ਬਾਅਦ ਕੈਮਰਾ ਪ੍ਰਭਾਵਸ਼ਾਲੀ ਸਮੂਹਿਕ ਸੰਚਾਰ ਸਾਧਨ ਬਣ ਕੇ ਜ਼ਿੰਦਗੀ ਦੇ ਪਰਦੇ 'ਤੇ ਪ੍ਰਗਟ ਹੋਇਆ ਹੈ। ਕਈ ਨਾਜ਼ੁਕ ਅਤੇ ਸੰਵੇਦਨਸ਼ੀਲ ਘਟਨਾਵਾਂ ਸੋਸ਼ਲ ਮੀਡੀਆ 'ਤੇ ਪਲੋ-ਪਲੀ ਵਾਇਰਲ ਹੋ ਜਾਂਦੀਆਂ ਹਨ। ਕੈਮਰੇ ਨੇ ਪ੍ਰਮਾਣ ਦੇ ਕੇ ਕਥਨੀ ਤੇ ਕਰਨੀ ਦੇ ਸੱਚ ਨੂੰ ਪੇਸ਼ ਕੀਤਾ ਹੈ। ਇਸੇ ਕਰਕੇ ਡਾਕੂਮੈਂਟਰੀਜ਼ ਕਿਸੇ ਵਿਸ਼ੇ ਬਾਰੇ ਗੱਲ ਕਰਨ ਦਾ ਪ੍ਰਭਾਵਸ਼ਾਲੀ ਤੇ ਕਾਰਗਰ ਤਰੀਕਾ ਹਨ। ਡਾਕੂਮੈਂਟਰੀ ਸਬੰਧਿਤ ਵਿਸ਼ੇ ਦੀ ਆਟੋਬਾਇਓਗ੍ਰਾਫ਼ੀ ਵਾਂਗ ਹੈ। ਕੈਮਰਾ ਥੋੜ੍ਹੇ ਸਮੇਂ ਵਿੱਚ ਬਹੁਤ ਕੁਝ ਵਿਖਾ ਅਤੇ ਸਮਝਾ ਸਕਦਾ ਹੈ। ਕੈਮਰਾ ਸੁਰੱਖਿਆ ਤੇ ਮਾਨਵੀ ਅਧਿਕਾਰਾਂ ਦਾ ਸ਼ਕਤੀਸ਼ਾਲੀ ਪਹਿਰੇਦਾਰ ਹੈ। ਵੀਡਿਓ ਰਿਕਾਰਡਿੰਗ ਨੇ ਵਿੱਦਿਆ ਦੇ ਖੇਤਰ ਵਿੱਚ ਵਿਸ਼ੇਸ਼ ਪੁਲਾਂਘ ਪੁੱਟੀ ਹੈ। ਧਾਰਮਿਕ, ਰਾਜਨੀਤਿਕ ਤੇ ਪ੍ਰਸ਼ਾਸਨਿਕ ਖੇਤਰਾਂ ਵਿੱਚ ਇਸ ਵਿਧੀ ਦੀ ਭਰਪੂਰ ਵਰਤੋਂ ਹੋ ਰਹੀ ਹੈ। ਡਾਕੂਮੈਂਟਰੀ ਫ਼ਿਲਮਾਂ ਸਮਾਜਿਕ ਖੇਤਰ ਵਿੱਚ ਅਥਾਹ ਯੋਗਦਾਨ ਦੀ ਸਮਰੱਥਾ ਰੱਖਦੀਆਂ ਹਨ। ਇਸ ਵੇਲੇ ਕੈਮਰਾ, ਸੰਚਾਰ ਵਿਧੀਆਂ ਦਾ ਤਾਜ ਹੈ।

ਵੱਡੀ ਉਮਰ ਦੇ ਇੱਕ ਵਿਅਕਤੀ ਨੇ ਮੈਥੋਂ ਦਫ਼ਤਰ ਤੋਂ ਬਾਅਦ ਮਿਲਣ ਦਾ ਸਮਾਂ ਮੰਗਿਆ। "ਪਿੰਡ ਵਿੱਚ ਦੋ ਸਕੇ ਭਰਾ ਵੱਡੀ ਮਾਤਰਾ ਵਿੱਚ ਨਸ਼ਾ ਵੇਚ ਰਹੇ ਹਨ। ਮੋਬਾਈਲ ਫ਼ੋਨ 'ਤੇ ਗੱਲਬਾਤ ਹੋ ਜਾਂਦੀ ਹੈ, ਖਰੀਦਦਾਰ ਨੂੰ ਘਰ ਦੇ ਨੇੜੇ ਹੀ ਬੀਹੀ ਵਿੱਚ ਸੱਦ ਲੈਂਦੇ ਹਨ। ਇੱਕ ਜਣਾ ਕੋਠੇ ਚੜ੍ਹ ਕੇ ਵੇਖਦਾ ਹੈ ਤੇ ਉਸ ਨੂੰ ਥਾਂ ਬਦਲਣ ਲਈ ਆਖਦਾ ਹੈ, ਓਥੇ ਪਹਿਲਾਂ ਹੀ ਖੜ੍ਹਾ ਦੂਜਾ ਭਰਾ ਉਸ ਨੂੰ ਝੱਟ-ਪੱਟ ਨਸ਼ਾ ਫੜਾ ਦਿੰਦਾ ਹੈ। ਬਸ ਮੋਟਰਸਾਈਕਲ ਦੀ ਧੂੜ ਹੀ ਵਿਖਾਈ ਦਿੰਦੀ ਹੈ। ਦਿਨ ਛਿਪੇ ਤੋਂ ਬਾਅਦ ਖੇਤਾਂ ਵਾਲੇ ਰਾਹ 'ਤੇ ਖੰਡਰ ਹੋ ਚੁੱਕੇ ਖੂਹ 'ਤੇ ਸੱਦ ਲੈਂਦੇ ਹਨ, ਇੱਕ ਮੋਟਰਸਾਈਕਲ ਚਲਾ ਜਾਂਦਾ ਹੈ ਤੇ ਦੋ ਆ ਜਾਂਦੇ ਹਨ। ਕਾਰਾਂ 'ਤੇ ਆਉਣ ਵਾਲੇ ਬੰਦੇ ਸਿਵਿਆਂ ਕੋਲ ਰੁਕ ਜਾਂਦੇ ਹਨ। ਕਈ ਵਾਰ ਸਿਵਾ ਠੰਢਾ ਹੋਣ ਦੀ ਉਡੀਕ ਕਰਦੇ ਤੇ ਨਸ਼ਾ ਵੇਚਣ-ਖਰੀਦਣ ਵਾਲੇ ਲੋਕ ਆਪਸ ਵਿੱਚ ਰਲ-ਮਿਲ ਵੀ ਜਾਂਦੇ ਹਨ। ਛੋਟਾ ਭਰਾ ਇੱਕ ਵਾਰ ਜੇਲ੍ਹ ਗਿਆ ਸੀ, ਆ ਕੇ ਫੇਰ ਨਸ਼ਾ ਵੇਚਣ ਲੱਗ ਗਿਆ। ਪਹਿਲਾਂ ਤਾਂ ਬਾਹਰ ਦੇ ਲੋਕ ਹੀ ਲੈ ਕੇ ਜਾਂਦੇ ਸਨ, ਹੁਣ ਤਾਂ ਪਿੰਡ ਦੇ ਮੁੰਡੇ ਵੀ ਸਮੈਕ ਪੀਣ ਲੱਗ ਪਏ ਹਨ। ਪਿੰਡ ਦੇ ਵਿਚਕਾਰ ਢੱਠੇ ਤੇ ਖੋਲ਼ੇ ਬਣੇ ਘਰ ਵਿੱਚ ਦੇਰ ਰਾਤ ਤਕ ਸੂਟੇ ਲੱਗਦੇ ਰਹਿੰਦੇ ਹਨ। ਕਈ ਵਿਹੜਿਆਂ ਦੇ ਦਰੱਖ਼ਤ ਸੁੱਕ ਗਏ ਹਨ। ਆਉਣਾ ਤਾਂ ਨਹੀਂ ਸੀ ਪਰ ਮੈਥੋਂ ਰਿਹਾ ਨਹੀਂ ਗਿਆ।" ਉਸ ਨੇ ਥੋੜ੍ਹਾ ਰੁਕ ਕੇ ਆਖਿਆ। ਬਿੰਦੂ ਮਿਲਾ-ਮਿਲਾ ਕੇ ਚਿੱਤਰ ਬਣਾਉਂਦੇ ਬੱਚਿਆਂ ਵਾਂਗ ਅਜਿਹੇ ਪਿੰਡ ਦੇ ਕੋਠੇ-ਕੋਠੇ ਤੋਂ ਵੀਡਿਓ ਕੈਮਰਾ ਘੁੰਮਾ ਕੇ ਇਸ ਤਸਵੀਰ ਨੂੰ ਉਕਰਿਆ ਜਾ ਸਕਦਾ ਹੈ।

ਤਿੰਨ ਵਰ੍ਹੇ ਪੁਰਾਣੀ ਗੱਲ ਹੈ; ਕਲਾਨੌਰ ਦੇ ਇੱਕ ਸਟੇਡੀਅਮ ਵਿੱਚ ਫੁੱਟਬਾਲ ਖੇਡ ਹਟੇ ਨੌਜਵਾਨਾਂ ਨਾਲ ਗੱਲਾਂ ਕਰਨ ਲਈ ਮੈਂ ਉਨ੍ਹਾਂ ਨੂੰ ਸਟੇਡੀਅਮ ਦੀਆਂ ਪੌੜੀਆਂ 'ਤੇ ਬਿਠਾ ਲਿਆ। ਸੂਰਜ ਛੁਪ ਚੁੱਕਾ ਸੀ, ਘਸਮੈਲੀ ਲਾਲੀ ਨੂੰ ਵੇਖਦਿਆਂ ਵੇਖਦਿਆਂ, ਮੈਂ ਵੇਖਿਆ ਕਿ ਇੱਕ ਸ਼ਰਾਬੀ ਕੁਝ ਬੋਲਦਾ ਬੋਲਦਾ ਪਿੱਛੇ ਆ ਕੇ ਬੈਠ ਗਿਆ। ਉਸ ਵੱਲ ਵੇਖ ਕੇ ਕੁਝ ਮੁੰਡੇ ਹੱਸ ਪਏ ਸਨ। ਇਸ ਹਾਸੇ ਨੇ ਪੰਜਾਬੀਆਂ ਨੂੰ ਜਿੰਨਾ ਰਵਾਇਆ ਹੈ, ਉਸ ਦਾ ਅੰਦਾਜ਼ਾ ਲਾਉਣਾ ਔਖਾ ਕੰਮ ਹੈ। ਅਮਲੀਆਂ ਤੇ ਸ਼ਰਾਬੀਆਂ ਨੂੰ ਮਹਿਫ਼ਿਲਾਂ, ਸਟੇਜਾਂ ਤੇ ਸਕਰੀਨ ਉੱਤੇ ਨਿਰੋਲ ਹਾਸੇ ਮਜ਼ਾਕ ਲਈ ਹੀ ਵਰਤ ਲੈਣਾ ਅਥਾਹ ਮੰਦਭਾਗਾ ਹੈ। ਵੱਟਸਐਪ 'ਤੇ ਇੱਕ ਸੁਨੇਹਾ ਪੜ੍ਹਿਆ, ਸਿਰਲੇਖ ਸੀ- ਇੱਕੋ ਨੁਕਤੇ 'ਤੇ ਫੋਕਸ। ਇੱਕ ਬੰਗਾਲੀ ਵਿਅਕਤੀ ਕਹਿੰਦਾ ਹੈ, "ਮੇਰੇ ਦਾਦਾ ਜੀ ਪਚਾਨਵੇਂ ਵਰ੍ਹੇ ਜੀਵੇ, ਪਰ ਉਨ੍ਹਾਂ ਕਦੇ ਗਲਾਸਿਜ਼ ਦੀ ਵਰਤੋਂ ਨਹੀਂ ਕੀਤੀ।" ਪੰਜਾਬੀ ਉੱਤਰ ਦਿੰਦਾ ਹੈ, "ਮੇਰੇ ਪਰਿਵਾਰ ਵਿੱਚ ਵੀ ਦੋ-ਤਿੰਨ ਜਣੇ ਬੋਤਲ ਨੂੰ ਮੂੰਹ ਲਾ ਕੇ ਪੀਂਦੇ ਹਨ।" ਦਰਅਸਲ, ਉਸ ਨੇ ਗਲਾਸਿਜ਼ ਸ਼ਬਦ ਦੀ ਵਰਤੋਂ ਐਨਕਾਂ ਲਈ ਕੀਤੀ ਸੀ। ਅਜਿਹੀਆਂ ਹੀਣ ਭਾਵਨਾ ਵਾਲੀਆਂ ਧਾਰਨਾਵਾਂ ਹੋਂਦ ਵਿੱਚ ਕਿਵੇਂ ਆਈਆਂ? ਪਿਛਲੇ ਪੰਦਰਾਂ-ਵੀਹ ਵਰ੍ਹਿਆਂ ਵਿੱਚ ਪੰਜਾਬ ਦੇ ਹਰ ਪਿੰਡ ਵਿੱਚ ਔਸਤਨ ਪੰਜ ਤੋਂ ਦਸ ਵਿਅਕਤੀ ਸ਼ਰਾਬ ਪੀ ਪੀ ਕੇ ਜਿਗਰ ਦੀ ਬਿਮਾਰੀ ਕਾਰਨ ਚਾਲੀ-ਪੰਜਤਾਲੀ ਸਾਲ ਦੀ ਉਮਰ ਵਿੱਚ ਹੀ ਸਰੀਰ ਛੱਡ ਗਏ। ਉਹ ਬੋਤਲਾਂ ਪੀਂਦੇ ਰਹੇ ਅਤੇ ਬੋਤਲਾਂ ਜ਼ਮੀਨਾਂ-ਜਾਇਦਾਦਾਂ ਪੀਂਦੀਆਂ ਰਹੀਆਂ। ਅਜਿਹੇ ਪਰਿਵਾਰਾਂ ਦੀਆਂ ਔਰਤਾਂ ਅਤੇ ਬੱਚਿਆਂ ਦੀ ਦਾਸਤਾਨ ਕੈਮਰੇ ਲਈ ਅਤਿ ਗੰਭੀਰ ਵਿਸ਼ਾ ਹੈ। ਸ਼ਰਾਬ ਵਿਰੁੱਧ ਪ੍ਰਭਾਵਸ਼ਾਲੀ ਸੁਨੇਹਿਆਂ ਦੀ ਲੋੜ ਹੈ। ਸ਼ਰਾਬ ਦਾ ਬਹੁਤ ਵੱਧ ਸੇਵਨ ਕਈ ਪਰਿਵਾਰਕ ਤੇ ਸਮਾਜਿਕ ਸਮੱਸਿਆਵਾਂ ਲਈ ਜਰਖੇਜ਼ ਜ਼ਮੀਨ ਹੈ।

ਅੱਜ ਵਿਆਹ ਦਾ ਹਰੇਕ ਸਮਾਗਮ ਭਾਰੇ ਖਾਣਿਆਂ, ਸ਼ਰਾਬ ਤੇ ਧੂਮ-ਧੜੱਕੇ ਨਾਲ ਭਰਪੂਰ ਹੈ। ਲੇਡੀਜ਼ ਸੰਗੀਤ ਦਰਅਸਲ, ਲਿੱਪਦੇ ਚੁੱਲ੍ਹੇ-ਚੌਂਕਿਆਂ, ਰੰਗ ਹੁੰਦੇ ਬਨੇਰਿਆਂ, ਘਰ ਵਿੱਚ ਪੱਕਦੇ ਪਕਵਾਨਾਂ ਦੀਆਂ ਖ਼ੁਸ਼ਬੂਆਂ, ਬੂਹੇ ਵੜਦੇ ਪ੍ਰਾਹੁਣਿਆਂ ਦੇ ਰੰਗ-ਬਰੰਗੇ ਪਹਿਰਾਵਿਆਂ ਅਤੇ ਮਨ ਵਿੱਚ ਉਮੜਦੀਆਂ ਉਮੰਗਾਂ ਤੇ ਖ਼ੁਸ਼ੀਆਂ ਦਾ ਔਰਤਾਂ ਵੱਲੋਂ ਲੈਅਬੱਧ ਤੇ ਸੰਗੀਤਕ ਪ੍ਰਗਟਾਵਾ ਹੈ। ਲੰਮੀ ਹੇਕ ਵਾਲੇ ਗੀਤ। ਦਰਅਸਲ, ਇਹ ਔਰਤਾਂ ਦਾ ਤਿਉਹਾਰ ਸੀ ਜੋ ਅਸੀਂ ਖੁੱਲ੍ਹਾ ਖਾਣ-ਪੀਣ ਅਤੇ ਡੀਜੇ ਲਾ ਕੇ ਖਰੂਦ ਕਰਨ ਵੱਲ ਮੋੜ ਲਿਆ ਹੈ। ਪੁਰਾਣੇ ਸਮਿਆਂ ਵਿੱਚ ਜਦੋਂ ਹਮਲਾਵਰ ਪੰਜਾਬ ਦੀਆਂ ਧੀਆਂ ਨੂੰ ਜੋਰੀ ਚੁੱਕ ਲੈਂਦੇ ਸਨ, ਉਦੋਂ ਕੁੜੀਆਂ ਪੱਗ ਵਾਲੇ ਵਿਅਕਤੀ ਨੂੰ ਵੇਖ ਕੇ ਆਪਣੇ ਆਪ ਨੂੰ ਸੁਰੱਖਿਅਤ ਸਮਝਦੀਆਂ ਸਨ। 'ਆ ਗਏ ਪੱਗਾਂ ਪੋਚਵੀਆਂ ਵਾਲੇ, ਰਹੀ ਬਚ ਕੇ ਨੀ ਰੰਗਲੇ ਦੁਪੱਟੇ ਵਾਲੀਏ', ਅੱਜ ਅਸੀਂ ਔਰਤਾਂ ਦੇ ਹੀ ਸਮਾਗਮ ਵਿੱਚ ਅਜਿਹੇ ਐਲਾਨ ਵਾਰ ਵਾਰ ਕਰ ਰਹੇ ਹਾਂ। ਬੇਗਾਨੀ ਧਰਤੀ 'ਤੇ ਇੱਕ ਗੋਰੇ ਵਿਅਕਤੀ ਨੇ ਪੰਜਾਬੀ ਪਰਿਵਾਰ ਵੱਲੋਂ ਕੱਢੀ ਜਾ ਰਹੀ ਜਾਗੋ ਨੂੰ ਵੇਖ ਕੇ ਪੁਲੀਸ ਨੂੰ ਫ਼ੋਨ ਕਰ ਦਿੱਤਾ ਸੀ। "ਇੱਕ ਔਰਤ ਦੇ ਸਿਰ ਨੂੰ ਅੱਗ ਲੱਗੀ ਹੋਈ ਹੈ ਬਾਕੀ ਜਣੀਆਂ ਉਸ ਦੇ ਆਸੇ-ਪਾਸੇ ਨੱਚੀ ਜਾਂਦੀਆਂ ਹਨ। ਉਹ ਗਾ ਵੀ ਰਹੀਆਂ ਹਨ", ਉਸ ਨੇ ਬਾਹਰ ਝਾਤੀ ਮਾਰ ਕੇ ਘਬਰਾਈ ਆਵਾਜ਼ ਵਿੱਚ ਆਖਿਆ। ਸੱਚਮੁੱਚ ਅੱਜ ਸਾਡਾ ਵਿਰਸਾ ਤੇ ਸੱਭਿਆਚਾਰ ਅੱਗ ਦੀ ਲਪੇਟ ਵਿੱਚ ਹੈ। ਕੀ ਕੋਈ ਡਾਕੂਮੈਂਟਰੀ ਇਸ ਅੱਗ ਨੂੰ ਬੁਝਾ ਸਕੇਗੀ? ਕੀ ਅਸੀਂ ਅਜਿਹੇ ਇੱਕ ਵੀ ਸਮਾਗਮ ਦਾ ਆਕਾਰ ਨਜ਼ਦੀਕੀ ਰਿਸ਼ਤੇਦਾਰਾਂ ਤੇ ਗੁਆਂਢੀਆਂ ਤਕ ਸੀਮਤ ਰੱਖ ਕੇ, ਮੀਟ-ਮੱਛੀ, ਸ਼ਰਾਬ ਤੇ ਭੈੜੀ ਸ਼ਬਦਾਵਲੀ ਵਾਲੇ ਗੀਤਾਂ ਤੋਂ ਮੁਕਤ ਕਰਵਾ ਸਕਾਂਗੇ?

ਗੀਤਾਂ ਦੀ ਉਤੇਜਿਤ, ਭੜਕਾਊ ਤੇ ਹਿੰਸਕ ਸ਼ਬਦਾਵਲੀ ਅਤੇ ਪੇਸ਼ਕਾਰੀ ਨੇ ਔਰਤਾਂ ਦੀ ਸਮੁੱਚੀ ਸ਼ਖ਼ਸੀਅਤ ਤੇ ਸਵੈ-ਮਾਣ ਨੂੰ ਖੋਰਾ ਲਾਇਆ ਹੈ। ਪੁਰਾਣੇ ਸਮਿਆਂ ਵਿੱਚ ਜਦ ਮੁੰਡੇ ਨੂੰ ਸ਼ਗਨ ਲੱਗਦਾ ਤਾਂ ਬਨੇਰਿਆਂ ਤੋਂ ਗੀਤ ਗੂੰਜਦੇ, 'ਸ਼ੁਭ ਕਾਰਜ ਤੇਰਾ ਹੋ ਰਿਹੈ ਪੁੱਤਰ ਤੂੰ ਕਿਹੜੀ ਕੁੱਖ ਦਾ, ਪੱਤੇ ਵਜਾਵਣ ਤਾਲੀਆਂ ਹਰ ਟਾਹਣ ਝੂੰਮੇ ਰੁੱਖ ਦਾ'। ਦਰਵਾਜ਼ਿਆਂ 'ਤੇ ਕੇਲੇ ਅਤੇ ਰੰਗ-ਬਰੰਗੀਆਂ ਝੰਡੀਆਂ ਵਾਲੇ ਅਜਿਹੇ ਘਰਾਂ ਅੱਗੋਂ ਲੋਕੀਂ ਦੁਆਵਾਂ ਦਿੰਦੇ ਲੰਘਦੇ। ਜਦੋਂ ਮੈਂ ਵਿਦਿਆਰਥੀ ਸੀ ਤਾਂ ਬੱਸ ਦਾ ਡਰਾਈਵਰ ਅਕਸਰ ਹੀ ਕੁਲਦੀਪ ਮਾਣਕ ਦੇ ਗੀਤਾਂ ਦੀ ਕੈਸੇਟ ਲਾ ਲੈਂਦਾ ਸੀ, 'ਸਿੰਘਾਂ ਨੂੰ ਲਲਕਾਰਦੀ ਅੱਜ ਭਾਗੋ ਮਾਈ, ਗੁਰੂ ਤੋਂ ਬੇਮੁੱਖ ਹੁੰਦਿਆਂ ਥੋਨੂੰ ਸ਼ਰਮ ਨਾ ਆਈ ਈ।' ਜਦ ਇਹ ਗੀਤ ਗੂੰਜਦਾ ਤਾਂ ਬੱਸ ਵਿੱਚ ਬੈਠੀਆਂ ਕਾਲਜ ਵਿਦਿਆਰਥਣਾਂ ਆਪਣੇ ਸਿਰਾਂ 'ਤੇ ਲਈਆਂ ਚੁੰਨੀਆਂ ਠੀਕ ਕਰਨ ਲੱਗ ਜਾਂਦੀਆਂ ਸਨ। ਲੇਕਿਨ ਮੌਜੂਦਾ ਗਾਇਕੀ ਨੇ ਹਥਿਆਰਾਂ ਦੀਆਂ ਕਿਸਮਾਂ ਤੇ ਸ਼ਰਾਬ ਦੀਆਂ ਬੋਤਲਾਂ ਦੀ ਕੀਮਤ 'ਤੇ ਨਵੀਂ ਪੀੜ੍ਹੀ ਦੇ ਮੁੰਡਿਆਂ ਨੂੰ ਫੁੱਲਾਂ ਤੇ ਫ਼ਸਲਾਂ ਦੇ ਨਾਮ ਭੁਲਾ ਦਿੱਤੇ ਹਨ।

ਵਿਆਹਾਂ 'ਤੇ ਅਥਾਹ ਖਰਚ ਸਭ ਤੋਂ ਵੱਡੀ ਚੁਣੌਤੀ ਹੈ। ਪੁਰਾਣੇ ਸਮਿਆਂ ਵਿੱਚ ਮਠਿਆਈ, ਲੱਡੂ-ਜਲੇਬੀਆਂ ਤੇ ਪਕੌੜੀਆਂ-ਸ਼ਕਰਪਾਰਿਆਂ ਤਕ ਹੀ ਸੀਮਤ ਸੀ। ਵੱਧ ਤੋਂ ਵੱਧ, ਦੁੱਧ ਦੀ ਬਰਫ਼ੀ ਬਣਾ ਲਈ ਜਾਂਦੀ ਸੀ। ਉਹ ਸਮਾਂ ਕਿੱਥੇ ਚਲਾ ਗਿਆ? ਜਦੋਂ ਦੋ ਜਲੇਬੀਆਂ ਤੇ ਇੱਕ ਲੱਡੂ ਦਾਲ ਰੋਟੀ ਦੇ ਨਾਲ ਹੀ ਵਰਤਾ ਦਿੱਤੇ ਜਾਂਦੇ ਸਨ। ਹੁਣ ਅਸੀਂ ਖਾਣਿਆਂ ਦਾ ਦਾਇਰਾ ਬਹੁਤ ਵਧਾ ਲਿਆ ਹੈ, ਚਾਇਨੀਜ਼, ਇਟੈਲੀਅਨ, ਰਸ਼ੀਅਨ, ਸਾਊਥ ਇੰਡੀਅਨ, ਅਤੇ ਸੀ-ਫੂਡਜ਼ ਨੂੰ ਵੀ ਖਿੱਚ-ਧੂਹ ਕੇ ਖਾਣਿਆਂ ਵਿੱਚ ਸ਼ਾਮਿਲ ਕਰ ਲਿਆ ਹੈ। ਪਿਛਲੇ ਮਹੀਨੇ ਦੋ ਵਿਆਹ ਵੇਖਣ ਦਾ ਮੌਕਾ ਮਿਲਿਆ, ਇੱਕ ਦਾ ਖਰਚਾ ਕਰੋੜ ਤੇ ਦੂਜੇ ਦਾ ਪੰਜਾਹ ਹਜ਼ਾਰ ਦੇ ਲਗਪਗ ਰਿਹਾ। ਪਹਿਲੇ ਵਿਆਹ ਵਿੱਚ ਬਾਪ ਵੱਲੋਂ ਸੜਕ 'ਤੇ ਲੱਗਦਾ ਇੱਕ ਖੇਤ ਵੇਚਿਆ ਗਿਆ। ਦੋ ਹਜ਼ਾਰ ਪ੍ਰਤੀ ਪਲੇਟ ਦੇ ਹਿਸਾਬ ਨਾਲ ਤੇਈ ਸੌ ਪਲੇਟਾਂ ਦਾ ਖਰਚਾ ਛਿਆਲੀ ਲੱਖ ਰੁਪਏ ਹੋਇਆ। ਬਾਕੀ ਖਰਚਾ ਪੈਲੇਸ ਦਾ ਕਿਰਾਇਆ, ਸੋਨਾ, ਸ਼ਰਾਬ ਤੇ ਹੋਰ ਸਮਾਗਮਾਂ 'ਤੇ ਹੋਇਆ। ਦੂਜੇ ਵਿਆਹ ਵਿੱਚ ਗੁਰੂ ਘਰ ਆਨੰਦ ਕਾਰਜ ਸੰਪੰਨ ਕਰਕੇ ਲੰਗਰ ਛਕਾਇਆ ਗਿਆ। ਪੱਚੀ ਸੌ ਰੁਪਏ ਗੁਰੂ ਘਰ ਵੱਲੋਂ ਰਸੀਦ ਕੱਟੀ ਗਈ, ਪੰਦਰਾਂ ਸੌ ਹਾਲ ਦਾ ਖਰਚਾ ਤੇ ਲੰਗਰ ਕੁੜੀ ਵਾਲਿਆਂ ਆਪ ਤਿਆਰ ਕਰਾਇਆ। ਮਾਂ ਨੇ ਆਪਣਾ ਸੋਨਾ ਪਹਿਲਾਂ ਹੀ ਧੀ ਦੀ ਝੋਲੀ ਪਾ ਦਿੱਤਾ ਸੀ। ਪੁਰਾਣੇ ਸਮਿਆਂ ਦੇ ਵਿਆਹਾਂ ਦੀਆਂ ਰਸਮਾਂ ਤੇ ਸਮਾਗਮਾਂ 'ਚੋਂ ਭਾਵਨਾਵਾਂ ਦੇ ਪ੍ਰਗਟਾਵੇ ਅਤੇ ਭਾਈਚਾਰਕ ਸਾਂਝ ਦੀ ਮਹਿਕ ਆਉਂਦੀ ਸੀ। ਉਦੋਂ ਰੁੱਸ ਜਾਣ ਵਿੱਚ ਵੀ ਨਿੱਘ ਸੀ ਤੇ ਹੁਣ ਗਲੇ ਮਿਲ ਲੈਣ ਵਿੱਚ ਵੀ ਉਦਾਸੀ ਹੈ। ਕਲਾ ਤੇ ਪੇਸ਼ਕਾਰੀ ਪੱਖੋਂ ਡਾਕੂਮੈਂਟਰੀਜ਼ ਇਹ ਸਮਰੱਥਾ ਰੱਖਦੀਆਂ ਹਨ ਕਿ ਅਤੀਤ ਤੇ ਵਰਤਮਾਨ ਨੂੰ ਸਕਰੀਨ 'ਤੇ ਇੱਕੋ ਸਮੇਂ ਪੇਸ਼ ਕਰਕੇ ਲੋਕ ਮਨਾਂ ਦੇ ਬੂਹਿਆਂ 'ਤੇ ਕੋਈ ਕਾਰਗਰ ਸੁਨੇਹਾ ਦਿੱਤਾ ਜਾਵੇ।

ਪੰਜਾਬੀ ਹੱਥੀਂ ਕੰਮ ਕਰਨ ਤੇ ਸਿਰੜ ਦੀ ਮਿਹਨਤ ਮੁਸ਼ੱਕਤ ਲਈ ਜਾਣੇ ਜਾਂਦੇ ਰਹੇ ਹਨ। ਲੇਕਿਨ ਇਸ ਸਮੇਂ ਅਸੀਂ ਵਿਹਲ ਤੇ ਵਿਖਾਵੇਬਾਜ਼ੀ ਦੀ ਲਪੇਟ ਵਿੱਚ ਆ ਗਏ ਹਾਂ। ਪੰਜਾਬੀਅਤ ਨੂੰ ਕਿਰਤ ਦੀ ਗੁੜਤੀ ਦਾ ਮਾਣ ਹਾਸਲ ਹੈ। ਟਾਹਲੀਆਂ ਵਾਲਾ ਖੇਤ, ਵਗਦੇ ਹਲ, ਖੇਤ ਵਾਹੁੰਦਾ ਟਰੈਕਟਰ, ਕਣਕ ਦੇ ਖੇਤ ਦੀ ਕਟਾਈ ਕਰਦੀ ਕੰਬਾਈਨ, ਟਿਊਬਵੈੱਲ ਦੇ ਕੋਠੇ ਲਾਗੇ ਮਾਲਟਿਆਂ ਦੇ ਬੂਟੇ, ਬਾਜਰੇ ਦੇ ਖੇਤ 'ਚੋਂ ਛਣ ਕੇ ਕਾਮਿਆਂ ਦੇ ਚਿਹਰਿਆਂ 'ਤੇ ਪੈਂਦੀਆਂ ਸੂਰਜ ਦੀਆਂ ਕਿਰਨਾਂ, ਮਿੱਠੀ-ਮਿੱਠੀ ਰੁੱਤ ਬਰਸੀਮ ਦੇ ਖੇਤ ਨੂੰ ਲੱਗਦਾ ਪਹਿਲਾਂ ਪਾਣੀ, ਭਰੇ ਕਿਆਰੇ ਵਿੱਚ ਦਿਸਦਾ ਛੁਪ ਗਏ ਸੂਰਜ ਦਾ ਪ੍ਰਛਾਵਾਂ ਅਤੇ ਰੈਣ-ਬਸੇਰੇ ਲਈ ਨੜ੍ਹਿਆਂ ਵਿੱਚ ਛੁਪਦੀਆਂ ਮੁਰਗਾਬੀਆਂ, ਕੈਮਰਾ ਵੀਹ-ਪੱਚੀ ਮਿੰਟਾਂ ਵਿੱਚ ਹੀ ਇਨ੍ਹਾਂ ਲੜੀਆਂ ਨੂੰ ਮੋਤੀਆਂ ਵਾਂਗ ਪਰੋ ਸਕਦਾ ਹੈ। ਖੇਤੀ ਦੇ ਕੰਮਾਂ ਤੋਂ ਬੇਮੁੱਖ ਹੋਈ ਜਵਾਨੀ ਦਾ ਹੱਥ ਫੜ ਕੇ ਉਨ੍ਹਾਂ ਨੂੰ ਡੂੰਘਾ ਅਹਿਸਾਸ ਕਰਾਉਣ ਦੀ ਲੋੜ ਹੈ। ਉਨ੍ਹਾਂ ਨੂੰ ਮਹਿਸੂਸ ਕਰਾਉਣ ਦੀ ਲੋੜ ਹੈ ਕਿ ਹੱਥੀਂ ਕੰਮ ਕਰਨ ਤੋਂ ਪਾਸਾ ਵੱਟ ਕੇ ਉਹ ਵਗਦੇ ਪਾਣੀ ਦੀ ਝਾਲ਼ ਵਿੱਚ ਫਸ ਗਏ ਹਨ। ਕੰਧਾਂ-ਕੰਧੋਲੀਆਂ ਲਿਪਦੀਆਂ ਔਰਤਾਂ, ਤਿਲ ਭੁੰਨਦੀਆਂ ਸੁਆਣੀਆਂ, ਬਾਪ ਦੀ ਰੋਟੀ ਲਈ ਖੇਤ ਨੂੰ ਜਾਂਦੀ ਬਾਲੜੀ, ਕਪਾਹ ਦੇ ਫੁੱਲਾਂ 'ਤੇ ਮੰਡਰਾਉਂਦੀਆਂ ਰੰਗ-ਬਿਰੰਗੀਆਂ ਤਿਤਲੀਆਂ, ਵਗਦੇ ਖਾਲ਼ ਵਿੱਚੋਂ ਪਾਣੀ ਪੀ ਕੇ ਉੱਡ ਗਈਆਂ ਚਿੜੀਆਂ। ਇੱਕ ਸਮਾਂ ਸੀ ਜਦੋਂ ਕੰਮਾਂ-ਕਾਰਾਂ ਨੇ ਪੰਜਾਬੀਅਤ ਨੂੰ ਮਹਿਕਣ ਲਾ ਦਿੱਤਾ ਸੀ। ਅਤੀਤ ਦੀਆਂ ਮਿੱਠੀਆਂ ਯਾਦਾਂ ਵਰਤਮਾਨ ਦੀ ਕੁੜੱਤਣ ਨੂੰ ਘੱਟ ਕਰ ਸਕਦੀਆਂ ਹਨ। ਉਸ ਸੁੱਕੇ ਖੂਹ ਦੀ ਮੌਣ 'ਤੇ ਝੁਕ ਕੇ ਵੀ ਪਾਣੀ ਦੀ ਘੁੱਟ ਭਰੀ ਜਾ ਸਕਦੀ ਹੈ ਜਿਸ ਖੂਹ ਨੇ ਦਹਾਕਿਆਂ ਤਕ ਠੰਢੇ-ਮਿੱਠੇ ਜਲ ਨਾਲ ਲੋਕਾਈ ਦੀ ਪਿਆਸ ਬੁਝਾਈ ਹੋਵੇ।

ਇੰਗਲੈਂਡ ਵਿੱਚ ਸਿੱਖ ਕੁੜੀਆਂ ਦਾ ਮੁਸਲਮਾਨ ਮੁੰਡਿਆਂ ਵੱਲੋਂ ਸ਼ੋਸ਼ਣ ਵਿਸ਼ੇ ਸਬੰਧੀ ਸਾਲ 2013 'ਚ ਬੀਬੀਸੀ ਵੱਲੋਂ ਤਿਆਰ ਕੀਤੀ ਇੱਕ ਡਾਕੂਮੈਂਟਰੀ ਨੇ ਗੰਭੀਰ ਸੁਨੇਹਾ ਦਿੱਤਾ ਸੀ। ਇਸੇ ਮਹੀਨੇ ਕੈਂਸਰ ਵਿਰੁੱਧ ਸੰਸਾਰ ਪੱਧਰ 'ਤੇ ਜੱਦੋਜਹਿਦ ਕਰ ਰਹੇ ਇੱਕ ਪਰਵਾਸੀ ਪੰਜਾਬੀ ਦੀ ਵਾਇਰਲ ਹੋਈ ਸਪੀਚ ਇੱਕ ਡਾਕੂਮੈਂਟਰੀ ਵਾਂਗ ਹੀ ਹੈ। ਸਮੇਂ ਦੀ ਥੁੜ੍ਹ ਅਤੇ ਸੰਚਾਰ ਦੀਆਂ ਬਹੁਵਿਧੀਆਂ ਨੂੰ ਮੁੱਖ ਰੱਖਦਿਆਂ, ਡਾਕੂਮੈਂਟਰੀਜ਼ ਨੂੰ ਦੂਜੀਆਂ ਸਾਹਿਤਕ ਤੇ ਸੰਚਾਰ ਵਿਧਾਵਾਂ ਤੋਂ ਪਹਿਲ ਹਾਸਲ ਹੈ। ਰੱਬ ਕਰੇ ਨਵੇਂ ਵਰ੍ਹੇ ਸਾਨੂੰ ਝੰਜੋੜਨ ਵਾਲੀਆਂ ਡਾਕੂਮੈਂਟਰੀਜ਼ ਹੋਂਦ ਵਿੱਚ ਆਉਣ। ਦੁਧਾਰੂ ਪਸ਼ੂਆਂ, ਘੋੜਿਆਂ ਤੇ ਟਰੈਕਟਰਾਂ ਦੀਆਂ ਮੰਡੀਆਂ ਵਾਂਗ ਕਿਤਾਬਾਂ, ਡਾਕੂਮੈਂਟਰੀਜ਼ ਤੇ ਛੋਟੀਆਂ ਫ਼ਿਲਮਾਂ ਦੇ ਮੇਲੇ ਵੀ ਲੱਗਣ। ਡਾਕੂਮੈਂਟਰੀਜ਼ ਨਾਲ ਜੁੜੇ ਲੋਕ ਇਸ ਵੇਲੇ ਸਮਾਜਿਕ ਸਰੋਕਾਰਾਂ ਨੂੰ ਸੁਰਜੀਤ ਕਰਨ ਲਈ ਝੰਡਾਬਰਦਾਰ ਹਨ।

# ਅਫਰਾਜ਼ੁਲ ਨੂੰ ਕਤਲ ਕਰਕੇ ਜਲਾਉਣ ਦੀ ਲਾਈਵ ਵੀਡੀਓ

ਅਫਰਾਜ਼ੁਲ ਨੂੰ ਕਤਲ ਕਰਕੇ ਜਲਾਉਣ ਦੀ ਲਾਈਵ ਵੀਡੀਓ, ਹਿਸਾਰ 'ਚ 6 ਸਾਲਾ ਬੱਚੀ ਦਾ ਬਲਾਤਕਾਰ ਤੇ ਕਤਲ ਤੇ ਹੋਰ ਅਨੇਕਾਂ ਵਹਿਸ਼ਤ ਭਰੀਆਂ ਖ਼ਬਰਾਂ ਨਾਲ਼ ਨਿੱਤ ਵਾਹ ਪੈਂਦਾ ਹੈ। ਸੂਚਨਾ ਤੇ ਸੰਚਾਰ ਸਾਧਨਾਂ ਦੇ ਇਸ ਵਿਕਾਸ ਨੇ ਉੱਠਦੇ-ਬੈਠਦੇ ਦਿਨ-ਰਾਤ ਅੱਜ ਦੇ ਸਮੇਂ ਦੀ ਵਹਿਸ਼ਤ ਦੇ ਸਨਮੁੱਖ ਸਾਨੂੰ ਲਿਆ ਖੜਾ ਕੀਤਾ ਹੈ। ਸਮਾਰਟ ਫੋਨ ਚਲਾਉਣ ਵਾਲੇ ਤਾਂ ਆਪਣੀ ਜੇਬ ਵਿੱਚ ਅਜਿਹੀਆਂ ਖ਼ਬਰਾਂ ਦੀਆਂ ਤਸਵੀਰਾਂ ਵੀਡੀਓ ਲੈਕੇ ਚਲਦੇ ਹਨ।

ਜੋ ਵੀ ਮਨੁੱਖ ਸੋਚਦਾ ਹੈ, ਮਹਿਸੂਸ ਕਰਦਾ ਹੈ ਇਹ ਖ਼ਬਰਾਂ ਉਸਨੂੰ ਵਾਰ-ਵਾਰ ਚੇਤੇ ਕਰਵਾਉਂਦੀਆਂ ਹਨ ਕਿ ਅੱਜ ਦੇ ਮਹੌਲ ਵਿੱਚ ਸੁਆਰਥ ਭਰੀ ਅਮਨ-ਚੈਨ ਦੀ ਜਿੰਦਗੀ ਸੰਭਵਨ ਨਹੀਂ,ਕਿ ਅਜਿਹੀ ਕੋਸ਼ਿਸ਼ 'ਗੋਡਿਆਂ 'ਚ ਧੌਣ ਦੇਕੇ ਜਿੰਦਗੀ ਨੂੰ ਸੁਫਨੇ 'ਚ ਦੇਖਣ ਦਾ ਯਤਨ ਹੈ।' ਕਿ ਇਹਨਾਂ ਵਹਿਸ਼ਤ ਦੀਆਂ ਵਾਰਦਾਤਾਂ ਨੂੰ ਅਣਗੌਲ਼ਿਆਂ ਕਰਕੇ ਜਿਉਣ ਲਈ ਆਪਣੇ ਅੰਦਰਲੇ ਮਨੁੱਖ ਨੂੰ ਕਤਲ ਕਰਨਾ ਪੈਣਾ ਹੈ। ਇੱਥੇ ਸਿਰਫ਼ 'ਯੁੱਧ ਹੀ ਸਾਡੇ ਬੱਚਿਆਂ ਲਈ ਪਿੜੀਆਂ ਵਾਲੀ ਖਿੱਦੋ ਬਣੇਗਾ।'

ਪਰ ਦੂਜੇ ਪਾਸੇ ਇੰਝ ਦੀਆਂ ਦਿਲ-ਕੰਬਾਊ ਖ਼ਬਰਾਂ ਵਾਰ-ਵਾਰ ਪੇਸ਼ ਕੀਤੀਆਂ ਜਾਂਦੀਆਂ ਹਨ ਤਾਂ ਇਹ ਲੋਕਾਂ ਦੀ ਸੰਵੇਦਨਸ਼ੀਲ ਨੂੰ ਮੱਠੀਆਂ ਪਾ ਦਿੰਦੀਆਂ ਹਨ। ਇਹੋ ਜਿਹੀਆਂ ਖ਼ਬਰਾਂ ਦਾ ਜਿਵੇਂ ਹੜ੍ਹ ਆਇਆ ਰਹਿੰਦਾ ਹੈ ਲੋਕਾਂ ਲਈ ਉਹ 'ਆਮ ਗੱਲ' ਬਣ ਜਾਂਦੀਆਂ ਹਨ। ਇਹ ਖ਼ਬਰਾਂ ਰੋਜਾਨਾ ਸਵੇਰੇ ਬਿਨਾਂ ਕਿਸੇ ਸੰਵੇਦਨਾ ਤੋਂ ਚਾਹ ਦੀਆਂ ਚੁਸਕੀਆਂ ਨਾਲ਼ ਪੜ੍ਹੀਆਂ ਜਾ ਰਹੀਆਂ ਹੁੰਦੀਆਂ ਹਨ। ਕਤਲ, ਹਾਦਸਿਆਂ ਦੇ ਵੀਡੀਓ ਵਾਰ-ਵਾਰ ਦੇਖੇ ਜਾਂਦੇ ਹਨ, ਸਨਕ ਭਰੀ ਉਤਸੁਕਤਾ 'ਚ ਦੂਜਿਆਂ ਨੂੰ ਦੇਖਣ ਲਈ ਭੇਜੇ ਜਾਂਦੇ ਹਨ। ਵਹਿਸ਼ਤ ਦੀਆਂ ਇਹ ਖ਼ਬਰਾਂ ਤੁਹਾਨੂੰ ਇਹ ਯਕੀਨ ਕਰਨ ਵੀ ਲਾ ਸਕਦੀਆਂ ਹਨ ਕਿ ਮਨੁੱਖ ਬੁਨਿਆਦੀ ਤੌਰ 'ਤੇ ਇੱਕ ਜੰਗਲੀ, ਵਹਿਸ਼ੀ ਪਸ਼ੂ ਹੈ, ਕਿ ਬੁਰਾਈ, ਹਿੰਸਾ ਮਨੁੱਖ ਦੇ ਖ਼ੂਨ ਵਿੱਚ ਰਚੀ ਹੈ, ਕਿ ਮਨੁੱਖ ਭਰੋਸੇ ਦੇ ਕਾਬਲ ਨਹੀਂ ਹੁੰਦੇ, ਕਿ ਜਿੰਦਗੀ ਇੱਕ ਖ਼ੂਨੀ ਖੇਡ ਹੈ ਜਿੱਥੇ ਕੋਈ ਬਿਹਤਰੀ ਸੰਭਵ ਨਹੀਂ ਤੇ ਤੁਸੀਂ ਚੁੱਪਚਾਪ ਆਪਣੇ ਹਿੱਸੇ ਦੇ ਛਿੱਲੜ ਇਕੱਠੇ ਕਰਨ 'ਚ ਗਲਾਤਨ ਰਹੋ। ਕਾਰਨ? ਕਿਉਂਕਿ ਇਹ ਖ਼ਬਰਾਂ ਬਿਨਾਂ ਕਿਸੇ ਨਜ਼ਰੀਏ ਤੋਂ ਬਿਨਾਂ ਕੋਈ ਸਵਾਲ ਛੱਡੇ ਸਿਰਫ਼ ਖ਼ਬਰਾਂ ਲਈ ਪੇਸ਼ ਕੀਤੀਆਂ ਜਾ ਰਹੀਆਂ ਹਨ ਜਿਹਨਾਂ ਦਾ ਕਰੋੜਾਂ-ਅਰਬਾਂ ਦਾ ਮੁਨਾਫੇ ਦਾ ਕਾਰੋਬਾਰ ਹੈ। ਤੁਹਾਡੇ ਸਾਹਮਾਣੇ ਆਉਣ ਵਾਲੀਆਂ ਖ਼ੌਫ਼ਨਾਕ ਘਟਨਾਵਾਂ ਵਾਪਰਦੀਆਂ ਹੀ ਕਿਉਂ ਹਨ ਤੇ ਇਹਨਾਂ ਨੂੰ ਖਤਮ ਕੀਤਾ ਜਾਵੇ? ਇਹ ਉਹ ਅਹਿਮ ਸਵਾਲ ਹੈ ਜੋ ਅਜਿਹੀਆਂ ਖ਼ਬਰਾਂ ਦੀ ਪੇਸ਼ਕਾਰੀ ਵਿੱਚੋਂ ਅਕਸਰ ਗਾਇਬ ਰਹਿੰਦਾ ਹੈ ਤੇ ਤੁਹਾਨੂੰ ਕਦੇ ਸੋਚਣ ਨਹੀਂ ਦਿੱਤਾ ਜਾਂਦਾ। ਜਾਂ ਤੁਹਾਡੇ ਕਰਨ ਲਈ ਵੱਧ ਤੋਂ ਵੱਧ ਤਰਸ ਹੀ ਬਚਦਾ ਹੈ ਜਿੱਥੇ ਤੁਸੀਂ "ਵਾਹਿਗੁਰੂ ਜੀ" ਜਾਂ "ਜੈ ਸ਼੍ਰੀ ਰਾਮ" ਲਿਖ ਕੇ ਆਪਣੀ ਜ਼ਿੰਮੇਵਾਰੀ ਨਿਭਾ ਦਿੰਦੇ ਹੋ।

ਇਸ ਕਰਕੇ ਮਨੁੱਖਤਾ ਦੇ ਬਿਹਤਰ ਭਵਿੱਖ 'ਚ ਵਿਗਿਆਨ-ਸੰਗਤ ਯਕੀਨ ਰੱਖਣਾ, ਇਸ ਵਹਿਸ਼ਤ ਦੇ ਬਾਵਜੂਦ ਮਨੁੱਖੀ ਦਿਲਾਂ ਅੰਦਰਲੀ ਚੰਗਿਆਈ 'ਚ ਨਿਹਚਾ ਰੱਖਣੀ ਜ਼ਰੂਰੀ ਹੈ। ਤੁਹਾਡੇ ਛਾਤੀ ਹੇਠਲੇ ਨਗੀਨੇ ਨੂੰ ਮਘਦਾ ਰੱਖਣ ਵਾਲ਼ੇ ਸਾਹਿਤ, ਫਿਲਮਾਂ ਅਤੇ ਆਦਿ ਦੇ ਲਗਾਤਾਰ ਵਾਹ 'ਚ ਰਹੋ। ਸਮਾਜ-ਵਿਗਿਆਨ ਨੂੰ ਜਾਣੋ, ਸਮਾਜ ਵਿੱਚ ਵਾਪਰਦੀਆਂ ਅਜਿਹੀਆਂ ਘਟਨਾਵਾਂ ਦੇ ਕਾਰਨਾਂ ਤੇ ਉਹਨਾਂ ਦੇ ਹੱਲ ਨੂੰ ਜਾਣੋ। ਉਹਨਾਂ ਲੋਕਾਂ ਨਾਲ਼ ਸਾਂਝ ਵਧਾਓ ਜੋ ਮਨੁੱਖਤਾ ਦੇ ਰੌਸ਼ਨ ਭਵਿੱਖ ਵਿੱਚ ਯਕੀਨ ਰੱਖਦੇ ਹਨ ਤੇ ਇਹਦੇ ਲਈ ਜੂਝਦੇ ਹਨ ਅਤੇ ਇਸ ਲੜਾਈ ਵਿੱਚ ਆਪਣੀ ਇੱਕ ਭੂਮਿਕਾ ਤੈਅ ਕਰ ਲਵੋ। ਫੇਰ ਵਹਿਸ਼ਤ ਦੀ ਹਰ ਘਟਨਾ ਸਾਡੇ ਲਈ ਪ੍ਰੇਰਨਾ ਤੇ ਊਰਜਾ ਦਾ ਸੋਮਾ ਹੋਵੇਗੀ ਕਿ ਅਸੀਂ ਇਸ ਲੜਾਈ ਨੂੰ ਹੋਰ ਸ਼ਿੱਦਤ ਨਾਲ਼ ਲੜੀਏ। ਨਹੀਂ ਤਾਂ ਵਹਿਸ਼ਤ ਦੀਆਂ ਇਹ ਖ਼ਬਰਾਂ ਤੁਹਾਨੂੰ ਆਪਣੇ ਅੰਦਰਲਾ ਮਨੁੱਖ ਮਾਰ ਕੇ ਜਿਉਣ ਦੀ ਆਦਤ ਪਾ ਦੇਣਗੀਆਂ।

\- ਅਵਤਾਰ

# ਪਿਓ ਨੇ ਕਰਜ਼ਾ ਚੁੱਕ ਕੇ ਦਿੱਤੀ ਕੋਚਿੰਗ ਤੇ ਪੁੱਤ ਨੇ ਜਪਾਨ 'ਚ ਜਿੱਤਿਆ ਸੋਨ ਤਮਗਾ



ਸੁਖਜੀਤ ਮਾਨ

ਮਾਨਸਾ ਜ਼ਿਲ੍ਹੇ ਦੇ ਪਿੰਡ ਫਫੜੇ ਭਾਈਕੇ ਦੇ ਨਿਸ਼ਾਨੇਬਾਜ਼ ਸੁਰਿੰਦਰ ਸਿੰਘ ਨੇ ਆਪਣੇ ਪਿਤਾ ਤੇ ਕੋਚ ਕੁਲਦੀਪ ਸਿੰਘ ਦੀ ਮਿਹਨਤ ਦਾ ਮੁੱਲ ਸੋਨ ਤਮਗੇ ਨਾਲ ਮੋੜਿਆ ਹੈ।। ਪਿਤਾ ਨੇ ਪੁੱਤਰ ਦਾ ਭਵਿੱਖ ਖੇਡਾਂ 'ਚ ਸੁਨਹਿਰਾ ਬਣਾਉਣ ਲਈ ਕਰਜ਼ਾ ਚੁੱਕ ਕੇ ਸ਼ੂਟਿੰਗ ਦੀ ਟ੍ਰੇਨਿੰਗ ਦਿੱਤੀ ਤਾਂ ਉਸਦਾ ਨਤੀਜਾ ਜਪਾਨ 'ਚ ਹੋਈ 10ਵੀਂ ਯੂਥ ਏਸ਼ੀਅਨ ਏਅਰਗੰਨ ਚੈਂਪੀਅਨਸ਼ਿਪ 'ਚੋਂ ਸੋਨ ਤਮਗੇ ਦੇ ਰੂਪ 'ਚ ਮਿਲਿਆ ਹੈ।

ਆਪਣੇ ਪੁੱਤ ਦੀ ਕਾਮਯਾਬੀ ਤੋਂ ਖ਼ੁਸ਼ ਤੇ ਸਰਕਾਰੀ ਸਹੂਲਤਾਂ ਨਾ ਮਿਲਣ ਤੋਂ ਚਿੰਤਤ ਕੋਚ ਤੇ ਪੀਟੀਆਈ ਕੁਲਦੀਪ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਸਨੇ ਆਪਣੇ ਪੁੱਤਰ ਨੂੰ ਨਿਸ਼ਾਨੇਬਾਜੀ ਦੀ ਖੇਡ ਦੀਆਂ ਬੁਲੰਦੀਆਂ 'ਤੇ ਲਿਜਾਣ ਲਈ ਹਰ ਮੁਸ਼ਕਿਲ ਦਾ ਸਾਹਮਣਾ ਕੀਤਾ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਇੱਕ ਵੇਲਾ ਅਜਿਹਾ ਵੀ ਆਇਆ ਜਦੋਂ ਉਨ੍ਹਾਂ ਨੇ ਨਿਸ਼ਾਨੇਬਾਜੀ ਦੀ ਟ੍ਰੇਨਿੰਗ ਲਈ ਪਿਸਟਲ ਖ੍ਰੀਦਣ ਵਾਸਤੇ 5 ਲੱਖ ਰੁਪਏ ਦਾ ਕਰਜ਼ਾ ਲਿਆ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਨੂੰ 50 ਮੀਟਰ ਏਅਰ ਪਿਸਟਲ ਮੁਕਾਬਲਿਆਂ ਲਈ ਲਾਇਸੰਸ ਬਣਵਾਉਣ ਲਈ ਜਦੋਂ ਮਾਨਸਾ ਦੇ ਸੁਵਿਧਾ ਕੇਂਦਰ 'ਚ ਅਰਜ਼ੀ ਦਿੱਤੀ ਤਾਂ ਇੱਥੇ ਵੀ ਕਾਫੀ ਦਿੱਕਤਾਂ ਆਈਆਂ। ਉਨ੍ਹਾਂ ਦੱਸਿਆ ਕਿ ਲਾਇਸੰਸ ਮੌਕੇ ਉਨ੍ਹਾਂ 'ਕਾਓ ਟੈਕਸ' ਦੇ ਰੂਪ 'ਚ 15 ਹਜ਼ਾਰ ਰੁਪਏ ਵੱਖਰੇ ਭਰਨੇ ਪਏ ਪਰ ਇਸਦੇ ਬਾਵਜੂਦ ਵੀ ਲਾਇਸੰਸ 'ਚ ਦੇਰੀ ਹੋ ਗਈ ਜਿਸ ਕਾਰਨ ਉਨ੍ਹਾਂ ਨੂੰ ਖੇਡ ਮੈਦਾਨ 'ਚ ਕਾਫੀ ਨੁਕਸਾਨ ਝੱਲਣਾ ਪਿਆ। ਉਨ੍ਹਾਂ ਦੱਸਿਆ ਕਿ ਲਾਇਸੰਸ ਦੀ ਦੇਰੀ ਕਾਰਨ ਹੀ ਉਨ੍ਹਾਂ ਨੂੰ ਜਰਮਨੀ ਤੋਂ ਸਪੈਸ਼ਲ ਮੰਗਵਾਏ ਗਏ। ਏਅਰ ਪਿਸਟਲ ਦੀ 1 ਲੱਖ 50 ਹਜ਼ਾਰ ਰੁਪਏ ਕੀਮਤ ਤਾਰਨ ਤੋਂ ਇਲਾਵਾ 28 ਫੀਸਦੀ ਜੀਐਸਟੀ ਵੱਖਰੇ ਤੌਰ 'ਤੇ ਦੇਣਾ ਪਿਆ। ਇਸ ਤੋਂ ਇਲਾਵਾ ਗੋਲੀਆਂ 'ਤੇ ਦੋ ਲੱਖ ਰੁਪਏ ਖਰਚਾ ਆਇਆ। ਉਨ੍ਹਾਂ ਦੱਸਿਆ ਕਿ ਸਮੇਂ ਸਿਰ ਪਿਸਟਲ ਨਾ ਮੰਗਵਾਏ ਜਾਣ ਕਾਰਨ ਉਨ੍ਹਾਂ ਦੇ ਪੁੱਤਰ ਨੂੰ ਨੈਸ਼ਨਲ ਮੁਕਾਬਲਿਆਂ 'ਚ ਕਿਰਾਏ 'ਤੇ ਪਿਸਟਲ ਲੈ ਕੇ ਖੇਡਣਾ ਪੈਂਦਾ ਸੀ ਜਿਸਦਾ ਉਹ ਪ੍ਰਤੀ ਮੈਚ ਕਰੀਬ 4 ਹਜ਼ਾਰ ਰੁਪਏ ਕਿਰਾਇਆ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਕਿਰਾਏ 'ਤੇ ਪਿਸਟਲ ਲੈ ਕੇ ਖੇਡਣ ਦੇ ਬਾਵਜੂਦ ਸੁਰਿੰਦਰ ਤੀਜੇ ਰੈਂਕ 'ਤੇ ਚੱਲ ਰਿਹਾ ਸੀ ਪਰ ਆਖਰੀ ਮੈਚ ਜਿਸ 'ਚੋਂ ਜੂਨੀਅਰ ਵਿਸ਼ਵ ਕੱਪ ਲਈ ਚੋਣ ਹੋਣੀ ਸੀ ਉਸ 'ਚ ਉਹ ਚੌਥੇ ਰੈਂਕ 'ਤੇ ਚਲੇ ਜਾਣ ਕਾਰਨ ਚੋਣ ਤੋਂ ਪਛੜ ਗਿਆ। ਉਹਨਾਂ ਗਿਲਾ ਜ਼ਾਹਿਰ ਕੀਤਾ ਕਿ ਜੇਕਰ ਉਸਦੇ ਪੁੱਤਰ ਕੋਲ ਉਸ ਵੇਲੇ ਆਪਣਾ ਪਿਸਟਲ ਹੁੰਦਾ ਤਾਂ ਉਸਦਾ ਰੈਂਕ ਨਹੀਂ ਪਛੜਨਾ ਸੀ। ਉਨ੍ਹਾਂ ਦੱਸਿਆ ਕਿ ਦੂਸਰੇ ਦੇਸ਼ਾਂ ਦੀ ਆਧੁਨਿਕ ਟ੍ਰੇਨਿੰਗ ਅਤੇ ਹੋਰ ਖੇਡ ਸਹੂਲਤਾਂ ਵਾਲੇ ਨਿਸ਼ਾਨੇਬਾਜਾਂ ਦਾ ਮੁਕਾਬਲਾ ਕਰਨ ਲਈ ਆਰਥਿਕ ਪੱਖੋਂ ਕਾਫੀ ਦਿੱਕਤਾਂ ਆਈਆਂ ਪਰ ਉਨ੍ਹਾਂ ਨੇ ਕਈ ਤਰ੍ਹਾਂ ਦੇ ਕਰਜ਼ਾ ਲੈ ਕੇ ਨਿਸ਼ਾਨੇਬਾਜ ਸੁਰਿੰਦਰ ਸਿੰਘ ਦੀ ਪ੍ਰੈਕਟਿਸ ਵਿੱਚ ਕੋਈ ਘਾਟ ਨਹੀਂ ਆਉਣ ਦਿੱਤੀ। ਉਨ੍ਹਾ ਦੱਸਿਆ ਕਿ ਅਭਿਆਸ ਲਈ ਉਨ੍ਹਾਂ ਨੇ ਸ਼ੂਟਿੰਗ ਰੇਂਜ ਵੀ ਘਰ 'ਚ ਹੀ ਬਣਾ ਲਈ ਸੀ ਪਰ ਹੁਣ ਪਿੰਡ ਦੇ ਸਰਕਾਰੀ ਸਕੂਲ 'ਚ ਰੇਂਜ ਬਣਾ ਕੇ ਹੋਰਨਾਂ ਖਿਡਾਰੀਆਂ ਨੂੰ ਵੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਸੁਰਿੰਦਰ ਸਿੰਘ ਦੀ ਤਾਜਾ ਜਿੱਤ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ 10ਵੀਂ ਯੂਥ ਏਸ਼ੀਅਨ ਏਅਰਗੰਨ ਚੈਂਪੀਅਨਸ਼ਿਪ ਜਪਾਨ ਵਿਖੇ ਭਾਰਤ ਦੀ ਪ੍ਰਤੀਨਿਧਤਾ ਕਰਦਿਆਂ ਉਸਨੇ ਏਅਰ ਪਿਸਟਲ ਈਵੈਂਟ ਵਿਚੋਂ ਟੀਮ ਦੇ ਤੌਰ ਤੇ ਸੋਨ ਤਮਗਾ ਹਾਸਿਲ ਕੀਤਾ ਹੈ। ਉਸਦੀ ਟੀਮ ਵਿੱਚ ਉਸ ਤੋਂ ਇਲਾਵਾ ਉੱਤਰ ਪ੍ਰਦੇਸ਼ ਦਾ ਸੌਰਵ ਚੌਧਰੀ ਅਤੇ ਫਤਿਹਗੜ੍ਹ ਸਾਹਿਬ ਦਾ ਨਿਸ਼ਾਨੇਬਾਜ ਅਰਜਨ ਸਿੰਘ ਚੀਮਾ ਸ਼ਾਮਿਲ ਸਨ। ਬਾਰ੍ਹਵੀਂ ਕਲਾਸ ਵਿੱਚ ਪੜ੍ਹਦੇ ਨਿਸ਼ਾਨੇਬਾਜ ਸੁਰਿੰਦਰ ਸਿੰਘ ਫਫੜੇ ਭਾਈਕੇ ਨੇ ਦੂਸਰੀ ਵਾਰ ਯੂਥ ਏਸ਼ੀਅਨ ਚੈਂਪੀਅਨਸ਼ਿੱਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਭਾਰਤ ਦਾ ਨਾਂ ਚਮਕਾਇਆ ਹੈ। ਪਿਛਲੇ ਵਰ੍ਹੇ ਉਸਨੇ ਇਰਾਨ ਵਿਖੇ ਹੋਈ ਏਸ਼ੀਅਨ ਚੈਂਪੀਅਨਸ਼ਿੱਪ ਦੌਰਾਨ ਚੰਗੀ ਖੇਡ ਦਾ ਵਿਖਾਵਾ ਕਰਦਿਆਂ ਚੌਥਾ ਸਥਾਨ ਹਾਸਿਲ ਕੀਤਾ ਸੀ। ਉਨ੍ਹਾਂ ਦੱਸਿਆ ਕਿ ਸੁਰਿੰਦਰ ਸਿੰਘ ਨੇ ਸਕੂਲ ਪੱਧਰ ਤੇ ਦਸ ਮੀਟਰ ਵਿੱਚ ਕਈ ਵਾਰ ਨੈਸ਼ਨਲ ਪੱਧਰ ਤੇ ਪ੍ਰਾਪਤੀ ਤੋਂ ਇਲਾਵਾ 50 ਮੀਟਰ ਵਿੱਚ ਵੀ ਨੈਸ਼ਨਲ ਪੱਧਰ ਤੇ ਗੋਲਡ ਮੈਡਲ ਹਾਸਿਲ ਕੀਤੇ ਹਨ।



ਨਿਸ਼ਾਨੇਬਾਜ਼ ਸੁਰਿੰਦਰ ਸਿੰਘ (ਸੱਜੇ) ਅਤੇ ਉਸ ਦੇ ਪਿਤਾ ਕੁਲਦੀਪ ਸਿੰਘ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਸਾਬਕਾ ਡਿਪਟੀ ਸਪੀਕਰ ਜਸਵੰਤ ਸਿੰਘ ਫਫੜੇ ਭਾਈਕੇ।

## ਖੇਡ ਡਾਇਰੀ-ਸੁਖਵੀਰ ਗਰੇਵਾਲ

# ਆਈਸ ਹਾਕੀ ਬਾਰੇ ਪੰਜਾਬੀਆਂ ਦੀ ਦੀਵਾਨਗੀ 'ਚ ਅਥਾਹ ਵਾਧਾ



ਕੈਨੇਡਾ ਦੇ ਪੰਜਾਬੀ ਭਾਈਚਾਰੇ ਵਿੱਚ ਆਈਸ ਹਾਕੀ ਪ੍ਰਤੀ ਲਗਾਓ ਵੱਧ ਰਿਹਾ ਹੈ ਤੇ ਇਸ ਰੁਝਾਨ ਬਾਰੇ ਐਨ.ਐਚ. ਐਲ. ਦੀ ਪ੍ਰਬੰਧਕੀ ਟੀਮ ਵੀ ਭਲੀ ਭਾਂਤ ਜਾਣਦੀ ਹੈ। ਇਸੇ ਰੁਝਾਨ ਨੂੰ ਹੋਰ ਹੁਲਾਰਾ ਦੇਣ ਲਈ ਸਰੀ ਦੇ ਸਿਟੀ ਹਾਲ ਅੱਗੇ 'ਰੌਜਰਜ਼ ਹੋਮਟਾਊਨ ਹਾਕੀ-ਸਰੀ' ਨਾਂ ਦਾ ਇੱਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਇਸ ਖੇਡ ਨਾਲ਼ ਜੁੜੀਆਂ ਕਈ ਨਾਮੀ ਹਸਤੀਆਂ ਨੇ ਭਾਗ ਲਿਆ। ਸਰੀ ਵਿੱਚ ਇਹ ਪ੍ਰੋਗਰਾਮ ਪਹਿਲੀ ਵਾਰ ਹੋਇਆ ਜਿਸ ਕਰਕੇ ਪੰਜਾਬੀ ਭਾਈਚਾਰੇ ਨੇ ਇਸ ਵਿੱਚ ਖਾਸ ਰੁਚੀ ਦਿਖਾਈ।

ਰੌਜਰਜ਼ ਵਲੋਂ ਇਸ ਸਮਾਗਮ ਨੂੰ ਹਰ ਪੱਖੋਂ ਸਫਲ ਬਣਾਉਣ ਲਈ ਵੱਡੇ ਪ੍ਰਬੰਧ ਕੀਤੇ ਗਏ। ਪੰਜਾਬੀ ਕੁਮੈਂਟਰੀ ਦੀ ਸਾਰੀ ਟੀਮ ਇਸ ਮੌਕੇ ਹਾਜ਼ਰ ਰਹੀ। ਇਸ ਸਮਾਗਮ ਤੋਂ ਕੁਝ ਦਿਨ ਪਹਿਲਾਂ ਹੀ ਪੰਜਾਬੀ ਖਿਡਾਰੀ ਜੁਝਾਰ ਖਹਿਰਾ ਨੇ ਐਨ. ਐਚ. ਐਲ. ਵਿੱਚ ਦੋ ਗੋਲ਼ ਕੀਤੇ ਸਨ ਜਿਸ ਕਰਕੇ ਮਾਈਨਰ ਹਾਕੀ ਦੇ ਪੰਜਾਬੀ ਖਿਡਾਰੀਆਂ ਵਿੱਚ ਉਤਸ਼ਾਹ ਸਿਖ਼ਰ ਤੇ ਸੀ।

**ਅਲਵਿਦਾ ਰੈਫੇਲ** : ਖਿਡਾਰੀ ਵੀ ਲੋਕ ਨਾਇਕ ਹੋ ਸਕਦੇ ਨੇ ਇਸ ਦੀ ਮਿਸਾਲ ਸਰੀ ਵਿੱਚ ਪਿਛਲੇ ਦਿਨੀਂ ਮਿਲੀ। ਇੱਥੋਂ ਦੇ ਪੈਨਾਰੋਮਾ ਰਿੱਜ ਸਕੂਲ ਦਾ ਬਾਸਕਟਬਾਲ ਖਿਡਾਰੀ ਰੈਫੇਲ ਅਲਕਰੇਜਾ ਪਿਛਲੇ ਦਿਨੀਂ ਅਕਾਲ ਚਾਲਾਣਾ ਕਰ ਗਿਆ। ਉਹਨੂੰ ਖੇਡਦੇ ਨੂੰ ਦੇਖਣ ਲਈ ਪੰਜਾਬੀ ਮੁੰਡੇ ਕੁੜੀਆਂ ਵਹੀਰਾਂ ਘੱਤ ਕੇ ਪੁੱਜਦੇ ਸਨ। ਇੱਕ ਮੈਚ ਦੌਰਾਨ ਤਬੀਅਤ ਠੀਕ ਨਾ ਹੋਣ ਕਾਰਨ ਉਸ ਨੇ ਕੋਚ ਨੂੰ ਹਾਲ ਤੋਂ ਬਾਹਰ ਜਾ ਕੇ ਖੁੱਲ੍ਹੀ ਹਵਾ ਵਿੱਚ ਜਾਣ ਦੀ ਇਜਾਜ਼ਤ ਮੰਗੀ। ਬਾਹਰ ਟਹਿਲਦਾ ਹੀ ਡਿੱਗ ਪਿਆ। ਇਸ ਉਪਰੰਤ ਦੋ ਕੁ ਹਫਤੇ ਕੋਮਾ ਵਿੱਚ ਰਹਿਣ ਤੋਂ ਬਾਅਦ ਦੁਨੀਆਂ ਤੋਂ ਫਾਨੀ ਹੋ ਗਿਆ। ਰੈਫੇਲ ਨੂੰ ਅਗਲੀ ਪੜ੍ਹਾਈ ਲਈ ਯੂਨੀਵਰਸਿਟੀ ਤੋਂ ਸਕਾਲਰਸ਼ਿਪ ਮਿਲ ਚੁੱਕੀ ਸੀ। ਪੰਜਾਬੀ ਮੁੰਡੇ-ਕੁੜੀਆਂ ਨਾਲ਼ ਉਸਦੀ ਕੋਈ ਭਾਈਚਾਰਕ ਸਾਂਝ ਨਹੀਂ ਸੀ ਪਰ ਆਪਣੀ ਖੇਡ ਦੇ ਸਿਰ ਤੇ ਉਸਨੇ ਹਰ ਇੱਕ ਨਾਲ਼ ਐਨਾ ਡੂੰਘਾ ਰਿਸ਼ਤਾ ਪੈਦਾ ਕਰ ਲਿਆ ਸੀ ਕਿ ਉਸ ਦੇ ਜਾਣ ਤੋਂ ਬਾਅਦ ਪੰਜਾਬੀਆਂ ਨੇ ਕਈ ਸਮਾਗਮ ਰੱਦ ਕਰ ਦਿੱਤੇ। ਰੈਫੇਲ ਨਵੀਂ ਪੀੜ੍ਹੀ ਦਾ ਰੋਲ ਮਾਡਲ ਸੀ।

**ਬਠਿੰਡੇ ਆਲ਼ੇ** : ਪੰਜਾਬੀ ਜਿੱਥੇ ਵੀ ਜਾਣ ਖੇਡਣ ਦਾ ਸ਼ੌਕ ਨਹੀਂ ਛੱਡ ਸਕਦੇ। ਆਸਟਰੇਲੀਆ ਵਿੱਚ ਇੱਕ ਪੰਜਾਬੀ ਮੁੰਡੇ ਨੇ ਵੱਡੀ ਮੱਲ ਮਾਰੀ ਹੈ। ਅੰਡਰ-19 ਦੇ ਆਈ. ਸੀ. ਸੀ. ਕ੍ਰਿਕਟ ਵਿਸ਼ਵ ਕੱਪ ਲਈ ਆਸਟਰੇਲੀਆ ਦੀ ਟੀਮ ਦੀ ਕਪਤਾਨੀ ਜਸਕੀਰਤ ਸਿੰਘ ਸੰਘਾ ਕਰੇਗਾ। ਆਸਟਰੇਲੀਆ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਵੇਗਾ ਕਿ ਭਾਰਤੀ ਮੂਲ ਦਾ ਕੋਈ ਖਿਡਾਰੀ ਕੌਮੀ ਟੀਮ ਦੀ ਅਗਵਾਈ ਕਰੇਗਾ। ਜਸਕੀਰਤ ਦਾ ਪਰਿਵਾਰਿਕ ਪਿਛੋਕੜ ਬਠਿੰਡਾ ਜ਼ਿਲੇ ਤੋਂ ਹੈ। ਉਸ ਦੇ ਪਿਤਾ ਕੁਲਦੀਪ ਸਿੰਘ ਸੰਘਾ 80ਵਿਆਂ ਵਿੱਚ ਆਸਟਰੇਲੀਆ ਆ ਗਏ ਸਨ। ਦਿਲਚਸਪ ਗੱਲ ਇਹ ਹੈ ਕਿ ਜਸਕੀਰਤ ਦੀ ਪਹਿਲਾ ਮੈਚ 14 ਜਨਵਰੀ ਨੂੰ ਭਾਰਤ ਨਾਲ਼ ਹੋਵੇਗਾ।

# ਸਰੋਕਾਰਾਂ ਦੀ ਆਵਾਜ਼ ਕੈਪਸ਼ਨ ਸਿਰਜਣਾ ਮੰਚ

(ਕਿਸ਼ਤ-ਪਹਿਲੀ)



ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕੀ ਮੰਡਲ ਵਲੋਂ ਕੈਪਸ਼ਨ ਸਿਰਜਣਾ ਮੰਚ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਉਦਮ ਤਹਿਤ ਹਰ ਅੰਕ ਵਿੱਚ ਇੱਕ ਤਸਵੀਰ ਛਾਪ ਕੇ ਉਸ ਬਾਰੇ ਕੁਝ ਸਤਰਾਂ ਲਿਖਣ ਦਾ ਸੱਦਾ ਦਿੱਤਾ ਜਾਵੇਗਾ। ਸਾਹਿਤ ਸਿਰਜਣਾ ਦੀ ਰੁਚੀ ਰੱਖਣ ਵਾਲ਼ੇ ਪਾਠਕਾਂ ਨੂੰ ਇਸ ਕਾਲਮ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਜਾਂਦੀ ਹੈ। ਪਹਿਲੇ ਕਾਲਮ ਵਿੱਚ ਇਹ ਤਸਵੀਰ ਛਾਪੀ ਜਾ ਰਹੀ ਹੈ। ਤੁਸੀਂ ਇਸ ਤਸਵੀਰ ਬਾਰੇ ਕੁਝ ਸਤਰਾਂ ਲਿਖ ਭੇਜੋ। ਅਸੀਂ ਅਗਲੇ ਅੰਕ ਵਿੱਚ ਤੁਹਾਡੀਆਂ ਸਤਰਾਂ ਛਾਪਣ ਵਿੱਚ ਮਾਣ ਮਹਿਸੂਸ ਕਰਾਂਗੇ। ਇਸ ਕਾਲਮ ਲਈ ਸਤਰਾਂ 20 ਜਨਵਰੀ ਤੱਕ ਈਮੇਲ sukhviryyc@gmail.com 'ਤੇ ਭੇਜੀਆਂ ਜਾ ਸਕਦੀਆਂ ਹਨ। ਧੰਨਵਾਦ। (ਫੋਟੋ : ਸਤਵਿੰਦਰ ਬਸਰਾ ਲੁਧਿਆਣਾ)





HomeLife SilverCity
Realty Inc., Brokerage
EACH OFFICE ENDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com

# ਸੁਰਜੀਤ ਸਿੰਘ ਦੀ ਪੁਸਤਕ "ਲ਼ਫ਼ਜ਼ਾਂ ਦੀ ਲੋਅ" ਕੀਤੀ ਲੋਕ ਅਰਪਣ



ਸਰੀ : ਚੰਗੀਆਂ ਕਿਤਾਬਾਂ ਰਿਲੀਜ਼ ਕਰਨ ਦੀ ਆਪਣੀ ਲੜੀ ਨੂੰ ਅੱਗੇ ਤੋਰਦਿਆਂ ਹੋਇਆਂ ਪਿਛਲੇ ਦਿਨੀਂ ਪੰਜਾਬ ਭਵਨ ਸਰੀ ਕੈਨੇਡਾ (ਨਜ਼ਦੀਕ ਸੁੱਖੀ ਬਾਠ ਮੋਟਰਜ਼) ਵਿੱਚ ਲੇਖਕ ਸੁਰਜੀਤ ਸਿੰਘ ਦੀ ਵਾਰਤਕ ਪੁਸਤਕ "ਲਫਜ਼ਾਂ ਦੀ ਲੋਅ" ਲੋਕ ਅਰਪਣ ਕੀਤੀ ਗਈ ।ਪ੍ਰਧਾਨਗੀ ਮੰਡਲ ਵਿੱਚ ਲੇਖਕ ਸੁਰਜੀਤ ਸਿੰਘ, ਬੀਬੀ ਜਸਵਿੰਦਰ ਕੌਰ, ਡਾ: ਹਰਭਜਨ ਸਿੰਘ ਕਪੂਰਥਲਾ ਅਤੇ ਹਰਦਿਆਲ ਸਿੰਘ ਸਿਆਟਲ ਸ਼ਾਮਲ ਹੋਏ। ਪ੍ਰੋਗਰਾਮ ਦੇ ਆਰੰਭ ਵਿੱਚ ਹਾਜ਼ਰ ਕਵੀਆਂ ਇੰਦਰਜੀਤ ਸਿੰਘ ਧਾਮੀ, ਖੁਸ਼ਹਾਲ ਗਲੋਟੀ, ਡਾ: ਹਰਭਜਨ ਸਿੰਘ, ਹਰਦਿਆਲ ਸਿੰਘ ਚੀਮਾ, ਉਸਤਾਦ ਕ੍ਰਿਸ਼ਨ ਭਨੋਟ ਅਤੇ ਜੀਵਨ ਰਾਮਪੁਰੀ ਨੇ ਕਵਿਤਾਵਾਂ ਪੇਸ਼ ਕੀਤੀਆਂ। ਲਫਜ਼ਾਂ ਦੀ ਲੋਅ ਪੁਸਤਕ ਬਾਰੇ ਸ੍ਰੀ ਸੁੱਖੀ ਬਾਠ, ਮੋਹਨ ਗਿੱਲ, ਮਨਮੋਹਨ ਸਿੰਘ ਸਮਰਾ ਅਤੇ ਅਮਰੀਕ ਪਲਾਹੀ ਹੁਰਾਂ ਵਿਸਥਾਰ ਨਾਲ ਚਰਚਾ ਕੀਤੀ ਅਤੇ ਲੇਖਕ ਨੂੰ ਇਕ ਵਧੀਆ ਪੁਸਤਕ ਲਿਖਣ 'ਤੇ ਵਧਾਈ ਦਿੱਤੀ। ਕਿਤਾਬ ਦੇ ਰਿਲੀਜ਼ ਹੋਣ ਤੋਂ ਬਾਅਦ ਪੰਜਾਬ ਭਵਨ ਵੱਲੋਂ ਲੇਖਕ ਸੁਰਜੀਤ ਸਿੰਘ, ਡਾ: ਹਰਭਜਨ ਸਿੰਘ ਅਤੇ ਹਰਦਿਆਲ ਸਿੰਘ ਦਾ ਸਨਮਾਨ ਕੀਤਾ ਗਿਆ।

# 'ਯੰਗਸਿਤਾਨ' ਰਸਾਲੇ ਦਾ ਫੀਲਡ ਹਾਕੀ ਬਾਰੇ ਵਿਸ਼ੇਸ਼ ਅੰਕ ਜਾਰੀ

ਕੈਲਗਰੀ: 'ਯੰਗਸਿਤਾਨ' ਰਸਾਲੇ ਦਾ ਫੀਲਡ ਹਾਕੀ ਬਾਰੇ ਵਿਸ਼ੇਸ਼ ਅੰਕ ਇੱਥੇ ਜਾਰੀ ਕਰ ਦਿੱਤਾ ਗਿਆ ਹੈ। 84 ਪੰਨਿਆਂ ਦੇ ਇਸ ਅੰਕ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਲੇਖ ਛਾਪੇ ਗਏ ਹਨ। ਰਸਾਲੇ ਦੇ ਸੰਪਾਦਕ ਸੁਖਵੀਰ ਗਰੇਵਾਲ ਨੇ ਦੱਸਿਆ ਕਿ ਪਲੇਠੇ ਅੰਕ ਵਿੱਚ ਫੀਲਡ ਬਾਰੇ ਵਿਸ਼ੇਸ਼ ਲੇਖਾਂ ਤੋਂ ਇਲਾਵਾ ਕੈਨੇਡਾ ਅਤੇ ਅਮਰੀਕਾ ਦੇ ਫੀਲਡ ਹਾਕੀ ਟੂਰਨਾਮੈਂਟਾਂ ਦੀ ਕਵਰੇਜ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਛਾਪੀ ਗਈ ਹੈ।

ਪ੍ਰਿੰਸੀਪਲ ਸਰਵਣ ਸਿੰਘ ਦਾ ਸਿੱਖ ਹਾਕੀ ਖਿਡਾਰੀਆਂ ਬਾਰੇ ਲੇਖ ਇੱਕ ਖੋਜਪੂਰਨ ਲੇਖ ਹੈ। ਇਸ ਲੇਖ ਵਿੱਚ ਉਹਨਾਂ ਨੇ ਉਹਨਾਂ 137 ਹਾਕੀ ਉਲੰਪੀਅਨਾਂ ਬਾਰੇ ਜ਼ਿਕਰ ਕੀਤਾ ਹੈ ਜੋ ਦੁਨੀਆਂ ਭਰ ਦੇ 9 ਮੁਲਕਾਂ ਵਲੋਂ ਖੇਡੇ। ਇਹ ਲੇਖ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਚੰਗੇ ਭਵਿੱਖ ਦੀ ਖਾਤਿਰ ਪੰਜਾਬੀ ਦੁਨੀਆਂ ਦੇ ਜਿਸ ਮੁਲਕ ਵਿੱਚ ਵੀ ਗਏ ਉਹ ਹਾਕੀ ਨੂੰ ਨਾਲ਼ ਲੈ ਕੇ ਗਏ। ਪੰਜਾਬੀਆਂ ਨੇ ਮਿਹਨਤ ਨਾਲ਼ ਉਹਨਾਂ ਮੁਲਕਾਂ ਵਿੱਚ ਆਪਣੇ-ਆਪ ਨੂੰ ਆਰਥਿਕ ਤੌਰ 'ਤੇ ਸਥਾਪਿਤ ਕਰਨ ਦੇ ਨਾਲ਼-ਨਾਲ਼ ਹਾਕੀ ਦੇ ਖੇਡ ਵਿਰਸੇ ਦਾ ਵੀ ਜਾਗ ਲਾਇਆ।

ਭਾਰਤ ਵਿੱਚ ਇਸ ਸਮੇਂ ਹਾਕੀ ਦਾ ਜਨੂੰਨ ਸਿਖ਼ਰ ਤੇ ਹੈ। ਸਾਲ 2018 ਵਿੱਚ ਹਾਕੀ ਉਪਰ ਅਧਾਰਿਤ ਚਾਰ ਫਿਲਮਾਂ ਰਿਲੀਜ਼ ਹੋਣਗੀਆਂ। ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਬਾਲੀਵੁੱਡ ਅਤੇ ਹਾਕੀ ਦੇ ਰਿਸ਼ਤੇ ਨੂੰ ਭਲੀਭਾਂਤ ਚਿਤਰਿਆ ਹੈ। ਡਾ. ਚਹਿਲ ਦਾ ਇਹ ਲੇਖ ਇਸ ਸਾਲ ਆਉਣ ਵਾਲ਼ੀਆਂ ਫਿਲਮਾਂ ਗੋਲਡ, ਸੂਰਮਾ, ਖਿੱਦੋ-ਖੂੰਡੀ ਅਤੇ ਹਰਜੀਤਾ ਦੇ ਵਿਸ਼ਿਆਂ ਬਾਰੇ ਦੱਸ ਕੇ ਹਾਕੀ ਪ੍ਰੇਮੀਆਂ ਨੂੰ ਸਿਨੇਮਾਂ ਘਰਾਂ ਵੱਲ ਲਿਜਾਣ ਲਈ ਉਤਸ਼ਾਹਿਤ ਕਰਦਾ ਹੈ। 2017 ਦਾ ਸਾਲ ਭਾਰਤੀ ਹਾਕੀ ਲਈ ਕਾਫੀ ਚੰਗਾ ਰਿਹਾ ਹੈ।



ਪੂਰੇ ਸਾਲ ਦਾ ਲੇਖਾ-ਜੋਖਾ ਨਵਦੀਪ ਸਿੰਘ ਗਿੱਲ ਨੇ ਆਪਣੇ ਲੇਖ ਵਿੱਚ ਕਰਕੇ ਪਿਛਲੇ ਸਾਲ ਦੀਆਂ ਯਾਦਾਂ ਨੂੰ ਪਾਠਕਾਂ ਦੇ ਸਾਹਮਣੇ ਰੂਪਮਾਨ ਕੀਤਾ ਹੈ।

ਸਨਵੀਰ ਜੱਸੜ ਦੇ ਲੇਖ 'ਸੱਟ-ਪਿੱਛੇ ਹੱਟ' ਨੂੰ ਵੀ ਪਾਠਕਾਂ ਨੇ ਬੇਹੱਦ ਸਲਾਹਿਆ ਹੈ। ਖਿਡਾਰੀਆਂ ਨੂੰ ਲਗਦੀਆਂ ਸੱਟਾਂ ਤੋਂ ਬਾਅਦ ਉਹਨਾਂ ਦੀ ਖੇਡ ਮੈਦਾਨ ਵਿੱਚ ਵਾਪਸੀ ਬਾਰੇ ਇਸ ਲੇਖ ਵਿੱਚ ਬਿਆਨਿਆ ਗਿਆ ਹੈ। ਪੰਜਾਬੀ ਭਾਈਚਾਰੇ ਵਲੋਂ ਕੈਨੇਡਾ ਅਤੇ ਅਮਰੀਕਾ ਵਿੱਚ ਫੀਲਡ ਹਾਕੀ ਟੂਰਨਾਮੈਂਟ ਵੱਡੀ ਪੱਧਰ ਤੇ ਕਰਵਾਏ ਜਾਂਦੇ ਹਨ। ਸਾਲ 2017 ਦੌਰਾਨ ਹੋਏ ਟੂਰਨਾਮੈਂਟਾਂ ਦੀ ਇਸ ਮੈਗਜ਼ੀਨ ਵਿੱਚ ਫੋਟੋਆਂ ਸਮੇਤ ਕਵਰੇਜ਼ ਰਸਾਲੇ ਦੀ ਦਾ ਕੇਂਦਰ ਹੈ। ਪੰਜਾਬੀ ਭਾਈਚਾਰੇ ਦੀ ਕੈਨੇਡਾ ਵਿੱਚ ਜੰਮੀ ਪਲ਼ੀ ਪੀੜ੍ਹੀ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਕਵਰ ਕੀਤਾ ਗਿਆ ਹੈ। ਫੀਲਡ ਹਾਕੀ ਬਾਰੇ ਪਹਿਲੀ ਵਾਰ ਛਪੇ ਇਸ ਮੈਗਜ਼ੀਨ ਦਾ ਕੈਨੇਡਾ ਅਤੇ ਅਮਰੀਕਾ ਦੀਆਂ ਫੀਲਡ ਹਾਕੀ ਕਲੱਬਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ।











